**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

**AMANTEL.COM**
$25 'ਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268, 732-983-4332/4333

**Jaspal Randhawa**
Office: 734-459-4700 x 1593
Cell: 734-325-0883
JR@SoldBuyJR.com
www.SoldBuyJR.com

ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਜਸਪਾਲ ਰੰਧਾਵਾ
734-325-0883
KELLER WILLIAMS
40600 Ann Arbor Rd., Ste. 100,
Plymouth, MI 48170

Fourteenth Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 26, June 29th, 2013 20451 N Plum Grove Rd. Palatine, IL 60074 Ph:847-359-0746, Fax:847-705-9388

## ਬਾਦਲ ਨੂੰ ਕੱਟੜ ਮੋਦੀ ਮਨਜ਼ੂਰ !

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਘੱਟ ਗਿਣਤੀਆਂ ਨਾਲ ਮਾੜੇ ਵਿਹਾਰ ਦੇ ਮੁੱਦੇ ਉਤੇ ਕਾਂਗਰਸ ਦੀ ਤਿੱਖੀ ਨੁਕਤਾਚੀਨੀ ਕਰਦੇ ਰਹਿੰਦੇ ਹਨ, ਪਰ ਘੱਟ ਗਿਣਤੀਆਂ ਦੇ ਕੱਟੜ ਵਿਰੋਧੀ ਮੰਨੇ ਜਾਂਦੇ ਭਾਜਪਾ ਆਗੂ ਨਰੇਂਦਰ ਮੋਦੀ ਬਾਰੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਸ੍ਰੀ ਮੋਦੀ ਦੀ ਮਾਧੋਪੁਰ ਰੈਲੀ ਵਿਚ ਸ਼ਾਮਲ ਹੋਣ ਲਈ ਉਹ ਉਚੇਚੇ ਤੌਰ ਤੋਂ ਵਿਦੇਸ਼ ਤੋਂ ਵਾਪਸ ਪਰਤ ਆਏ। ਯਾਦ ਰਹੇ ਕਿ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਧਰਮ ਨਿਰਪੱਖਤਾ ਦਾ ਨਾਅਰਾ ਲਾਉਣ ਵਾਲੀਆਂ ਬਹੁਤੀਆਂ ਸਿਆਸੀ ਪਾਰਟੀਆਂ ਐਨ.ਡੀ.ਏ. ਨਾਲੋਂ ਵੱਖ ਹੋ ਚੁੱਕੀਆਂ ਹਨ, ਪਰ ਸ਼੍ਰੋਮਣੀ ਅਕਾਲੀ ਦਲ ਅਜੇ ਵੀ ਭਾਜਪਾ ਦਾ ਸਾਥ ਛੱਡਣ ਲਈ ਤਿਆਰ ਨਹੀਂ।

ਸਾਰੇ ਹਥਿਆਰ ਠੁੱਸ ਹੋਣ ਤੋਂ ਬਾਅਦ ਭਾਜਪਾ ਨੇ ਅਗਲੀਆਂ ਲੋਕ ਸਭਾ ਚੋਣਾਂ ਲਈ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ 'ਬ੍ਰਹਮ ਅਸਤਰ' ਵਜੋਂ ਵਰਤਣ ਦਾ ਫੈਸਲਾ ਕੀਤਾ ਹੋਇਆ ਹੈ। ਸ੍ਰੀ ਮੋਦੀ ਭਾਜਪਾ ਦਾ ਕੱਟੜ ਹਿੰਦੂਵਾਦੀ ਚਿਹਰਾ ਹੈ ਜਿਸ ਨੂੰ ਘੱਟ ਗਿਣਤੀਆਂ ਆਪਣੇ ਲਈ ਖ਼ਤਰਾ ਮੰਨਦੀਆਂ ਹਨ। ਭਾਜਪਾ ਅੰਦਰ ਵੀ ਇਕ ਧੜੇ ਨੂੰ ਇਸ ਗੱਲ ਦਾ ਖ਼ਤਰਾ ਹੈ ਕਿ ਨਰੇਂਦਰ ਮੋਦੀ ਦਾ ਉਭਾਰ ਘੱਟ ਗਿਣਤੀਆਂ ਦੇ ਵੋਟਰਾਂ ਨੂੰ ਪਾਰਟੀ ਤੋਂ ਦੂਰ ਲੈ ਜਾਵੇਗਾ। ਇਸੇ ਕਰਕੇ ਪਿਛਲੇ ਦਿਨੀਂ ਸ੍ਰੀ ਮੋਦੀ ਨੂੰ ਪ੍ਰਚਾਰ ਮੁਹਿੰਮ ਦਾ ਮੁਖੀ ਬਣਾਉਣ ਦੇ ਵਿਰੋਧ ਵਿਚ ਸੀਨੀਅਰ ਭਾਜਪਾ ਆਗੂ ਐਲ.ਕੇ. ਅਡਵਾਨੀ ਨੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਬਾਅਦ ਵਿਚ ਸੰਘ ਪਰਿਵਾਰ ਦੇ ਦਬਾਅ ਕਰ ਕੇ ਉਹ ਮੰਨ ਗਏ ਸਨ।



### ਜਦੋਂ ਬਾਦਲ ਨੇ ਜੈ ਸ੍ਰੀਰਾਮ ਕਿਹਾ...

***ਚੰਡੀਗੜ੍ਹ:*** *ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ (ਬ) ਦਾ ਕੋਈ ਵੀ ਆਗੂ ਸ੍ਰੀ ਨਰੇਂਦਰ ਮੋਦੀ ਦੀ ਰੈਲੀ ਵਿਚ ਨਹੀਂ ਪੁੱਜਿਆ। ਸ. ਬਾਦਲ ਨੇ ਆਪਣਾ ਭਾਸ਼ਨ ਸ਼ੁਰੂ ਕਰਨ ਵੇਲੇ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ' ਤੋਂ ਬਾਅਦ ਜਦ 'ਜੈ ਸ੍ਰੀਰਾਮ' ਦਾ ਨਾਅਰਾ ਲਾਇਆ ਤਾਂ ਪੰਡਾਲ ਵਿਚ ਬੈਠੇ ਲੋਕ ਹੱਸ ਪਏ। ਬਾਅਦ ਵਿਚ ਜਦੋਂ ਪੱਤਰਕਾਰਾਂ ਨੇ ਇਸ ਬਾਰੇ ਉਨ੍ਹਾਂ ਨੂੰ ਸਵਾਲ ਕੀਤਾ ਤਾਂ ਉਨ੍ਹਾਂ ਕੋਈ ਜਵਾਬ ਨਾ ਦਿੱਤਾ। ਉਨ੍ਹਾਂ ਸਗੋਂ ਪੱਤਰਕਾਰਾਂ ਨੂੰ ਉਲਾਂਭਾ ਦੇ ਦਿੱਤਾ ਕਿ "ਤੁਸੀਂ ਲੋਕ ਤਾਂ ਐਵੇਂ ਬਾਤ ਦਾ ਬਤੰਗੜ ਬਣਾ ਧਰਦੇ ਹੋ।"*

ਸ਼੍ਰੋਮਣੀ ਅਕਾਲੀ ਦਲ ਹੁਣ ਤੱਕ ਕਾਂਗਰਸ ਨੂੰ ਘੱਟ ਗਿਣਤੀਆਂ ਦੀ ਵਿਰੋਧੀ ਪਾਰਟੀ ਗਰਦਾਨ ਕੇ ਸਿਆਸਤ ਕਰਦਾ ਆਇਆ ਹੈ ਪਰ ਭਾਜਪਾ ਆਗੂ ਮੋਦੀ ਦਾ ਵੀ ਘੱਟ ਗਿਣਤੀਆਂ ਦੇ ਦੁਸ਼ਮਣ ਵਾਲਾ ਅਕਸ ਹੈ। ਇਸ ਸੂਰਤ ਵਿਚ ਸ਼੍ਰੋਮਣੀ ਅਕਾਲੀ ਦਲ ਕਸੂਤੀ ਹਾਲਤ ਵਿਚ ਘਿਰਦਾ ਜਾ ਰਿਹਾ ਹੈ ਤੇ ਸਿਆਸਤ ਵਿਚ ਉਸ ਦੇ ਦੋਹਰੇ ਕਿਰਦਾਰ ਦਾ ਸਵਾਲ ਤਿੱਖਾ ਹੁੰਦਾ ਜਾ ਰਿਹਾ ਹੈ। ਦਲ ਦੇ ਆਪਣੇ ਆਗੂ ਹੀ ਇਸ ਫੈਸਲੇ ਤੋਂ ਔਖੇ ਜਾਪਦੇ ਹਨ ਤੇ ਅਕਸਰ ਹੀ ਭਾਜਪਾ ਦੇ ਪ੍ਰੋਗਰਾਮਾਂ ਤੋਂ ਅਕਾਲੀ ਆਗੂ ਤੇ ਵਰਕਰ ਦੂਰ ਰਹਿੰਦੇ ਹਨ। ਲੰਘੇ ਦਿਨੀਂ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਵਿਚੋਂ ਹੀ ਚੋਣ ਮੁਹਿੰਮ ਦਾ ਆਗ਼ਾਜ਼ ਕੀਤਾ ਜਿਸ ਨੂੰ ਲੈ ਕੇ ਸਿਆਸੀ ਹਲਕਿਆਂ ਵਿਚ ਕਾਫੀ ਚਰਚਾ ਹੈ।

ਇਸ ਬਾਰੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੇਸ਼ ਵਿਚ ਫਿਰਕੂ ਨਫ਼ਰਤ ਦਾ ਪ੍ਰਚਾਰ ਕਰਦੇ ਹੋਏ ਘੱਟ ਗਿਣਤੀਆਂ ਦੇ ਹਿਤਾਂ ਦੇ ਖਿਲਾਫ ਲਹਿਰ ਖੜ੍ਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੋਦੀ ਵੱਲੋਂ ਜਾਣਬੁੱਝ ਕੇ ਪੰਜਾਬ ਅਤੇ ਜੰਮੂ ਤੇ ਕਸ਼ਮੀਰ ਦੇ ਬਾਰਡਰ 'ਤੇ ਮਾਧੋਪੁਰ ਵਿਚ ਰੈਲੀ ਕੀਤੀ ਗਈ ਜਿਸ ਦਾ ਮੰਤਵ ਘੱਟ ਗਿਣਤੀਆਂ ਦੇ ਖਿਲਾਫ ਸੰਦੇਸ਼ ਦੇਣਾ ਹੈ। ਉਨ੍ਹਾਂ ਕਿਹਾ ਕਿ ਮੋਦੀ ਦੀ ਫਿਰਕਾਪ੍ਰਸਤੀ ਨੂੰ ਪੂਰਾ ਦੇਸ਼ ਜਾਣਦਾ ਹੈ।

ਭਾਰਤੀ ਜਨਤਾ ਪਾਰਟੀ ਦੀ ਚੋਣ ਮੁਹਿੰਮ ਕਮੇਟੀ ਦੇ ਮੁਖੀ ਵਜੋਂ ਆਪਣੀ ਪਹਿਲੀ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦੀ ਚੋਣ ਮੁਹਿੰਮ ਦਾ ਆਗਾਜ਼ ਕੀਤਾ। ਇਹ ਸੰਕਲਪ ਰੈਲੀ ਭਾਰਤੀ ਜਨਸੰਘ ਦੇ ਸੰਸਥਾਪਕ ਡਾ. ਸ਼ਿਆਮਾ

***(ਬਾਕੀ ਸਫਾ 6 'ਤੇ)***

## ਉਤਰਾਖੰਡ 'ਚ ਹੜ੍ਹਾਂ ਨਾਲ ਵਿਆਪਕ ਤਬਾਹੀ



**ਦੇਹਰਾਦੂਨ (ਪੰਜਾਬ ਟਾਈਮਜ਼ ਬਿਊਰੋ):** ਉਤਰਾਖੰਡ ਵਿਚ ਆਏ ਹੜ੍ਹਾਂ ਨੇ ਵੱਡੀ ਤਬਾਹੀ ਮਚਾਈ ਹੈ। ਇਹ ਹੜ੍ਹ ਉਸ ਵੇਲੇ ਆਏ ਜਦੋਂ ਦੇਸ਼ ਦੇ ਕੋਨੇ-ਕੋਨੇ ਵਿਚੋਂ ਲੱਖਾਂ ਸ਼ਰਧਾਲੂ ਤੀਰਥ ਸਥਾਨਾਂ ਦੀ ਯਾਤਰਾ ਲਈ ਆਏ ਹੋਏ ਸਨ। ਸੂਬੇ ਵਿਚ ਕਈ ਪ੍ਰਾਚੀਨ ਮੰਦਰਾਂ ਦੇ ਦਰਸ਼ਨਾਂ ਲਈ ਗਰਮੀਆਂ ਦੇ ਮੌਸਮ ਵਿਚ ਲੱਖਾਂ ਹਿੰਦੂ ਸ਼ਰਧਾਲੂ ਪੁੱਜਦੇ ਹਨ। ਪਿਛਲੇ ਕਈ ਸਾਲਾਂ ਤੋਂ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਹਜ਼ਾਰਾਂ ਸਿੱਖ ਸ਼ਰਧਾਲੂ ਵੀ ਇਥੇ ਆਉਂਦੇ ਹਨ। ਆਮ ਤੌਰ 'ਤੇ ਇਸ ਸੂਬੇ ਵਿਚ ਬਾਰਸ਼ ਜੂਨ ਮਹੀਨੇ ਦੇ ਆਖਰੀ ਹਫ਼ਤੇ ਜਾਂ ਫਿਰ ਜੁਲਾਈ ਵਿਚ ਹੁੰਦੀ ਹੈ ਪਰ ਇਸ ਸਾਲ ਅਚਾਨਕ ਹੋਈ ਬਾਰਸ਼ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ। ਸਰਕਾਰੀ ਰਿਪੋਰਟਾਂ ਅਨੁਸਾਰ ਹੜ੍ਹਾਂ ਨਾਲ ਮੌਤਾਂ ਦੀ ਗਿਣਤੀ 5,000 ਤੋਂ ਵਧਣ ਦੀ ਸੰਭਾਵਨਾ ਹੈ ਪਰ ਮੀਡੀਆ ਰਿਪੋਰਟਾਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 15 ਤੋਂ 20 ਹਜ਼ਾਰ ਤੱਕ ਹੋ ਸਕਦੀ ਹੈ।

ਇਸੇ ਦੌਰਾਨ ਗੌਰੀਕੁੰਡ ਕੋਲ ਰਾਹਤ ਤੇ ਬਚਾਅ ਕਾਰਜਾਂ ਵਿਚ ਲੱਗਿਆ ਭਾਰਤੀ ਹਵਾਈ ਫੌਜ ਦਾ ਇਕ ਵੱਡਾ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋ ਗਿਆ ਜਿਸ ਕਾਰਨ ਅਮਲੇ ਦੇ ਪੰਜ ਮੈਂਬਰਾਂ ਸਣੇ 20 ਜਣੇ ਮਾਰੇ ਗਏ। ਗੌਰੀਕੁੰਡ ਕੋਲ ਇਹ ਦੂਜਾ ਹਾਦਸਾ ਸੀ। ਇਸ ਤੋਂ ਪਹਿਲਾਂ ਐਤਵਾਰ ਨੂੰ ਰੁਦਰਪ੍ਰਯਾਗ ਵਿਚ ਰਾਹਤ ਕਾਰਜਾਂ ਵਿਚ ਲੱਗਿਆ ਪ੍ਰਾਈਵੇਟ ਹੈਲੀਕਾਪਟਰ ਡਿੱਗ ਗਿਆ ਸੀ ਜਿਸ ਕਾਰਨ ਪਾਇਲਟ ਜ਼ਖ਼ਮੀ ਹੋ ਗਿਆ ਸੀ। ਹੁਣ ਤਕ 822 ਲਾਸ਼ਾਂ ਲੱਭ ਲਈਆਂ ਗਈਆਂ ਹਨ। ਉਧਰ, ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਹੇਮਕੁੰਟ ਸਾਹਿਬ ਵਿਚੋਂ

***(ਬਾਕੀ ਸਫਾ 6 'ਤੇ)***

**Dhade & Associates, PC**
Immigration Lawyers
**WE FIGHT FOR YOUR RIGHTS!**
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ

Herman Singh Dhade
Immigration Lawyer
Ph:248-254-3441
Fax:(248) 254-3443 www.eagle.pro, Email: herman@eagle.pro
7071 Orchard Lake Rd, Suite 320, W. Bloomfield, MI 48322

**World Wide Travel**
www.fly2world.com
ਚੰਡੀਗੜ੍ਹ $1025*
ਦਿੱਲੀ $825*
ਅੰਮ੍ਰਿਤਸਰ $995*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ। ਸਫਰ ਦਾ ਸਮਾਂ 10 ਜਨਵਰੀ ਤੋਂ 10 ਮਾਰਚ 2014 ਦਾ ਹੈ
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

# ਦਸ਼ਮੇਸ਼ ਅਕੈਡਮੀ, ਇੰਡੀਅਨਐਪੋਲਿਸ, ਯੂ ਐਸ ਏ

## Dashmesh Academy, Indianapolis, USA

8300 Roy Road, Indianapolis, IN 46219 www.dashmeshacademyusa.org



ਵਿਦਿਆ ਵੀਚਾਰੀ
ਤਾ ਪਰਉਪਕਾਰੀ

# ਮਹਾਨ ਗੁਰਮਤਿ ਕੈਂਪ

## 7 ਜੁਲਾਈ ਤੋਂ 12 ਜੁਲਾਈ 2013 ਤੱਕ

ਗੁਰੂ ਪਿਆਰੀ ਸਾਧ ਸੰਗਤ ਜੀ,

ਦਸ਼ਮੇਸ਼ ਅਕੈਡਮੀ ਯੂ ਐਸ ਏ ਵਲੋਂ ਖਾਲਸਾ ਸਕੂਲ ਸਰੀ, ਕੈਨੇਡਾ ਦੇ ਸਹਿਯੋਗ ਨਾਲ ਦਸ਼ਮੇਸ਼ ਅਕੈਡਮੀ ਇੰਡੀਅਨਐਪੋਲਿਸ ਦੇ ਕੈਂਪਸ ਵਿਚ ਸਿੱਖ ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਗੁਰਮਤਿ ਕੈਂਪ ਲਾਇਆ ਜਾ ਰਿਹਾ ਹੈ ਜਿਸ ਵਿਚ ਬੱਚਿਆਂ ਨੂੰ ਪੰਜ ਬਾਣੀਆਂ ਦਾ ਨਿਤਨੇਮ, ਗੁਰਬਾਣੀ ਦਾ ਕੀਰਤਨ, ਹਾਰਮੋਨੀਅਮ, ਤਬਲਾ, ਗੁਰ ਇਤਿਹਾਸ, ਸਿੱਖ ਇਤਿਹਾਸ ਅਤੇ ਗਤਕੇ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਕੈਂਪ ਵਿਚ ਖਾਲਸਾ ਸਕੂਲ ਸਰੀ ਤੋਂ ਉਚੇਚੇ ਤੌਰ 'ਤੇ ਤਜਰਬੇਕਾਰ ਟੀਚਰ ਪਹੁੰਚ ਰਹੇ ਹਨ ਜਿਹੜੇ ਅਮਰੀਕਾ ਤੇ ਕੈਨੇਡਾ ਵਿਚ ਪਿਛਲੇ 25 ਸਾਲਾਂ ਤੋਂ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜ ਰਹੇ ਹਨ।

ਆਪ ਜੀ ਨੂੰ ਬੇਨਤੀ ਹੈ ਕਿ 7 ਜੁਲਾਈ 2013 ਨੂੰ ਸ਼ੁਰੂ ਹੋ ਰਹੇ ਇਸ ਗੁਰਮਤਿ ਕੈਂਪ ਵਿਚ ਆਪਣੇ ਬੱਚਿਆਂ ਨੂੰ ਦਾਖਲ ਕਰਾ ਕੇ ਇਸ ਗੁਰਮਤਿ ਕੈਂਪ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਆਪਣੇ ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜਨ ਦੀ ਕ੍ਰਿਪਾਲਤਾ ਕਰਨੀ ਜੀ।

*ਨੋਟ: ਗਿਆਨੀ ਅਮੋਲਕ ਸਿੰਘ ਯੂ ਕੇ ਦਮਦਮੀ ਟਕਸਾਲ ਵਾਲੇ ਹਰ ਰੋਜ਼ ਸ਼ਾਮ ਨੂੰ ਕਥਾ ਵਿਆਖਿਆ ਕਰਨਗੇ*

***Gurmat Camp Fee***
**$50 First Student**
**$40 2nd Student**
**$35 3rd Student**

**Donations are welcome**

**ਨੋਟ:** ਜਿਹੜੇ ਬੱਚੇ ਇੰਡੀਅਨਐਪੋਲਿਸ ਤੋਂ ਬਾਹਰ ਇੰਡੀਆਨਾ ਅਤੇ ਹੋਰ ਸਟੇਟਾਂ ਵਿਚ ਰਹਿੰਦੇ ਹਨ, ਉਹ ਆਪਣਾ ਸਲੀਪਿੰਗ ਬੈਗ ਤੇ ਕਿੱਟ ਨਾਲ ਲੈ ਕੇ ਆਉਣ। ਰਿਹਾਇਸ਼ ਦਾ ਬੰਦੋਬਸਤ ਹੋਵੇਗਾ।

***Please be ON TIME for drop off and pick up.***

### ਵੇਰਵਾ

ਨਿਤਨੇਮ
7:00 ਤੋਂ 8:30
ਬਰੇਕਫਾਸਟ
8:30 ਤੋਂ 9:40
ਕਲਾਸਾਂ
9:40 ਤੋਂ 11:10
ਸਨੈਕਸ
11:10 ਤੋਂ 11:30
ਕਲਾਸਾਂ
11:30 ਤੋਂ 1:00
ਲੰਚ
1:00 ਤੋਂ 2:00
ਮਨੋਰੰਜਨ ਗਤੀਵਿਧੀਆਂ
2:00 ਤੋਂ 4:30
ਸਨੈਕਸ
4:30 ਤੋਂ 5:00
ਰਹਿਰਾਸ ਤੇ ਸ਼ਬਦ ਕੀਰਤਨ
5:00 ਤੋਂ 7:00

### Please Note

**We wish to maintain the highest level of discipline in the camps therefore all the participants are expected to follow the camp rules:**

**1.** Parents will be responsible to provide ride to their child/children.
**2.** Age required: 6 years & up. Over 18 years can join with the permission of the camp in-charge.
**3.** Kurta Pajama or Salvar Kameej is recommended for all the participants.
**4.** Sleeping kit bags required for Out OF City & State Students.
**5.** Punctuality is essential.
**6.** Respect of all guests, peers and Sangat is mandatory.
**7.** Disruptive and improper behavior will not be tolerated. Any person engaging in such behavior can be sent home.
**8.** Money, comic books, video, flash lights are not permitted and may be confiscated.

### ਅੰਮ੍ਰਿਤ ਸੰਚਾਰ

12 ਜੁਲਾਈ 2013, ਸ਼ੁੱਕਰਵਾਰ ਨੂੰ 2 ਵਜੇ ਸ਼ਾਮ ਨੂੰ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀਆਂ ਨੂੰ ਬੇਨਤੀ ਹੈ ਕਿ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਧੰਨ ਧੰਨ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਤੇ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ। ਆਪ ਜੀ ਦੇ ਧੰਨਵਾਦੀ ਹੋਵਾਂਗੇ।

### ਖਾਲਸਾ ਪੰਥ ਦੇ ਸੇਵਾਦਾਰ

| | | | |
|---|---|---|---|
| ਭਾਈ ਬਲਬੀਰ ਸਿੰਘ ਟੁੱਟ<br>ਫੋਨ: 317-702-5051 | ਭਾਈ ਰਾਮ ਸਿੰਘ<br>ਫੋਨ: 408-667-3116 | ਭਾਈ ਕਾਬਲ ਸਿੰਘ ਬਟਾਲਾ<br>ਫੋਨ: 713-624-0245 | ਭਾਈ ਅਮਰਜੀਤ ਸਿੰਘ ਨਿੱਜਰ<br>ਫੋਨ: 778-835-2295 |
| ਭਾਈ ਮਨਜੀਤ ਸਿੰਘ<br>ਫੋਨ: 317-522-6222 | ਭਾਈ ਗੁਰਮੁਖ ਸਿੰਘ<br>ਫੋਨ: 317-488-8175 | ਭਾਈ ਮੱਖਣ ਸਿੰਘ ਦੂਲੇ<br>ਫੋਨ: 317-332-7942 | ਬਲਦੇਵ ਸਿੰਘ ਮੱਟੂ<br>ਫੋਨ: 561-289-5800 |

# ਅਤਿਵਾਦ ਕਿਸੇ ਵੀ ਹਾਲ ਮਨਜ਼ੂਰ ਨਹੀਂ: ਮਨਮੋਹਨ ਸਿੰਘ

**ਕਿਸ਼ਤਵਾੜ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜੰਮੂ-ਕਸ਼ਮੀਰ ਦੇ ਦੋ ਦਿਨਾਂ ਦੌਰੇ ਦੌਰਾਨ ਕਿਹਾ ਹੈ ਕਿ ਸਾਰਾ ਮੁਲਕ ਅਤਿਵਾਦ ਖ਼ਿਲਾਫ਼ ਇਕਜੁੱਟ ਹੈ ਅਤੇ ਇਨ੍ਹਾਂ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ। ਯਾਦ ਰਹੇ ਕਿ ਉਨ੍ਹਾਂ ਦੇ ਦੌਰੇ ਤੋਂ ਇਕ ਦਿਨ ਪਹਿਲਾਂ ਅਤਿਵਾਦੀਆਂ ਨੇ ਸ੍ਰੀਨਗਰ 'ਚ ਫੌਜੀ ਕਾਫਲੇ ਉਤੇ ਹਮਲਾ ਕਰ ਕੇ 8 ਫੌਜੀ ਜਵਾਨ ਮਾਰ ਦਿੱਤੇ ਸਨ।

ਕਿਸ਼ਤਵਾੜ ਵਿਚ ਪਣ-ਬਿਜਲੀ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਮਗਰੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਜਲਸੇ ਨੂੰ ਸੰਬੋਧਨ ਕਰਦਿਆਂ ਕਿਹਾ, "ਅਤਿਵਾਦ ਕਿਸੇ ਵੀ ਸੂਰਤ ਵਿਚ ਸਾਨੂੰ ਮਨਜ਼ੂਰ ਨਹੀਂ ਹੈ। ਪੂਰਾ ਦੇਸ਼ ਅਤਿਵਾਦ ਖ਼ਿਲਾਫ਼ ਇਕਜੁੱਟ ਖੜ੍ਹਾ ਹੈ ਤੇ ਉਨ੍ਹਾਂ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।" ਪ੍ਰਧਾਨ ਮੰਤਰੀ ਨੇ ਸਪਸ਼ਟ ਕੀਤਾ ਕਿ ਸਰਕਾਰ ਹਰ ਉਸ ਧਿਰ ਨਾਲ ਗੱਲਬਾਤ ਲਈ ਤਿਆਰ ਹੈ ਜਿਹੜੀ ਹਿੰਸਾ ਦਾ ਰਾਹ ਤਿਆਗ ਦੇਵੇ, ਦਹਿਸ਼ਤਪਸੰਦਾਂ ਅੱਗੇ ਝੁਕਿਆ ਨਹੀਂ ਜਾਵੇਗਾ ਜਿਹੜੇ ਸੂਬੇ ਨੂੰ ਅਸਥਿਰ ਕਰਨ ਵਿਚ ਲੱਗੇ ਹੋਏ ਹਨ। ਚੇਤੇ ਰਹੇ ਕਿ ਹੁਰੀਅਤ ਕਾਨਫਰੰਸ ਦਾ ਨਰਮਖਿਆਲ ਧੜਾ ਸਦਾ ਇਹ ਕਹਿੰਦਾ ਰਿਹਾ ਹੈ ਕਿ ਕਾਨਫਰੰਸ ਕੇਂਦਰ ਨਾਲ ਗੱਲਬਾਤ ਲਈ ਤਿਆਰ ਹੈ ਪਰ ਸਰਕਾਰ ਨੂੰ ਪਹਿਲਾਂ ਕੁਝ ਪਹਿਲਕਦਮੀ ਕਰਨੀ ਪਵੇਗੀ। ਸਰਕਾਰ ਪਹਿਲਾਂ 'ਅਫਸਪਾ' ਵਾਪਸ ਲਵੇ ਅਤੇ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕਸ਼ਮੀਰੀ ਕੈਦੀਆਂ ਨੂੰ ਰਿਹਾਅ ਕਰੇ।

ਵਿਕਾਸ ਲਈ ਸੁਰੱਖਿਆ ਨੂੰ ਜ਼ਰੂਰੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਤੇ ਜੰਮੂ-ਕਸ਼ਮੀਰ ਸਰਕਾਰ ਤੇਜ਼ ਅਤੇ ਬਰਾਬਰ ਵਿਕਾਸ ਲਈ ਮਿਲ ਕੇ ਕੰਮ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਕਿਹਾ ਕਿ ਜੰਮੂ-ਕਸ਼ਮੀਰ ਵਿਚ ਸੁਰੱਖਿਆ ਹਾਲਾਤ 'ਚ ਕਾਫੀ ਸੁਧਾਰ ਹੋਇਆ ਹੈ। ਸਾਲ 2012 ਵਿਚ ਅਤਿਵਾਦ ਸਬੰਧੀ ਹਿੰਸਾ ਵਿਚ ਕਮੀ ਆਈ ਹੈ ਤੇ ਇਹ ਪਿਛਲੇ ਦੋ ਦਹਾਕਿਆਂ ਵਿਚ ਸਭ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਨੇ ਰਾਜ ਵਿਚ ਤੇਜ਼ ਤੇ ਇਕ ਸਮਾਨ ਵਿਕਾਸ ਲਈ ਹਾਲਾਤ ਸੁਧਾਰਨ ਦਾ ਸੰਕਲਪ ਲਿਆ ਹੈ। ਮੁਸ਼ਕਿਲਾਂ ਭਰੇ ਕਈ ਸਾਲਾਂ ਮਗਰੋਂ ਜੰਮੂ-ਕਸ਼ਮੀਰ 'ਚ ਵਿਕਾਸ ਤੇਜ਼ ਹੋਇਆ ਹੈ ਤੇ ਇਸ ਲਈ ਸਮੂਹਿਕ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।

ਇਸੇ ਦੌਰਾਨ ਸਰਕਾਰ ਨੇ ਸੂਬੇ ਦੇ ਦਿਹਾਤੀ ਖੇਤਰਾਂ ਵਿਚ ਸੜਕਾਂ ਦਾ ਜਾਲ ਵਿਛਾਉਣ ਲਈ 710 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ।



ਡਾ. ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਨੂੰ ਲਿਜਾ ਰਹੇ ਮੁੱਖ ਮੰਤਰੀ ਉਮਰ ਅਬਦੁੱਲਾ


INDIAN BAZAAR ਇੰਡੀਅਨ ਬਜ਼ਾਰ
334 S. Emerson Ave.,
GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



Ph: 317-534-5151, 317-997-9140



ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ
ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।
Safe & Easy Weight Loss
Ph:317-886-4858
www.punjabiweightloss.blogspot.com
www.goherbalife.com/skaur

ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ
10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ਦਸ਼ਮੇਸ਼ ਗੁਰਮਤਿ ਕੈਂਪ
ਸੰਗਤ ਦੀ ਜ਼ੋਰਦਾਰ ਮੰਗ 'ਤੇ ਅਮਰੀਕਨ ਸਿੱਖਾਂ ਦਾ ਜਥਾ ਮੁੜ ਆ ਰਿਹਾ ਹੈ

DASMESH GURMAT CAMP July 15-21
American Sikhs Back by popular demand!







For further Information, Please Contact:
Maninder Singh Walia (317) 710-5433, Sukhdip Singh (317) 997-7184
email: parmsukh@yahoo.com

# ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦਾ ਸਨਮਾਨ ਸਮਾਗਮ: ਤਸਵੀਰਾਂ ਦੀ ਜ਼ੁਬਾਨੀ



ਗੁਰਦੁਆਰਾ ਪੈਲਾਟਾਈਨ (ਸ਼ਿਕਾਗੋ) ਦੇ ਗੁਰਮਤਿ ਸਕੂਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਾਣ ਸਨਮਾਨ ਕੀਤਾ ਗਿਆ। ਇਸ ਮੌਕੇ ਦੀਆਂ ਕੁਝ ਤਸਵੀਰਾਂ

## ਸਲਮਾਨ ਖਾਨ ਵਿਰੁਧ ਚੱਲੇਗਾ ਕੇਸ

**ਮੁੰਬਈ (ਬਿਊਰੋ):** ਬਾਲੀਵੁੱਡ ਅਦਾਕਾਰ ਸਲਮਾਨ ਖਾਨ ਵਿਰੁੱਧ 2002 ਦੇ 'ਹਿੱਟ ਐਂਡ ਰਨ' ਕੇਸ ਵਿਚ ਗ਼ੈਰ-ਇਰਾਦਤਨ ਹੱਤਿਆ ਦੀ ਧਾਰਾ ਲੱਗੇਗੀ। ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਸਲਮਾਨ ਖਾਨ ਦੀ ਅਰਜ਼ੀ 'ਤੇ ਫੈਸਲਾ ਸੁਣਾਉਂਦਿਆਂ ਸੈਸ਼ਨ ਜੱਜ ਯੂ.ਬੀ. ਹੈਜਬ ਨੇ ਕਿਹਾ ਕਿ ਸਲਮਾਨ ਨੂੰ ਗ਼ੈਰ-ਇਰਾਦਤਨ ਹੱਤਿਆ ਦੀ ਧਾਰਾ ਦਾ ਸਾਹਮਣਾ ਕਰਨਾ ਪਵੇਗਾ। ਇਸ ਤਹਿਤ 10 ਸਾਲ ਦੀ ਸਜ਼ਾ ਦੀ ਤਜਵੀਜ਼ ਹੈ ਅਤੇ ਇਸ ਦੀ ਸੁਣਵਾਈ ਸੈਸ਼ਨ ਕੋਰਟ ਵਿਚ ਹੋ ਸਕਦੀ ਹੈ।

ਇਸ ਤੋਂ ਪਹਿਲਾਂ ਹੇਠਲੀ ਅਦਾਲਤ ਵਿਚ ਸਲਮਾਨ ਖਾਨ ਵਿਰੁੱਧ ਅਣਗਹਿਲੀ ਨਾਲ ਕਾਰ ਚਲਾਉਣ ਦੇ ਦੋਸ਼ ਵਿਚ ਭਾਰਤੀ ਦੰਡਾਵਲੀ ਦੀ ਧਾਰਾ 304 ਦੇ ਤਹਿਤ ਸੁਣਵਾਈ ਹੋਈ ਸੀ, ਪਰ ਇਸ ਕੇਸ ਵਿਚ ਉਦੋਂ ਨਵਾਂ ਮੋੜ ਆਇਆ ਜਦੋਂ 17 ਗਵਾਹਾਂ ਦੇ ਬਿਆਨਾਂ ਮਗਰੋਂ ਬਾਂਦਰਾ ਦੇ ਮੈਟਰੋਪਾਲੀਟਨ ਮੈਜਿਸਟਰੇਟ ਨੇ 47 ਸਾਲਾ ਅਦਾਕਾਰ ਵਿਰੁੱਧ ਗ਼ੈਰ-ਇਰਾਦਤਨ ਹੱਤਿਆ ਦੀ ਧਾਰਾ ਲਾਉਣ ਦਾ ਫੈਸਲਾ ਕਰ ਦਿੱਤਾ।

ਸੈਸ਼ਨ ਕੋਰਟ ਵਿਚ ਜਿਰ੍ਹਾ ਦੌਰਾਨ ਸਲਮਾਨ ਖਾਨ ਦੇ ਵਕੀਲ ਅਸ਼ੋਕ ਮੁਨਦਰਗੀ ਨੇ ਦਲੀਲ ਦਿੱਤੀ ਕਿ ਹੇਠਲੀ ਅਦਾਲਤ ਦੇ ਹੁਕਮਾਂ ਵਿਚ ਤਰੁੱਟੀਆਂ ਹਨ ਅਤੇ ਇਹ ਸਬੂਤਾਂ ਦੇ ਉਲਟ ਹਨ, ਪਰ ਸਰਕਾਰੀ ਵਕੀਲ ਸ਼ੰਕਰ ਇਰਾਂਡੇ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਸੰਗੀਨ ਜੁਰਮ ਨੂੰ ਦੇਖਦਿਆਂ ਮੈਜਿਸਟਰੇਟ ਦੇ ਆਦੇਸ਼ ਸਹੀ ਹਨ। ਸੈਸ਼ਨ ਕੋਰਟ ਨੇ ਕੇਸ ਦੀ ਸੁਣਵਾਈ 19 ਜੁਲਾਈ ਤੋਂ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।


**Clay Oven**



**We Cater!**
For all occasions
Up to 10,000 people
All live cooking on the spot.

**Lunch Buffet**
11am-3pm
**$7.95**

*Dinner 20% off*

**Call for packages today**
**Ph: 847-219-7432**
855 East Schaumburg Rd., Schaumburg, IL 60194
Ph: 847-524-3007





28523 Ford Road, Garden City, MI 48135 - e-mail: DICECDJ@GMAIL.COM - www.thedjdice.com

# ਅੰਮ੍ਰਿਤਸਰ ਮੈਡੀਕਲ ਤੇ ਡੈਂਟਲ ਕਾਲਜ ਦੀ ਕਾਨਫਰੰਸ 18 ਤੋਂ

**ਸ਼ਿਕਾਗੋ (ਬਿਊਰੋ):** ਅੰਮ੍ਰਿਤਸਰ ਮੈਡੀਕਲ ਅਤੇ ਡੈਂਟਲ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ (ਅਮਡਾਨਾ) ਦੀ ਤਿੰਨ ਰੋਜ਼ਾ ਸਾਲਾਨਾ ਕਾਨਫਰੰਸ ਸ਼ਾਮਬਰਗ, ਇਲੀਨਾਇ ਦੇ ਹੋਟਲ ਹਯਾਤ ਰਿਜੈਂਸੀ ਵਿਚ 18 ਤੋਂ 21 ਜੁਲਾਈ ਤੱਕ ਹੋ ਰਹੀ ਹੈ। ਇਸ ਕਾਨਫਰੰਸ ਵਿਚ ਅੰਮ੍ਰਿਤਸਰ ਮੈਡੀਕਲ ਤੇ ਡੈਂਟਲ ਕਾਲਜ ਦੇ ਨਾਰਥ ਅਮਰੀਕਾ ਅਤੇ ਇੰਡੀਆ ਤੋਂ ਆਏ ਕਰੀਬ 500 ਮੈਡੀਕਲ ਤੇ ਡੈਂਟਲ ਡਾਕਟਰ ਅਤੇ ਕਾਲਜ ਦੇ ਪ੍ਰਿੰਸੀਪਲ ਸਾਹਿਬ ਵੀ ਸ਼ਾਮਲ ਹੋਣਗੇ। ਇਸ ਕਾਨਫਰੰਸ ਦੌਰਾਨ ਮੈਡੀਕਲ ਅਤੇ ਡੈਂਟਲ ਖੇਤਰਾਂ ਦੇ ਵੱਖ ਵੱਖ ਵਿਸ਼ਿਆਂ ਉਪਰ ਸੈਮੀਨਾਰ ਕਰਵਾਏ ਜਾ ਰਹੇ ਹਨ। ਕਾਨਫਰੰਸ ਦੌਰਾਨ ਮਾਹਿਰਾਂ ਵਲੋਂ ਮੈਡੀਕਲ ਤੇ ਡੈਂਟਲ ਖੇਤਰ ਵਿਚ ਇਲਾਜ ਦੀਆਂ ਨਵੀਆਂ ਤਕਨੀਕਾਂ ਅਤੇ ਪ੍ਰਣਾਲੀਆਂ ਬਾਰੇ ਵੀ ਵਿਚਾਰ-ਵਟਾਂਦਰਾ ਹੋਵੇਗਾ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਮੈਡੀਕਲ ਕਾਲਜ ਦੇ ਇਹ ਡਾਕਟਰ ਅਮਰੀਕਾ ਅਤੇ ਕੈਨੇਡਾ ਦੀਆਂ ਨਾਮੀ ਯੂਨੀਵਰਸਿਟੀਆਂ ਵਿਚ ਪੜ੍ਹਾ ਰਹੇ ਹਨ ਜਾਂ ਫਿਰ ਆਪਣੀ ਪ੍ਰੈਕਟਿਸ ਚਲਾ ਰਹੇ ਹਨ।

ਜਥੇਬੰਦੀ ਦੇ ਇਕ ਨੁਮਾਇੰਦੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਇਸ ਕਾਨਫਰੰਸ ਦੌਰਾਨ ਅਕਾਦਮਿਕ ਵਿਚਾਰ-ਵਟਾਂਦਰੇ ਤੋਂ ਇਲਾਵਾ ਡਾਕਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮਨੋਰੰਜਨ ਦਾ ਵੀ ਖਾਸ ਪ੍ਰਬੰਧ ਹੋਵੇਗਾ ਜਿਸ ਵਿਚ ਗੌਲਫ, ਸ਼ਿਕਾਗੋ ਡਾਊਨ ਟਾਊਨ ਦਾ ਗੇੜਾ, ਬੱਚਿਆਂ ਲਈ ਪਿਕਨਿਕ ਅਤੇ ਖੇਡਾਂ ਸ਼ਾਮਲ ਹੋਣਗੀਆਂ। ਇਸ ਤੋਂ ਬਿਨਾ ਹਰ ਰੋਜ਼ ਸ਼ਾਮ ਨੂੰ ਰਿਸੈਪਸ਼ਨ ਬੈਂਕੁਇਟ ਅਤੇ ਔਰਤਾਂ ਲਈ ਖਰੀਦੋ-ਫਰੋਖਤ ਵਾਸਤੇ ਗਹਿਣਿਆਂ ਤੇ ਕੱਪੜਿਆਂ ਦੇ ਸਟਾਲ ਲਾਏ ਜਾਣਗੇ। ਇਸ ਕਾਨਫਰੰਸ ਬਾਰੇ ਹੋਰ ਜਾਣਕਾਰੀ ਲਈ ਡਾ. ਗੁਰਬਖ਼ਸ਼ ਸਿੰਘ ਸੈਣੀ ਫੋਨ 847-341-0571 ਜਾਂ ਡਾ. ਹਰਜਿੰਦਰ ਸਿੰਘ ਖਹਿਰਾ ਫੋਨ 630-479-0031 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜਥੇਬੰਦੀ ਦੀ ਵੈਬਸਾਈਟ amdaana.org ਤੋਂ ਵੀ ਜਾਣਕਾਰੀ ਲਈ ਜਾ ਸਕਦੀ ਹੈ।

**Punjab Times**
*Ph: 847-359-0746*
*Visit us on the web:*
***punjabtimesusa.com***

# ਗੁਰਦੁਆਰਾ ਪੈਲਾਟਾਈਨ ਵਿਚ ਕਾਰ ਸੇਵਾ 28 ਤੋਂ

**ਸ਼ਿਕਾਗੋ:** ਸਥਾਨਕ ਗੁਰਦੁਆਰਾ ਪੈਲਾਟਾਈਨ ਵਿਖੇ ਕਾਰ ਸੇਵਕ ਜਥੇ ਵਲੋਂ 28 ਅਤੇ 29 ਜੂਨ ਨੂੰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤਕ ਕਾਰ ਸੇਵਾ ਕੀਤੀ ਜਾਵੇਗੀ। ਕਾਰ ਸੇਵਕ ਜਥੇ ਦੇ ਮੋਢੀ ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਇਸ ਕਾਰ ਸੇਵਾ ਦੌਰਾਨ ਗੁਰਦੁਆਰਾ ਪੈਲਾਟਾਈਨ ਦੀ ਇਮਾਰਤ ਦੇ ਅੰਦਰਲੇ ਕਮਰਿਆਂ ਅਤੇ ਲੰਗਰ ਹਾਲ ਦੀ ਸਫਾਈ ਹੋਵੇਗੀ।

ਸ. ਔਲਖ ਨੇ ਦੱਸਿਆ ਕਿ ਇਸ ਤੋਂ ਇਲਾਵਾ ਗੁਰੂਘਰ ਦੇ ਬਾਹਰਲੇ ਹਿੱਸੇ ਵਿਚ ਘਾਹ ਦੀ ਕਟਾਈ ਅਤੇ ਝਾੜੀਆਂ ਤੇ ਦਰਖਤਾਂ ਦੀ ਛਾਂਗ-ਛੰਗਾਈ ਵੀ ਕੀਤੀ ਜਾਵੇਗੀ। ਉਨ੍ਹਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਕਾਰ ਸੇਵਾ ਵਿਚ ਹਿੱਸਾ ਲੈ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸਤਵੰਤ ਸਿੰਘ ਕਾਲੇਕਾ ਦੀ ਪਹਿਲੀ ਬਰਸੀ 30 ਨੂੰ

**ਮਿਲਵਾਕੀ (ਬਿਊਰੋ):** ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ ਦੇ ਸਾਬਕਾ ਪ੍ਰਧਾਨ ਮਰਹੂਮ ਸਤਵੰਤ ਸਿੰਘ ਕਾਲੇਕਾ ਦੀ ਪਹਿਲੀ ਬਰਸੀ ਆਉਂਦੀ 30 ਜੂਨ ਨੂੰ ਗੁਰਦੁਆਰਾ ਓਕ ਕਰੀਕ ਵਿਖੇ ਮਨਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸ. ਕਾਲੇਕਾ ਪਿਛਲੇ ਸਾਲ 5 ਅਗਸਤ ਨੂੰ ਗੁਰਦੁਆਰਾ ਓਕ ਕਰੀਕ ਵਿਚ ਹੋਏ ਗੋਲੀ ਕਾਂਡ ਦੌਰਾਨ ਮਾਰੇ ਗਏ ਸਨ।

ਸ. ਕਾਲੇਕਾ ਨਮਿਤ ਅਖੰਡ ਪਾਠ ਦਾ ਅਰੰਭ ਸ਼ੁੱਕਰਵਾਰ 28 ਜੂਨ ਨੂੰ ਸਵੇਰੇ 10 ਵਜੇ ਹੋਵੇਗਾ ਅਤੇ ਭੋਗ 30 ਜੂਨ ਐਤਵਾਰ ਨੂੰ ਸਵੇਰੇ 10 ਵਜੇ ਪਵੇਗਾ। ਇਸ ਮੌਕੇ ਭਾਈ ਜਸਵੰਤ ਸਿੰਘ ਜ਼ੀਰੇ ਵਾਲੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਬਾਅਦ ਦੁਪਹਿਰ ਇਕ ਵਜੇ ਹੋਵੇਗਾ। ਹੋਰ ਜਾਣਕਾਰੀ ਲਈ ਫੋਨ 414-325-6421 ਅਤੇ 920-344-4975 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਡਵਾਨੀ ਵੱਲੋਂ ਧਾਰਾ 370 ਖ਼ਤਮ ਕਰਨ 'ਤੇ ਜ਼ੋਰ

**ਨਵੀਂ ਦਿੱਲੀ:** ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸੰਵਿਧਾਨ ਦੀ ਧਾਰਾ 370 ਖ਼ਤਮ ਕੀਤੀ ਜਾਏ ਤਾਂ ਜੋ ਜੰਮੂ-ਕਸ਼ਮੀਰ ਦੇਸ਼ ਦਾ ਪੂਰੀ ਤਰ੍ਹਾਂ ਅਟੁੱਟ ਹਿੱਸਾ ਬਣ ਸਕੇ। ਉਨ੍ਹਾਂ ਕਿਹਾ ਕਿ ਸੰਵਿਧਾਨ ਅੰਦਰ ਦੋ ਵਿਧਾਨ ਨਹੀਂ ਚੱਲ ਸਕਦੇ। ਉਨ੍ਹਾਂ ਨੇ ਇਹ ਟਿੱਪਣੀ ਪਾਰਟੀ ਦੇ ਮੋਢੀ ਸ਼ਿਆਮਾ ਪ੍ਰਸਾਦ ਮੁਖਰਜੀ ਦੀ 60ਵੀਂ ਬਰਸੀ ਮੌਕੇ ਆਪਣੇ ਬਲੌਗ ਉਪਰ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ ਧਾਰਾ 370 ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਹੈ ਤੇ ਇਸ ਨੂੰ ਖ਼ਤਮ ਕਰਨਾ ਭਾਰਤੀ ਜਨਤਾ ਪਾਰਟੀ ਦੇ ਏਜੰਡੇ 'ਚ ਸ਼ਾਮਲ ਹੈ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਸ੍ਰੀ ਮੁਖਰਜੀ ਦੀ ਮੌਤ ਭੇਤਭਰੇ ਹਾਲਾਤ 'ਚ ਹੋਣ ਨਾਲ ਕਈ ਘਟਨਾਵਾਂ ਸਾਹਮਣੇ ਆਈਆਂ ਜਿਨ੍ਹਾਂ ਨਾਲ ਦੇਸ਼ ਦੀ ਇਕਮੁੱਠਤਾ ਦੀ ਪ੍ਰਕਿਰਿਆ ਉਭਰ ਕੇ ਸਾਹਮਣੇ ਆਈ। ਜੰਮੂ-ਕਸ਼ਮੀਰ 'ਚ ਪ੍ਰਧਾਨ ਮੰਤਰੀ ਦਾ ਅਹੁਦਾ ਬਦਲ ਕੇ ਹੋਰ ਰਾਜਾਂ ਦੀ ਤਰ੍ਹਾਂ ਮੁੱਖ ਮੰਤਰੀ ਵਾਲਾ ਬਣ ਗਿਆ। ਪਰਮਿਟ ਪ੍ਰਣਾਲੀ ਤਹਿਤ ਗੈਰ ਜੰਮੂ-ਕਸ਼ਮੀਰ ਵਾਸੀਆਂ ਨੂੰ ਰਾਜ 'ਚ ਦਾਖਲ ਹੋਣ ਲਈ ਪਹਿਲਾਂ ਪ੍ਰਵਾਨਗੀ ਲੈਣੀ ਜ਼ਰੂਰੀ ਸੀ। ਇਨ੍ਹਾਂ ਦੋਵਾਂ ਤਬਦੀਲੀਆਂ ਨਾਲ ਜੰਮੂ-ਕਸ਼ਮੀਰ ਦੀ ਦੇਸ਼ ਦੀ ਏਕਤਾ ਕਾਇਮ ਹੋਈ ਤੇ ਹੁਣ ਇਸ ਨੂੰ ਮਜ਼ਬੂਤ ਕਰਨ ਲਈ ਧਾਰਾ 370 ਖ਼ਤਮ ਕਰਨੀ ਜ਼ਰੂਰੀ ਹੈ।

**SUPER TRAVEL**
847-676-9090, 773-465-5566
*E-mail: supertravel2003@yahoo.com*
**Lowest Fares With Excellent Service**
*United Airlines*
*British Airways*
*Jet Airways, Air India, KLM, Lufthansa, Delta, Qatar Airlines.*



For Emergency Call anytime at
847-673-3825
*EARLY BIRD SALE!!!!*
Domestic fares available

**Travel Mart International**
We offer lowest fares to India, Pakistan, Africa, Middle East & worldwide.
Best rates available with confirmed seats.
You tried the rest now try the best
***Ph:773-764-3700***
Fax # 773 751 5531 e-mail: travelmartintl@gmail.com
2600 W. Peterson Ave., Suite 103, Chicago Il 60659

**Freeway Travel Inc**
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
***National Truck Driving School***
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**Sistar Mortgage**
Minimizing Cost, Maximizing Investment
www.SistarMortgage.com
**Balbir (Bill) Grewal,** Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.*
*Loans Available In Most States!*



>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

**Law Office of Navdeep S. Jhaj**



Navdeep S. Jhaj
Member, American Immigration Lawyers Association
***Immigration Law Attorney***
**General Legal Practice**
*>Estate Planning >Personal Injury >Bankruptcy*
ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ
■ਇਮੀਗਰੇਸ਼ਨ ■ਜਨਰਲ ਲਾਅ
■ਪਰਸਨਲ ਇੰਜਰੀ ■ਬੈਂਕਰਪਸੀ ■ਐਸਟੇਟ ਪਲਾਨਿੰਗ
1930 W Hubbard, 2nd Floor, Chicago, IL 60622
***Voice: 312.404.8893, Fax: 312.243.2277***
email: navjhaj@me.com

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਉਤਰਾਖੰਡ 'ਚ ਆਈ.ਏ.ਐਸ. ਪੰਨੂ 'ਤੇ ਹਮਲਾ

**ਚੰਡੀਗੜ੍ਹ:** ਉਤਰਾਖੰਡ ਵਿਖੇ ਪੰਜਾਬ ਵੱਲੋਂ ਰਾਹਤ ਕਾਰਜਾਂ ਲਈ ਗਏ ਆਈ.ਏ.ਐਸ. ਅਫਸਰ ਕਾਹਨ ਸਿੰਘ ਪੰਨੂ ਉਤੇ ਹਮਲੇ ਦਾ ਕੇਸ ਭਖ ਗਿਆ ਹੈ। ਪੁਲਿਸ ਨੇ ਐਤਵਾਰ ਨੂੰ ਉਨ੍ਹਾਂ ਨਾਲ ਇਹ ਬਦਸਲੂਕੀ ਕਰਨ ਵਾਲਿਆਂ ਦੀ ਪਛਾਣ ਕਰਨ ਦੀ ਕਾਰਵਾਈ ਆਰੰਭ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਪੰਨੂ ਨਾਲ ਹੋਈ ਬਦਸਲੂਕੀ ਦਾ ਸਖਤ ਨੋਟਿਸ ਲਿਆ ਹੈ ਅਤੇ ਇਸ ਨੂੰ ਗਿਣ-ਮਿਥ ਕੇ ਕੀਤੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਰਾਹਤ ਅਤੇ ਮੁੜ-ਵਸੇਬੇ ਦੇ ਕਾਰਜਾਂ ਨੂੰ ਵੀ ਨੁਕਸਾਨ ਪੁੱਜਾ ਹੈ।

ਉੱਤਰਾਖੰਡ ਵਿਚ ਵਾਪਰੀ ਇਸ ਘਟਨਾ ਦੌਰਾਨ ਮੌਕੇ 'ਤੇ ਮੌਜੂਦ ਪੰਜਾਬ ਪੁਲੀਸ ਦਾ ਇੱਕ ਇੰਸਪੈਕਟਰ ਅਤੇ ਇਕ ਸਿਪਾਹੀ ਮੂਕ ਦਰਸ਼ਕ ਬਣੇ ਰਹੇ। ਸਰਕਾਰ ਨੇ ਇਨ੍ਹਾਂ ਬਾਰੇ ਵੀ ਨੋਟਿਸ ਲਿਆ ਹੈ। ਗੋਬਿੰਦ ਘਾਟ 'ਤੇ ਹੋਈ ਘਟਨਾ ਦੀ 7



ਮਿੰਟ ਦੀ ਵੀਡੀਓ ਯੂਟਿਊਬ ਸਮੇਤ ਹੋਰ ਸਾਈਟਾਂ 'ਤੇ ਉਸੇ ਦਿਨ ਅਪਲੋਡ ਕਰ ਦਿੱਤੀ ਗਈ ਸੀ।

ਇਸ ਵੀਡੀਓ ਵਿਚ ਦਸਤਾਰਧਾਰੀ ਵਿਅਕਤੀਆਂ ਦਾ ਇੱਕ ਗਰੁੱਪ ਪਹਿਲਾਂ ਕਾਹਨ ਸਿੰਘ ਪੰਨੂ ਨਾਲ ਹੱਥੋਪਾਈ ਹੋ ਰਿਹਾ ਹੈ, ਫਿਰ ਪਲਾਂ ਵਿਚ ਹੀ ਇਸ ਆਈ.ਏ.ਐਸ. ਅਫਸਰ ਦੀ ਦਸਤਾਰ ਉਤਾਰ ਦਿੱਤੀ ਗਈ। ਹਮਲਾਵਰਾਂ ਨੇ ਕਾਹਨ ਸਿੰਘ ਨੂੰ ਬੈਠ ਕੇ ਮੁਆਫ਼ੀ ਮੰਗਣ ਲਈ ਵੀ ਮਜਬੂਰ ਕੀਤਾ।

ਸ੍ਰੀ ਪੰਨੂ ਦਾ ਕਹਿਣਾ ਸੀ ਕਿ ਪਹਿਲਾਂ ਬਿਮਾਰ ਤੇ ਬਜ਼ੁਰਗਾਂ ਨੂੰ ਵਾਪਸ ਭੇਜਿਆ ਜਾ ਰਿਹਾ ਸੀ। ਇਸ ਤੋਂ ਬਾਅਦ ਔਰਤਾਂ ਤੇ ਬੱਚਿਆਂ ਦੀ ਵਾਰੀ ਸੀ। ਨੌਜਵਾਨਾਂ ਦੀ ਵਾਰੀ ਸਭ ਤੋਂ ਮਗਰੋਂ ਸੀ, ਪਰ ਇਕ ਵੱਡੇ ਟੱਬਰ ਨੇ ਸਾਰੇ ਜੀਆਂ ਨੂੰ ਇਕੱਠੇ ਭੇਜਣ ਲਈ ਕਿਹਾ। ਨਾਂਹ ਕਰਨ 'ਤੇ ਹਮਲੇ ਵਾਲੀ ਨੌਬਤ ਆ ਗਈ।

ਯਾਦ ਰਹੇ ਕਿ ਸ੍ਰੀ ਪੰਨੂ ਨੂੰ ਸਰਕਾਰ ਨੇ ਉਤਰਾਖੰਡ ਵਿਚ ਚੱਲ ਰਹੇ ਬਚਾਅ ਕਾਰਜਾਂ ਦੀ ਅਗਵਾਈ ਕਰਨ ਲਈ ਭੇਜਿਆ ਸੀ। ਇਸੇ ਦੌਰਾਨ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਵਾਪਸ ਬੁਲਾ ਲਿਆ ਹੈ। ਉਨ੍ਹਾਂ ਦੀ ਥਾਂ 'ਤੇ ਕਾਰਤਿਕ ਅੜੱਪਾ ਨੂੰ ਉਤਰਾਖੰਡ ਭੇਜਿਆ ਗਿਆ ਹੈ।

## ਮੌਸਮ ਵਿਭਾਗ ਦੀ ਚਿਤਾਵਨੀ ਨੂੰ ਅਣਗੌਲਿਆ ਕੀਤਾ

**ਚੰਡੀਗੜ੍ਹ:** ਉੱਤਰਾਖੰਡ ਵਿਚ ਆਈ ਭਿਆਨਕ ਤਬਾਹੀ ਤੋਂ ਪਹਿਲਾਂ ਪ੍ਰਸ਼ਾਸਨ ਦੀਆਂ ਚੇਤਾਵਨੀਆਂ ਨੂੰ ਅੱਖੋਂ ਪਰੋਖੇ ਕਰ ਕੇ ਤੇ ਉਥੇ ਤਾਇਨਾਤ ਪੁਲਿਸ ਮੁਲਾਜ਼ਮਾਂ ਦੀ 'ਜੇਬ ਗਰਮ' ਕਰ ਕੇ ਹਜ਼ਾਰਾਂ ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪਏ। ਇਹ ਖੁਲਾਸਾ ਇਸ ਭਿਆਨਕ ਤਬਾਹੀ ਨੂੰ ਅੱਖੀਂ ਦੇਖਣ ਵਾਲੇ ਫ਼ਰੀਦਕੋਟ ਦੇ ਮਨਿੰਦਰ ਸਿੰਘ ਢਿੱਲੋਂ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਹਾੜਾਂ ਵਿਚ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਮੀਂਹ ਤੇ ਮੌਸਮ ਵਿਭਾਗ ਦੀ ਭਵਿੱਖਬਾਣੀ ਨੂੰ ਦੇਖਦਿਆਂ 16 ਜੂਨ ਤੋਂ ਹੀ ਗੌਚਾਰ ਤੋਂ ਸ਼ਰਧਾਲੂਆਂ ਨੂੰ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ। ਗੌਚਾਰ ਤੇ ਗੋਬਿੰਦ ਘਾਟ ਦਾ ਫਾਸਲਾ 80 ਕਿਲੋਮੀਟਰ ਦੇ ਕਰੀਬ ਹੈ।

ਹੇਮਕੁੰਟ ਸਾਹਿਬ ਤੋਂ ਗੋਬਿੰਦ ਘਾਟ ਦੇ ਰਸਤੇ ਆਉਂਦੇ ਸ਼ਰਧਾਲੂਆਂ ਨੂੰ ਦੇਖ ਕੇ ਗੌਚਾਰ ਰੋਕੇ ਹੋਏ ਲੋਕਾਂ ਨੇ ਅੱਗੇ ਜਾਣ ਦੀ ਜ਼ਿੱਦ ਕੀਤੀ। ਇਸ ਮੌਕੇ ਬਹੁਤੇ ਲੋਕਾਂ ਨੇ ਪੁਲਿਸ ਵਾਲਿਆਂ ਨੂੰ ਪੈਸੇ ਦੇ ਕੇ ਅੱਗੇ ਜਾਣ ਦੀ ਇਜਾਜ਼ਤ ਲੈ ਲਈ ਪਰ ਉਹ ਅੱਗੇ ਜਾ ਕੇ ਫਸ ਗਏ।

ਮਨਿੰਦਰ ਢਿੱਲੋਂ ਅਨੁਸਾਰ ਉਨ੍ਹਾਂ ਵੀ ਇਹ ਕੋਸ਼ਿਸ਼ ਕਰਨੀ ਚਾਹੀ ਪਰ ਸੰਭਾਵੀ ਖਤਰੇ ਨੂੰ ਦੇਖਦਿਆਂ ਔਰਤਾਂ ਨੇ ਅੱਗੇ ਜਾਣ ਤੋਂ ਵਰਜਿਆ ਜਿਸ ਕਾਰਨ ਉਹ ਮੌਤ ਦੇ ਮੂੰਹ ਜਾਣੋਂ ਬਚ ਗਏ। ਜਾਨ ਬਚਾ ਕੇ ਆਇਆ ਇਹ ਪਰਿਵਾਰ ਅਜੇ ਵੀ ਸਹਿਮਿਆ ਹੋਇਆ ਹੈ।

# ਬਾਦਲ ਨੂੰ ਕੱਟੜ ਮੋਦੀ ਮਨਜ਼ੂਰ !

*(ਸਫਾ ਇਕ ਦੀ ਬਾਕੀ)*

ਪ੍ਰਸ਼ਾਦ ਮੁਖਰਜੀ ਦੇ 60ਵੇਂ 'ਬਲੀਦਾਨ ਦਿਵਸ' ਨੂੰ ਸਮਰਪਿਤ ਸੀ। ਸ੍ਰੀ ਮੋਦੀ ਨੇ ਕਾਂਗਰਸ ਮੁਕਤ ਦੇਸ਼ ਦੇ ਨਿਰਮਾਣ ਦੀ ਲੋੜ ਦਾ ਹੋਕਾ ਦਿੰਦਿਆਂ ਕਿਹਾ ਕਿ ਇਸ ਪਾਰਟੀ ਦੇ ਹੱਥਾਂ ਵਿਚ ਦੇਸ਼ ਸੁਰੱਖਿਅਤ ਨਹੀਂ। ਉਨ੍ਹਾਂ ਪੰਜਾਬ ਨਾਲ ਸਨੇਹ ਪ੍ਰਗਟ ਕਰਦਿਆਂ ਕਿਹਾ ਕਿ ਗੁਜਰਾਤ ਦਾ ਪੰਜਾਬ ਨਾਲ ਖੂਨ ਦਾ ਰਿਸ਼ਤਾ ਹੈ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰਿਆਂ ਵਿਚੋਂ ਇਕ ਪਿਆਰਾ ਗੁਜਰਾਤ ਤੋਂ ਸੀ।

ਉਂਜ, ਇਹ ਗੱਲ ਵੱਖਰੀ ਹੈ ਕਿ ਸ੍ਰੀ ਮੋਦੀ ਨੇ ਭਾਵੇਂ ਆਪਣੀ ਚੋਣ ਮੁਹਿੰਮ ਦਾ ਆਗਾਜ਼ ਪੰਜਾਬ ਤੋਂ ਕੀਤਾ, ਪਰ ਖਾਣੇ ਲਈ ਉਨ੍ਹਾਂ ਨੇ ਗੁਜਰਾਤੀ ਭੋਜਨ ਦੀ ਹੀ ਇੱਛਾ ਜਤਾਈ ਜਿਸ 'ਤੇ ਗੁਰਦਾਸਪੁਰ ਤੋਂ ਸਾਬਕਾ ਸੰਸਦ ਮੈਂਬਰ ਵਿਨੋਦ ਖੰਨਾ ਨੇ ਆਪਣੀ ਗੁਜਰਾਤੀ ਪਤਨੀ ਤੇ ਸੱਸ ਨੂੰ ਮੁੰਬਈ ਤੋਂ ਪੰਜਾਬ ਬੁਲਾਇਆ ਤਾਂ ਕਿ ਉਹ ਮੋਦੀ ਲਈ ਗੁਜਰਾਤੀ ਖਾਣਾ ਬਣਾ ਸਕਣ। ਸ੍ਰੀ ਖੰਨਾ ਦੀ ਸੱਸ ਸੁਰਾਯੂ ਦਫਤਰੀ ਅਤੇ ਪਤਨੀ ਕਵਿਤਾ ਖੰਨਾ ਚੁਪ-ਚੁਪੀਤੇ ਇਥੇ ਪੁੱਜੀਆਂ ਤੇ ਉਨ੍ਹਾਂ ਨੇ ਗੁਜਰਾਤੀ ਖਾਣਾ ਪਕਾਇਆ।

ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਯੂ.ਪੀ.ਏ. ਸਰਕਾਰ ਦੇ ਖਾਤਮੇ ਲਈ ਕੌਮੀ ਪੱਧਰ 'ਤੇ ਦੂਜੀ ਜੰਗ-ਏ-ਆਜ਼ਾਦੀ ਸ਼ੁਰੂ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਇਹ ਲੜਾਈ ਨਰੇਂਦਰ ਮੋਦੀ ਦੀ ਅਗਵਾਈ ਵਿਚ ਲੜੀ ਜਾਵੇ। ਉਨ੍ਹਾਂ ਕਿਹਾ ਕਿ ਸਾਰੀਆਂ ਬਿਮਾਰੀਆਂ ਦੀ ਜੜ੍ਹ ਕਾਂਗਰਸ ਪਾਰਟੀ ਹੈ ਤੇ ਇਸ ਦੇ ਰਾਜ ਵਿਚ ਨਾ ਤਾਂ ਅੰਦਰੂਨੀ ਸ਼ਾਂਤੀ ਹੈ ਤੇ ਨਾ ਹੀ ਕੌਮਾਂਤਰੀ ਸਰਹੱਦਾਂ ਉਪਰ ਸ਼ਾਂਤੀ ਹੈ। ਦੇਸ਼ ਦੀ ਆਜ਼ਾਦੀ ਵੇਲੇ 80 ਫੀਸਦੀ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਪਰ ਕਾਂਗਰਸ ਦੀ ਕੇਂਦਰ ਸਰਕਾਰ ਨੇ ਹਮੇਸ਼ਾ ਹੀ ਪੰਜਾਬੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ। ਜੇਕਰ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਸੱਤਾ ਵਿਚ ਆਉਂਦੀ ਹੈ ਤਾਂ ਪੰਜਾਬੀਆਂ ਦੀਆਂ ਮੁਸ਼ਕਿਲਾਂ ਘਟ ਜਾਣਗੀਆਂ। ਉਨ੍ਹਾਂ ਭਾਜਪਾ ਨਾਲ ਅਕਾਲੀ ਦਲ ਦਾ ਘਿਓ-ਖਿਚੜੀ ਵਾਲਾ ਰਿਸ਼ਤਾ ਕਰਾਰ ਦਿੱਤਾ।

## *ਗੋਬਿੰਦਘਾਟ ਤੇ ਜੋਸ਼ੀਮੱਠ ਵਿਖੇ 10 ਹਜ਼ਾਰ ਲੋਕਾਂ ਦੇ ਠਹਿਰਨ ਦਾ ਪ੍ਰਬੰਧ*

**ਜੋਸ਼ੀ ਮੱਠ:** ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਲਈ ਰਾਤ ਠਹਿਰਣ ਵਾਸਤੇ ਸ੍ਰੀ ਹੇਮਕੁੰਟ ਸਾਹਿਬ ਪ੍ਰਬੰਧਕੀ ਟਰੱਸਟ ਵੱਲੋਂ ਗੋਬਿੰਦਘਾਟ ਤੇ ਜੋਸ਼ੀਮੱਠ ਵਿਖੇ ਲਗਭਗ 10 ਹਜ਼ਾਰ ਸੰਗਤਾਂ ਦੇ ਠਹਿਰਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਤੇ ਗੁਰਦੁਆਰਾ ਜੋਸ਼ੀਮੱਠ ਦੇ ਮੈਨੇਜਰ ਬੂਟਾ ਸਿੰਘ ਨੇ ਦੱਸਿਆ ਕਿ ਗੋਬਿੰਦਘਾਟ ਵਿਖੇ ਸ਼ਰਧਾਲੂਆਂ ਦੀ ਰਿਹਾਇਸ਼ ਲਈ 100 ਕਮਰੇ ਅਟੈਚ ਬਾਥਰੂਮਾਂ ਸਮੇਤ, ਤਕਰੀਬਨ ਇੰਨੇ ਹੀ ਕਮਰੇ ਬਿਨਾ ਬਾਥਰੂਮਾਂ ਤੋਂ ਅਤੇ 30 ਵੱਡੇ ਹਾਲ ਬਣਾਏ ਗਏ ਹਨ। ਇਨ੍ਹਾਂ ਕਮਰਿਆਂ ਵਿਚ ਆਮ ਹਾਲਾਤ ਦੌਰਾਨ ਸੱਤ ਤੋਂ ਅੱਠ ਹਜ਼ਾਰ ਤੱਕ ਤੇ ਕਿਸੇ ਖਾਸ ਔਖੇ ਵੇਲੇ 10 ਹਜ਼ਾਰ ਤੱਕ ਸ਼ਰਧਾਲੂ ਠਹਿਰ ਸਕਦੇ ਹਨ। ਇਨ੍ਹਾਂ ਸ਼ਰਧਾਲੂਆਂ ਦੀ ਸਹੂਲਤ ਲਈ ਲੋੜੀਂਦੀ ਮਾਤਰਾ ਵਿਚ ਕੰਬਲ ਤੇ ਗੱਦੇ ਵੀ ਇਥੇ ਮੌਜੂਦ ਰਹਿੰਦੇ ਹਨ। ਗੁਰਦੁਆਰਾ ਜੋਸ਼ੀਮੱਠ ਦੇ ਮੈਨੇਜਰ ਬੂਟਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਤਿੰਨ ਦਰਜਨ ਛੋਟੇ ਕਮਰੇ ਅਤੇ ਸੱਤ ਹਾਲ ਕਮਰੇ ਤੇ ਇਕ ਵੱਡਾ ਹਾਲ ਬਣਿਆ ਹੋਇਆ ਹੈ।

## ਪੰਜਾਬ ਵੱਲੋਂ 10 ਕਰੋੜ ਦੇਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੁਆਂਢੀ ਸੂਬੇ ਉਤਰਾਖੰਡ ਵਿਚ ਹੜ੍ਹਾਂ ਦੀ ਲਪੇਟ ਵਿਚ ਆਏ ਧਾਰਮਿਕ ਸਥਾਨਾਂ ਸ੍ਰੀ ਕੇਦਾਰਨਾਥ ਮੰਦਰ, ਸ੍ਰੀ ਬਦਰੀਨਾਥ ਮੰਦਰ ਤੇ ਸ੍ਰੀ ਹੇਮਕੁੰਟ ਸਾਹਿਬ ਦੇ ਮੁੜ ਨਿਰਮਾਣ ਲਈ ਤਿੰਨ-ਤਿੰਨ ਕਰੋੜ ਦੀ ਗਰਾਂਟ ਦੇਣ ਦਾ ਫੈਸਲਾ ਕੀਤਾ ਹੈ।

ਉਤਰਾਖੰਡ ਦੇ ਬੁਨਿਆਦੀ ਢਾਂਚੇ ਦੀ ਸੁਰਜੀਤੀ ਲਈ ਇਕ ਕਰੋੜ ਰੁਪਏ ਦਿੱਤੇ ਜਾਣਗੇ। ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਸੂਬਾਈ ਵਜ਼ਾਰਤ ਦੀ ਮੀਟਿੰਗ ਦੌਰਾਨ ਲਿਆ ਗਿਆ। ਅਕਾਲੀ-ਭਾਜਪਾ ਦੇ ਸਾਰੇ ਸੰਸਦ ਮੈਂਬਰ ਤੇ ਵਿਧਾਇਕ ਪਹਿਲਾਂ ਹੀ ਕੁਦਰਤੀ ਰਾਹਤ ਫੰਡ ਲਈ ਆਪਣੀ ਇਕ-ਇਕ ਮਹੀਨੇ ਦੀ ਤਨਖਾਹ ਦੇਣ ਦਾ ਐਲਾਨ ਕਰ ਚੁੱਕੇ ਹਨ।

# ਉਤਰਾਖੰਡ ਵਿਚ ਹੜ੍ਹਾਂ ਨਾਲ ਵਿਆਪਕ ਤਬਾਹੀ

*(ਸਫਾ ਇਕ ਦੀ ਬਾਕੀ)*

ਸਾਰੇ ਸ਼ਰਧਾਲੂਆਂ ਨੂੰ ਕੱਢ ਲਿਆ ਗਿਆ ਹੈ।

ਸੂਬੇ ਵਿਚ ਮੋਹਲੇਧਾਰ ਮੀਂਹ, ਢਿੱਗਾਂ ਡਿੱਗਣ ਅਤੇ ਬੱਦਲ ਫਟਣ ਕਾਰਨ ਰਾਹਤ ਕਾਰਜਾਂ ਵਿਚ ਔਖ ਆ ਰਹੀ ਹੈ ਪਰ ਸੁਪਰੀਮ ਕੋਰਟ ਨੇ ਕੇਂਦਰ ਤੇ ਉੱਤਰਾਖੰਡ ਸਰਕਾਰ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਰਾਹਤ ਕਾਰਜ ਹੋਰ ਤੇਜ਼ ਕਰਨ ਦੀ ਹਦਾਇਤ ਦਿੱਤੀ ਹੈ। ਇਸ ਦੇ ਨਾਲ ਹੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਕੇਂਦਰ ਤੇ ਸੂਬਾ ਸਰਕਾਰ ਤੋਂ ਰਾਹਤ ਕਾਰਜਾਂ ਤੇ ਮੁੜ ਵਸੇਬੇ ਲਈ ਚੁੱਕੇ ਕਦਮਾਂ ਬਾਰੇ ਰਿਪੋਰਟ ਤਲਬ ਕੀਤੀ ਹੈ।

ਕੇਂਦਰ ਤੇ ਉਤਰਾਖੰਡ ਸਰਕਾਰ ਨੇ ਸੁਪਰੀਮ ਕੋਰਟ ਵੱਲੋਂ ਦਾਇਰ ਆਪਣੀਆਂ ਕਾਰਵਾਈ ਰਿਪੋਰਟਾਂ ਵਿਚ ਦਾਅਵਾ ਕੀਤਾ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਫਸੇ ਲੋਕਾਂ ਨੂੰ ਕੱਢਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਸਟਿਸ ਏ.ਕੇ. ਪਟਨਾਇਕ ਤੇ ਰੰਜਨ ਗੋਗੋਈ ਆਧਾਰਤ ਬੈਂਚ ਨੇ ਕੇਂਦਰ ਤੇ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਕਿ ਪਟੀਸ਼ਨਰ ਵੱਲੋਂ ਦਿੱਤੇ ਗਏ ਸੁਝਾਵਾਂ 'ਤੇ ਗ਼ੌਰ ਕੀਤੀ ਜਾਵੇ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਕ ਲੱਖ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਗਿਆ ਹੈ।

*(ਹੋਰ ਵੇਰਵੇ ਸਫਾ 8 ਉਤੇ)*

## ਆਸਟਰੇਲੀਆ 'ਚ ਪਹਿਲਾ ਸਿੱਖ ਬਣਿਆ ਜੇਲ੍ਹ ਅਧਿਕਾਰੀ

**ਮੈਲਬਰਨ:** ਆਸਟਰੇਲੀਆ ਵਿਚ ਪਹਿਲਾ ਸਿੱਖ ਜੇਲ੍ਹ ਅਧਿਕਾਰੀ ਬਣਿਆ ਹੈ। ਅੰਮ੍ਰਿਤਧਾਰੀ ਗੁਰਸਿੱਖ ਹਰਕੀਰਤ ਸਿੰਘ ਅਜਨੋਹਾ ਨੇ ਦੱਸਿਆ ਕਿ ਜੇਲ੍ਹ ਅਫ਼ਸਰ ਚੁਣਨ ਦੀ ਵਿਧੀ ਔਖਾ ਕਾਰਜ ਹੈ ਤੇ ਸੈਂਕੜੇ ਮਰਜ਼ੀਆਂ ਵਿਚੋਂ ਵਾਹਿਗੁਰੂ ਦੀ ਕ੍ਰਿਪਾ ਸਦਕਾ ਉਸ ਨੂੰ ਵੀ ਇਹ ਸੇਵਾ ਮਿਲੀ ਹੈ। ਸ. ਹਰਕੀਰਤ ਸਿੰਘ ਅਜਨੋਹਾ ਆਸਟਰੇਲੀਆ ਵਿਚ ਪੜ੍ਹਨ ਆਏ ਸਨ ਤੇ ਪੜ੍ਹਾਈ ਪੂਰੀ ਕਰਕੇ ਉਨ੍ਹਾਂ ਨੇ ਇਥੋਂ ਦੀ ਨਾਗਰਿਕਤਾ ਪ੍ਰਾਪਤ ਕੀਤੀ।

# *ਤਾਲਿਬਾਨ ਬਾਰੇ ਭਾਰਤੀ ਫ਼ਿਕਰ ਨਜ਼ਰਅੰਦਾਜ਼ ਨਹੀਂ ਹੋਣਗੇ: ਕੈਰੀ*

**ਨਵੀਂ ਦਿੱਲੀ:** ਅਮਰੀਕਾ ਨੇ ਭਾਰਤ ਨੂੰ ਭਰੋਸਾ ਦਿੱਤਾ ਹੈ ਕਿ ਤਾਲਿਬਾਨ ਬਾਗ਼ੀਆਂ ਨੂੰ ਦਹਿਸ਼ਤਗਰਦੀ ਨਾਲੋਂ ਸੰਪਰਕ ਤੋੜੇ ਬਿਨਾਂ ਮਿਲ ਰਹੀ ਮਾਨਤਾ ਬਾਰੇ ਨਵੀਂ ਦਿੱਲੀ ਦੇ ਫ਼ਿਕਰਾਂ ਨੂੰ ਨਾ ਤਾਂ ਅੱਖੋਂ ਓਹਲੇ ਕੀਤਾ ਜਾਵੇਗਾ ਤੇ ਨਾ ਹੀ ਮਹੱਤਤਾ ਘਟਾ ਕੇ ਦੇਖਿਆ ਜਾਵੇਗਾ। ਅਮਰੀਕਾ ਇਨ੍ਹਾਂ ਇਸਲਾਮਕ ਮੂਲਪੰਥੀਆਂ ਨਾਲ ਇਹ ਸਾਰੇ ਪਹਿਲੂ ਧਿਆਨ ਵਿਚ ਰੱਖ ਕੇ ਹੀ ਗੱਲਬਾਤ ਕਰੇਗਾ।

ਭਾਰਤ-ਅਮਰੀਕਾ ਰਣਨੀਤਕ ਸੰਵਾਦ ਦੇ ਚੌਥੇ ਗੇੜ ਦੌਰਾਨ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਤੇ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਜੌਹਨ ਕੈਰੀ ਵਿਚਾਲੇ ਹੋਈ ਗੱਲਬਾਤ ਦੌਰਾਨ ਇਹ ਪੱਖ ਉੱਭਰ ਕੇ ਸਾਹਮਣੇ ਆਇਆ। ਇਸ ਗੱਲਬਾਤ ਦੌਰਾਨ ਸੁਰੱਖਿਆ, ਰੱਖਿਆ, ਪਰਮਾਣੂ ਸਹਿਯੋਗ ਤੇ ਵਪਾਰਕ ਸਬੰਧਾਂ ਨੂੰ ਹੁਲਾਰਾ ਦੇਣ ਤੇ ਭਾਰਤ ਦੀਆਂ ਆਈਟੀ ਕੰਪਨੀਆਂ ਨੂੰ ਪੇਸ਼ ਆਉਂਦੀਆਂ ਵੀਜ਼ਿਆਂ ਦੀ ਮੁਸ਼ਕਲ ਬਾਰੇ ਵਿਚਾਰ-ਚਰਚਾ ਕੀਤੀ ਗਈ। ਜੌਹਨ ਕੈਰੀ ਨੇ ਦੱਸਿਆ ਕਿ ਅਮਰੀਕਾ ਦੇ ਉਪ ਰਾਸ਼ਟਰਪਤੀ ਜੋ ਅਗਲੇ ਮਹੀਨੇ ਭਾਰਤ ਆ ਰਹੇ ਹਨ ਤਾਂ ਕਿ ਦੁਵੱਲੇ ਸਬੰਧਾਂ ਨੂੰ ਹੋਰ ਗਤੀ ਦਿੱਤੀ ਜਾ ਸਕੇ। ਗੱਲਬਾਤ ਮਗਰੋਂ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਸਥਾਈ ਸ਼ਾਂਤੀ ਲਈ ਬਦਲਵੇਂ ਪ੍ਰਬੰਧ ਲੱਭਣ ਲਈ ਤਾਲਿਬਾਨ ਨਾਲ ਤਜਵੀਜ਼ਸ਼ੁਦਾ ਸੰਵਾਦ ਦਾ ਤਜਰਬਾ ਕੀਤਾ ਜਾ ਰਿਹਾ ਹੈ ਪਰ ਇਹ ਵੀ ਭਾਰਤ ਦੇ ਫ਼ਿਕਰਾਂ ਤੋਂ ਮੁਨਕਰ ਜਾਂ ਅਸਹਿਮਤ ਨਹੀਂ ਹੋਇਆ ਜਾ ਸਕਦਾ ਜਿਸ ਬਾਰੇ ਜੌਹਨ ਕੈਰੀ ਭਰੋਸਾ ਦੇ ਹੀ ਚੁੱਕੇ ਹਨ। ਖੁਰਸ਼ੀਦ ਨੇ ਦੱਸਿਆ ਕਿ ਉਹ ਅਮਰੀਕੀ ਆਗੂ ਦੇ ਧਿਆਨ ਵਿਚ ਵੀਜ਼ਿਆ ਦੀ ਮੁਸ਼ਕਲ ਲਿਆ ਚੁੱਕੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪੰਜਾਬ ਸਰਕਾਰ ਲਈ ਸਿਰਦਰਦੀ ਬਣੀ ਆਟਾ ਦਾਲ ਸਕੀਮ

**ਚੰਡੀਗੜ੍ਹ:** ਆਟਾ ਦਾਲ ਸਕੀਮ ਦਾ ਨਾਅਰਾ ਲਾ ਕੇ ਦੂਜੀ ਵਾਰ ਰਾਜ-ਭਾਗ ਸਾਂਭਣ ਵਾਲੀ ਅਕਾਲੀ-ਭਾਜਪਾ ਸਰਕਾਰ ਲੋੜਵੰਦਾਂ ਨੂੰ ਰਾਸ਼ਨ ਦੇਣ ਤੋਂ ਟਾਲਾ ਵੱਟਣ ਲੱਗੀ ਹੈ। ਅਸਲ ਵਿਚ ਮਾਲੀ ਤੰਗੀ ਦਾ ਸ਼ਿਕਾਰ ਸਰਕਾਰ ਲਈ ਆਟਾ ਦਾਲ ਸਕੀਮ ਵੱਡੀ ਸਿਰਦਰਦੀ ਬਣਨ ਲੱਗੀ ਹੈ। ਪਤਾ ਲੱਗਾ ਹੈ ਕਿ ਵਿੱਤ ਵਿਭਾਗ ਵੱਲੋਂ ਦਾਲਾਂ ਖਰੀਦਣ ਵਾਸਤੇ ਪੈਸਾ ਜਾਰੀ ਨਾ ਕਰਨ ਕਰਕੇ ਜਨਵਰੀ ਮਹੀਨੇ ਤੋਂ ਲੋਕਾਂ ਨੂੰ ਸਿਰਫ਼ ਕਣਕ ਹੀ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਨਾਲ ਲੋਕ ਲੁਭਾਊ ਯੋਜਨਾ ਦੇ 15 ਲੱਖ 40 ਹਜ਼ਾਰ ਪਰਿਵਾਰ ਕਈ ਮਹੀਨਿਆਂ ਤੋਂ ਰੁਖੀਆਂ ਰੋਟੀਆਂ ਖਾਣ ਲਈ ਮਜਬੂਰ ਹਨ।

ਸੂਬੇ ਦਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਬੇਸ਼ੱਕ ਦਾਲਾਂ ਦੀ ਸਪਲਾਈ ਨਾ ਹੋਣ ਦਾ ਭਾਂਡਾ ਕੇਂਦਰ ਸਰਕਾਰ ਦੇ ਸਿਰ ਭੰਨ੍ਹਦਿਆਂ ਦੋਸ਼ ਲਾ ਰਿਹਾ ਹੈ ਕਿ ਦਾਲਾਂ 'ਤੇ ਸਬਸਿਡੀ ਬੰਦ ਹੋਣ ਕਾਰਨ ਲਾਭਪਾਤਰੀ ਰੁੱਖੀ ਰੋਟੀ ਖਾਣ ਲਈ ਮਜਬੂਰ ਹਨ ਪਰ ਅਸਲ ਵਿਚ ਆਟਾ ਦਾਲ ਸਕੀਮ ਪੰਜਾਬ ਸਰਕਾਰ ਦੀ ਹੀ ਹੈ ਤੇ ਇਸ ਵਿਚ ਕੇਂਦਰ ਦਾ ਕੋਈ ਯੋਗਦਾਨ ਨਹੀਂ। ਉਂਝ, ਕੇਂਦਰ ਤੋਂ ਆਉਂਦੀ ਸਬਸਿਡੀ ਵਾਲੀ ਕਣਕ ਤੇ ਦਾਲਾਂ ਕਾਰਨ ਰਾਜ ਸਰਕਾਰ ਨੂੰ ਸਾਲਾਨਾ ਕਰੋੜਾਂ ਰੁਪਏ ਦੀ ਬਚਤ ਜ਼ਰੂਰੀ ਹੁੰਦੀ ਹੈ।

ਪੰਜਾਬ ਸਰਕਾਰ ਵੱਲੋਂ ਇਹ ਯੋਜਨਾ 2007 ਵਿਚ ਸ਼ੁਰੂ ਕੀਤੀ ਗਈ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 2007 ਤੇ 2012 ਵਿਚ ਅਕਾਲੀ ਭਾਜਪਾ ਗੱਠਜੋੜ ਦੀ ਦੋ ਵਾਰੀ ਸਰਕਾਰ ਬਣਨ ਦਾ ਸਿਹਰਾ ਇਸ ਯੋਜਨਾ ਨੂੰ ਦਿੱਤਾ ਜਾਂਦਾ ਹੈ। ਸਿਆਸੀ ਤੌਰ 'ਤੇ ਹਾਕਮ ਪਾਰਟੀਆਂ ਲਈ ਇਸ ਯੋਜਨਾ ਲਾਭਕਾਰੀ ਹੋਣ ਦੇ ਬਾਵਜੂਦ ਆਟਾ ਦਾਲ ਸਕੀਮ ਦੇ ਭਾਂਡੇ ਖੜਕੇ ਰਹਿੰਦੇ ਹਨ। ਸਾਲ 2012 ਵਿਚ ਹੀ ਸਰਕਾਰ ਨੇ ਅਪਰੈਲ ਤੋਂ ਸਤੰਬਰ ਤੱਕ ਪੰਜ ਮਹੀਨੇ ਦਾਲਾਂ ਦੀ ਸਪਲਾਈ ਨਹੀਂ ਦਿੱਤੀ ਸੀ।

ਇਸ ਤਰ੍ਹਾਂ ਗੱਠਜੋੜ ਦੀ ਮੁੜ ਸਰਕਾਰ ਬਣਨ ਤੋਂ ਬਾਅਦ ਅਕਤੂਬਰ, ਨਵੰਬਰ ਤੇ ਦਸੰਬਰ ਤਿੰਨ ਮਹੀਨੇ ਹੀ ਦਾਲ ਸਪਲਾਈ ਕੀਤੀ ਜਾ ਸਕੀ ਹੈ। ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ 11 ਮਹੀਨੇ ਲੋਕਾਂ ਨੂੰ ਦਾਲ ਨਸੀਬ ਨਹੀਂ ਹੋਈ। ਪੰਜਾਬ ਸਰਕਾਰ ਵੱਲੋਂ ਕਣਕ ਦੀ ਖ਼ਰੀਦ ਤਾਂ ਹਰ ਸਾਲ ਹਾੜੀ ਦੇ ਸੀਜ਼ਨ ਦੌਰਾਨ ਕਰ ਲਈ ਜਾਂਦੀ ਹੈ ਪਰ ਦਾਲਾਂ ਦੀ ਖਰੀਦ ਹਰ ਮਹੀਨੇ ਕੀਤੀ ਜਾਂਦੀ ਹੈ। ਪਿਛਲੇ ਵਰ੍ਹੇ ਵੀ ਵਿੱਤ ਵਿਭਾਗ ਨੇ ਦਾਲਾਂ ਦੀ ਖਰੀਦ ਲਈ ਪੈਸੇ ਜਾਰੀ ਨਹੀਂ ਸਨ ਕੀਤੇ ਤੇ ਇਸ ਵਾਰੀ ਵੀ ਖ਼ਜ਼ਾਨਾ ਖਾਲੀ ਹੋਣ ਕਾਰਨ ਗਰੀਬਾਂ ਨੂੰ ਰੁੱਖੀ ਰੋਟੀ ਖਾਣੀ ਪੈ ਰਹੀ ਹੈ।

ਇਸ ਯੋਜਨਾ ਤਹਿਤ ਦਾਲਾਂ ਦੀ ਖਰੀਦ ਲਈ ਅੱਠ ਤੋਂ ਨੌਂ ਕਰੋੜ ਰੁਪਏ ਚਾਹੀਦੇ ਹਨ। ਕੁੱਲ 3133 ਮੀਟਰਕ ਟਨ ਦਾਲਾਂ ਦੀ ਜ਼ਰੂਰਤ ਹੁੰਦੀ ਹੈ। ਸਰਕਾਰ ਵੱਲੋਂ ਪ੍ਰਤੀ ਪਰਿਵਾਰ ਚਾਰ ਕਿਲੋ ਦਾਲ ਤੇ 20 ਕਿਲੋ ਕਣਕ ਦਿੱਤੀ ਜਾਂਦੀ ਹੈ। ਦਾਲ 20 ਰੁਪਏ ਪ੍ਰਤੀ ਕਿਲੋ ਤੇ ਕਣਕ ਚਾਰ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਡਿਪੂਆਂ ਰਾਹੀਂ ਸਪਲਾਈ ਕੀਤੀ ਜਾਂਦੀ ਹੈ। ਸਰਕਾਰ ਨੇ ਪਨਸਪ ਨੂੰ ਨੋਡਲ ਏਜੰਸੀ ਬਣਾਇਆ ਹੋਇਆ ਹੈ।

ਸਾਲ 2007 ਤੋਂ ਮਾਰਚ 2012 ਤੱਕ ਤਾਂ ਪਨਸਪ, ਮਾਰਕਫੈਡ, ਪੰਜਾਬ ਐਗਰੋ ਤੇ ਪੰਜਾਬ ਗੁਦਾਮ ਨਿਗਮ ਬੈਂਕਾਂ ਤੋਂ ਕਰਜ਼ਾ ਚੁੱਕ ਕੇ ਸਰਕਾਰ ਦੀ ਇਸ ਯੋਜਨਾ ਨੂੰ ਚਲਾ ਰਹੇ ਸਨ। ਇਨ੍ਹਾਂ ਅਦਾਰਿਆਂ ਸਿਰ ਹੁਣ ਤੱਕ ਇਸ ਯੋਜਨਾ ਕਾਰਨ ਹੀ ਕਰਜ਼ੇ ਦਾ ਭਾਰ ਤਕਰੀਬਨ 1500 ਕਰੋੜ ਰੁਪਏ ਹੈ। ਅਪਰੈਲ 2012 'ਚ ਉਕਤ ਅਦਾਰਿਆਂ ਨੇ ਹੋਰ ਕਰਜ਼ਾ ਚੁੱਕ ਕੇ ਦਾਲਾਂ ਖਰੀਦਣ ਤੋਂ ਤੌਬਾ ਕਰ ਦਿੱਤੀ।

ਇਹੀ ਕਾਰਨ ਹੈ ਕਿ ਆਟਾ ਦਾਲ ਸਕੀਮ ਦਮ ਤੋੜਦੀ ਨਜ਼ਰ ਆ ਰਹੀ ਹੈ। ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਦਾਲਾਂ 'ਤੇ ਸਬਸਿਡੀ ਬੰਦ ਕਰਨ ਕਾਰਨ ਜਨਵਰੀ ਮਹੀਨੇ ਤੋਂ ਬਾਅਦ ਦਾਲਾਂ ਦੀ ਸਪਲਾਈ ਨਹੀਂ ਹੋਈ।


**OKKJI Transfer LLC.**

**15238 Radiance Dr., Noblesville, IN, 46060**

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ

*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ

ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045

Fax: 317-774-9665


## ਮਾਂ ਤੇ ਧੀ ਨੂੰ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼

**ਦਿੜ੍ਹਬਾ ਮੰਡੀ:** ਇਥੋਂ ਥੋੜ੍ਹੀ ਦੂਰ ਪਿੰਡ ਛਾਹੜ ਵਿਖੇ ਰਾਏ ਸਿੰਘ ਨਾਂ ਦੇ ਬੰਦੇ ਨੇ ਆਪਣੇ 32 ਬੋਰ ਦੇ ਰਿਵਾਲਵਰ ਨਾਲ ਪਹਿਲਾਂ ਆਪਣੀ ਮਾਂ ਤੇ ਧੀ ਨੂੰ ਗੋਲੀ ਮਾਰੀ ਤੇ ਫਿਰ ਖ਼ੁਦ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਵਿਚ ਉਸ ਦੀ ਮਾਂ ਤੇ ਧੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਉਹ ਖ਼ੁਦ ਇਲਾਜ ਲਈ ਹਸਪਤਾਲ ਵਿਚ ਦਾਖਲ ਹੈ।

ਮਿਲੀ ਜਾਣਕਾਰੀ ਮੁਤਾਬਕ ਪਿੰਡ ਛਾਹੜ ਵਿਖੇ ਰਾਏ ਸਿੰਘ ਨੇ ਆਪਣੇ 32 ਬੋਰ ਦੇ ਰਿਵਾਲਵਰ ਨਾਲ ਪਹਿਲਾਂ ਆਪਣੀ ਮਾਂ ਅਮਰਜੀਤ ਕੌਰ ਨੂੰ ਗੋਲੀ ਮਾਰੀ ਤੇ ਫਿਰ ਆਪਣੀ ਧੀ ਵੀਰਪਾਲ ਕੌਰ ਨੂੰ ਗੋਲੀ ਮਾਰੀ।


**Desi Bazar**

916 E. Main Street #118, Greenwood, IN, 46143

**Tel: 317-888-2040, Fax: 317-887-6116**

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

**We Are Open 7 Days a Week**

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


ੴ ਸਤਿਗੁਰ ਪ੍ਰਸਾਦਿ॥

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਪਹਿਲੀ ਬਰਸੀ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ ਦੇ ਪ੍ਰਧਾਨ ਸ. ਸਤਵੰਤ ਸਿੰਘ ਕਾਲੇਕਾ, ਜੋ 5 ਅਗਸਤ 2012 ਨੂੰ ਇਕ ਸਿਰਫਿਰੇ ਨਸਲਪ੍ਰਸਤ ਵਲੋਂ ਗੁਰਦੁਆਰਾ ਸਾਹਿਬ ਦੀ ਸੰਗਤ ਉਤੇ ਚਲਾਈ ਗਈ ਗੋਲੀ ਦੌਰਾਨ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ, ਦੀ ਪਹਿਲੀ ਬਰਸੀ ਗੁਰਦੁਆਰਾ ਓਕ ਕਰੀਕ (7512, S. Howell Ave., Oak Creek, WI - 53154) ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਈ ਜਾ ਰਹੀ ਹੈ। ਸਵਰਗੀ ਸ. ਕਾਲੇਕਾ ਦੀ ਧਰਮ ਪਤਨੀ ਸਤਪਾਲ ਕੌਰ ਕਾਲੇਕਾ, ਉਨ੍ਹਾਂ ਦੇ ਸਪੁੱਤਰਾਂ ਪਰਦੀਪ ਸਿੰਘ ਤੇ ਅਮਰਦੀਪ ਸਿੰਘ ਕਾਲੇਕਾ ਅਤੇ ਕਾਲੇਕਾ ਤੇ ਨਾਗਰਾ ਪਰਿਵਾਰ ਵਲੋਂ ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਬਰਸੀ ਸਮਾਗਮ ਦੌਰਾਨ ਹਾਜ਼ਰੀਆਂ ਭਰ ਕੇ ਵਿਛੜੀ ਆਤਮਾ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰੋ ਜੀ।



ਸ. ਸਤਵੰਤ ਸਿੰਘ ਕਾਲੇਕਾ

(2 ਜੂਨ 1947-5 ਅਗਸਤ 2012)

**ਸ਼ੁੱਕਰਵਾਰ 28 ਜੂਨ 2013** ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**ਐਤਵਾਰ 30 ਜੂਨ 2013** ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਉਪਰੰਤ ਭਾਈ ਜਸਵੰਤ ਸਿੰਘ ਜ਼ੀਰੇ ਵਾਲੇ ਸ਼ਬਦ ਕੀਰਤਨ ਅਤੇ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਗੁਰੂ ਕਾ ਲੰਗਰ: ਬਾਅਦ ਦੁਪਹਿਰ ਇਕ ਵਜੇ।

***Directions:***

Coming from Chicago take West I-94, take exit of Drexel Ave and turn right on Drexel Ave and finally left on Howell Ave and then destination would be on your right.

Coming from Green Bay, Oshkosh take East I-94, take exit of Drexel Ave and turn left on Drexel Ave and finally left on Howell Ave and then destination would be on your right.

**ਹੋਰ ਜਾਣਕਾਰੀ ਲਈ ਫੋਨ: 414-325-6421, 920-344-4975, 312-860-1991**

# ਪਹਾੜਾਂ ਵਿਚ ਪਰਲੋ



## ਅਮਰੀਕਾ ਵੱਲੋਂ ਡੇਢ ਲੱਖ ਡਾਲਰ ਦੇਣ ਦਾ ਐਲਾਨ

**ਨਵੀਂ ਦਿੱਲੀ:** ਭਾਰਤ ਦੀ ਅਮਰੀਕੀ ਰਾਜਦੂਤ ਨੈਨਸੀ ਜੇ. ਪੋਵੈਲ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਸਰਕਾਰ ਡੇਢ ਲੱਖ ਅਮਰੀਕੀ ਡਾਲਰ ਯੂਨਾਈਟਿਡ ਸਟੇਟ ਏਜੰਸੀ ਰਾਹੀਂ ਅੰਤਰਰਾਸ਼ਟਰੀ ਵਿਕਾਸ ਸੰਸਥਾ ਲਈ ਐਨ.ਜੀ.ਓਜ਼ ਨੂੰ ਉਤਰਾਖੰਡ ਵਿਚ ਵਧੇਰੇ ਤਬਾਹ ਹੋਏ ਇਲਾਕਿਆਂ ਨੂੰ ਮੁੜ ਵਸਾਉਣ ਲਈ ਦਿੱਤੇ ਹਨ। ਅਮਰੀਕੀ ਲੋਕਾਂ ਨੇ ਪੋਵੈਲ ਨਾਲ ਉਨ੍ਹਾਂ ਵਿਅਕਤੀਆਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇਸ ਤਬਾਹੀ ਵਿਚ ਮਾਰੇ ਗਏ ਹਨ ਤੇ ਜਿਹੜੇ ਆਪਣੇ ਘਰੋਂ ਬੇਘਰ ਹੋਏ ਹਨ।

## ਮੰਦਰ ਦੀ ਘੰਟੀ ਨਾਲ ਲਟਕ ਕੇ ਜਾਨ ਬਚਾਈ

**ਦੇਹਰਾਦੂਨ:** 36 ਸਾਲਾ ਵਜੇਂਦਰ ਸਿੰਘ ਨੇਗੀ ਨੇ ਕੇਦਾਰਨਾਥ ਮੰਦਰ ਦੀ ਘੰਟੀ ਫੜ ਕੇ ਜਾਨ ਬਚਾਈ। ਟੇਹਰੀ ਵਾਸੀ ਨੇਗੀ ਗਲ-ਗਲ ਤੱਕ ਪਾਣੀ ਵਿਚ ਨੌਂ ਘੰਟੇ ਮੰਦਰ ਦੀ ਘੰਟੀ ਨਾਲ ਲਟਕਿਆ ਰਿਹਾ ਤੇ ਮੰਦਰ ਵਿਚ ਤੈਰ ਰਹੀਆਂ ਲਾਸ਼ਾਂ ਨੇ ਵੀ ਉਸ ਦੀ ਜ਼ਿੰਦਗੀ ਬਚਾਉਣ ਵਿਚ ਮਦਦ ਕੀਤੀ ਜਿਨ੍ਹਾਂ ਉਪਰ ਉਹ ਘੰਟੀ ਫੜ ਕੇ ਖੜ੍ਹਾ ਰਿਹਾ।

ਮੰਦਰ ਵਿਚ ਲਾਸ਼ਾਂ ਦੇ ਦਰਮਿਆਨ ਬਿਤਾਏ ਨੌਂ ਘੰਟੇ ਨੇਗੀ ਦਾ ਪਿੱਛਾ ਨਹੀਂ ਛਡ ਰਹੇ ਤੇ ਉਨ੍ਹਾਂ ਪਲਾਂ ਨੂੰ ਯਾਦ ਕਰਕੇ ਉਹ ਭਾਵੁਕ ਹੋ ਉਠਦਾ ਹੈ।

# ਹੇਮਕੁੰਟ ਸਾਹਿਬ ਤੋਂ ਸ਼ਰਧਾਲੂ ਸੁਰੱਖਿਅਤ ਕੱਢੇ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਉੱਤਰਾਖੰਡ ਵਿਚ ਆਈ ਕੁਦਰਤੀ ਆਫਤ ਪਿੱਛੋਂ ਸ੍ਰੀ ਹਮਕਇਟ ਸਾਹਿਬ ਦੇ ਸ਼ਰਧਾਲੂਆਂ ਲਈ ਚਲਾਏ ਰਾਹਤ ਕਾਰਜ ਆਖਰੀ ਪੜਾਅ 'ਤੇ ਪਹੁੰਚ ਹਨ। ਹੇਮਕੁੰਟ ਸਾਹਿਬ ਤੋਂ ਸੋਮਵਾਰ ਨੂੰ ਸਾਰੇ ਸ਼ਰਧਾਲੂ ਸੁਰੱਖਿਅਤ ਕੱਢ ਕੇ ਜੋਸ਼ੀ ਮੱਠ ਵਿਖੇ ਬੇਸ ਕੈਂਪ ਤੋਂ 41 ਮਿੰਨੀ ਬੱਸਾਂ ਤੇ ਟਰੈਕਸਾਂ ਰਾਹੀਂ ਰਿਸ਼ੀਕੇਸ਼ ਲਈ ਭੇਜੇ ਗਏ ਸਨ ਪਰ ਰਸਤੇ ਵਿਚ ਢਿੱਗਾਂ ਡਿੱਗਣ ਕਾਰਨ 3000 ਸ਼ਰਧਾਲੂਆਂ ਨੂੰ ਗੁਰਦੁਆਰਾ ਨਦਰਾਸੂ ਸਾਹਿਬ ਵਿਖੇ ਠਹਿਰਾਇਆ ਗਿਆ ਹੈ।

ਸਰਕਾਰੀ ਸੂਤਰਾਂ ਅਨੁਸਾਰ ਹੁਣ ਤੱਕ 6300 ਸ਼ਰਧਾਲੂ ਪੰਜਾਬ ਦੇ ਟਰਾਂਸਪੋਰਟ ਵਿਭਾਗ ਦੀਆਂ ਵੱਖ ਵੱਖ ਬੱਸਾਂ ਰਾਹੀਂ ਰਾਜ ਵਿਚ ਪਹੁੰਚ ਚੁੱਕੇ ਹਨ। ਹੇਮਕੁੰਟ ਸਾਹਿਬ ਤੋਂ ਸਾਰੇ ਸ਼ਰਧਾਲੂਆਂ ਨੂੰ ਸੁਰੱਖਿਅਤ ਕੱਢਣ ਪਿੱਛੋਂ ਤੇ ਫਿਰ ਜੋਸ਼ੀ ਮੱਠ ਤੋਂ ਰਵਾਨਾ ਕਰਕੇ ਪੰਜਾਬ ਸਰਕਾਰ ਦੀਆਂ ਰਾਹਤ ਟੀਮਾਂ ਵੱਲੋਂ ਆਪਣਾ ਧਿਆਨ ਬਦਰੀਨਾਥ ਵਿਖੇ ਰਾਹਤ ਕਾਰਜਾਂ 'ਤੇ ਕੇਂਦਰਤ ਕੀਤਾ ਗਿਆ ਹੈ।

ਗੁਰਦੁਆਰਾ ਗੋਬਿੰਦ ਘਾਟ ਸਾਹਿਬ ਵਿਖੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪ ਬਿਲਕੁਲ ਸੁਰੱਖਿਅਤ ਹਨ ਜੋ ਪ੍ਰਬੰਧਕਾਂ ਵੱਲੋਂ 17 ਜੂਨ ਨੂੰ ਅੰਮ੍ਰਿਤ ਵੇਲੇ ਪੂਰਨ ਮਰਿਆਦਾ ਅਨੁਸਾਰ ਕੱਢ ਲਏ ਗਏ ਸਨ ਤੇ ਇਸ ਵੇਲੇ ਗੁਰਦੁਆਰਾ ਜੋਸ਼ੀਮੱਠ ਦੇ ਸੁੱਖ ਆਸਣ ਅਸਥਾਨ 'ਤੇ ਸੰਭਾਲੇ ਗਏ ਹਨ। ਕੁਦਰਤੀ ਆਫ਼ਤ ਵਾਲੀ ਘਟਨਾ ਵਾਲੇ ਦਿਨ ਦਾ ਵੇਰਵਾ ਦਿੰਦਿਆਂ ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ 16 ਜੂਨ ਰਾਤ 11 ਵਜੇ ਦੇ ਕਰੀਬ ਪ੍ਰਸ਼ਾਸ਼ਨ ਵੱਲੋਂ ਪਾਣੀ ਆਉਣ ਦੀ ਅਗੇਤੀ ਸੂਚਨਾ ਮਿਲਣ ਕਾਰਨ ਸੰਗਤਾਂ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ ਗਿਆ ਸੀ ਜਿਸ ਕਾਰਨ ਗੋਬਿੰਦ ਘਾਟ ਵਿਖੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਉਨ੍ਹਾਂ ਦੱਸਿਆ ਕਿ ਅੱਧੀ ਰਾਤ ਵੇਲੇ ਜਦੋਂ ਨਦੀ ਦਾ ਪਾਣੀ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਦਾਖ਼ਲ ਹੋਣਾ ਸ਼ੁਰੂ ਹੋਇਆ ਤਾਂ ਉਸ ਵੇਲੇ ਸਭ ਤੋਂ ਪਹਿਲਾਂ ਹੇਠਲੀਆਂ ਮੰਜ਼ਲਾਂ ਤੋਂ ਸ਼ਰਧਾਲੂਆਂ ਨੂੰ ਤੇਜ਼ੀ ਨਾਲ ਬਾਹਰ ਕੱਢਿਆ ਗਿਆ। ਉਨ੍ਹਾਂ ਦੱਸਿਆ ਕਿ ਘਟਨਾ ਵਾਲੇ ਦਿਨ ਗੋਬਿੰਦਘਾਟ

### ਗੁਰਦੁਆਰੇ ਦੀ ਗੋਲਕ ਭੰਨੀ

ਵਿਖੇ 10 ਹਜ਼ਾਰ ਦੇ ਕਰੀਬ ਸ਼ਰਧਾਲੂ ਠਹਿਰੇ ਹੋਏ ਸਨ। ਸ਼ਰਧਾਲੂਆਂ ਦੀ ਜਾਨ ਸੁਰੱਖਿਅਤ ਕਰਨ ਤੋਂ ਬਾਅਦ ਜਿਉਂ-ਜਿਉਂ ਪਾਣੀ ਉਪਰ ਆਉਂਦਾ ਗਿਆ ਤਾਂ ਉਪਰਲੀਆਂ ਮੰਜ਼ਿਲਾਂ ਤੋਂ ਵੀ ਸ਼ਰਧਾਲੂਆਂ ਨੂੰ ਕੱਢ ਕੇ ਉੱਚੀਆਂ ਥਾਵਾਂ ਵੱਲ ਭੇਜ ਦਿੱਤਾ ਗਿਆ ਸੀ। ਵੱਡੇ ਤੜਕੇ ਚਾਰ ਵਜੇ ਦੇ ਕਰੀਬ ਪਾਵਨ ਸਰੂਪਾਂ ਨੂੰ ਦਰਬਾਰ ਹਾਲ ਤੇ ਸੁੱਖ ਆਸਣ ਅਸਥਾਨ ਤੋਂ ਸੁਰੱਖਿਅਤ ਤੇ ਸਤਿਕਾਰ ਸਹਿਤ ਕੱਢ ਕੇ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਰਿਹਾਇਸ਼ੀ ਮਕਾਨਾਂ ਨਾਲ ਬਣੇ ਕਮਰੇ ਵਿਚ ਸੁਸ਼ੋਭਿਤ ਕੀਤਾ ਗਿਆ। ਦੋ ਦਿਨ ਇਥੇ ਸੰਭਾਲਣ ਤੋਂ ਬਾਅਦ 18 ਜੂਨ ਨੂੰ ਇਨ੍ਹਾਂ ਸਰੂਪਾਂ ਨੂੰ ਇਕ ਵਿਸ਼ੇਸ਼ ਗੱਡੀ ਸਜਾ ਕੇ ਉਸ ਵਿਚ ਸੁਸ਼ੋਭਿਤ ਕੀਤਾ। 18 ਤੇ 19 ਜੂਨ ਦੋਵੇਂ ਦਿਨ ਇਹ ਸਰੂਪ ਇਸੇ ਗੱਡੀ ਵਿਚ ਸੰਭਾਲੇ ਗਏ। 20 ਜੂਨ ਨੂੰ ਫ਼ੌਜ ਦੇ ਹੈਲੀਕਾਪਟਰਾਂ ਦੀ ਗੋਬਿੰਦਘਾਟ ਵਿਖੇ ਸੇਵਾ ਸ਼ੁਰੂ ਹੋਣ 'ਤੇ ਇਹ ਸਰੂਪ ਹੈਲੀਕਾਪਟਰ ਰਾਹੀਂ ਜੋਸ਼ੀਮੱਠ ਗੁਰਦੁਆਰਾ ਸਾਹਿਬ ਵਿਖੇ ਲਿਆਂਦੇ ਗਏ।

ਗੁਰਦੁਆਰਾ ਸਾਹਿਬ ਦੇ ਗਠੜੀ ਘਰ ਵਿਖੇ ਜਮ੍ਹਾ ਸ਼ਰਧਾਲੂਆਂ ਦੇ ਬੈਗਾਂ ਵਿਚੋਂ ਕੀਮਤੀ ਸਾਮਾਨ ਤੇ ਨਕਦੀ ਆਦਿ ਚੋਰੀ ਹੋਣ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਇਹ ਚੋਰੀਆਂ ਅਤੇ ਲੁੱਟ-ਖੋਹਾਂ ਦੀਆਂ ਵਾਰਦਾਤਾਂ ਇਸ ਇਲਾਕੇ ਵਿਚ ਕੰਮ ਕਰਦੇ ਮਜ਼ਦੂਰਾਂ ਨੇ ਕੀਤੀਆਂ ਹਨ ਜਿਨ੍ਹਾਂ ਵਿਚੋਂ ਤਿੰਨ ਮਰਦ ਤੇ ਦੋ ਔਰਤਾਂ ਨੂੰ ਉਨ੍ਹਾਂ ਖੁਦ ਰੰਗੇ ਹੱਥੀ ਕਾਬੂ ਕਰਕੇ ਪੁਲਿਸ ਹਵਾਲੇ ਕੀਤਾ ਸੀ ਪਰ ਇਨ੍ਹਾਂ ਵਿਰੁੱਧ ਕੀ ਕਾਰਵਾਈ ਹੋਈ ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਗੁਰਦੁਆਰਾ ਸਾਹਿਬ ਦੀ ਗੋਲਕ ਵੀ ਇਨ੍ਹਾਂ ਲੋਕਾਂ ਨੇ ਹੀ ਭੰਨ ਕੇ ਲੁੱਟੀ ਹੈ। ਉਨ੍ਹਾਂ ਨੇ ਦਸਿਆ ਕਿ ਗੋਲਕ ਨੂੰ ਦਰਬਾਰ ਹਾਲ ਵਿਚੋਂ ਕੱਢ ਕੇ ਪੰਜਵੀਂ ਮੰਜ਼ਲ 'ਤੇ ਰਖਵਾਇਆ ਸੀ ਪਰ ਜਿਉਂ ਹੀ ਪਾਣੀ ਦੀ ਮਾਰ ਵਧਣ ਕਾਰਨ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਤੇ ਸ਼ਰਧਾਲੂ ਇਥੋਂ ਨਿਕਲ ਗਏ ਤਾਂ ਇਨ੍ਹਾਂ ਲੋਕਾਂ ਨੇ ਆ ਕੇ ਗੋਲਕ ਲੁੱਟ ਲਈ। ਉਨ੍ਹਾਂ ਦੱਸਿਆ ਕਿ ਗੋਲਕ ਦੇ ਦੋ ਵੱਖ-ਵੱਖ ਹਿੱਸਿਆਂ ਵਿਚ ਚੜ੍ਹਾਵੇ ਦੀ ਮਾਇਆ ਹੁੰਦੀ ਹੈ ਤੇ ਚਾਰ ਜਿੰਦਰੇ ਲੱਗੇ ਸਨ ਜਿਨ੍ਹਾਂ ਵਿਚੋਂ ਦੋ ਨੂੰ ਉਹ ਤੋੜਨ ਵਿਚ ਕਾਮਯਾਬ ਰਹੇ।





## ਹੇਮਕੁੰਟ ਦੀ ਯਾਤਰਾ ਮੁੜ ਸ਼ੁਰੂ ਹੋਣੀ ਔਖੀ

**ਅੰਮ੍ਰਿਤਸਰ:** ਉੱਤਰਾਖੰਡ ਸੂਬੇ ਵਿਚ ਆਈ ਕੁਦਰਤੀ ਆਫਤ ਕਾਰਨ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਇਸ ਸਾਲ ਮੁੜ ਸ਼ੁਰੂ ਹੋਣ ਦੀ ਸੰਭਾਵਨਾ ਬਹੁਤ ਘੱਟ ਗਈ ਹੈ ਕਿਉਂਕਿ ਗੋਬਿੰਦਘਾਟ ਵਿਖੇ ਨੁਕਸਾਨੀਆਂ ਇਮਾਰਤਾਂ ਤੇ ਪੁਲਾਂ ਨੂੰ ਮੁੜ ਉਸਾਰਨ ਵਿਚ ਲੰਮਾ ਸਮਾਂ ਲੱਗੇਗਾ। ਇਸ ਦੌਰਾਨ ਪਰਤੇ ਕੁਝ ਯਾਤਰੂਆਂ ਨੇ ਉੱਥੇ ਵਾਪਰੀਆਂ ਘਟਨਾਵਾਂ ਬਾਰੇ ਲੂ ਕੰਡੇ ਖੜ੍ਹੇ ਕਰਨ ਵਾਲੇ ਤਜਰਬੇ ਸਾਂਝੇ ਕੀਤੇ।

ਸੂਤਰਾਂ ਅਨੁਸਾਰ ਹੜ੍ਹ ਕਾਰਨ ਗੋਬਿੰਦਘਾਟ ਵਿਖੇ ਮੁੱਖ ਪੁਲ ਰੁੜ੍ਹ ਗਿਆ ਹੈ ਜੋ ਗੋਬਿੰਦਧਾਮ ਜਾਣ ਵਾਲੇ ਰਸਤੇ ਨੂੰ ਜੋੜਦਾ ਸੀ। ਇਸੇ ਤਰ੍ਹਾਂ ਲੰਗਰ ਘਰ ਦੀ ਇਮਾਰਤ ਨੁਕਸਾਨੀ ਗਈ ਤੇ ਲੰਗਰ ਲਈ ਵਰਤੇ ਜਾਂਦੇ ਬਰਤਨ ਰੁੜ ਗਏ। ਪਾਰਕਿੰਗ ਵਾਲਾ ਸਥਾਨ ਰੁੜ ਗਿਆ ਤੇ ਪਾਰਕਿੰਗ ਸਥਾਨ 'ਤੇ ਜਾਣ ਵਾਲਾ ਪੁਲ ਵੀ ਰੁੜ੍ਹ ਗਿਆ। ਯਾਤਰੂਆਂ ਲਈ ਬਣਾਈ 25 ਕਮਰਿਆਂ ਦੀ ਇਕ ਸਰਾਂ ਨੂੰ ਨੁਕਸਾਨ ਪੁੱਜਾ ਤੇ ਪਖਾਨੇ ਵੀ ਰੁੜ੍ਹ ਗਏ। ਪ੍ਰਕਾਸ਼ ਅਸਥਾਨ ਹੜ੍ਹ ਨਾਲ ਆਈ ਮਿੱਟੀ ਤੇ ਰੇਤ ਨਾਲ ਭਰ ਗਿਆ। ਉਪਰ ਗੋਬਿੰਦਧਾਮ ਵਿਖੇ ਇਹ ਦੋ ਪੁਲ ਰੁੜ੍ਹ ਗਏ। ਉਥੇ ਨੁਕਸਾਨੀਆਂ ਇਮਾਰਤਾਂ ਨੂੰ ਮੁੜ ਬਣਾਉਣ ਤੇ ਪੁਲਾਂ ਦੀ ਮੁੜ ਉਸਾਰੀ ਲਈ ਵੱਡੇ ਸਮੇਂ ਦੀ ਲੋੜ ਹੈ। ਇਸ ਲਈ ਇਸ ਵਾਰ ਯਾਤਰਾ ਮੁੜ ਸ਼ੁਰੂ ਹੋਣ ਦੀ ਕੋਈ ਸੰਭਾਵਨਾ ਨਹੀਂ।



# ਕਿਸੇ ਕੰਮ ਨਾ ਆਇਆ ਪੰਜਾਬ ਦਾ ਹੈਲੀਕਾਪਟਰ

**ਚੰਡੀਗੜ੍ਹ:** ਸ੍ਰੀ ਹੇਮਕੁੰਟ ਸਾਹਿਬ ਦੇ ਯਾਤਰੀਆਂ ਨੂੰ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਉਤਰਾਖੰਡ ਵਿਚ ਪ੍ਰਾਈਵੇਟ ਹੈਲੀਕਾਪਟਰ ਭੇਜ ਕੇ ਭਾਵੇਂ ਚੰਗਾ ਪ੍ਰਚਾਰ ਕਰਕੇ ਜੱਸ ਖੱਟ ਲਿਆ ਹੈ ਪਰ ਸੱਚਾਈ ਇਹ ਹੈ ਕਿ ਇਹ ਹੈਲੀਕਾਪਟਰ ਜੌਲੀਗਰਾਂਟ ਹਵਾਈ ਅੱਡੇ 'ਤੇ ਬਿਲਕੁਲ ਵਿਹਲਾ ਖੜ੍ਹਾ ਰਿਹਾ। ਇਹ ਅੱਡਾ ਦੇਹਰਾਦੂਨ ਦੇ ਨੇੜੇ ਹੈ।

ਇਸ ਹੈਲੀਕਾਪਟਰ 'ਤੇ ਆਏ ਪੰਜਾਬ ਸਰਕਾਰ ਦੇ ਅਧਿਕਾਰੀ ਇਸ ਨੂੰ ਇਥੇ ਖੜ੍ਹਾ ਕੇ ਭਾਰਤੀ ਹਵਾਈ ਫੌਜ ਦੇ ਹੈਲੀਕਾਪਟਰ 'ਤੇ ਚੜ੍ਹ ਕੇ ਗੁਰਦੁਆਰਾ ਗੋਬਿੰਦਧਾਮ ਰਵਾਨਾ ਹੋ ਗਏ। ਪੰਜਾਬ ਸਰਕਾਰ ਦੀ ਟੀਮ ਨੇ ਦਾਅਵਾ ਕੀਤਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਰਾਹਤ ਕਾਰਜਾਂ 'ਤੇ ਪੂਰੀ ਨਜ਼ਰ ਰੱਖ ਰਹੇ ਹਨ ਜਦਕਿ ਉਹ ਵਿਦੇਸ਼ ਦੌਰੇ 'ਤੇ ਸਨ।

ਉਧਰ, ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਉਪ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕਿਹਾ ਹੈ ਕਿ ਸਿੱਖ ਸ਼ਰਧਾਲੂਆਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਉਣ ਬਾਰੇ ਪੰਜਾਬ ਸਰਕਾਰ ਦੇ ਦਾਅਵੇ ਵਿਚ ਕੋਈ ਦਮ ਨਹੀਂ ਕਿਉਂਕਿ ਪੰਜਾਬ ਤੋਂ ਆਇਆ ਹੈਲੀਕਾਪਟਰ ਤਾਂ ਜੌਲੀਗਰਾਂਟ ਹਵਾਈ ਅੱਡੇ 'ਤੇ ਦੋ ਦਿਨ ਵਿਹਲਾ ਖੜ੍ਹਾ ਰਿਹਾ।

ਇਹ ਹੈਲੀਕਾਪਟਰ ਸਰਕਾਰ ਨੇ ਸ਼ਰਧਾਲੂਆਂ ਨੂੰ ਸੁਰੱਖਿਅਤ ਕੱਢਣ ਲਈ ਕਿਰਾਏ 'ਤੇ ਲਿਆ ਸੀ। ਸ. ਬਿੰਦਰਾ ਨੇ ਕਿਹਾ ਕਿ ਇਸ ਵੇਲੇ 2800 ਸਿੱਖ ਸ਼ਰਧਾਲੂ ਗੋਬਿੰਦ ਧਾਮ ਵਿਚ ਫਸੇ ਹੋਏ ਸਨ ਤੇ ਪੰਜਾਬ ਦੇ ਹੈਲੀਕਾਪਟਰ ਨੇ ਇਕ ਵਾਰ ਵੀ ਗੋਬਿੰਦ ਧਾਮ ਵੱਲ ਉਡਾਨ ਨਹੀਂ ਭਰੀ। ਉਧਰ, ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਕਿਹਾ ਕਿ ਉਤਰਾਖੰਡ ਸਰਕਾਰ ਦੀ ਮਦਦ ਲਈ ਹੈਲੀਕਾਪਟਰ ਭੇਜਿਆ ਗਿਆ ਹੈ ਤੇ ਹੁਣ ਉਸ ਤੋਂ ਕੰਮ ਤਾਂ ਉਥੋਂ ਦੀ ਸਰਕਾਰ ਨੇ ਹੀ ਲੈਣਾ ਹੈ।



# ਪੁਰਾਤਨ ਬੇਰੀਆਂ ਦੀ ਸੰਭਾਲ ਲਈ ਸ਼੍ਰੋਮਣੀ ਕਮੇਟੀ ਹੋਈ ਸਰਗਰਮ

## ਨੇੜਲੀਆਂ ਇਮਾਰਤਾਂ ਦਾ ਕੁਝ ਹਿੱਸਾ ਹਟਾਉਣ ਦਾ ਫੈਸਲਾ

**ਅੰਮ੍ਰਿਤਸਰ:** ਖੇਤੀ ਮਾਹਰਾਂ ਦੇ ਸੁਝਾਅ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਲੱਗੀਆਂ ਪੁਰਾਤਨ ਬੇਰੀਆਂ ਦੁੱਖ ਭੰਜਨੀ ਬੇਰੀ ਤੇ ਲਾਚੀ ਬੇਰੀ ਦੇ ਦਰਖ਼ਤਾਂ ਦੀ ਸਾਂਭ-ਸੰਭਾਲ ਲਈ ਇਨ੍ਹਾਂ ਨੇੜੇ ਬਣੀਆਂ ਇਮਾਰਤਾਂ ਦਾ ਕੁਝ ਹਿੱਸਾ ਹਟਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਇਨ੍ਹਾਂ ਪੁਰਾਤਨ ਦਰਖ਼ਤਾਂ ਦੀਆਂ ਜੜ੍ਹਾਂ ਨੂੰ ਲੋੜੀਂਦੀ ਹਵਾ ਤੇ ਪਾਣੀ ਮਿਲ ਸਕੇ।

ਵਿਗਿਆਨੀਆਂ ਨੇ ਸੁਝਾਅ ਦਿੱਤਾ ਸੀ ਕਿ ਬੇਰ ਬਾਬਾ ਬੁੱਢਾ ਸਾਹਿਬ, ਲਾਚੀ ਬੇਰੀ ਤੇ ਦੁੱਖ ਭੰਜਨੀ ਬੇਰੀ ਦੀ ਸੰਭਾਲ ਲਈ ਇਨ੍ਹਾਂ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਮਿੱਟੀ ਦਾ ਘੇਰਾ ਵਧਾਇਆ ਜਾਵੇ ਤਾਂ ਜੋ ਇਨ੍ਹਾਂ ਨੂੰ ਲੋੜੀਂਦਾ ਹਵਾ ਪਾਣੀ ਮਿਲ ਸਕੇ। ਇਸ ਮੁੱਦੇ ਨੂੰ ਵਿਚਾਰਨ ਮਗਰੋਂ ਅੰਤ੍ਰਿੰਗ ਕਮੇਟੀ ਵੱਲੋਂ ਖੇਤੀ ਮਾਹਰਾਂ ਦੀ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਦੁੱਖ ਭੰਜਨੀ ਬੇਰੀ ਦਾ ਕੁਝ ਹਿੱਸਾ ਇਮਾਰਤ ਹੇਠਾਂ ਆ ਚੁੱਕਾ ਹੈ। ਇਸ ਲਈ ਇਮਾਰਤ ਦਾ ਕੁਝ ਹਿੱਸਾ ਇਥੋਂ ਹਟਾਇਆ ਜਾਵੇਗਾ ਤਾਂ ਜੋ ਇਸ ਦਰਖ਼ਤ ਦੀਆਂ ਜੜ੍ਹਾਂ ਨੂੰ ਲੋੜੀਂਦੀ ਹਵਾ ਤੇ ਪਾਣੀ ਮਿਲ ਸਕੇ।

ਇਸੇ ਤਰ੍ਹਾਂ ਲਾਚੀ ਬੇਰੀ ਕੋਲੋਂ ਵੀ ਇਮਾਰਤ ਦਾ ਕੁਝ ਹਿੱਸਾ ਘੱਟ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਬੇਰ ਬਾਬਾ ਬੁੱਢਾ ਸਾਹਿਬ ਦੇ ਦਰਖ਼ਤ ਦੇ ਆਲੇ ਦੁਆਲੇ ਮਿੱਟੀ ਦਾ ਘੇਰਾ ਵਧਾਇਆ ਜਾ ਚੁੱਕਾ ਹੈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਇਸ ਵੇਲੇ ਤਿੰਨ ਪੁਰਾਤਨ ਬੇਰੀਆਂ ਹਨ ਜਿਨ੍ਹਾਂ ਵਿਚ ਬੇਰ ਬਾਬਾ ਬੁੱਢਾ ਸਾਹਿਬ, ਲਾਚੀ ਬੇਰੀ ਤੇ ਦੁੱਖ ਭੰਜਨੀ ਬੇਰੀ ਸ਼ਾਮਲ ਹਨ। ਖੇਤੀ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਸਭ ਤੋਂ ਵੱਧ ਪੁਰਾਤਨ ਬੇਰ ਬਾਬਾ ਬੁੱਢਾ ਸਾਹਿਬ ਦਾ ਦਰੱਖ਼ਤ ਹੈ ਜਿਸਦੀ ਉਮਰ 400 ਸਾਲ ਤੋਂ ਵੀ ਵਧੇਰੇ ਹੋਵੇਗੀ।



ਇਹ ਦਰਖ਼ਤ ਇਸ ਵੇਲੇ ਵਧੇਰੇ ਬਜ਼ੁਰਗ ਅਵਸਥਾ ਵਿਚ ਹੈ ਤੇ ਇਸ ਨੂੰ ਆਸਰਾ ਦੇਣ ਲਈ ਉਸ ਦੇ ਹੇਠਾਂ ਲੋਹੇ ਦੇ ਪਿੱਲਰ ਵਿਛਾਏ ਗਏ ਹਨ। ਹੁਣ ਇਸ ਦੀ ਨਵੀਂ ਪਿਉਂਦ ਵੀ ਵਿਕਸਤ ਹੋ ਚੁੱਕੀ ਹੈ। ਕੁਝ ਸਮਾਂ ਪਹਿਲਾਂ ਇਨ੍ਹਾਂ ਪੁਰਾਤਨ ਬੇਰੀਆਂ 'ਤੇ ਵੱਡੇ ਪੱਧਰ 'ਤੇ ਲਾਖ ਦੇ ਕੀੜੇ ਨੇ ਹਮਲਾ ਕੀਤਾ ਸੀ। ਸਿੱਟੇ ਵਜੋਂ ਇਨ੍ਹਾਂ ਨੂੰ ਫਲ ਲੱਗਣਾ ਬੰਦ ਹੋ ਗਿਆ ਸੀ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਖੇਤੀਬਾੜੀ ਵਿਭਾਗ ਦੇ ਵਿਗਿਆਨੀਆਂ ਵੱਲੋਂ ਰਲ ਕੇ ਇਨ੍ਹਾਂ ਪੁਰਾਤਨ ਬੇਰੀਆਂ ਦੀ ਸਾਂਭ ਸੰਭਾਲ ਲਈ ਨਿਸ਼ਕਾਮ ਸੇਵਾ ਸ਼ੁਰੂ ਕੀਤੀ ਗਈ ਹੈ ਤੇ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਇਨ੍ਹਾਂ ਵਿਗਿਆਨੀਆਂ ਵੱਲੋਂ ਹਰ ਸਾਲ ਇਨ੍ਹਾਂ ਦਰਖ਼ਤਾਂ ਦੀ ਕਾਂਟ-ਸ਼ਾਂਟ ਕੀਤੀ ਜਾਂਦੀ ਹੈ ਤੇ ਦਵਾਈ ਦਾ ਛਿੜਕਾਅ ਵੀ ਕੀਤਾ ਜਾਂਦਾ ਹੈ।

ਸਿੱਟੇ ਵਜੋਂ ਹੁਣ ਇਨ੍ਹਾਂ ਨੂੰ ਫਲ ਲੱਗਣਾ ਵੀ ਸ਼ੁਰੂ ਹੋ ਗਿਆ ਹੈ ਤੇ ਇਹ ਦਰਖ਼ਤ ਪਹਿਲਾਂ ਨਾਲੋਂ ਵਧੇਰੇ ਤੰਦਰੁਸਤ ਹਨ ਪਰ ਇਨ੍ਹਾਂ ਵਿਚੋਂ ਦੁੱਖ ਭੰਜਨੀ ਬੇਰੀ ਸੁੱਕ ਰਹੀ ਹੈ। ਖੇਤੀ ਵਿਗਿਆਨੀਆਂ ਨੇ ਅਨੁਮਾਨ ਲਾਇਆ ਹੈ ਕਿ ਇਸ ਦਰੱਖ਼ਤ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਮਿੱਟੀ ਦਾ ਘੇਰਾ ਨਹੀਂ ਹੈ ਤੇ ਇਸ ਦੀਆਂ ਜੜ੍ਹਾਂ ਉਪਰ ਇਮਾਰਤ ਬਣੀ ਹੋਈ ਹੈ। ਇਹੀ ਸਥਿਤੀ ਲਾਚੀ ਬੇਰੀ ਦੀ ਹੈ। ਖੇਤੀ ਮਾਹਰਾਂ ਨੇ ਸੁਝਾਅ ਦਿੱਤਾ ਸੀ ਕਿ ਇਨ੍ਹਾਂ ਦੀ ਲੰਮੇਰੀ ਉਮਰ ਲਈ ਇਨ੍ਹਾਂ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਮਿੱਟੀ ਦਾ ਘੇਰਾ ਵਧਾਏ ਜਾਣ ਦੀ ਲੋੜ ਹੈ ਤਾਂ ਜੋ ਇਨ੍ਹਾਂ ਦੀਆਂ ਜੜ੍ਹਾਂ ਨੂੰ ਲੋੜੀਂਦਾ ਪਾਣੀ ਤੇ ਹਵਾ ਮਿਲ ਸਕੇ। ਮਾਹਰਾਂ ਨੇ ਆਪਣੇ ਇਹ ਸੁਝਾਅ ਸ਼੍ਰੋਮਣੀ ਕਮੇਟੀ ਨੂੰ ਲਿਖਤੀ ਤੌਰ 'ਤੇ ਵੀ ਭੇਜੇ ਸਨ ਜਿਨ੍ਹਾਂ ਦੇ ਆਧਾਰ 'ਤੇ ਹੁਣ ਕਾਰਵਾਈ ਕਰਦਿਆਂ ਅੰਤ੍ਰਿੰਗ ਕਮੇਟੀ ਵੱਲੋਂ ਇਸ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

# ਨਸ਼ੇੜੀ ਪਿਉ ਵੱਲੋਂ ਪੁੱਤ ਦਾ ਕਤਲ

**ਗੁਰਦਾਸਪੁਰ:** ਜ਼ਿਲ੍ਹੇ ਦੇ ਪਿੰਡ ਟਾਂਡਾ ਵਾਸੀ ਪਿਉ ਨੇ ਆਪਣੇ ਬੱਚਿਆਂ ਦੀ ਮਤਰੇਈ ਮਾਂ ਨਾਲ ਮਿਲ ਕੇ ਪੰਜ ਵਰ੍ਹਿਆਂ ਦੇ ਪੁੱਤਰ ਨੂੰ ਗੋਲੀ ਮਾਰ ਕੇ ਲਾਸ਼ ਬਿਆਸ ਦਰਿਆ ਵਿਚ ਰੋੜ੍ਹ ਦਿੱਤੀ। ਪੁਲਿਸ ਨੇ ਮੁਲਜ਼ਮ ਦੀ ਧੀ ਦੇ ਬਿਆਨਾਂ 'ਤੇ ਉਸ ਦੇ ਪਿਉ ਤੇ ਮਤਰੇਈ ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਸੰਦੀਪ ਕੌਰ (11) ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦਾ ਪਿਤਾ ਦਲਜੀਤ ਸਿੰਘ ਨਸ਼ੇੜੀ ਹੈ।

ਉਸ ਨੇ ਕੁਝ ਦਿਨ ਪਹਿਲਾਂ ਹੀ ਤੀਜਾ ਵਿਆਹ ਕਰਕੇ ਮਤਰੇਈ ਮਾਂ ਨੂੰ ਘਰ ਲਿਆਂਦਾ। ਮਤਰੇਈ ਮਾਂ ਵੱਲੋਂ ਦੋਵਾਂ ਭੈਣ-ਭਰਾਵਾਂ ਦੀ ਕੁੱਟਮਾਰ ਕੀਤੀ ਜਾਂਦੀ ਸੀ। ਘਟਨਾ ਵਾਲੇ ਦਿਨ ਉਸ ਦਾ ਪਿਤਾ ਤੇ ਮਤਰੇਈ ਮਾਂ ਬਾਹਰ ਘੁੰਮਾਉਣ ਦੇ ਬਹਾਨੇ ਉਸ ਨੂੰ ਤੇ ਉਸ ਦੇ ਪੰਜ ਵਰ੍ਹਿਆਂ ਦੇ ਭਰਾ ਬੌਬੀ ਨੂੰ ਆਪਣੇ ਨਾਲ ਲੈ ਗਏ। ਪਹਿਲਾਂ ਦੋਵੇਂ ਉਨ੍ਹਾਂ ਨੂੰ ਧੁੱਸੀ ਬੰਨ੍ਹ ਉੱਤੇ ਘੁੰਮਾਉਂਦੇ ਰਹੇ ਤੇ ਬਾਅਦ ਵਿਚ ਬਿਆਸ ਦਰਿਆ ਵੱਲ ਲੈ ਗਏ।

ਇਸ ਦੌਰਾਨ ਉਸ ਨੂੰ ਰਸਤੇ ਵਿਚ ਹੀ ਬਿਠਾ ਦਿੱਤਾ ਤੇ ਉਸ ਦੇ ਭਰਾ ਨੂੰ ਅੱਗੇ ਦਰਿਆ ਵੱਲ ਲੈ ਗਏ। ਉਨ੍ਹਾਂ ਦੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਉਸ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ। ਇਸ ਮੌਕੇ ਹੀ ਉਸ ਨੇ ਆਪਣੇ ਪਿਤਾ ਤੇ ਮਤਰੇਈ ਮਾਂ ਨੂੰ ਸਾਹਮਣੇ ਤੋਂ ਇਕੱਲਿਆਂ ਹੀ ਵਾਪਸ ਆਉਂਦਿਆਂ ਵੇਖਿਆ।

# ਭ੍ਰਿਸ਼ਟ ਤੇ ਦਾਗੀ ਅਫਸਰਾਂ ਨੂੰ ਬੇਨਕਾਬ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਾਰੇ ਵਿਭਾਗਾਂ ਦੇ ਮੁੱਖ ਚੌਕਸੀ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਵਿਭਾਗਾਂ ਵਿਚ ਦਾਗ਼ੀ ਤੇ ਭ੍ਰਿਸ਼ਟ ਅਫਸਰਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਵਿਰੁੱਧ ਕਾਰਵਾਈ ਯਕੀਨੀ ਬਣਾਉਣ। ਸਰਕਾਰੀ ਸੂਤਰਾਂ ਅਨੁਸਾਰ ਵਿਜੀਲੈਂਸ ਵਿਭਾਗ ਵੱਲੋਂ ਸਾਰੇ ਵਿਭਾਗਾਂ ਵਿਚ ਤਾਇਨਾਤ ਮੁੱਖ ਚੌਕਸੀ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਉਹ ਭ੍ਰਿਸ਼ਟ ਅਧਿਕਾਰੀਆਂ 'ਤੇ ਨਿਗ੍ਹਾ ਰੱਖਣ ਤੇ ਉਨ੍ਹਾਂ ਦੀ ਤਾਇਨਾਤੀ ਅਜਿਹੇ ਅਹੁਦਿਆਂ 'ਤੇ ਕੀਤੀ ਜਾਵੇ, ਜਿੱਥੇ ਉਹ ਭ੍ਰਿਸ਼ਟਾਚਾਰ ਨਾ ਕਰ ਸਕਣ।

ਮੁੱਖ ਚੌਕਸੀ ਅਫਸਰਾਂ ਨੂੰ ਅਧਿਕਾਰਤ ਕਰਨ ਦਾ ਮਕਸਦ ਇਹ ਸੀ ਕਿ ਉਹ ਰਿਸ਼ਵਤਖੋਰੀ ਰੋਕਣ ਲਈ ਜਾਣਕਾਰੀ ਸਕੱਤਰ ਵਿਜੀਲੈਂਸ ਨਾਲ ਸਾਂਝੀ ਕਰਨ ਤਾਂ ਜੋ ਵਿਜੀਲੈਂਸ ਵੀ ਉਨ੍ਹਾਂ 'ਤੇ ਨਿਗ੍ਹਾ ਰੱਖ ਸਕੇ। ਸੂਤਰਾਂ ਅਨੁਸਾਰ ਸਰਕਾਰ ਵੱਲੋਂ ਭ੍ਰਿਸ਼ਟ ਅਫਸਰਾਂ ਨੂੰ ਨੌਕਰੀ ਤੋਂ ਹਟਾਉਣ ਸਬੰਧੀ ਕਾਨੂੰਨੀ ਵਿਵਸਥਾ ਵੀ ਕੀਤੀ ਗਈ ਹੈ ਤੇ ਇਸ ਸਬੰਧੀ ਸਾਰੇ ਮੁੱਖ ਚੌਕਸੀ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਉਹ ਅਜਿਹੇ ਸਾਰੇ ਕੇਸਾਂ ਦੀ ਪੁਣਛਾਣ ਕਰਨ।

ਇਸ ਤੋਂ ਇਲਾਵਾ ਸਰਕਾਰੀ ਅਫਸਰਾਂ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲਿਆਂ ਨੂੰ ਰੋਕਣ ਲਈ ਸਰਕਾਰ ਵੱਲੋਂ ਸਾਰੇ ਚੌਕਸੀ ਅਫਸਰਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਅਫਸਰਾਂ ਦੀ ਜਾਇਦਾਦ ਸਬੰਧੀ ਰਿਟਰਨਾਂ ਦੀ ਜਾਂਚ ਪੜਤਾਲ ਕਰਨ।

ਭ੍ਰਿਸ਼ਟਾਚਾਰ ਸਬੰਧੀ ਕੇਸਾਂ ਵਿਚ ਫੈਸਲੇ ਹੋਣ ਦੀ ਸੁਸਤੀ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਵੱਲੋਂ ਸਾਰੇ ਮੁੱਖ ਚੌਕਸੀ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਉਹ ਅਦਾਲਤਾਂ ਵਿਚ ਰਿਸ਼ਵਤਖੋਰ ਅਧਿਕਾਰੀਆਂ ਵਿਰੁੱਧ ਕੇਸਾਂ ਦੀ ਡਟਵੀਂ ਪੈਰਵਾਈ ਕਰਨ। ਸਾਰੇ ਮੁੱਖ ਚੌਕਸੀ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਉਹ ਵਿਜੀਲੈਂਸ ਤੇ ਵਿਜੀਲੈਂਸ ਵਿਭਾਗ ਨਾਲ ਤਾਲਮੇਲ ਅਫਸਰ ਵਜੋਂ ਵੀ ਕੰਮ ਕਰਨ।

# ਇਕ-ਦੂਜੇ ਨੂੰ ਬਚਾਉਂਦੇ ਤਿੰਨੇ ਪਿਉ-ਪੁੱਤ ਡੁੱਬੇ

**ਬਠਿੰਡਾ:** ਇਥੇ ਹੋਮ ਲੈਂਡ ਬਠਿੰਡਾ ਦੇ ਰਹਿਣ ਵਾਲੇ ਇਕੋ ਪਰਿਵਾਰ ਦੇ ਤਿੰਨ ਜੀਆਂ (ਪਿਤਾ ਤੇ ਦੋ ਪੁੱਤਰਾਂ) ਦੀ ਗੋਨਿਆਣਾ ਰੋਡ 'ਤੇ ਝੀਲ ਵਿਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਸੁਧਾਕਰ ਜੈਨ ਦੀ ਪਤਨੀ ਸ਼ਸ਼ੀ ਜੈਨ ਮੁਤਾਬਕ ਉਸ ਦਾ ਵੱਡਾ ਪੁੱਤਰ ਮਨੀਸ਼ ਪਿਛਲੇ ਕਈ ਦਿਨਾਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਘਟਨਾ ਵਾਲੀ ਰਾਤ ਤਕਰੀਬਨ ਦੋ ਵਜੇ ਉਹ ਘਰੋਂ ਚਲਿਆ ਗਿਆ। ਜਦ ਕੁਝ ਦੇਰ ਬਾਅਦ ਵਾਪਸ ਨਾ ਪਰਤਿਆ ਤਾਂ ਉਸ ਦਾ ਪਿਤਾ ਸੁਧਾਕਰ ਜੈਨ ਆਪਣੇ ਛੋਟੇ ਪੁੱਤਰ ਅਸ਼ੀਸ਼ ਜੈਨ ਨਾਲ ਕਾਰ ਵਿਚ ਉਸ ਨੂੰ ਦੇਖਣ ਚਲਾ ਗਿਆ। ਜਦ ਉਸ ਨੇ ਆਪਣੇ ਪੁੱਤਰ ਨੂੰ ਝੀਲ ਵਿਚ ਛਾਲ ਮਾਰਦੇ ਦੇਖਿਆ ਤਾਂ ਉਸ ਨੂੰ ਬਚਾਉਣ ਲਈ ਆਪ ਵੀ ਛਾਲ ਲਾ ਦਿੱਤੀ। ਇਸ ਦੇ ਤੁਰੰਤ ਬਾਅਦ ਅਸ਼ੀਸ਼ ਨੇ ਵੀ ਉਨ੍ਹਾਂ ਨੂੰ ਬਚਾਉਣ ਖਾਤਰ ਤੁਰੰਤ ਝੀਲ ਵਿਚ ਛਾਲ ਮਾਰ ਦਿੱਤੀ ਤੇ ਤਿੰਨੇ ਜਣੇ ਹੀ ਪਾਣੀ ਵਿਚ ਡੁੱਬ ਗਏ। ਲੋਕਾਂ ਨੇ ਝੀਲ ਵਿਚ ਲੱਗੀ ਕਿਸ਼ਤੀ ਦੀ ਸਹਾਇਤਾ ਨਾਲ ਤਿੰਨਾਂ ਲਾਸ਼ਾਂ ਨੂੰ ਚਾਰ ਘੰਟੇ ਦੀ ਜਦੋਜਹਿਦ ਬਾਅਦ ਬਾਹਰ ਕੱਢਿਆ।

# ਜਨਤਾ ਦਲ (ਯੂ) 'ਤੇ ਡੋਰੀਆਂ ਪਾਉਣ ਲੱਗੀ ਕਾਂਗਰਸ

**ਨਵੀਂ ਦਿੱਲੀ:** ਬਿਹਾਰ ਵਿਚ ਭਾਜਪਾ ਨਾਲ ਤੋੜ ਵਿਛੋੜਾ ਕਰਨ ਵਾਲੀ ਜਨਤਾ ਦਲ (ਯੂ) ਸਰਕਾਰ ਨੇ ਸੌਖਿਆਂ ਹੀ ਭਰੋਸੇ ਦਾ ਵੋਟ ਹਾਸਲ ਕਰ ਲਿਆ। ਇਸ ਦੌਰਾਨ ਕਾਂਗਰਸ ਨੇ ਸਰਕਾਰ ਨੂੰ ਸਮਰਥਨ ਦੇ ਕੇ ਨਵੇਂ ਸਿਆਸੀ ਸਮੀਕਰਨ ਬਣਨ ਦੇ ਸਾਫ ਸੰਕੇਤ ਦੇ ਦਿੱਤੇ ਹਨ। ਬਹੁਮਤ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਨਿਤੀਸ਼ ਕੁਮਾਰ ਨੂੰ ਧਰਮ ਨਿਰਪੱਖ ਕਰਾਰ ਦੇ ਕੇ ਉਨ੍ਹਾਂ ਨੂੰ ਆਪਣੀ ਪਾਰਟੀ ਦਾ ਸਮਰਥਨ ਦੇਣ ਦਾ ਸੰਕੇਤ ਦਿੱਤਾ ਸੀ ਤੇ ਲਾਲੂ ਪ੍ਰਸਾਦ ਦੀ ਪਾਰਟੀ ਨੂੰ ਵੀ ਨਾਲ ਲੈ ਕੇ ਚੱਲਣ ਦੀ ਗੱਲ ਕਹੀ ਸੀ।

ਇਸ ਤੋਂ ਪਹਿਲਾਂ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਹੇਠਲੀ ਯੂਪੀਏ ਸਰਕਾਰ ਬਿਹਾਰ ਨੂੰ ਪਛੜੇ ਸੂਬੇ ਵਜੋਂ ਵੱਡੀਆਂ ਗਰਾਂਟਾਂ ਦੇ ਚੁੱਕੀ ਹੈ। ਭਰੋਸੇ ਦੇ ਹੱਕ ਵਿਚ ਕੁੱਲ 126 ਵੋਟਾਂ ਪਈਆਂ ਜਿਨ੍ਹਾਂ ਵਿਚ ਸੱਤਾਧਾਰੀ ਜੇਡੀ (ਯੂ) ਦੀਆਂ 117, ਕਾਂਗਰਸ ਦੀਆਂ ਚਾਰ, ਸੀਪੀਆਈ ਦੀ ਇਕ ਤੇ ਚਾਰ ਆਜ਼ਾਦ ਵੋਟਾਂ ਸ਼ਾਮਲ ਹਨ। ਇਸ ਦੇ ਵਿਰੋਧ ਵਿਚ 24 ਵੋਟਾਂ ਪਈਆਂ ਜਿਨ੍ਹਾਂ ਵਿਚ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਆਰਜੇਡੀ ਦੀਆਂ 22 ਤੇ 2 ਆਜ਼ਾਦ ਵਿਧਾਇਕਾਂ ਦੀਆਂ ਵੋਟਾਂ ਹਨ। ਭਾਜਪਾ ਦੇ ਮੈਂਬਰ ਵੋਟਿੰਗ ਸਮੇਂ ਸਦਨ ਵਿਚੋਂ ਵਾਕਆਊਟ ਕਰ ਗਏ। ਸਦਨ ਵਿਚ ਕੁਲ 243 ਸੀਟਾਂ ਹਨ।

# ਕਿਰਪਾਨਧਾਰੀ ਜੋੜੇ ਨੂੰ ਥੀਏਟਰ ਵਿਚੋਂ ਕੱਢਿਆ

**ਸੈਕਰਾਮੈਂਟੋ:** ਅਮਰੀਕਾ ਵਿਚ ਸਿੱਖਾਂ ਦੀ ਧਾਰਮਿਕ ਆਜ਼ਾਦੀ ਹਾਲੇ ਵੀ ਸੁਰੱਖਿਅਤ ਨਹੀਂ ਹੈ। ਏਐਮਸੀ ਮੂਵੀ ਥੀਏਟਰ ਐਮਰੀਵਿਲ ਕੈਲੀਫੋਰਨੀਆ ਵਿਚ ਸਿੱਖ ਜੋੜੇ ਨੂੰ ਧਾਰਮਿਕ ਚਿੰਨ੍ਹ ਕਿਰਪਾਨ ਪਛਾਣ ਕਾਰਨ ਥੀਏਟਰ ਵਿਚੋਂ ਬਾਹਰ ਕੱਢ ਦਿੱਤਾ ਗਿਆ।

ਪਤਾ ਲੱਗਾ ਹੈ ਕਿ ਸ. ਮਨਜੋਤ ਸਿੰਘ ਆਪਣੀ ਪਤਨੀ ਸਮੇਤ ਸ਼ਾਮ ਦਾ ਸ਼ੋਅ ਵੇਖਣ ਗਿਆ ਸੀ। ਮਨਜੋਤ ਸਿੰਘ ਨੇ 'ਯੂਨਾਈਟਿਡ ਸਿੱਖਸ' ਕੋਲ ਇਨਸਾਫ ਲਈ ਪਹੁੰਚ ਕੀਤੀ ਹੈ। 'ਯੂਨਾਈਟਿਡ ਸਿੱਖਸ' ਦੇ ਅਧਿਕਾਰੀਆਂ ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਮਨਜੋਤ ਸਿੰਘ ਨੂੰ ਇਹ ਕਹਿ ਕੇ ਥੀਏਟਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਕਿ ਉਸ ਕੋਲ ਹਥਿਆਰ ਹੈ। ਪੀੜਤ ਨੇ ਲੱਖ ਸਫ਼ਾਈ ਦਿੱਤੀ ਕਿ ਉਸ ਦੀ ਪਹਿਨੀ ਹੋਈ ਕਿਰਪਾਨ ਪੰਜ ਕਕਾਰਾਂ ਵਿਚੋਂ ਇਕ ਧਾਰਮਿਕ ਚਿੰਨ੍ਹ ਹੈ ਜਿਹੜਾ ਹਥਿਆਰ ਨਹੀਂ ਪਰ ਉਸ ਦੀ ਇਕ ਨਹੀਂ ਸੁਣੀ ਗਈ। ਸੰਸਥਾ ਦੇ ਅਧਿਕਾਰੀਆਂ ਨੇ ਸਿੱਖ ਜਥੇਬੰਦੀਆਂ ਨੂੰ ਇਸ ਜ਼ਿਆਦਤੀ ਖ਼ਿਲਾਫ਼ ਖੜ੍ਹੇ ਹੋਣ ਦਾ ਸੱਦਾ ਦਿੱਤਾ ਹੈ।

# ਪਾਕਿ 'ਚ ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਮੁੜ ਉਸਾਰੀ

**ਅੰਮ੍ਰਿਤਸਰ:** ਲਾਹੌਰ ਵਿਚ ਸ਼ਾਹ ਬਲਾਵਲ ਦੇ ਸਥਾਨ 'ਤੇ ਪਾਕਿਸਤਾਨ ਸਰਕਾਰ ਵੱਲੋਂ ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਮੁੜ ਉਸਾਰੀ ਗਈ ਹੈ। ਮਹਾਰਾਜਾ ਸ਼ੇਰ ਸਿੰਘ ਦੇ ਪਰਿਵਾਰਕ ਮੈਂਬਰਾਂ ਕੰਵਰ ਦਵਿੰਦਰਪਾਲ ਸਿੰਘ, ਕੰਵਰ ਕਰਵਿੰਦਰਪਾਲ ਸਿੰਘ ਤੇ ਕੰਵਰ ਮੀਤਪਾਲ ਸਿੰਘ ਨੇ ਦੱਸਿਆ ਕਿ ਅਯੋਧਿਆ ਵਿਚ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਸਮੇਂ ਦੱਖਣੀ ਲਾਹੌਰ ਦੇ ਸ਼ਾਹ ਬਲਾਵਲ ਵਿਚ ਮੁਸਲਮਾਨਾਂ ਨੇ ਮਹਾਰਾਜਾ ਸ਼ੇਰ ਸਿੰਘ, ਉਨ੍ਹਾਂ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ, ਉਨ੍ਹਾਂ ਦੀਆਂ ਪਤਨੀਆਂ ਰਾਣੀ ਧਰਮ ਕੌਰ ਰੰਧਾਵੀ ਤੇ ਰਾਣੀ ਪ੍ਰਤਾਪ ਕੌਰ ਦੀਆਂ ਸਮਾਧਾਂ ਮੰਦਰ ਸਮਝ ਕੇ ਢਾਹ ਦਿੱਤੀਆਂ ਸਨ।

ਉਨ੍ਹਾਂ ਦੱਸਿਆ ਕਿ 1999 ਵਿਚ ਡਾ. ਜੀਵਨ ਸਿੰਘ ਦਿਉਲ ਇੰਗਲੈਂਡ ਤੋਂ ਖੋਜ ਸਬੰਧੀ, ਉਨ੍ਹਾਂ ਨੂੰ ਮਿਲਣ ਆਏ ਤਾਂ ਉਨ੍ਹਾਂ ਨੂੰ ਸਮਾਧਾਂ ਢਾਹੇ ਜਾਣ ਸਬੰਧੀ ਪਤਾ ਲੱਗਿਆ। ਉਨ੍ਹਾਂ ਦੱਸਿਆ ਕਿ ਜੂਨ 2001 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਸਥਿਤ ਸਮਾਧ ਵਿਖੇ ਬਰਸੀ ਮਨਾਉਣ ਲਈ ਭਾਰਤ ਤੋਂ ਗਏ ਜਥੇ ਵਿਚ ਸ਼ਾਮਲ ਹੋ ਕੇ ਪਰਿਵਾਰਕ ਮੈਂਬਰ ਲਾਹੌਰ ਗਏ ਤਾਂ ਉਨ੍ਹਾਂ ਦੱਖਣੀ ਲਾਹੌਰ ਵਿਚ ਸ਼ਾਹ ਬਲਾਵਲ ਦੇ ਸਥਾਨ 'ਤੇ ਢਾਹੀਆਂ ਗਈਆਂ ਸਮਾਧਾਂ ਦੇਖ ਕੇ ਇਨ੍ਹਾਂ ਦੀ ਮੁੜ ਉਸਾਰੀ ਲਈ ਯਤਨ ਆਰੰਭ ਕੀਤੇ।



ਉਸ ਸਮੇਂ ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਜਾਵੇਦ ਨਾਸਿਰ (ਸੇਵਾ ਮੁਕਤ ਲੈਫਟੀਨੈਂਟ ਜਨਰਲ) ਨੂੰ 28 ਜੂਨ, 2001 ਨੂੰ ਪਰਿਵਾਰਕ ਮੈਂਬਰਾਂ ਨੇ ਮਿਲ ਕੇ ਸਮਾਧਾਂ ਮੁੜ ਉਸਾਰੇ ਜਾਣ ਦੀ ਮੰਗ ਕੀਤੀ। ਇਸ ਉਪਰੰਤ 4 ਨਵੰਬਰ, 2006 ਨੂੰ ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਜ਼ੁਲਫਕਾਰ ਅਲੀ ਖਾਨ (ਸੇਵਾ ਮੁਕਤ ਲੈਫ. ਜਰਨਲ) ਨੂੰ ਮੁੜ ਚਿੱਠੀ ਲਿਖ ਕੇ ਮੰਗ ਕੀਤੀ ਗਈ । ਮਹਾਰਾਜਾ ਸ਼ੇਰ ਸਿੰਘ ਦੇ ਵਾਰਸਾਂ ਨੇ ਪਾਕਿਸਤਾਨੀ ਪੰਜਾਬ ਸਰਕਾਰ, ਔਕਾਫ ਬੋਰਡ ਤੇ ਪੁਰਾਤੱਤਵ ਵਿਭਾਗ ਤੋਂ ਮੰਗ ਕੀਤੀ ਕਿ ਮਹਾਰਾਜਾ ਦੀਆਂ ਪਤਨੀਆਂ ਰਾਣੀ ਧਰਮ ਕੌਰ ਰੰਧਾਵੀ ਤੇ ਰਾਣੀ ਪ੍ਰਤਾਪ ਕੌਰ ਦੀਆਂ ਯਾਦਗਾਰੀ ਸਮਾਧਾਂ ਦੀ ਵੀ ਮੁੜ ਉਸਾਰੀ ਕਰਵਾਈ ਜਾਵੇ।

# ਹਿੰਦੂ ਬੱਚਿਆਂ ਵੱਲੋਂ ਇਸਲਾਮ ਕਬੂਲ

**ਕੁਆਲਾਲੰਪੁਰ:** ਦੋ ਨਾਬਾਲਗ ਹਿੰਦੂ ਬੱਚਿਆਂ ਨੇ ਮਲੇਸ਼ੀਆ ਵਿਚ ਆਪਣੀ ਮਾਂ ਦੀ ਮਰਜ਼ੀ ਦੇ ਉਲਟ ਇਸਲਾਮ ਕਬੂਲ ਲਿਆ ਹੈ ਤੇ ਇਸ ਕਾਰਨ ਦੇਸ਼ ਵਿਚ ਨਵਾਂ ਬਿਖੇੜਾ ਖੜ੍ਹਾ ਹੋ ਗਿਆ ਹੈ।

ਉਧਰ, ਦੇਸ਼ ਦੀ ਬਾਰ ਕੌਂਸਲ ਦਾ ਕਹਿਣਾ ਹੈ ਕਿ ਪਿਤਾ ਵੱਲੋਂ ਮਾਂ ਦੀ ਮਰਜ਼ੀ ਖ਼ਿਲਾਫ਼ ਬੱਚਿਆਂ ਦਾ ਧਰਮ ਬਦਲਾਉਣਾ ਗੈਰਕਾਨੂੰਨੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹਿੰਦੂ ਔਰਤ ਐਸ. ਦੀਪਾ (29 ਸਾਲ) ਜੋ ਜਨਬੂ ਦੀ ਵਸਨੀਕ ਹੈ, ਨੂੰ ਪਤਾ ਲੱਗਾ ਕਿ ਉਸ ਦਾ ਪਤੀ ਜੋ 16 ਮਹੀਨੇ ਪਹਿਲਾਂ ਉਸ ਨੂੰ ਛੱਡ ਗਿਆ ਸੀ, ਨੇ ਉਸ ਨੂੰ ਦੱਸੇ ਬਗੈਰ ਆਪਣੇ ਦੋਵੇਂ ਬੱਚੇ ਹਿੰਦੂ ਤੋਂ ਮੁਸਲਿਮ ਬਣਾ ਲਏ ਹਨ। ਪਤੀ ਦਾ ਦੋਸ਼ ਹੈ ਕਿ ਦੀਪਾ ਦਾ ਕਿਸੇ ਹੋਰ ਪੁਰਸ਼ ਨਾਲ ਸਬੰਧ ਹੈ ਤੇ ਉਹ ਬੱਚਿਆਂ ਦੀ ਸਹੀ ਦੇਖਭਾਲ ਨਹੀਂ ਕਰ ਸਕਦੀ। ਬਾਰ ਕੌਂਸਲ ਪ੍ਰਧਾਨ ਕ੍ਰਿਸਟੋਫਰ ਲੀਓਸ ਨੇ ਕਿਹਾ ਕਿ ਜੇਕਰ ਮਾਪੇ ਆਪਸੀ ਸਹਿਮਤੀ ਬਗ਼ੈਰ ਨਾਬਾਲਗ ਬੱਚਿਆਂ ਦਾ ਧਰਮ ਬਦਲਾਉਂਦੇ ਹਨ ਤਾਂ ਉਹ ਗ਼ੈਰਕਾਨੂੰਨੀ ਹੈ। ਦੇਸ਼ ਦੇ ਕਾਨੂੰਨ ਮੁਤਾਬਕ 18 ਸਾਲ ਤੋਂ ਘੱਟ ਉਮਰ ਵਾਲੇ ਨਾਬਾਲਗ ਹੈ। ਉਸ ਦਾ ਧਰਮ ਬਦਲਾਉਣ ਦਾ ਅਧਿਕਾਰ ਮਾਪਿਆਂ ਕੋਲ ਹੈ। ਜੇਕਰ ਮਾਤਾ-ਪਿਤਾ ਵਿਚੋਂ ਕੋਈ ਇਕ ਧਰਮ ਬਦਲਣ ਦੇ ਖ਼ਿਲਾਫ਼ ਹੈ ਤਾਂ ਧਰਮ ਦੀ ਤਬਦੀਲੀ ਗ਼ੈਰਕਾਨੂੰਨੀ ਹੈ। ਅਜਿਹੀ ਧਰਮ ਬਦਲੀ ਮੰਨੀ ਨਹੀਂ ਜਾਵਗੀ। ਬੱਚਿਆਂ ਦਾ ਉਹੀ ਧਰਮ ਰਹੇਗਾ, ਜਿਹੜਾ ਮਾਪਿਆਂ ਦੇ ਵਿਆਹ ਵੇਲੇ ਸੀ।

# ਪੰਜਾਬ ਪੁਲਿਸ ਨੂੰ ਪਿਆ ਝਾਲਰ ਵਾਲੀ ਪੱਗ ਦਾ ਗੇੜ

**ਚੰਡੀਗੜ੍ਹ (ਬਿਊਰੋ):** ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਡਿਊਟੀ ਸਮੇਂ ਦਸਤਾਰ ਸਜਾਉਣ ਦੀ ਇਜਾਜ਼ਤ ਦਿਵਾਉਣ ਲਈ ਜ਼ੋਰ-ਸ਼ੋਰ ਨਾਲ ਆਵਾਜ਼ ਉਠਾਉਣ ਵਾਲੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਪੰਜਾਬ ਪੁਲਿਸ ਦੇ ਸਿੱਖ ਮੁਲਾਜ਼ਮਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਖਾਮੋਸ਼ ਹੈ। ਸੂਬਾ ਸਰਕਾਰ ਵੱਲੋਂ ਝਾਲਰ ਵਾਲੀ ਪੱਗ (ਟੋਪੀ) ਨੂੰ ਵਰਦੀ ਦਾ ਹਿੱਸਾ ਬਣਾਉਣ ਕਰਕੇ ਸਿੱਖ ਪੁਲਿਸ ਮੁਲਾਜ਼ਮ ਖਫਾ ਹਨ ਪਰ ਅਨੁਸ਼ਾਸਨ ਦੇ ਡੰਡੇ ਤੋਂ ਡਰਦੇ ਉਹ ਆਪਣੇ ਨਾਲ ਹੋ ਰਹੀ ਧੱਕਾਸ਼ਾਹੀ ਬਾਰੇ ਚੁੱਪ ਹਨ।



**ਬਾਦਲ ਸਰਕਾਰ ਗੁਲਾਮੀ ਵੇਲੇ ਦੀ ਪੱਗ ਬਦਲਣ ਤੋਂ ਸਾਫ ਇਨਕਾਰੀ**

**ਅਕਾਲ ਤਖ਼ਤ ਦਾ ਮਤਾ ਵੀ ਅਣਗੌਲਿਆ**

ਸ਼ੁਰੂ ਵਿਚ ਸਿੱਖ ਪੁਲਿਸ ਮੁਲਾਜ਼ਮਾਂ ਨੂੰ ਝਾਲਰ ਵਾਲੀ ਪੱਗ ਤੇ ਮੋਨੇ ਮੁਲਾਜ਼ਮਾਂ ਨੂੰ ਕੁੱਲੇ ਦੇ ਨਾਲ-ਨਾਲ ਮੋਟੇ ਕਪੜੇ ਦੀਆਂ ਕਮੀਜ਼ਾਂ ਨਿੱਕਰਾਂ, ਮੋਟੇ ਚਮੜੇ ਦੀਆਂ ਬੈਲਟਾਂ ਤੇ ਬੇਹੱਦ ਮੋਟੇ ਤਲੇ ਵਾਲੇ ਖੁਰੀਆਂ ਲੱਗੇ ਬੂਟ ਵਰਦੀ ਦਾ ਹਿੱਸਾ ਸਨ। ਸਮਾਂ ਬਦਲਿਆ ਤਾਂ ਪੁਲਿਸ ਦੀ ਵਰਦੀ ਨੇ ਵੀ ਹੌਲੀ-ਹੌਲੀ ਨਿੱਕਰਾਂ ਤੋਂ ਬਦਲ ਕੇ ਪੈਂਟਾਂ, ਮੋਟੇ ਤਲੇ ਵਾਲੇ ਖੁਰੀਆਂ ਲੱਗੇ ਜੁੱਤਿਆਂ ਤੋਂ ਬਦਲ ਕੇ ਚਮੜੇ ਦੇ ਜੁੱਤੇ ਤੇ ਇਥੋਂ ਤੱਕ ਕਿ ਪੁਲਿਸ ਦੀਆਂ ਮੋਟੇ ਚਮੜੇ ਦੀਆਂ ਬੈਲਟਾਂ ਨੂੰ ਵੀ ਪਤਲੇ ਚਮੜੇ ਵਿਚ ਬਦਲ ਦਿੱਤਾ ਗਿਆ ਪਰ ਪੁਲਿਸ ਮੁਲਾਜ਼ਮ ਦੀ ਝਾਲਰ ਵਾਲੀ ਪੱਗ ਨੂੰ ਨਹੀਂ ਬਦਲਿਆ ਗਿਆ।

ਝਾਲਰ ਵਾਲੀ ਇਸ ਪੱਗ ਬਾਰੇ ਪੁਲਿਸ ਮੁਲਾਜ਼ਮਾਂ ਨੂੰ ਸਿਖਲਾਈ ਦੇਣ ਵਾਲੇ ਉਸਤਾਦ ਦਾ ਕਹਿਣਾ ਹੈ ਕਿ ਪੱਗ ਬੰਨ੍ਹਣ ਲੱਗਿਆਂ ਤਿੰਨ ਬੰਦਿਆਂ ਦੀ ਲੋੜ ਪੈਂਦੀ ਹੈ। ਦੋ ਬੰਦੇ ਪੱਗ ਦੇ ਦੋਵੇਂ ਸਿਰੇ ਫੜਦੇ ਹਨ ਤੇ ਇਕ ਬੰਦਾ ਵਿਚੋਂ ਪੱਗ ਦੀ ਸਫ਼ਾਈ ਕਰਦਾ ਹੈ ਤੇ ਤਕਰੀਬਨ ਅੱਧੇ ਪੌਣੇ ਘੰਟੇ ਵਿਚ ਇਸ ਪੱਗ ਨੂੰ ਬੰਨ੍ਹਿਆ ਜਾਂਦਾ ਹੈ। ਪੱਗ ਬੰਨ੍ਹਣ ਲੱਗਿਆਂ ਹੀ ਪੁਲਿਸ ਮੁਲਾਜ਼ਮ ਇੰਨਾ ਦੁਖੀ ਹੋ ਜਾਂਦਾ ਹੈ ਕਿ ਉਹ ਮੁੜ ਕੇ ਇਹ ਕੋਸ਼ਿਸ਼ ਕਰਦਾ ਹੈ ਕਿ ਬੰਨ੍ਹੀ ਹੋਈ ਪੱਗ ਦੁਬਾਰਾ ਨਾ ਖੁੱਲ੍ਹੇ ਤੇ ਇਸੇ ਪੱਗ ਨੂੰ ਹੀ ਲੋੜ ਪੈਣ 'ਤੇ ਟੋਪੀ ਵਾਂਗ ਬੰਨ੍ਹਿਆ ਤੇ ਉਤਾਰਿਆ ਜਾ ਸਕੇ।

ਇਸ ਪੁਲਿਸ ਟਰੇਨਰ ਨੇ ਦੱਸਿਆ ਕਿ ਪੁਲਿਸ ਟ੍ਰੇਨਿੰਗ ਦੌਰਾਨ ਝਾਲਰ ਵਾਲੀ ਪੱਗ ਬੰਨ੍ਹਣ ਦਾ ਤਰੀਕਾ ਵੀ ਸਿਖਾਇਆ ਜਾਂਦਾ ਹੈ ਜਿਸ ਵਿਚ ਪੱਗ ਦੇ ਦੋਵਾਂ ਅੱਖਾਂ ਕੋਲੋਂ ਲੰਘਦੇ ਲੜਾਂ ਵਿਚ ਅਖ਼ਬਾਰ ਦੇ ਟੁਕੜੇ ਪੁਆਏ ਜਾਂਦੇ ਹਨ ਤਾਂ ਜੋ ਵੇਖਣ ਵਿਚ ਇਹ ਸੋਹਣੀ ਲੱਗੇ ਤੇ ਕੱਸੀ ਹੋਈ ਰਹੇ ਤੇ ਇਹ ਖੁੱਲ੍ਹੇ ਨਾ ਪਰ ਇਸ ਕਾਰਨ ਕਈ ਪੁਲਿਸ ਮੁਲਾਜ਼ਮਾਂ ਦੀ ਸੁਣਨ ਸ਼ਕਤੀ ਵੀ ਘਟ ਜਾਂਦੀ ਹੈ। ਪੁਲਿਸ ਮੁਲਾਜ਼ਮ ਬੰਨ੍ਹੀ ਹੋਈ ਪੱਗ ਨੂੰ ਉਤਾਰਨ ਲੱਗਿਆਂ, ਉਸ ਉਪਰ ਇਕ ਚੌੜਾ ਕੱਪੜਾ ਬੰਨ੍ਹ ਲੈਂਦੇ ਹਨ ਤਾਂ ਜੋ ਪੱਗ ਢਿੱਲੀ ਹੋ ਕੇ ਖੁੱਲ੍ਹ ਨਾ ਜਾਵੇ ਤੇ ਟੋਪੀ ਵਾਂਗ ਹੀ ਪੱਗ ਨੂੰ ਉਤਾਰ ਕੇ ਉਸ ਦੇ ਅੰਦਰਲੇ ਪਾਸੇ ਮੋਟਾ ਕੱਪੜਾ ਤੁੰਨ ਦਿੱਤਾ ਜਾਂਦਾ ਹੈ ਤੇ ਫਿਰ ਇਸ ਪੱਗ ਨੂੰ ਲਿਫ਼ਾਫ਼ੇ ਵਿਚ ਪਾ ਕੇ ਸੰਭਾਲਿਆ ਜਾਂਦਾ ਹੈ।

ਕਈ ਪੁਲਿਸ ਮੁਲਾਜ਼ਮ ਛੇ ਮਹੀਨਿਆਂ ਦੀ ਸਿਖਲਾਈ ਦੌਰਾਨ ਇਕ ਵਾਰ ਪੱਗ ਬੰਨ੍ਹਣ ਤੋਂ ਬਾਅਦ ਮੁੜ ਖੋਲ੍ਹ ਕੇ ਨਹੀਂ ਬੰਨ੍ਹਦੇ। ਉਨ੍ਹਾਂ ਦਾਅਵਾ ਕੀਤਾ ਕਿ ਪੁਲਿਸ ਦੇ ਕਈ ਇੰਸਪੈਕਟਰ ਰੈਂਕ ਤੱਕ ਦੇ ਅਧਿਕਾਰੀ ਅਜਿਹੇ ਵੀ ਹਨ ਜਿਨ੍ਹਾਂ ਕਈ-ਕਈ ਸਾਲ ਤੋਂ ਇਕੋ ਪੱਗ ਬੰਨ੍ਹ ਕੇ ਰੱਖੀ ਹੋਈ ਹੈ ਤੇ ਪਰੇਡ ਜਾਂ ਕਿਸੇ ਹੋਰ ਥਾਂ 'ਤੇ ਜਾਣ ਲਈ ਉਸੇ ਪੱਗ ਨੂੰ ਕੱਢ ਕੇ ਟੋਪੀ ਵਾਂਗ ਰੱਖ ਲੈਂਦੇ ਹਨ।

ਜ਼ਿਕਰਯੋਗ ਹੈ ਕਿ 2002 ਤੋਂ ਲੈ ਕੇ 2007 ਦੌਰਾਨ ਪੰਜਾਬ ਵਿਚ ਰਹੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਦ ਪਟਿਆਲਾ ਵਿਚ ਪੁਲਿਸ ਮੁਲਾਜ਼ਮਾਂ ਲਈ ਸੰਗਤ ਦਰਸ਼ਨ ਰੱਖਿਆ ਸੀ ਤਾਂ ਉਸ ਸਮੇਂ ਵੀ ਮੁਲਾਜ਼ਮਾਂ ਦਾ ਵਫ਼ਦ ਝਾਲਰ ਵਾਲੀ ਇਸ ਪਗੜੀ ਨੂੰ ਬਦਲਾਉਣ ਲਈ ਮੁੱਖ ਮੰਤਰੀ ਨੂੰ ਮਿਲਿਆ ਸੀ। ਇਸ ਬਾਰੇ ਪੰਜਾਬ ਦੇ ਸਾਬਕਾ ਡੀਜੀਪੀ ਬੀਰਬਲ ਨਾਥ ਨੇ ਤਾਂ ਆਪਣੇ ਕਾਰਜਕਾਲ ਦੌਰਾਨ ਪੁਲਿਸ ਥਾਣਿਆਂ ਵਿਚ ਆਮ ਪੱਗ ਬੰਨ੍ਹੇ ਜਾਣ ਲਈ ਕੱਪੜਾ ਵੀ ਭੇਜ ਦਿੱਤਾ ਸੀ ਪਰ ਇਸ ਤੋਂ ਬਾਅਦ ਗੱਲ ਅਚਾਨਕ ਠੱਪ ਹੋ ਗਈ।

ਹਾਸਲ ਜਾਣਕਾਰੀ ਮੁਤਾਬਕ 6 ਦਸੰਬਰ, 2000 ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਕ ਮਤਾ ਨੰਬਰ ਅੱਠ ਰਾਹੀਂ ਪੰਜਾਬ ਸਰਕਾਰ ਨੂੰ ਕਿਹਾ ਸੀ ਕਿ ਪੰਜਾਬ ਪੁਲਿਸ ਦੇ ਸਿਪਾਹੀ ਤੇ ਹੌਲਦਾਰ ਕਰਮਚਾਰੀਆਂ ਨੂੰ ਅੰਗਰੇਜ਼ੀ ਹਕੂਮਤ ਸਮੇਂ ਤੋਂ ਝਾਲਰ ਵਾਲੀ ਪਗੜੀ ਬੰਨ੍ਹਣ ਲਈ ਦਿੱਤੀ ਜਾਂਦੀ ਹੈ ਕਿਉਂਕਿ ਇਹ ਪਗੜੀ ਹਰ ਰੋਜ਼ ਨਹੀਂ ਬੰਨ੍ਹੀ ਜਾ ਸਕਦੀ, ਇਸ ਲਈ ਇਹ ਟੋਪੀ ਦਾ ਰੂਪ ਧਾਰਨ ਕਰ ਲੈਂਦੀ ਹੈ ਜੋ ਸਿੱਖ ਰਹਿਤ ਮਰਿਆਦਾ ਅਨੁਸਾਰ ਠੀਕ ਨਹੀਂ। ਇਸ ਲਈ ਪਗੜੀ ਦੀ ਜਗ੍ਹਾ 'ਤੇ ਚੰਡੀਗੜ੍ਹ ਪੁਲਿਸ ਦੀ ਤਰ੍ਹਾਂ ਹਰ ਰੋਜ਼ ਬੰਨ੍ਹੀ ਜਾਣ ਵਾਲੀ ਪਗੜੀ ਦੀ ਪ੍ਰਵਾਨਗੀ ਦਿੱਤੀ ਜਾਵੇ।

## ਸ਼੍ਰੋਮਣੀ ਕਮੇਟੀ ਹੋਈ ਸਰਗਰਮ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਢਾਲਰ ਵਾਲੀ ਪੱਗ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਮਸਲੇ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਦੂਜੇ ਪਾਸੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ 96 ਕਰੋੜੀ ਬਾਬਾ ਬਲਬੀਰ ਸਿੰਘ ਅਕਾਲੀ ਮੁਤਾਬਕ ਝਾਲਰ ਵਾਲੀ ਪੱਗ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਭਾਰਤੀਆਂ ਨੂੰ ਗੁਲਾਮ ਵਿਖਾਉਣ ਦਾ ਇਕ ਡਰੈਸ ਕੋਡ ਹੋਇਆ ਕਰਦੀ ਸੀ ਜਿਸ ਦੀ ਅੱਜ ਆਜ਼ਾਦ ਭਾਰਤ ਵਿਚ ਕੋਈ ਲੋੜ ਨਹੀਂ।ਉਨ੍ਹਾਂ ਸਵਾਲ ਕੀਤਾ ਕਿ ਜੇ ਭਾਰਤੀ ਫ਼ੌਜ ਤੇ ਹੋਰ ਪੈਰਾ ਮਿਲਟਰੀ ਫ਼ੋਰਸਾਂ ਤੋਂ ਇਲਾਵਾ ਚੰਡੀਗੜ੍ਹ ਪੁਲਿਸ ਵਿਚ ਸਿੱਖ ਮੁਲਾਜ਼ਮਾਂ ਨੂੰ ਸਾਧਾਰਨ ਪਗੜੀ ਬੰਨ੍ਹਣ ਦੀ ਇਜਾਜ਼ਤ ਦਿਤੀ ਜਾ ਸਕਦੀ ਹੈ ਤਾਂ ਪੰਜਾਬ ਪੁਲਿਸ ਮੁਲਾਜ਼ਮਾਂ ਨੂੰ ਕਿਉਂ ਨਹੀਂ। ਉਨ੍ਹਾਂ ਕਿਹਾ ਕਿ ਉਦੋਂ ਤੱਕ ਸਿੱਖ ਮਸਲਿਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਚੁੱਕਣ ਦਾ ਕੋਈ ਹੱਕ ਨਹੀਂ ਜਦ ਤੱਕ ਅਪਣੇ ਸੂਬੇ ਦੇ ਸਿੱਖਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀਂ ਦੇ ਦਿੰਦੇ।

# ਵੀਡੀਓ ਗੇਮਾਂ ਬੱਚਿਆਂ ਦੀ ਮਾਨਸਿਕਤਾ ਲਈ ਖਤਰਾ

**ਚੰਡੀਗੜ੍ਹ:** ਜ਼ਿਆਦਾਤਰ ਮਾਪੇ ਇਸ ਗੱਲ ਤੋਂ ਬਿਲਕੁਲ ਅਨਜਾਣ ਹਨ ਕਿ ਉਨ੍ਹਾਂ ਵੱਲੋਂ ਆਪਣੇ ਬੱਚਿਆਂ ਨੂੰ ਖੇਡ ਵਜੋਂ ਦਿੱਤੀਆਂ ਵੀਡੀਓ ਗੇਮਜ਼ ਬੱਚਿਆਂ ਦੇ ਚਰਿੱਤਰ ਵਿਚ ਵੱਡਾ ਵਿਗਾੜ ਪੈਦਾ ਕਰ ਰਹੀਆਂ ਹਨ। ਘਰਾਂ ਵਿਚ ਇਕੱਲੇ ਰਹਿੰਦੇ ਬੱਚੇ ਤੇ ਨੌਜਵਾਨ ਇਨ੍ਹਾਂ ਅਸ਼ਲੀਲ ਗੇਮਾਂ ਨੂੰ ਪਹਿਲਾਂ ਮਨ ਪਰਚਾਵੇ ਲਈ ਵੇਖਦੇ ਹਨ ਤੇ ਫਿਰ ਹੌਲੀ-ਹੌਲੀ ਅਜਿਹੀਆਂ ਖੇਡਾਂ ਬੱਚਿਆਂ ਦੀ ਮਾਨਸਿਕਤਾ 'ਤੇ ਵੀ ਪੂਰੀ ਤਰ੍ਹਾਂ ਹਾਵੀ ਹੋ ਜਾਂਦੀਆਂ ਹਨ।



ਔਰਤਾਂ ਨਾਲ ਛੇੜਛਾੜ ਤੇ ਜਬਰ ਜਨਾਹ ਵਰਗੀਆਂ ਘਟਨਾਵਾਂ ਉਪਰ ਵੀਡੀਓ ਗੇਮਜ਼ ਆਮ ਹੀ ਉਪਲਬਧ ਹਨ। ਕਈ ਵੀਡੀਓ ਪਾਰਲਰਜ਼, ਬਾਜ਼ਾਰਾਂ ਵਿਚ ਫੜੀਆਂ ਲਾ ਕੇ ਸੀਡੀਆਂ ਵੇਚ ਰਹੇ ਦੁਕਾਨਦਾਰਾਂ ਵੱਲੋਂ 'ਰੇਪ ਲੇਅ', 'ਰੀਅਲ ਜਿੰਗੋ' ਤੇ ਹੋਰ ਕਈ ਕਿਸਮ ਦੀਆਂ ਅਸ਼ਲੀਲ ਗੇਮਾਂ ਪਰਦੇ ਵਿਚ ਰੱਖ ਕੇ ਵੇਚੀਆਂ ਜਾ ਰਹੀਆਂ ਹਨ ਪਰ ਇੰਟਰਨੈਟ ਉਪਰ ਤਾਂ ਕਿਸੇ ਕਿਸਮ ਦਾ ਕੋਈ ਪਰਦਾ ਨਹੀਂ ਰੱਖਿਆ ਜਾ ਸਕਦਾ।

ਅੱਜ ਦੇ ਦੌਰ ਵਿਚ ਬੱਚਿਆਂ ਦੇ ਮਾਪੇ ਨੌਕਰੀਪੇਸ਼ਾ ਹੋਣ ਕਰਕੇ ਬੱਚੇ ਤਕਰੀਬਨ ਸਾਰਾ ਦਿਨ ਘਰ ਵਿਚ ਇਕੱਲੇ ਹੀ ਰਹਿੰਦੇ ਹਨ। ਇਕ ਸਰਵੇਖਣ ਮੁਤਾਬਕ ਇੰਟਰਨੈਟ 'ਤੇ ਅਸ਼ਲੀਲ ਸਾਈਟਾਂ ਤੇ ਰੀਪਲੇਅ ਵਰਗੀਆਂ ਗੇਮਾਂ ਨੂੰ ਵੇਖਣ ਵਾਲੇ ਸਭ ਤੋਂ ਵੱਧ 18 ਸਾਲ ਤੋਂ ਘੱਟ ਉਮਰ ਦੇ ਬੱਚੇ ਹਨ। ਯੂ. ਟਿਊਬ 'ਤੇ 35637 ਵਾਰ ਦੇਖੀ ਜਾਂ ਖੇਡੀ ਅਸ਼ਲੀਲ ਵੀਡੀਓ ਗੇਮ ਤੇ 43267 ਵਾਰ ਵੇਖੀ ਅਸ਼ਲੀਲ ਸਾਈਟ ਵਿਚੋਂ 68 ਪ੍ਰਤੀਸ਼ਤ ਬੱਚਿਆਂ ਤੇ ਨੌਜਵਾਨਾਂ ਦੇ ਹੋਣ ਦਾ ਅਨੁਮਾਨ ਲਾਇਆ ਗਿਆ ਹੈ।

ਕੰਪਨੀ ਨੇ ਸਰਵੇਖਣ ਵਿਚ ਵੱਖੋ-ਵੱਖਰੇ ਸ਼ਹਿਰਾਂ ਦੇ ਤਕਰੀਬਨ ਹਜ਼ਾਰ-ਹਜ਼ਾਰ ਦੇ ਗਰੁੱਪ ਬਣਾ ਕੇ ਬੱਚਿਆਂ ਨਾਲ ਗੱਲਬਾਤ ਕੀਤੀ ਗਈ ਤੇ ਇਸ ਪਰਸਨਲ ਕੌਂਸਲਿੰਗ ਦੌਰਾਨ ਇਹ ਪਾਇਆ ਗਿਆ ਕਿ ਉਹ ਘਰ ਵਿਚ ਇਕੱਲਿਆਂ ਰਹਿੰਦੇ ਅਸ਼ਲੀਲ ਵੀਡੀਓ ਗੇਮਜ਼ ਤੇ ਪੋਰਨ ਸਾਈਟਸ ਅਕਸਰ ਹੀ ਵੇਖਦੇ ਰਹਿੰਦੇ ਹਨ। ਕਈ ਬੱਚਿਆਂ ਨੇ ਕਿਹਾ ਕਿ ਉਹ ਆਪਣੇ ਜਮਾਤੀਆਂ ਦਾ ਗਰੁੱਪ ਬਣਾਕੇ ਪੜ੍ਹਾਈ ਦਾ ਬਹਾਨਾ ਕਰਕੇ ਕਿਸੇ ਇਕ ਦੇ ਘਰ ਰਾਤ ਰੁਕਣ ਦਾ ਪ੍ਰੋਗਰਾਮ ਹਫ਼ਤੇ ਵਿਚ ਇਕ ਵਾਰ ਜ਼ਰੂਰ ਬਣਾਉਂਦੇ ਹਨ ਜਿਸ ਦੌਰਾਨ ਉਹ ਰੀਪਲੇਅ ਵਰਗੀਆਂ ਅਸ਼ਲੀਲ ਵੀਡੀਓ ਗੇਮਾਂ ਦਾ ਅੰਦਰ ਖ਼ਾਤੇ ਅਨੰਦ ਮਾਣਦੇ ਰਹਿੰਦੇ ਹਨ।

ਇਸ ਬਾਰੇ ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਔਰਤਾਂ ਨਾਲ ਛੇੜਛਾੜ ਜਾਂ ਜਬਰ ਜਨਾਹ ਦੀਆਂ ਘਟਨਾਵਾਂ ਕਿਸੇ ਦੇ ਦਿਮਾਗ ਵਿਚ ਤੁਰੰਤ ਪੈਦਾ ਹੋਈ ਹਵਸ ਦਾ ਨਤੀਜਾ ਨਹੀਂ ਸਗੋਂ ਇਹ ਨਿੱਕੀ ਉਮਰੇ ਇਤਰਾਜ਼ਯੋਗ ਗੇਮਜ਼ ਤੇ ਹੋਰ ਸਮੱਗਰੀ ਦਾ ਉਨ੍ਹਾਂ ਦੇ ਮਨਾਂ ਵਿਚ ਹੌਲੀ-ਹੌਲੀ ਘਰ ਕਰ ਜਾਣ ਦਾ ਨਤੀਜਾ ਹੈ। ਸਰਕਾਰਾਂ ਚਾਹੇ ਔਰਤਾਂ ਦੇ ਹੱਕ ਵਿਚ ਜਿੰਨੇ ਮਰਜ਼ੀ ਕਾਨੂੰਨ ਬਣਾ ਲੈਣ ਪਰ ਜਦੋਂ ਤੱਕ ਇਸ ਦੀ ਮੂਲ ਸਮੱਸਿਆ ਅਸ਼ਲੀਲ ਸਮੱਗਰੀ ਚਾਹੇ ਉਹ ਇੰਟਰਨੈਟ ਦੇ ਰੂਪ ਵਿਚ ਹੋਵੇ ਜਾਂ ਵੀਡੀਓ ਗੇਮਜ਼ ਦੇ ਰੂਪ ਵਿਚ, ਉਪਰ ਪੂਰੀ ਤਰ੍ਹਾਂ ਰੋਕ ਨਹੀਂ ਲਾ ਦਿੱਤੀ ਜਾਂਦੀ, ਉਦੋਂ ਤੱਕ ਜਬਰ ਜਨਾਹ ਤੇ ਛੇੜਛਾੜ ਦੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ।

ਜਦੋਂ ਤੱਕ ਨੌਜਵਾਨਾਂ ਤੇ ਬੱਚਿਆਂ ਦੀ ਮਾਨਸਿਕਤਾ ਨਹੀਂ ਬਦਲੀ ਜਾਂਦੀ, ਉਨ੍ਹਾਂ ਨੂੰ ਸਹੀ ਗਲਤ ਦਾ ਅਹਿਸਾਸ ਨਹੀਂ ਕਰਵਾਇਆ ਜਾਂਦਾ, ਉਦੋਂ ਤੱਕ ਸਰਕਾਰਾਂ ਵੱਲੋਂ ਬਣਾਏ ਕਾਨੂੰਨ ਬੇਮਾਇਨੇ ਹਨ। ਸਕੂਲਾਂ ਵਿਚ ਵਿਦਿਆਰਥੀਆਂ ਅੰਦਰ ਸਾਫ਼ ਸੁਥਰੀ ਮਾਨਸਿਕਤਾ ਪੈਦਾ ਕਰਨ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

# ਔਰਤਾਂ ਦੇ ਹੱਕਾਂ ਦੀ ਰਾਖੀ ਤੋਂ ਭੱਜ ਗਈ ਪੰਜਾਬ ਸਰਕਾਰ

**ਚੰਡੀਗੜ੍ਹ:** ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਾ ਅਦਾਰਾ 'ਪੰਜਾਬ ਰਾਜ ਮਹਿਲਾ ਕਮਿਸ਼ਨ' ਖੁਦ ਮੰਦਹਾਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਪਾਸਾ ਵੱਟ ਲੈਣ ਕਾਰਨ ਕਮਿਸ਼ਨ ਕੋਲ ਲੋੜੀਂਦੇ ਸਾਧਨਾਂ, ਕਾਨੂੰਨੀ ਅਧਿਕਾਰੀਆਂ, ਚੰਡੀਗੜ੍ਹ ਵਿਚ ਅਦਾਲਤ ਲਾਉਣ ਲਈ ਕੋਰਟ ਰੂਮ, ਤਕਨੀਕੀ ਮਾਹਿਰਾਂ, ਲੋੜੀਂਦੇ ਸਟਾਫ਼ ਤੇ ਲੋੜੀਂਦੀ ਟਰਾਂਸਪੋਰਟ ਸਹੂਲਤ ਦੀ ਵੱਡੀ ਘਾਟ ਹੈ।

ਸਰਕਾਰੀ ਪ੍ਰਸ਼ਾਸਨ ਵੱਲੋਂ ਹੱਥ-ਪੱਲਾ ਨਾ ਫੜਾਉਣ ਕਰਕੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਹਰ ਮਹੀਨੇ ਤਕਰੀਬਨ 200 ਔਰਤਾਂ ਤੇ ਉਨ੍ਹਾਂ ਦੇ ਮਾਪੇ ਆਪਣੇ ਦੁੱਖੜੇ ਲੈ ਕੇ ਮਹਿਲਾ ਕਮਿਸ਼ਨ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿਚ ਪੁੱਜਦੇ ਹਨ ਜਿਥੇ ਹਫ਼ਤੇ ਵਿਚ ਦੋ ਵਾਰ ਕਮਿਸ਼ਨ ਦੇ ਚੇਅਰਪਰਸਨ ਵੱਲੋਂ ਸ਼ਿਕਾਇਤਾਂ ਦੇ ਨਿਬੇੜੇ ਲਈ ਅਦਾਲਤ ਲਾਈ ਜਾਂਦੀ ਹੈ।ਕਮਿਸ਼ਨ ਦੇ ਹੋਂਦ ਵਿਚ ਆਇਆਂ ਤਕਰੀਬਨ 15 ਸਾਲ ਹੋ ਗਏ ਹਨ ਪਰ ਕਮਿਸ਼ਨ ਕੋਲ ਅਦਾਲਤੀ ਮਾਮਲਿਆਂ ਬਾਰੇ ਕਾਨੂੰਨੀ ਸਲਾਹ-ਮਸ਼ਵਰੇ ਦੇਣ ਲਈ ਇਕ ਵੀ ਕਾਨੂੰਨੀ ਅਫ਼ਸਰ ਨਹੀਂ ਜਦਕਿ ਕਮਿਸ਼ਨ ਦੀ ਅਦਾਲਤ ਵਿਚ ਹਰ ਕੇਸ ਲਈ ਲੀਗਲ ਅਫ਼ਸਰ ਦੀ ਲੋੜ ਹੁੰਦੀ ਹੈ। ਕਮਿਸ਼ਨ ਵਿਚ ਵਿੱਤੀ ਤੰਗੀ ਇਸ ਕਦਰ ਹੈ ਕਿ ਕਮਿਸ਼ਨ ਕੋਲ ਜ਼ਿਲ੍ਹਿਆਂ ਵਿਚ ਜਾ ਕੇ ਕਾਲਜਾਂ-ਸਕੂਲਾਂ ਵਿਚ ਪੜ੍ਹਦੀਆਂ ਲੜਕੀਆਂ ਜਾਂ ਘਰੇਲੂ ਔਰਤਾਂ ਵਾਸਤੇ ਜਾਗਰੂਕਤਾ ਸੈਮੀਨਾਰ ਕਰਾਉਣ ਲਈ ਇਕ ਧੇਲਾ ਵੀ ਨਹੀਂ। 1998 ਵਿਚ ਜਦੋਂ ਕਮਿਸ਼ਨ ਹੋਂਦ ਵਿਚ ਆਇਆ ਸੀ ਤਾਂ ਉਸ ਕੋਲ ਸਾਲ ਵਿਚ ਔਰਤਾਂ ਦੀਆਂ ਸਿਰਫ਼ 151 ਸ਼ਿਕਾਇਤਾਂ ਹੀ ਪਹੁੰਚੀਆਂ ਸਨ ਪਰ ਹੁਣ ਹਰ ਸਾਲ ਕਮਿਸ਼ਨ ਕੋਲ ਤਕਰੀਬਨ ਡੇਢ-ਦੋ ਹਜ਼ਾਰ ਸ਼ਿਕਾਇਤਾਂ ਪੁੱਜਦੀਆਂ ਹਨ। ਸ਼ਿਕਾਇਤਾਂ ਦਰਜ ਕਰਨ, ਸੰਮਨ ਜਾਰੀ ਕਰਨ, ਦੋਵਾਂ ਧਿਰਾਂ ਨੂੰ ਲੋੜੀਂਦੀ ਸੂਚਨਾ ਭੇਜਣ, ਪੜਤਾਲ ਰਿਪੋਰਟਾਂ ਤੇ ਅਦਾਲਤੀ ਕਾਰਵਾਈ ਲਈ ਕਮਿਸ਼ਨ ਕੋਲ ਸਿਰਫ਼ ਪੰਜ ਮੁਲਾਜ਼ਮਾਂ ਦਾ ਅਮਲਾ ਹੈ। ਜਦੋਂ ਕਦੇ ਕਮਿਸ਼ਨ ਦੀ ਚੇਅਰਪਰਸਨ ਦਾ ਜ਼ਿਲ੍ਹਿਆਂ ਦਾ ਦੌਰਾ ਹੁੰਦਾ ਹੈ ਤਾਂ ਕਮਿਸ਼ਨ ਦੇ ਦਫ਼ਤਰ ਵਿਚ ਦੋ ਮੁਲਾਜ਼ਮ ਰਹਿ ਜਾਂਦੇ ਹਨ। ਕਮਿਸ਼ਨ ਨੂੰ ਨਾ ਤਾਂ ਲੋੜੀਂਦੇ ਕੰਪਿਊਟਰ ਮੁਹੱਈਆ ਕਰਾਏ ਗਏ ਹਨ ਤੇ ਨਾ ਹੀ ਅਦਾਲਤਾਂ ਲਾਉਣ ਲਈ 'ਕੋਰਟ ਰੂਮ' ਸਥਾਪਤ ਕਰਨ ਵਾਸਤੇ ਫੰਡ।ਤਕਨੀਕੀ ਮਾਹਿਰ ਨਾ ਹੋਣ ਕਾਰਨ ਕਮਿਸ਼ਨ ਦੀ ਵੈੱਬਸਾਈਟ ਪਿਛਲੇ ਡੇਢ ਸਾਲ ਤੋਂ ਅਪਡੇਟ ਨਹੀਂ ਹੋ ਸਕੀ।

# ਅੰਧ-ਵਿਸ਼ਵਾਸਾਂ ਵਿਚ ਰੁੜ੍ਹ ਜਾਂਦਾ ਹੈ ਕਰੋੜਾਂ ਦਾ ਖਾਣ ਵਾਲਾ ਸਾਮਾਨ !

**ਚੰਡੀਗੜ੍ਹ:** ਅਤਿ ਦੀ ਮਹਿੰਗਾਈ ਦੇ ਸਮੇਂ ਵਿਚ ਵੀ ਪੰਜਾਬ ਦੇ ਲੋਕ ਆਪਣਾ ਢਿੱਡ ਭਰਨ ਦੀ ਥਾਂ ਖਾਣ-ਪੀਣ ਵਾਲੀਆਂ ਕੀਮਤੀ ਚੀਜ਼ਾਂ ਜਾਦੂ-ਟੂਣਿਆਂ ਵਿਚ ਬਰਬਾਦ ਕਰਨ ਵਿਚ ਰੁੱਝੇ ਹੋਏ ਹਨ। ਸਿਰਫ਼ ਪੰਜਾਬ ਵਿਚ ਹੀ ਹਰ ਸਾਲ ਤਕਰੀਬਨ 14 ਕਰੋੜ ਇਕ ਲੱਖ 40 ਹਜ਼ਾਰ ਰੁਪਏ ਦੀਆਂ ਮਿਰਚਾਂ ਤੇ ਨਿੰਬੂ ਲੋਕ ਆਪਣੀਆਂ ਦੁਕਾਨਾਂ, ਘਰਾਂ ਤੇ ਵਾਹਨਾਂ ਉੱਤੇ ਟੰਗ ਕੇ ਖ਼ਰਾਬ ਕਰ ਦਿੰਦੇ ਹਨ। ਇਨ੍ਹਾਂ ਅੰਧਵਿਸ਼ਵਾਸਾਂ ਕਾਰਨ ਹੀ ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਅੱਜ ਅਸਮਾਨੀ ਚੜ੍ਹੀਆਂ ਹੋਈਆਂ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੂਬੇ ਵਿਚ ਕੀਤੇ ਸਰਵੇ ਦੌਰਾਨ ਇਹ ਤੱਥ ਸਾਹਮਣੇ ਆਏ ਹਨ।



ਤਰਕਸ਼ੀਲ ਸੁਸਾਇਟੀ ਵੱਲੋਂ ਇਹ ਅੰਕੜੇ ਪੰਜਾਬ ਦੇ ਵੱਖ-ਵੱਖ ਵੱਡੇ ਤੇ ਛੋਟੇ ਸ਼ਹਿਰਾਂ, ਕਸਬਿਆਂ, ਵਾਹਨਾਂ, ਪਿੰਡਾਂ ਦੀਆਂ ਦੁਕਾਨਾਂ ਦੇ ਆਧਾਰ 'ਤੇ ਪੇਸ਼ ਕੀਤੇ ਗਏ ਹਨ। ਸੁਸਾਇਟੀ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਅੰਮ੍ਰਿਤਸਰ, ਜਲੰਧਰ ਸਮੇਤ ਅਜਿਹੇ ਕੁੱਲ 25 ਵੱਡੇ ਸ਼ਹਿਰ ਹਨ ਜਿਥੇ 25 ਹਜ਼ਾਰ ਦੁਕਾਨਾਂ ਹਨ ਜਿਨ੍ਹਾਂ ਦੇ ਵਰਾਂਡਿਆਂ ਵਿਚ ਇਹ ਨਿੰਬੂ ਮਿਰਚਾਂ ਦੇ ਸੈੱਟ ਬਣਾ ਕੇ ਟੰਗੇ ਹੋਏ ਹਨ ਤੇ ਇਨ੍ਹਾਂ ਨਿੰਬੂ-ਮਿਰਚਾਂ ਦੇ ਹਰ ਸੈਟ ਦੀ ਕੀਮਤ 10 ਰੁਪਏ ਹੈ। ਹਰ ਸ਼ਨਿਚਰਵਾਰ ਨੂੰ ਤਕਰੀਬਨ ਦੋ ਲੱਖ 50 ਹਜ਼ਾਰ ਰੁਪਏ ਦੇ ਨਿੰਬੂ-ਮਿਰਚਾਂ ਟੰਗੇ ਜਾਂਦੇ ਹਨ। ਜੇਕਰ ਇਨ੍ਹਾਂ ਨੂੰ ਸਾਲ ਦੇ 52 ਹਫ਼ਤਿਆਂ ਦੇ ਆਧਾਰ 'ਤੇ ਗੁਣਾ ਕਰਕੇ ਦੇਖੀਏ ਤਾਂ ਇਹ ਰਕਮ ਇਕ ਕਰੋੜ 30 ਲੱਖ ਰੁਪਏ ਦੀ ਬਨਦੀ ਹੈ।

ਇਸੇ ਤਰ੍ਹਾਂ ਸੂਬੇ ਵਿਚ ਕੁੱਲ ਛੋਟੇ 25 ਸ਼ਹਿਰ ਹਨ ਜਿਨ੍ਹਾਂ ਵਿਚ ਤਕਰੀਬਨ 500 ਦੁਕਾਨਾਂ ਹਨ। ਇਸ ਫ਼ਾਰਮੂਲੇ ਦੇ ਆਧਾਰ 'ਤੇ ਇਨ੍ਹਾਂ ਦੁਕਾਨਾਂ 'ਤੇ ਸਾਲਾਨਾ ਕੁੱਲ 65 ਲੱਖ ਰੁਪਏ ਦੇ ਨਿੰਬੂ-ਮਿਰਚਾਂ ਟੰਗ ਕੇ ਸੁਕਾ ਦਿੱਤੇ ਜਾਂਦੇ ਹਨ। ਇੰਝ ਹੀ ਪੰਜਾਬ ਵਿਚ ਤਕਰੀਬਨ 120 ਕਸਬੇ ਹਨ ਜਿਥੇ 100 ਦੁਕਾਨਾਂ ਹਨ ਜਿਨ੍ਹਾਂ 'ਤੇ ਹਰ ਹਫ਼ਤੇ ਇਕ ਲੱਖ 20 ਹਜ਼ਾਰ ਤੇ ਸਾਲਾਨਾ 62 ਲੱਖ 40 ਹਜ਼ਾਰ ਰੁਪਏ ਦੀਆਂ ਦੋਵੇਂ ਖਾਣ ਵਾਲੀਆਂ ਚੀਜ਼ਾਂ ਗਵਾ ਦਿੱਤੀਆਂ ਜਾਂਦੀਆਂ ਹਨ।

ਇਸ ਸਰਵੇ ਵਿਚ ਵਾਹਨਾਂ 'ਤੇ ਟੰਗੀਆਂ ਜਾਣ ਵਾਲੀਆਂ ਨਿੰਬੂ-ਮਿਰਚਾਂ ਨੂੰ ਵੀ ਸ਼ਾਮਲ ਕੀਤਾ ਗਿਆ। ਸੂਬੇ ਵਿਚ ਇਸ ਸਮੇਂ ਤਕਰੀਬਨ 10 ਲੱਖ ਵਾਹਨ ਹਨ। ਜੇਕਰ ਇਹ ਮੰਨ ਲਿਆ ਜਾਵੇ ਕਿ ਇਨ੍ਹਾਂ ਵਿਚੋਂ ਸਿਰਫ਼ 10 ਫ਼ੀਸਦੀ ਭਾਵ ਇਕ ਲੱਖ ਵਾਹਨਾਂ ਦੇ ਮਾਲਕ ਹੀ ਇਸ ਵਹਿਮ ਦਾ ਸ਼ਿਕਾਰ ਹਨ ਤਾਂ ਇਨ੍ਹਾਂ 'ਤੇ ਟੰਗੇ ਜਾਣ ਵਾਲੀਆਂ ਨਿੰਬੂ ਮਿਰਚਾਂ ਦੀ ਗਿਣਤੀ ਸਾਲਾਨਾ ਪੰਜ ਕਰੋੜ 20 ਲੱਖ ਰੁਪਏ ਬਣਦੀ ਹੈ। ਸਰਵੇ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸੂਬੇ ਦੇ 12 ਹਜ਼ਾਰ ਪਿੰਡਾਂ ਵਿਚੋਂ ਸੱਤ ਹਜ਼ਾਰ ਪਿੰਡ ਅਜਿਹੇ ਹਨ ਜਿਥੇ ਔਸਤਨ 10 ਦੁਕਾਨਾਂ ਹਨ ਜਿਥੇ ਨਿੰਬੂ-ਮਿਰਚਾਂ ਦਾ ਵਹਿਮ ਪਾਇਆ ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਦੁਕਾਨਾਂ 'ਤੇ ਵੀ ਕੁੱਲ ਤਿੰਨ ਕਰੋੜ 64 ਲੱਖ ਰੁਪਏ ਦੀਆਂ ਨਿੰਬੂ-ਮਿਰਚਾਂ ਨੂੰ ਸੁੱਕਣ ਲਈ ਛੱਡ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਤਕਰੀਬਨ 50 ਹਜ਼ਾਰ ਰੇਹੜੀਆਂ ਹਨ। ਜਿਨ੍ਹਾਂ ਦੇ ਮਾਲਕ ਆਪਣੇ ਕਾਰੋਬਾਰ ਨੂੰ ਵਧੀਆ ਚਲਾਉਣ ਦੀ ਮਨਸ਼ਾ ਨਾਲ ਨਿੰਬੂ-ਮਿਰਚ ਟੋਟਕੇ ਦੀ ਵਰਤੋਂ ਕਰਦੇ ਹਨ। ਜਿਹੜੇ ਇਕ ਹਫ਼ਤੇ ਵਿਚ ਪੰਜ ਲੱਖ ਤੇ ਇਕ ਸਾਲ ਵਿਚ ਦੋ ਕਰੋੜ 60 ਲੱਖ ਰੁਪਏ ਦੇ ਨਿੰਬੂ ਮਿਰਚ ਅਜਾਈਂ ਗਵਾ ਦਿੰਦੇ ਹਨ। ਸਰਵੇ ਮੁਤਾਬਕ ਜੇਕਰ ਇਸ ਰਾਸ਼ੀ ਨੂੰ ਮਿਲਾ ਦਿੱਤਾ ਜਾਵੇ ਤਾਂ ਇਹ ਕੁੱਲ 14 ਕਰੋੜ ਇਕ ਲੱਖ 40 ਹਜ਼ਾਰ ਰੁਪਏ ਬਣਦਾ ਹੈ।

# ਪੰਜਾਬ ਨੇ ਸ਼ਰਾਬ ਉਤਪਾਦਨ ਦੇ ਸਾਰੇ ਰਿਕਾਰਡ ਤੋੜੇ

## ਮੁਨਾਫੇ ਦੀ ਦੌੜ ਵਿਚ ਸਰਕਾਰ ਵੱਲੋਂ ਹੱਲਾਸ਼ੇਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਖਜ਼ਾਨਾ ਭਰਨ ਵਿਚ ਸਭ ਤੋਂ ਵੱਧ ਯੋਗਦਾਨ ਪਾ ਰਹੀ ਸ਼ਰਾਬ ਤੇ ਬੀਅਰ ਦੇ ਉਤਪਾਦਨ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਕਾਰਜ ਲਈ ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਦਾ ਅਹਿਮ 'ਯੋਗਦਾਨ' ਹੈ। ਇਸ ਦਾ ਇਕ ਕਾਰਨ ਪੰਜਾਬ ਅੰਦਰ ਸ਼ਰਾਬ ਦੇ ਕਾਰੋਬਾਰੀਆਂ ਵੱਲੋਂ ਜੇਬਾਂ ਭਰਨ ਵਾਸਤੇ ਆਬਕਾਰੀ ਨੀਤੀ ਦੀ ਕੀਤੀ ਜਾ ਰਹੀ ਉਲੰਘਣਾ ਵੀ ਹੈ। ਇਸ ਵੇਲੇ ਪੰਜਾਬ ਦੇ ਪਿੰਡਾਂ ਦੀ ਗਲੀ-ਗਲੀ ਵਿਚ ਠੇਕੇ ਖੁੱਲ੍ਹ ਗਏ ਹਨ। ਜ਼ਿਕਰਯੋਗ ਹੈ ਕਿ ਬੱਚਿਆਂ ਦੇ ਖਾਣ ਵਾਲੀਆਂ ਵਸਤਾਂ ਵਿਚ 17 ਸਾਲਾਂ ਦੌਰਾਨ ਸਿਰਫ਼ 62 ਫੀਸਦੀ ਵਾਧਾ ਹੋਇਆ ਪਰ ਇਸ ਦੇ ਉਲਟ ਬੀਅਰ ਦੇ ਉਤਪਾਦਨ ਵਿਚ 209 ਪ੍ਰਤੀਸ਼ਤ, ਅੰਗਰੇਜ਼ੀ ਸ਼ਰਾਬ ਦੇ ਉਤਪਾਦਨ ਵਿਚ 131 ਫੀਸਦੀ ਤੇ ਦੇਸੀ ਸ਼ਰਾਬ ਦੇ ਉਤਪਾਦਨ ਵਿਚ 67 ਫੀਸਦੀ ਦਾ ਵਾਧਾ ਹੋਇਆ ਹੈ। ਬੀਅਰ ਦੇ ਉਤਪਾਦਨ ਨੂੰ ਵਧਾਉਣ ਲਈ ਸ਼ਹਿਰੀ ਨੌਜਵਾਨ ਪੀੜ੍ਹੀ ਦੇ ਮੁੰਡੇ-ਕੁੜੀਆਂ ਵੱਡਾ ਯੋਗਦਾਨ ਪਾ ਰਹੀਆਂ ਹਨ।

ਸਰਕਾਰ ਦੇ ਅਰਥ ਤੇ ਅੰਕੜਾ ਸੰਗਠਨ ਮੁਤਾਬਕ ਸੂਬੇ ਵਿਚ ਦੇਸੀ ਸ਼ਰਾਬ ਦਾ ਉਤਪਾਦਨ 1993 ਵਿਚ 17 ਹਜ਼ਾਰ 657 ਲੀਟਰ ਸੀ ਜੋ 2010 ਦੇ ਚਾਲੂ ਵਰ੍ਹੇ ਤੱਕ ਵਧ ਕੇ 29 ਹਜ਼ਾਰ 445 ਲੀਟਰ ਹੋ ਗਿਆ ਜਿਸ ਵਿਚ 66.77 ਫੀਸਦੀ ਦਾ ਵਾਧਾ ਹੋਇਆ। ਇਹ 2005-06 ਵਿਚ 24644 ਲੀਟਰ, 2006-07 ਵਿਚ 25844, 2007-08 ਵਿਚ 26994, 2008-09 ਵਿਚ ਵਧ ਕੇ 28192 ਲੀਟਰ ਹੋ ਗਿਆ। ਇਸ ਦੇ ਉਲਟ ਬੱਚਿਆਂ ਦੇ ਖਾਣ ਲਈ ਬਣਨ ਵਾਲੇ ਪਦਾਰਥਾਂ ਵਿਚ ਸਿਰਫ਼ 60 ਫੀਸਦੀ ਦਾ ਹੀ ਵਾਧਾ ਹੋਇਆ। 1993 ਵਿਚ ਇਹ 35 ਟਨ ਤੋਂ ਵਧ ਕੇ 2009-10 ਤੱਕ 56 ਟਨ ਤੱਕ ਹੀ ਹੋ ਸਕਿਆ। 2007 ਤੋਂ ਬਾਅਦ ਇਸ ਵਿਚ ਪ੍ਰਤੀ ਸਾਲ ਸਿਰਫ਼ ਦੋ ਟਨ ਦਾ ਵਾਧਾ ਹੀ ਹੋ ਰਿਹਾ ਹੈ।



ਉਧਰ ਪੰਜਾਬ ਵਿਚ ਬੀਅਰ ਦੇ ਉਤਪਾਦਨ ਨੇ ਨਵੇਂ ਕੀਰਤੀਮਾਨ ਕਾਇਮ ਕੀਤੇ ਹਨ। ਇਸ ਦੇ ਉਤਪਾਦਨ ਵਿਚ 17 ਸਾਲਾਂ ਦੇ ਅਰਸੇ ਦੌਰਾਨ 209 ਫੀਸਦੀ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ। 1993-94 ਵਿਚ ਇਸ ਦੀ ਪੈਦਾਵਾਰ 15 ਹਜ਼ਾਰ 365 ਲੀਟਰ ਸੀ ਜੋ 2009-10 ਦੇ ਚਾਲੂ ਅਰਸੇ ਤੱਕ ਵਧ ਕੇ 47 ਹਜ਼ਾਰ 496 ਲੀਟਰ ਤੱਕ ਪੁੱਜ ਗਈ। ਇਹ 2005-06 ਵਿਚ 29 ਹਜ਼ਾਰ ਲੀਟਰ, 2006-07 ਵਿਚ 34 ਹਜ਼ਾਰ 292 ਲੀਟਰ, 2007-08 ਵਿਚ 36 ਹਜ਼ਾਰ 502 ਲੀਟਰ ਤੇ 2008-09 ਵਿਚ 41 ਹਜ਼ਾਰ 638 ਲੀਟਰ ਪੈਦਾ ਕੀਤੀ ਗਈ ਜਿਥੇ ਬੀਅਰ ਦੇ ਉਤਪਾਦਨ ਵਿਚ 17 ਸਾਲ ਅੰਦਰ 32 ਹਜ਼ਾਰ 131 ਲੀਟਰ ਦਾ ਵਾਧਾ ਹੋਇਆ।

## ਔਰਤਾਂ ਵੀ ਬਣੀਆਂ ਸ਼ਰਾਬ ਦੀਆਂ ਠੇਕੇਦਾਰ

ਪੰਜਾਬ ਵਿਚ ਹੁਣ ਔਰਤਾਂ ਵੀ ਸ਼ਰਾਬ ਦੇ ਠੇਕਿਆਂ ਵਿਚ ਆਪਣੀ ਹਿੱਸੇਦਾਰੀ ਵਧਾਉਣ ਲੱਗੀਆਂ ਹਨ। ਰਾਜ ਵਿਚ ਲਾਟਰੀ ਸਿਸਟਮ ਲਾਗੂ ਹੋਣ ਤੋਂ ਬਾਅਦ ਰਾਜ ਅੰਦਰ 700 ਦੇ ਤਕਰੀਬਨ ਔਰਤਾਂ ਸ਼ਰਾਬ ਦੀ ਠੇਕੇਦਾਰੀ ਕਰ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਕਈ ਔਰਤਾਂ ਸ਼ਰਾਬ ਦੇ ਥੋਕ ਦਾ ਕੰਮ ਵੀ ਕਰ ਰਹੀਆਂ ਸਨ। ਸ਼ਰਾਬ ਦੇ ਠੇਕੇ ਲੈਣ ਦੀ ਇਹ ਗਿਣਤੀ ਹਰ ਸਾਲ ਵਧਦੀ ਹੀ ਜਾ ਰਹੀ ਹੈ।

ਸਾਲ 2011 ਵਿਚ ਪਟਿਆਲੇ ਜ਼ਿਲ੍ਹੇ ਅੰਦਰ ਚਾਰ ਔਰਤਾਂ ਦੇ ਨਾਂ 'ਤੇ ਸ਼ਰਾਬ ਦੇ ਠੇਕੇ ਚੱਲ ਰਹੇ ਸਨ। ਇਸ ਮਾਮਲੇ ਵਿਚ ਲੁਧਿਆਣਾ ਜ਼ਿਲ੍ਹਾ ਸਭ ਤੋਂ ਮੋਹਰੀ ਚੱਲ ਰਿਹਾ ਹੈ। ਲਾਟਰੀ ਸਿਸਟਮ ਰਾਹੀਂ ਸ਼ਰਾਬ ਦੇ ਠੇਕੇ ਦਿੱਤੇ ਜਾਣ ਤੋਂ ਬਾਅਦ ਹਰ ਜ਼ਿਲ੍ਹੇ ਵਿਚ ਔਰਤਾਂ ਠੇਕਿਆਂ ਦੀ ਮਾਲਕੀ ਲੈ ਰਹੀਆਂ ਹਨ। ਪਿਛਲੇ ਸਾਲਾਂ ਦੌਰਾਨ ਪਟਿਆਲੇ ਜ਼ਿਲ੍ਹੇ ਅੰਦਰ ਵੀ ਲਗਾਤਾਰ ਔਰਤਾਂ ਸ਼ਰਾਬ ਦੇ ਠੇਕਿਆਂ ਦੀਆਂ ਮਾਲਕ ਰਹੀਆਂ ਹਨ।

ਬੀਤੇ ਸਾਲ ਤਕਰੀਬਨ 1626 ਔਰਤਾਂ ਨੇ ਲਾਟਰੀ ਪਾਈ ਸੀ ਜਿਨ੍ਹਾਂ ਵਿਚੋਂ 200 ਸ਼ਰਾਬ ਦੇ ਠੇਕਿਆਂ ਦੀਆਂ ਔਰਤਾਂ ਮਾਲਕ ਬਣ ਗਈਆਂ। ਸਾਲ 2011 ਵਿਚ 1492 ਔਰਤਾਂ ਨੇ ਅਰਜ਼ੀਆਂ ਦਿੱਤੀਆਂ ਸਨ ਜਿਨ੍ਹਾਂ ਨੂੰ 150 ਸ਼ਰਾਬ ਦੇ ਠੇਕੇ ਮਿਲੇ। ਸਾਲ 2010-11 ਦੌਰਾਨ 1316 ਔਰਤਾਂ ਵਿਚੋਂ 29 ਨੂੰ 125 ਸ਼ਰਾਬ ਦੇ ਠੇਕੇ ਮਿਲੇ। ਸਾਲ 2009 ਦੌਰਾਨ 1369 ਔਰਤਾਂ ਨੇ ਅਰਜ਼ੀਆਂ ਦਿੱਤੀਆਂ। ਲੁਧਿਆਣਾ ਜ਼ਿਲ੍ਹੇ ਅੰਦਰ ਹੀ 2008 ਤੋਂ 2012 ਤੱਕ 2559 ਔਰਤਾਂ ਨੇ ਸ਼ਰਾਬ ਦੇ ਠੇਕੇ ਲੈਣ ਲਈ ਅਰਜ਼ੀ ਫ਼ੀਸ ਭਰੀ ਤੇ ਸਾਲ 2012 ਵਿਚ ਸੱਤ ਔਰਤਾਂ ਦਰਜਨ ਭਰ ਸ਼ਰਾਬ ਦੇ ਠੇਕੇ ਚਲਾ ਰਹੀਆਂ ਸਨ।

# ਪੰਜਾਬ ਦੀ ਜਵਾਨੀ ਨੂੰ ਲੱਗਾ ਮਹਿੰਗੇ ਨਸ਼ਿਆਂ ਦਾ ਗ੍ਰਹਿਣ !

## ਅਫੀਮ ਤੇ ਭੰਗ ਦੀ ਥਾਂ ਹੈਰੋਇਨ ਤੇ ਚਰਸ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਾਲਾਇਕੀ ਤੇ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ ਵਿਚ ਇਸ ਕਦਰ ਧਸ ਰਹੀ ਹੈ ਕਿ ਹੈਰੋਇਨ ਤੇ ਚਰਸ ਵਰਗੇ ਮਹਿੰਗੇ ਨਸ਼ੇ ਵੀ ਉਨ੍ਹਾਂ ਦੇ ਸ਼ੌਕ ਬਣਦੇ ਜਾ ਰਹੇ ਹਨ। ਸੌਖਿਆਂ ਹੀ ਮਿਲ ਰਹੇ ਇਨ੍ਹਾਂ ਨਸ਼ਿਆਂ ਨੇ ਵੱਡਿਆਂ ਘਰਾਂ ਦੇ ਕਾਕਿਆਂ ਦੇ ਨਾਲ-ਨਾਲ ਆਮ ਘਰ ਵੀ ਉਜਾੜ ਸੁੱਟੇ ਹਨ। ਬੀਤੇ ਕੁਝ ਮਹੀਨਿਆਂ ਵਿਚ ਸਰਹੱਦੀ ਇਲਾਕਿਆਂ ਵਿਚੋਂ ਬੀਐਸਐਫ ਵੱਲੋਂ ਬਰਾਮਦ ਕੀਤੇ ਭਾਰੀ ਮਾਤਰਾ ਵਿਚ ਨਸ਼ਿਆਂ ਨੇ ਪੰਜਾਬ ਵਿਚ ਇਸ ਦੀ ਮੰਗ ਤੋਂ ਪਰਦਾ ਚੁੱਕਿਆ ਹੈ।

ਬੀਐਸਐਫ ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਸਰਹੱਦ ਪਾਰੋਂ ਹੁੰਦੀ ਨਸ਼ੇ ਦੀ ਸਪਲਾਈ ਵਿਚ ਅਫੀਮ ਤੇ ਭੁੱਕੀ ਜਿਹੇ ਨਸ਼ੇ ਨਾ ਮਾਤਰ ਹੀ ਹਨ ਤੇ ਇਸ ਦੀ ਥਾਂ ਹੈਰੋਇਨ ਤੇ ਚਰਸ ਵਰਗੇ ਮਹਿੰਗੇ ਨਸ਼ਿਆਂ ਨੇ ਲਈ ਹੈ। ਹਾਸਲ ਜਾਣਕਾਰੀ ਮੁਤਾਬਕ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੀ ਬਰਾਮਦਗੀ ਦੇ ਮਾਮਲਿਆਂ ਵਿਚ ਐਨਡੀਪੀਐਸ ਐਕਟ ਤਹਿਤ ਦਰਜ ਕੀਤੇ ਜਾਂਦੇ ਕੇਸਾਂ ਵਿਚੋਂ ਤਕਰੀਬਨ 25 ਫ਼ੀਸਦ ਮੁਲਜ਼ਮ ਬਰੀ ਹੋ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ ਕਈ ਵੱਡੇ ਫਾਰਮ ਹਾਊਸਾਂ ਵਿਚ ਹੁੰਦੀਆਂ ਰੇਵ ਪਾਰਟੀਆਂ ਵਿਚ ਜ਼ਿਆਦਾਤਰ ਸਮੈਕ, ਹੈਰੋਇਨ, ਕੋਕੀਨ ਤੇ ਚਰਸ ਜਿਹੇ ਮਹਿੰਗੇ ਨਸ਼ਿਆਂ ਦੀ ਵਰਤੋਂ ਹੁੰਦੀ ਹੈ। ਅਜਿਹੀਆਂ ਪਾਰਟੀਆਂ ਵਿਚ ਜ਼ਿਆਦਾਤਰ ਵੱਡੇ ਘਰਾਂ ਦੇ ਕਾਕੇ ਸ਼ਾਮਲ ਹੁੰਦੇ ਹਨ। ਪੰਜਾਬ ਪੁਲਿਸ ਹੈੱਡਕੁਆਰਟਰ ਤੋਂ ਮਿਲੇ ਅੰਕੜਿਆਂ ਮੁਤਾਬਕ ਇਸ ਵਰ੍ਹੇ 31 ਮਾਰਚ ਤੱਕ ਸੂਬੇ ਵਿਚੋਂ 117 ਕਿਲੋ ਹੈਰੋਇਨ ਤੇ 63 ਕਿਲੋ ਚਰਸ ਬਰਾਮਦ ਹੋਈ ਹੈ ਜਦੋਂਕਿ ਸਾਲ 2011 ਦੇ ਬਾਰ੍ਹਾਂ ਮਹੀਨਿਆਂ ਵਿਚ 101 ਕਿਲੋ ਹੈਰੋਇਨ ਬਰਾਮਦ ਹੋਈ ਸੀ।



ਸਾਲ 2009 ਵਿਚ 150 ਕਿੱਲੋ ਤੇ 2010 ਵਿਚ 188 ਕਿਲੋ ਹੈਰੋਇਨ ਬਰਾਮਦ ਹੋਈ ਸੀ। ਪਿਛਲੇ ਵਰ੍ਹੇ 278 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ। ਇਸੇ ਤਰ੍ਹਾਂ ਸਾਲ 2007 ਤੇ 2009 ਦੌਰਾਨ 98-98 ਕਿਲੋ ਚਰਸ ਬਰਾਮਦ ਹੋਈ ਸੀ। ਸਾਲ 2008 ਦੌਰਾਨ 107 ਕਿੱਲੋ ਤੇ 2010 ਦੌਰਾਨ 131 ਕਿਲੋ ਚਰਸ ਬਰਾਮਦ ਹੋਈ ਸੀ। ਪਿਛਲੇ ਵਰ੍ਹੇ 135 ਕਿਲੋ ਚਰਸ ਬਰਾਮਦ ਕੀਤੀ ਗਈ ਸੀ। ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਵੱਡੀ ਮਾਤਰਾ ਵਿਚ ਹੈਰੋਇਨ ਤੇ ਚਰਸ ਬਰਾਮਦ ਹੋਣ ਕਾਰਨ ਪੁਲਿਸ ਇਸ ਦੀਆਂ ਜੜ੍ਹਾਂ ਦੀ ਸੂਹ ਲਾਉਣ ਲਈ ਲੱਗੀ ਹੋਈ ਹੈ।

ਇਸ ਤੋਂ ਇਲਾਵਾ ਇਸ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਵਿਚ 29, 681 ਕਿਲੋ ਭੁੱਕੀ ਬਰਾਮਦ ਕੀਤੀ ਗਈ ਹੈ ਜਦੋਂਕਿ ਪਿਛਲੇ ਸਾਰੇ ਸਾਲ ਵਿਚ 1,50,299 ਕਿਲੋ ਭੁੱਕੀ ਬਰਾਮਦ ਕੀਤੀ ਸੀ। ਇਸ ਵਰ੍ਹੇ ਪਹਿਲੇ ਤਿੰਨ ਮਹੀਨਿਆਂ ਵਿਚ ਪੁਲਿਸ ਨੇ 178 ਕਿਲੋ ਅਫੀਮ ਬਰਾਮਦ ਕੀਤੀ ਹੈ। ਪਿਛਲੇ ਵਰ੍ਹੇ 1102 ਕਿਲੋ ਅਫੀਮ ਬਰਾਮਦ ਕੀਤੀ ਸੀ। ਪੁਲਿਸ ਵੱਲੋਂ ਰਾਜ ਵਿਚ ਇਸ ਵਰ੍ਹੇ ਪਹਿਲੇ ਤਿੰਨ ਮਹੀਨਿਆਂ ਵਿਚ ਨੌਂ ਕਿਲੋ ਸਮੈਕ ਬਰਾਮਦ ਕੀਤੀ ਹੈ ਜਦੋਂਕਿ ਪਿਛਲੇ ਵਰ੍ਹੇ 42 ਕਿਲੋ ਸਮੈਕ ਬਰਾਮਦ ਕੀਤੀ ਸੀ।

ਸਾਲ 2007 ਦੌਰਾਨ 32 ਕਿਲੋ ਤੇ 2011 ਦੌਰਾਨ 26 ਕਿਲੋ ਸਮੈਕ ਫੜੀ ਗਈ ਸੀ। ਪਿਛਲੇ ਪੰਜ ਸਾਲਾਂ ਦੌਰਾਨ ਪੁਲਿਸ ਵੱਲੋਂ ਔਸਤਨ ਹਰੇਕ ਵਰ੍ਹੇ ਤਕਰੀਬਨ 43 ਕਿਲੋ ਸਮੈਕ ਬਰਾਮਦ ਕੀਤੀ ਜਾ ਰਹੀ ਹੈ।

ਉਂਜ ਇਸ ਵਰ੍ਹੇ ਪੁਲਿਸ ਨੇ ਕੋਕੀਨ ਨਾਂਮਾਤਰ (0.015 ਕਿੱਲੋ) ਹੀ ਬਰਾਮਦ ਕੀਤੀ ਹੈ। ਦੇਰ ਰਾਤ ਤੱਕ ਚੱਲਣ ਵਾਲੀਆਂ ਅਮੀਰਜ਼ਾਦਿਆਂ ਦੀਆਂ ਪਾਰਟੀਆਂ ਵਿਚ ਕੋਕੀਨ ਨੂੰ ਸਭ ਤੋਂ ਵੱਧ ਤਰਜੀਹ ਦੇਣ ਦੀਆਂ ਰਿਪੋਰਟਾਂ ਹਨ। ਪਿਛਲੇ ਵਰ੍ਹੇ ਪੰਜਾਬ ਪੁਲਿਸ ਨੇ 2.6 ਕਿਲੋ ਕੋਕੀਨ ਬਰਾਮਦ ਕੀਤੀ ਸੀ। 2008 ਵਿਚ ਸਭ ਤੋਂ ਵੱਧ 7.42 ਕਿਲੋ ਕੋਕੀਨ ਬਰਾਮਦ ਕੀਤੀ ਗਈ ਸੀ। ਸਾਲ 2007 ਵਿਚ ਸਿਰਫ਼ 0.006 ਕਿਲੋ ਕੋਕੀਨ ਬਰਾਮਦ ਕੀਤੀ ਸੀ।

### ਤਸਕਰਾਂ ਨੂੰ ਸਿਆਸੀ ਸਰਪ੍ਰਸਤੀ

ਸੇਵਾਮੁਕਤ ਡੀਜੀਪੀ (ਜੇਲ੍ਹਾਂ) ਸ਼ਸ਼ੀ ਕਾਂਤ ਵੱਲੋਂ ਸੂਬੇ ਵਿਚ ਸਿਆਸੀ ਆਗੂਆਂ ਦੀ ਸਰਪ੍ਰਸਤੀ ਹੇਠ ਨਸ਼ਿਆਂ ਦੀ ਤਸਕਰੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਤਕਰੀਬਨ 25 ਫੀਸਦ ਡਰੱਗ ਮਾਫੀਆ ਐਨਡੀਪੀਐਸ ਐਕਟ ਦੇ ਕੇਸਾਂ ਵਿਚੋਂ ਕਾਨੂੰਨੀ ਪ੍ਰਕਿਰਿਆ ਦੌਰਾਨ ਬਰੀ ਹੋ ਰਿਹਾ ਹੈ। ਪੰਜਾਬ ਪੁਲਿਸ ਨੇ ਇਸ ਵਰ੍ਹੇ ਮਾਰਚ ਤੱਕ ਐਨਡੀਪੀਐਸ ਐਕਟ ਤਹਿਤ ਕੁੱਲ 2521 ਕੇਸ ਦਰਜ ਕੀਤੇ ਸਨ ਜਿਨ੍ਹਾਂ ਵਿਚੋਂ 1541 ਕੇਸਾਂ ਦਾ ਫੈਸਲਾ ਹੋਇਆ ਹੈ ਜਿਨ੍ਹਾਂ ਵਿਚੋਂ 347 ਕੇਸਾਂ ਵਿਚੋਂ ਮੁਲਜ਼ਮ ਬਰੀ ਹੋ ਗਏ ਹਨ।

ਇਸ ਤਰ੍ਹਾਂ 23 ਫੀਸਦੀ ਮਾਮਲਿਆਂ ਵਿਚ ਮੁਲਜ਼ਮ ਸਜ਼ਾ ਤੋਂ ਬਚ ਰਹੇ ਹਨ। ਪਿਛਲੇ ਵਰ੍ਹੇ ਪੁਲਿਸ ਨੇ ਅਜਿਹੇ ਮਾਮਲਿਆਂ ਵਿਚ 10,220 ਕੇਸ ਦਰਜ ਕੀਤੇ ਸਨ। ਇਨ੍ਹਾਂ ਵਿਚੋਂ 5489 ਕੇਸਾਂ ਦਾ ਫੈਸਲਾ ਹੋਇਆ ਜਿਨ੍ਹਾਂ ਵਿਚੋਂ ਸਿਰਫ਼ 4003 ਮੁਲਜ਼ਮਾਂ ਨੂੰ ਹੀ ਸਜ਼ਾ ਹੋਈ ਜਦੋਂਕਿ 27 ਫੀਸਦ ਕੇਸਾਂ ਵਿਚੋਂ ਮੁਲਜ਼ਮ ਬਰੀ ਹੋ ਗਏ। ਸਾਲ 2010 ਵਿਚ 5508 ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ ਵਿਚੋਂ 4572 ਦਾ ਫੈਸਲਾ ਹੋਇਆ ਜਿਨ੍ਹਾਂ ਵਿਚੋਂ 29 ਫੀਸਦ (1334) ਕੇਸਾਂ ਦੇ ਮੁਲਜ਼ਮ ਬਰੀ ਹੋ ਗਏ। ਸਾਲ 2011 ਵਿਚ ਅਜਿਹੇ 5464 ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚੋਂ 1342 (26 ਫੀਸਦੀ) ਕੇਸਾਂ ਦੇ ਮੁਲਜ਼ਮ ਬਰੀ ਹੋ ਗਏ ਹਨ।

# ਬਾਦਲਾਂ ਨੇ ਸੁੱਕੇ ਟਿੱਬਿਆਂ ਨੂੰ ਸੇਮ ਮਾਰੇ ਐਲਾਨਿਆ

## ਚਹੇਤਿਆਂ ਨੂੰ ਲਾਹਾ ਦੇਣ ਦਾ ਨਵਾਂ ਫਾਰਮੂਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਤਕਰੀਬਨ ਅੱਧੀ ਦਰਜਨ ਅਜਿਹੇ ਪਿੰਡਾਂ ਨੂੰ ਸੇਮਗ੍ਰਸਤ ਐਲਾਨਿਆ ਹੋਇਆ ਹੈ ਜਿਨ੍ਹਾਂ ਦੀ ਜੂਹ ਵਿਚ ਕਦੇ ਸੇਮ ਢੁਕੀ ਹੀ ਨਹੀਂ। ਪਾਵਰਕੌਮ ਨੇ ਸੇਮ ਦੇ ਨਾਂ 'ਤੇ ਇਨ੍ਹਾਂ ਪਿੰਡਾਂ ਨੂੰ ਹਜ਼ਾਰਾਂ ਤਰਜੀਹੀ ਕੁਨੈਕਸ਼ਨ ਦੇ ਦਿੱਤੇ ਹਨ। ਇਨ੍ਹਾਂ ਵਿਚੋਂ ਚਾਰ ਪਿੰਡ ਤਾਂ ਮੁੱਖ ਮੰਤਰੀ ਦੇ ਜੱਦੀ ਹਲਕੇ ਲੰਬੀ ਦੇ ਹਨ ਤੇ ਇਕ ਪਿੰਡ ਹਲਕਾ ਗਿੱਦੜਬਾਹਾ ਤੇ ਇਕ ਪਿੰਡ ਜ਼ਿਲ੍ਹਾ ਬਠਿੰਡਾ ਵਿਚ ਪੈਂਦਾ ਹੈ। ਇਨ੍ਹਾਂ ਪਿੰਡਾਂ ਨੂੰ ਦਿੱਤੇ ਟਿਊਬਵੈੱਲ ਕੁਨੈਕਸ਼ਨਾਂ ਦਾ ਖਰਚਾ ਸਰਕਾਰ ਨੇ ਚੁੱਕਿਆ ਹੈ ਤੇ ਖਪਤਕਾਰਾਂ ਨੂੰ ਮਾਮੂਲੀ ਰਾਸ਼ੀ ਹੀ ਤਾਰਨੀ ਪਈ ਹੈ।

ਪਾਵਰਕੌਮ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀ ਜਾਣਕਾਰੀ ਮੁਤਾਬਕ ਇਨ੍ਹਾਂ ਪਿੰਡਾਂ ਦੇ ਖਪਤਕਾਰਾਂ ਨੂੰ ਪ੍ਰਤੀ ਕੁਨੈਕਸ਼ਨ ਤਕਰੀਬਨ 18 ਹਜ਼ਾਰ ਰੁਪਏ ਦੀ ਰਾਸ਼ੀ ਭਰਨੀ ਪਈ ਹੈ ਜਦੋਂਕਿ ਪਾਵਰਕੌਮ ਨੇ ਪ੍ਰਤੀ ਕੁਨੈਕਸ਼ਨ 80 ਹਜ਼ਾਰ ਤੋਂ 90 ਹਜ਼ਾਰ ਤੱਕ ਖਰਚ ਕੀਤਾ ਹੈ। ਇਨ੍ਹਾਂ ਪਿੰਡਾਂ ਨੂੰ 1583 ਸੇਮ ਵਾਲੇ ਤਰਜੀਹੀ ਟਿਊਬਵੈੱਲ ਕੁਨੈਕਸ਼ਨ ਦਿੱਤੇ ਗਏ ਹਨ ਜਿਨ੍ਹਾਂ ਨੇ ਪਾਵਰਕੌਮ ਨੇ ਸਰਕਾਰੀ ਖ਼ਜ਼ਾਨੇ ਵਿਚੋਂ ਤਕਰੀਬਨ 13 ਕਰੋੜ ਰੁਪਏ ਖਰਚ ਕੀਤੇ ਹਨ। ਪਾਵਰਕੌਮ ਦੇ ਸਰਕਲ ਦਫ਼ਤਰ ਬਠਿੰਡਾ ਅਧੀਨ ਪੈਂਦੇ ਪਿੰਡ ਕੋਟਲੀ ਨੂੰ ਸਭ ਤੋਂ ਵੱਧ 486 ਸੇਮ ਵਾਲੇ ਤਰਜੀਹੀ ਕੁਨੈਕਸ਼ਨ ਜਾਰੀ ਕੀਤੇ ਗਏ ਹਨ ਜਿਨ੍ਹਾਂ 'ਤੇ ਸਰਕਾਰ ਨੇ ਕਰੋੜਾਂ ਰੁਪਏ ਪੱਲਿਓਂ ਖਰਚ ਕੀਤੇ ਹਨ। ਸਾਲ 2012 ਦੀਆਂ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ ਇਸ ਪਿੰਡ ਵਿਚ 150 ਸੇਮ ਵਾਲੇ ਕੁਨੈਕਸ਼ਨ ਦੇ ਦਿੱਤੇ ਗਏ ਸਨ ਤੇ ਬਾਕੀ ਦੇ ਹੁਣ ਦਿੱਤੇ ਗਏ ਹਨ। ਪਿੰਡ ਕੋਟਲੀ ਦਾ ਤਕਰੀਬਨ 12 ਹਜ਼ਾਰ ਏਕੜ ਰਕਬਾ ਵਾਹੀਯੋਗ ਹੈ। ਇਸ ਪਿੰਡ ਵਿਚ ਧਰਤੀ ਹੇਠਲਾ ਪਾਣੀ 26 ਤੋਂ 30 ਫੁੱਟ ਨੀਵਾਂ ਹੈ। ਸਰਕਾਰ ਨੇ ਇਸ ਪਿੰਡ ਨੂੰ ਸੇਮ ਪ੍ਰਭਾਵਿਤ ਪਿੰਡ ਐਲਾਨ ਦਿੱਤਾ ਤਾਂ ਜੋ ਲੋਕਾਂ ਨੂੰ ਮੁਫਤੋਂ ਮੁਫ਼ਤ ਕੁਨੈਕਸ਼ਨ ਦਿੱਤੇ ਜਾ ਸਕਣ। ਪਿੰਡ ਕੋਟਲੀ ਦੇ ਸਰਪੰਚ ਗੋਰਾ ਸਿੰਘ ਨੇ ਖ਼ੁਦ ਮੰਨਿਆ ਕਿ ਉਨ੍ਹਾਂ ਦੇ ਪਿੰਡ ਵਿਚ ਕਦੇ ਵੀ ਸੇਮ ਨਹੀਂ ਆਈ।

ਬਠਿੰਡਾ ਦੇ ਪਿੰਡ ਘੁੱਦਾ ਵਿਚ ਸੇਮ ਵਾਲੇ 318 ਤਰਜੀਹੀ ਕੁਨੈਕਸ਼ਨ ਦੇ ਦਿੱਤੇ ਗਏ ਹਨ ਜਦੋਂਕਿ ਇਸ ਪਿੰਡ ਦੇ ਇਕ ਪਾਸੇ ਹਾਲੇ ਵੀ ਟਿੱਬੇ ਹਨ। ਪਿੰਡ ਘੁੱਦਾ ਮੁੱਖ ਮੰਤਰੀ ਪੰਜਾਬ ਦੇ ਪੁਰਖਿਆਂ ਦਾ ਪਿੰਡ ਹੈ। ਪਿੰਡ ਵਿਚ ਕਦੇ ਵੀ ਸੇਮ ਨਹੀਂ ਆਈ ਹੈ। ਮੁੱਖ ਮੰਤਰੀ ਦੇ ਜੱਦੀ ਹਲਕੇ ਲੰਬੀ ਦੇ ਪਿੰਡ ਮਿੱਠੜੀ ਬੁਧ ਗਿਰ ਵਿਚ ਭਰਪੂਰ ਫਸਲ ਹੁੰਦੀ ਹੈ ਤੇ ਇਸ ਪਿੰਡ ਦਾ ਸਿਰਫ਼ 10 ਤੋਂ 20 ਏਕੜ ਰਕਬਾ ਹੀ ਕਦੇ ਸੇਮ ਪ੍ਰਭਾਵਿਤ ਰਿਹਾ ਹੈ।

ਪਾਵਰਕੌਮ ਨੇ ਇਸ ਪਿੰਡ ਵਿਚ ਸੇਮ ਵਾਲੇ 195 ਤਰਜੀਹੀ ਕੁਨੈਕਸ਼ਨ ਦੇ ਦਿੱਤੇ ਹਨ। ਇਸ ਪਿੰਡ ਵਿਚ 16 ਤੋਂ 20 ਫੁੱਟ ਨੀਵਾਂ ਪਾਣੀ ਹੈ।



ਇਸੇ ਤਰ੍ਹਾਂ ਸਰਕਾਰ ਨੇ ਪਿੰਡ ਗੱਗੜ, ਸਿੰਘੇਵਾਲਾ ਤੇ ਫਤੂਹੀਵਾਲਾ ਨੂੰ ਵੀ ਸੇਮ ਪ੍ਰਭਾਵਿਤ ਪਿੰਡ ਐਲਾਨ ਦਿੱਤਾ ਹੈ ਜਦੋਂਕਿ ਇਨ੍ਹਾਂ ਪਿੰਡਾਂ ਵਿਚ ਸੇਮ ਨਹੀਂ ਹੈ। ਮਾਰਕੀਟ ਕਮੇਟੀ ਮਲੋਟ ਦੇ ਰਿਕਾਰਡ ਮੁਤਾਬਕ ਇਨ੍ਹਾਂ ਪਿੰਡਾਂ ਵਿਚ ਭਰਪੂਰ ਫਸਲ ਹੋ ਰਹੀ ਹੈ। ਪਾਵਰਕੌਮ ਨੇ ਪਿੰਡ ਗੱਗੜ ਵਿਚ ਸੇਮ ਵਾਲੇ 109 ਤਰਜੀਹੀ ਕੁਨੈਕਸ਼ਨ, ਪਿੰਡ ਸਿੰਘੇਵਾਲਾ ਵਿਚ 129 ਕੁਨੈਕਸ਼ਨ ਤੇ ਪਿੰਡ ਫਤੂਹੀਵਾਲਾ ਵਿਚ 179 ਕੁਨੈਕਸ਼ਨ ਦਿੱਤੇ ਹਨ।

ਹਾਸਲ ਜਾਣਕਾਰੀ ਮੁਤਾਬਕ ਪਿੰਡ ਗੱਗੜ ਵਿਚ ਧਰਤੀ ਹੇਠਲਾ ਪਾਣੀ 17 ਫੁੱਟ 'ਤੇ, ਸਿੰਘੇਵਾਲਾ ਤੇ ਫਤੂਹੀਵਾਲਾ ਵਿਚ 20 ਤੋਂ 25 ਫੁੱਟ 'ਤੇ ਹੈ। ਸੂਤਰਾਂ ਮੁਤਾਬਕ ਸਰਕਾਰ ਨੇ ਆਪਣਿਆਂ ਨੂੰ ਸੇਮ ਵਾਲੀ ਕੈਟੇਗਰੀ ਵਿਚ ਪਾ ਕੇ ਕੁਨੈਕਸ਼ਨ ਰਾਤੋ ਰਾਤ ਜਾਰੀ ਕਰ ਦਿੱਤੇ ਹਨ। ਦੂਜੇ ਪਾਸੇ ਪੰਜਾਬ ਦੇ ਆਮ ਕਿਸਾਨ 1991 ਤੋਂ ਟਿਊਬਵੈੱਲ ਕੁਨੈਕਸ਼ਨ ਲੈਣ ਖਾਤਰ ਉਡੀਕ ਸੂਚੀ ਵਿਚ ਖੜ੍ਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਿੰਡ ਬਾਦਲ ਵੀ ਸੇਮ ਪ੍ਰਭਾਵਿਤ ਐਲਾਨਿਆ ਗਿਆ ਹੈ। ਪਾਵਰਕੌਮ ਨੇ ਇਸ ਪਿੰਡ ਵਿਚ ਸੇਮ ਵਾਲੇ 167 ਤਰਜੀਹੀ ਟਿਊਬਵੈੱਲ ਕੁਨੈਕਸ਼ਨ ਵੀ ਦੇ ਦਿੱਤੇ ਹਨ। ਪਿੰਡ ਬਾਦਲ ਦੇ ਸਾਰੇ ਰਕਬੇ ਵਿਚ ਪੂਰੀ ਫਸਲ ਹੋ ਰਹੀ ਹੈ ਅਤੇ ਕਿਤੇ ਵੀ ਸੇਮ ਦਾ ਨਾਮੋ ਨਿਸ਼ਾਨ ਨਹੀਂ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 29 ਜੂਨ 2013*

## ਮੋਦੀ ਮੰਤਰ ਫਿਲਹਾਲ ਫੇਲ੍ਹ

ਆਰ.ਐਸ.ਐਸ. ਵੱਲੋਂ ਉਚੇਚੇ ਤੌਰ 'ਤੇ ਸ਼ਿੰਗਾਰੇ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਚੋਣ ਮੁਹਿੰਮ ਕਮੇਟੀ ਦੇ ਨਵੇਂ ਥਾਪੇ ਗਏ ਮੁਖੀ ਨਰੇਂਦਰ ਮੋਦੀ ਦਾ ਪਲੇਠਾ ਸਿਆਸੀ ਜਲਸਾ ਬਹੁਤਾ ਪ੍ਰਭਾਵ ਪਾਉਣੋਂ ਨਾਕਾਮ ਰਿਹਾ ਹੈ। ਪੰਜਾਬ ਦੇ ਕਸਬੇ ਮਾਧੋਪੁਰ ਵਿਚ ਹੋਏ ਇਸ ਜਲਸੇ ਵਿਚ ਉਨ੍ਹਾਂ ਨੇ ਅਗਲੀਆਂ ਲੋਕ ਸਭਾ ਚੋਣਾਂ ਦਾ ਬਿਗਲ ਵਜਾਇਆ, ਪਰ ਇਸ ਬਿਗਲ ਦੀ ਆਵਾਜ਼ ਬਹੁਤ ਮੱਧਮ ਜਿਹੀ ਰਹੀ। ਇਸ ਜਲਸੇ ਵਿਚ ਰੂਹ ਫੂਕਣ ਹਿਤ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਪਹਿਲਾਂ ਖੁਦ ਪੰਜਾਬ ਦਾ ਗੇੜਾ ਲਾਇਆ, ਪਰ ਇਸ ਨਾਲ ਵੀ ਗੱਲ ਬਣ ਨਾ ਸਕੀ। ਆਪਣੇ ਧੜੱਲੇਦਾਰ ਭਾਸ਼ਨਾਂ ਲਈ ਮਸ਼ਹੂਰ ਨਰੇਂਦਰ ਮੋਦੀ ਦੇ ਭਾਸ਼ਨ ਵੀ ਸਮਝੋ, ਦਹਿਲੀਜ਼ ਵੀ ਪਾਰ ਨਾ ਕਰ ਸਕੇ। ਉਨ੍ਹਾਂ ਨੇ ਭਾਸ਼ਨ ਦਾ ਮੁੱਖ ਮੁੱਦਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਰਾਹੀਂ ਚਲਾਏ ਜਾ ਰਹੇ ਦੋ ਸੱਤਾ ਕੇਂਦਰਾਂ ਨੂੰ ਬਣਾਇਆ, ਪਰ ਸੋਨੀਆ ਗਾਂਧੀ ਅਤੇ ਡਾ. ਮਨਮੋਹਨ ਸਿੰਘ ਦੀ ਇਸ ਤਰ੍ਹਾਂ ਦੀ ਆਲੋਚਨਾ ਕਿਸੇ ਨੂੰ ਵੀ ਬਹੁਤੀ ਜਚੀ ਨਹੀਂ। ਮੀਡੀਆ ਵਾਲਿਆਂ ਤਾਂ ਸਗੋਂ ਚੁਟਕੀਆਂ ਲਈਆਂ ਕਿ ਸੱਤਾ ਦੇ ਦੋ ਕੇਂਦਰ ਤਾਂ ਭਾਜਪਾ ਵਿਚ ਬਣੇ ਹੋਏ ਹਨ। ਉਨ੍ਹਾਂ (ਮੋਦੀ) ਨੂੰ ਖੁਦ ਚੋਣ ਕਮੇਟੀ ਦਾ ਮੁਖੀ ਲਾਉਣ ਤੋਂ ਬਾਅਦ ਪਾਰਟੀ ਅੰਦਰ ਜੋ ਘਸਮਾਣ ਪਿਆ ਸੀ, ਉਹ ਰੁਕਣ ਦੀ ਬਜਾਏ ਬਹੁਤ ਅਗਾਂਹ ਲੰਘ ਗਿਆ ਸੀ; ਇੰਨਾ ਅਗਾਂਹ ਕਿ ਪਹਿਲਾਂ ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਬਗਾਵਤ ਕੀਤੀ ਅਤੇ ਫਿਰ ਜਨਤਾ ਦਲ (ਯੂ.) ਵਰਗੀ ਪੁਰਾਣੀ ਭਾਈਵਾਲ ਪਾਰਟੀ ਨੇ ਵੀ ਐਨ.ਡੀ.ਏ. ਤੋਂ ਕਿਨਾਰਾ ਕਰ ਲਿਆ। ਨਰੇਂਦਰ ਮੋਦੀ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਬਦਨਾਮ ਹੋਏ ਸਨ। ਇਸ ਮੁੱਦੇ 'ਤੇ ਉਨ੍ਹਾਂ ਦੀ ਬਹੁਤ ਦੁਰ-ਦੁਰ ਹੋਈ, ਭਾਵੇਂ ਉਹ ਲਗਾਤਾਰ ਇਸ ਨੁਕਤਾਚੀਨੀ ਨੂੰ ਅਣਗੌਲਿਆ ਕਰਦੇ ਰਹੇ। ਉਂਜ, ਇਸ ਮੁੱਦੇ ਦਾ ਇਕ ਅਹਿਮ ਤੱਥ ਇਹ ਵੀ ਹੈ ਕਿ 2002 ਦੇ ਉਸ ਕਾਰੇ ਕਰ ਕੇ ਉਹ ਅਜੇ ਤੱਕ ਅਮਰੀਕਾ ਦੀ ਧਰਤੀ ਉਤੇ ਪੈਰ ਨਹੀਂ ਪਾ ਸਕੇ; ਹਾਲਾਂਕਿ ਉਨ੍ਹਾਂ ਨੇ ਅਮਰੀਕਾ ਪੁੱਜਣ ਦੀ ਕੋਸ਼ਿਸ਼ ਕਈ ਵਾਰ ਕੀਤੀ। ਅਸਲ ਵਿਚ ਉਨ੍ਹਾਂ ਦੀ ਫਿਰਕੂ ਅਤੇ ਨਫਰਤ ਭਰੀ ਸਿਆਸਤ ਕਰ ਕੇ ਜਿੰਨੀ ਕੁ ਦੁਰਗਤ ਹੋਣੀ ਚਾਹੀਦੀ ਸੀ, ਉਹ ਹਰ ਮੋੜ ਅਤੇ ਹਰ ਦਰ ਉਤੇ ਹੋਈ। ਇਹ ਗੱਲ ਉਕਾ ਹੀ ਵੱਖਰੀ ਹੈ ਕਿ ਉਹ ਗੁਜਰਾਤ ਵਿਚ ਲਗਾਤਾਰ ਚੋਣਾਂ ਜਿੱਤ ਕੇ ਆਪਣੇ ਵਿਰੋਧੀਆਂ ਨੂੰ ਚੁੱਪ ਕਰ ਜਾਣ ਲਈ ਮਜਬੂਰ ਕਰਦੇ ਰਹੇ। ਉਨ੍ਹਾਂ ਦੀ ਜਿੱਤ ਦਾ ਦੂਜਾ ਪਾਸਾ ਫਰੋਲਿਆ ਜਾਵੇ ਤਾਂ ਹਰ ਕੋਈ ਇਸ ਨਤੀਜੇ 'ਤੇ ਪੁੱਜਦਾ ਹੈ ਕਿ ਇਹ ਅਸਲ ਵਿਚ ਮੋਦੀ ਦੀਆਂ ਜਿੱਤਾਂ ਨਹੀਂ, ਸਗੋਂ ਗੁਜਰਾਤ ਸੂਬੇ ਵਿਚ ਕਾਂਗਰਸ ਦੀਆਂ ਨਾਲਾਇਕੀਆਂ ਅਤੇ ਹਾਰਾਂ ਹਨ ਜਿਸ ਕਰ ਕੇ ਇਹ ਬੰਦਾ ਜਿੱਤਦਾ ਰਿਹਾ ਹੈ। ਸੂਬੇ ਵਿਚ ਉਸ ਦੇ ਬਰਾਬਰ ਦੀ ਧਿਰ ਹੀ ਕੋਈ ਨਹੀਂ ਅਤੇ ਭ੍ਰਿਸ਼ਟ ਤੇ ਨਿਕੰਮੀ ਕਾਂਗਰਸ ਇਸ ਸੂਰਤ ਵਿਚ ਉਸ ਦਾ ਮੁਕਾਬਲਾ ਕਰਦੀ ਤਾਂ ਕਿੰਜ ਕਰਦੀ! ਹੁਣ ਵੀ ਸਿਆਸੀ ਵਿਸ਼ਲੇਸ਼ਣਕਾਰਾਂ ਦੀ ਰਾਏ ਹੈ ਕਿ ਜੇ ਲੋਕ ਸਭਾ ਚੋਣਾਂ ਵਿਚ ਮੋਦੀ ਦੀ ਧਿਰ ਅੱਗੇ ਰਹਿੰਦੀ ਹੈ ਤਾਂ ਇਸ ਵਿਚ ਮੋਦੀ ਦਾ ਕੋਈ ਖਾਸ ਯੋਗਦਾਨ ਨਹੀਂ ਹੋਵੇਗਾ, ਬਲਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਕਾਂਗਰਸ ਦੀਆਂ ਨਾਕਾਮੀਆਂ ਕਰ ਕੇ ਹੀ ਇਹ ਲੀਡ ਮਿਲੇਗੀ। ਨਰੇਂਦਰ ਮੋਦੀ ਆਪਣੇ ਕਰਮਾਂ ਅਤੇ ਭਾਸ਼ਨਾਂ ਵਿਚ ਜਿੰਨੀ ਨਫਰਤ ਛਿੜਕਦੇ ਹਨ, ਉਹ ਕਿਸੇ ਨੂੰ ਵੀ ਕਦੀ ਭੁੱਲਦੀ ਨਹੀਂ ਹੈ।

ਹੁਣ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਨਫਰਤ ਦੇ ਪਾਤਰ ਬਣੇ ਇਸ ਆਗੂ ਦੀ ਆਪਣੇ ਪੰਜਾਬ ਦੇ ਸ਼ਾਸ਼ਕਾਂ ਨਾਲ ਬੜੀ ਪੀਡੀ ਸਾਂਝ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਰੇਂਦਰ ਮੋਦੀ ਦੇ ਇਸ ਜਲਸੇ ਵਿਚ ਸ਼ਾਮਲ ਹੋਣ ਖਾਤਰ ਆਪਣਾ ਵਿਦੇਸ਼ ਦੌਰਾ ਵਿਚਾਲੇ ਛੱਡ ਦਿੱਤਾ। ਇਹ ਐਨ ਜੁਦੀ ਗੱਲ ਹੈ ਕਿ ਸਿਆਸੀ ਲਾਹਾ ਲੈਣ ਖਾਤਰ ਸ. ਬਾਦਲ ਨੇ ਲੋਕਾਂ ਨੂੰ ਇਹ ਕਿਹਾ ਹੈ ਕਿ ਉਹ ਹੇਮਕੁੰਟ ਦੇ ਯਾਤਰੂਆਂ ਦੇ ਦੁੱਖ ਦਰਦ ਸੁਣਨ ਲਈ ਵਿਦੇਸ਼ ਤੋਂ ਪਰਤ ਆਏ ਹਨ। ਖੈਰ! ਸ.ਬਾਦਲ ਇੱਦਾਂ ਦੀ ਲੋਕ ਲੁਭਾਊ ਸਿਆਸਤ ਦੇ ਬਹੁਤ ਵੱਡੇ ਮਾਹਰ ਹਨ, ਇਹ ਤੱਥ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਹਨ; ਪਰ ਹੁਣ ਲੋਕਾਂ ਲਈ ਬਹਿਸ ਦਾ ਨੁਕਤਾ ਇਹ ਬਣਿਆ ਹੋਇਆ ਹੈ ਕਿ ਜੋ ਕੁਝ ਕਾਂਗਰਸ ਨੇ 1984 ਵਿਚ ਸਿੱਖਾਂ ਨਾਲ ਕੀਤਾ, ਉਹੀ ਕੁਝ ਨਰੇਂਦਰ ਮੋਦੀ ਨੇ 2002 ਵਿਚ ਮੁਸਲਮਾਨਾਂ ਨਾਲ ਕੀਤਾ; ਸਿੱਖ ਅਤੇ ਮੁਸਲਮਾਨ ਭਾਰਤ ਅੰਦਰ ਘੱਟ-ਗਿਣਤੀਆਂ ਹਨ; ਪਰ ਸ. ਬਾਦਲ ਮੁਸਲਮਾਨਾਂ ਦੇ ਕਾਤਲ ਮੰਨੇ ਜਾ ਰਹੇ ਨਰੇਂਦਰ ਮੋਦੀ ਨੂੰ ਅੱਖਾਂ ਦੀਆਂ ਪਲਕਾਂ ਉਤੇ ਬਿਠਾ ਰਹੇ ਹਨ; ਦੂਜੇ ਪਾਸੇ ਸਿੱਖਾਂ ਦੀ ਦੋਖੀ ਮੰਨੀ ਜਾਂਦੀ ਕਾਂਗਰਸ ਖਿਲਾਫ ਭਾਸ਼ਨ ਦਿੰਦੇ ਨਹੀਂ ਥੱਕਦੇ। ਇਕ ਵਾਰ ਪ੍ਰੈਸ ਕਾਨਫਰੰਸ ਵਿਚ ਅਜਿਹਾ ਕਸੂਤਾ ਸਵਾਲ ਪੁੱਛਣ 'ਤੇ ਪ੍ਰਕਾਸ਼ ਸਿੰਘ ਬਾਦਲ ਬਹੁਤ ਔਖੇ ਹੋ ਗਏ ਸਨ ਅਤੇ ਸਵਾਲ ਪੁੱਛਣ ਵਾਲੇ ਪੱਤਰਕਾਰ ਮਗਰ ਕਈ ਸਾਲ ਪਏ ਰਹੇ ਸਨ। ਇਹ ਉਹੀ ਮੋਦੀ ਹੈ ਜਿਸ ਨਾਲ ਸਬੰਧਤ ਭਾਜਪਾ ਅਤੇ ਆਰ.ਐਸ.ਐਸ. ਸਿੱਖਾਂ ਦੀ ਨਿਆਰੀ ਹਸਤੀ ਮੰਨਣ ਤੋਂ ਉਕਾ ਹੀ ਇਨਕਾਰੀ ਹਨ। ਇਹ ਮੋਦੀ ਦੀ ਬਾਦਲਾਂ ਨਾਲ ਸਾਂਝ ਦਾ ਹੀ ਮਸਲਾ ਹੈ ਕਿ ਉਹ ਆਪਣੇ ਪਲੇਠੇ ਅਹਿਮ ਜਲਸੇ ਲਈ ਪੰਜਾਬ ਦੀ ਚੋਣ ਕਰਦਾ ਹੈ; ਹਰ ਪਾਸਿਉਂ ਬਹੁਤ ਸਾਰੇ ਯਤਨਾਂ ਦੇ ਬਾਵਜੂਦ ਮੋਦੀ ਦੇ ਇਸ ਜਲਸੇ ਨੂੰ ਹੁੰਗਾਰਾ ਨਹੀਂ ਮਿਲਿਆ। ਮੀਡੀਆ ਨੇ ਵੀ ਕੋਈ ਖਾਸ ਨੋਟਿਸ ਨਹੀਂ ਲਿਆ। ਫਿਲਹਾਲ ਫਿਕਰ ਵਾਲੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਪੰਜਾਬ ਵਿਚ ਸ. ਬਾਦਲ ਦੇ ਬਰਾਬਰ ਕੋਈ ਹੋਰ ਤਕੜਾ ਬਦਲ ਉਸਰਦਾ ਨਜ਼ਰ ਨਹੀਂ ਆ ਰਿਹਾ, ਐਨ ਉਸੇ ਤਰ੍ਹਾਂ ਕੌਮੀ ਪੱਧਰ 'ਤੇ ਮੋਦੀ ਦੇ ਖਿਲਾਫ ਕੋਈ ਦਮਦਾਰ ਲੀਡਰਸ਼ਿਪ ਨਹੀਂ। ਕੇਂਦਰ ਵਿਚ ਜੇ ਮੋਦੀ ਦੇ ਬਰਾਬਰ ਰਾਹੁਲ ਗਾਂਧੀ ਨੂੰ ਉਭਾਰਿਆ ਜਾ ਰਿਹਾ ਹੈ ਤਾਂ ਫਿਰ ਸਿੱਧੀ ਜਿਹੀ ਗੱਲ ਹੈ ਕਿ ਮੋਦੀ ਨੇ ਅਗਾਂਹ ਆਉਣਾ ਹੀ ਆਉਣਾ ਹੈ। ਅਸਲ ਵਿਚ ਭਾਰਤ ਵਿਚ ਮੋਦੀਆਂ, ਬਾਦਲਾਂ ਅਤੇ ਰਾਹੁਲਾਂ ਖਿਲਾਫ ਕਣਦਾਰ ਅਤੇ ਦਮਦਾਰ ਸਿਆਸਤ ਉਸਰਨੀ ਅਜੇ ਬਾਕੀ ਹੈ; ਨਹੀਂ ਤਾਂ ਮੋਦੀ ਵਰਗੇ ਨਫਰਤਾਂ ਦੇ ਸੌਦਾਗਰ ਹੀ ਜਿੱਤਦੇ ਰਹਿਣਗੇ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਐਨ.ਡੀ.ਏ ਬਨਾਮ ਯੂ.ਪੀ.ਏ*

ਪੂਰੇ ਜੋਬਨ 'ਤੇ ਬੂਟਾ ਸੀ ਭਗਵਿਆਂ ਦਾ, ਦੇ'ਤਾ ਜੜ੍ਹਾਂ ਦੇ ਵਿਚ ਹੀ ਟੱਕ ਭਾਈ।
ਲੈ ਡੁੱਬੀ ਏ ਮੋਦੀ ਦੀ ਚੇਅਰਮੈਨੀ, 'ਐਨ ਡੀ ਏ' ਦਾ ਟੁੱਟਿਆ ਲੱਕ ਭਾਈ।
ਸ਼ਰਦ ਅਤੇ ਨਿਤੀਸ਼ ਨੇ ਕਰੀ ਹਿੰਮਤ, ਫਾਸ਼ੀਵਾਦ ਨੂੰ ਦਿੱਤਾ ਏ ਧੱਕ ਭਾਈ।
ਖਾਲੀ ਪਈ ਪਟਾਰੀ ਵਿਚ ਭਾਜਪਾ ਦੀ, ਸ਼ਿਵ-ਸੈਨੀਏ 'ਕਾਲੀਏ ਤੱਕ ਭਾਈ।
ਭਾਵੇਂ 'ਯੂ ਪੀ ਏ' ਘੇਰਿਆ ਘਪਲਿਆਂ ਨੇ, ਉਹਦਾ ਹੋ ਗਿਆ ਉਚਾ ਹੁਣ ਨੱਕ ਭਾਈ।
ਦੇਸ਼ ਵਾਸੀਓ ਦੇਸ਼ ਦੀ ਜਿੱਤ ਇਹੀ, ਬਣਿਆ ਰਹੇ ਜੇ ਧਰਮ-ਨਿਰਪੱਖ ਭਾਈ!

# ਕੁਦਰਤੀ ਆਫ਼ਤ ਜਾਂ ਵਿਕਾਸ ਮਾਡਲ ਦਾ ਨਤੀਜਾ?

***ਜਿਸ ਕਦਰ ਰਾਜ ਵੱਲੋਂ ਸੈਰ-ਸਪਾਟੇ ਅਤੇ ਤੀਰਥ ਯਾਤਰਾਵਾਂ ਨੂੰ ਉਤਸ਼ਾਹਤ ਕੀਤਾ ਗਿਆ, ਉਸ ਦੇ ਤਨਾਸਬ 'ਚ ਵਾਤਾਵਰਣ ਦੀ ਸਾਂਭ-ਸੰਭਾਲ ਅਤੇ ਆਫ਼ਤਾਂ ਦੇ ਖ਼ਤਰਿਆਂ ਨਾਲ ਨਜਿੱਠਣ ਲਈ ਪੇਸ਼ਗੀ ਇੰਤਜ਼ਾਮਾਂ ਨੂੰ ਮੁਜਰਮਾਨਾ ਹੱਦ ਤਕ ਅੱਖੋਂ ਓਹਲੇ ਕੀਤਾ ਗਿਆ। ਉੱਪਰੋਂ ਸਿਤਮਜ਼ਰੀਫ਼ੀ ਇਹ ਕਿ ਇਸ ਤਰ੍ਹਾਂ ਦੇ ਹਾਲਾਤ ਵਿਚ ਉਤਰਾਖੰਡ ਹਕੂਮਤ ਕੋਲ ਕਿਸੇ ਵੱਡੀ ਆਫ਼ਤ ਨਾਲ ਨਜਿੱਠਣ ਦੀ ਕੋਈ ਯੋਜਨਾ ਹੀ ਨਹੀਂ ਸੀ; ਹਾਲਾਂਕਿ ਪਿਛਲੇ ਸਾਲ ਵੀ ਉਤਰ ਕਾਸ਼ੀ ਵਿਚ ਬੱਦਲ ਫਟਣ ਨਾਲ ਭਾਰੀ ਤਬਾਹੀ ਹੋਈ ਸੀ। ਹਾਲ ਹੀ ਵਿਚ ਇਹ ਵੀ ਸਾਹਮਣੇ ਆਇਆ ਕਿ ਕੇਂਦਰ ਸਰਕਾਰ ਵਲੋਂ ਜੋ ਆਫ਼ਤਾਂ ਨਾਲ ਨਜਿੱਠਣ ਲਈ ਆਮ ਬਜਟ ਭੇਜਿਆ ਜਾਂਦਾ ਰਿਹਾ ਹੈ, ਸੂਬਾ ਸਰਕਾਰ ਵੱਲੋਂ ਉਹ ਵੀ ਅਣਵਰਤਿਆ ਹੀ ਵਾਪਸ ਕੀਤਾ ਜਾਂਦਾ ਰਿਹਾ...।***

ਉਤਰਾਖੰਡ ਵਿਚ ਬੱਦਲ ਫਟਣ, ਭਾਰੀ ਬਾਰਿਸ਼ ਪੈਣ ਤੇ ਪਹਾੜਾਂ ਦੇ ਧਸ ਜਾਣ ਨਾਲ ਕੇਦਾਰਨਾਥ ਧਾਮ ਤੋਂ ਇਲਾਵਾ ਰੁਦਰਪ੍ਰਯਾਗ, ਚਮੋਲੀ, ਉਤਰਕਾਸ਼ੀ ਅਤੇ ਪਿਥੌਰਾਗੜ੍ਹ ਜ਼ਿਲ੍ਹਿਆਂ ਵਿਚ ਹੋਈ ਭਿਆਨਕ ਜਾਨੀ ਤੇ ਮਾਲੀ ਤਬਾਹੀ ਦਾ ਸਹੀ ਵੇਰਵਾ ਸ਼ਾਇਦ ਹੀ ਕਦੇ ਸਾਹਮਣੇ ਆਵੇ। ਅਸਲ ਵਿਚ ਕਿੰਨੇ ਲੋਕਾਂ ਦੀਆਂ ਜਾਨਾਂ ਇਸ ਤਬਾਹੀ ਨੇ ਲੈ ਲਈਆਂ, ਇਸ ਬਾਰੇ ਨਿਰੇ ਅੰਦਾਜ਼ੇ ਹੀ ਹਨ। 70,000 ਲੋਕ ਅਜੇ ਤੱਕ ਲਾਪਤਾ ਹਨ। ਕੇਦਾਰਨਾਥ, ਬਦਰੀਨਾਥ, ਗੰਗੋਤਰੀ, ਯਮਨੋਤਰੀ ਤੇ ਹੇਮਕੁੰਟ ਵਿਚ ਦਹਿ ਹਜ਼ਾਰਾਂ ਲੋਕ ਫਸੇ ਹੋਏ ਦੱਸੇ ਜਾਂਦੇ ਹਨ। ਤੀਰਥ ਯਾਤਰੀਆਂ ਤੇ ਹੋਰ ਸੈਲਾਨੀਆਂ ਤੋਂ ਇਲਾਵਾ ਸਥਾਨਕ ਲੋਕਾਂ ਦਾ ਜੋ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਉਸ ਦੀ ਥਾਹ ਪਾਉਣਾ ਮੁਸ਼ਕਿਲ ਹੈ। ਭਾਰੀ ਬੱਦਲ ਫਟੇ, ਚਟਾਨ ਤੇ ਬਰਫ਼ ਦਾ ਗਲੇਸ਼ੀਅਰ ਨੁਮਾ ਕੇਦਾਰ ਗੁੰਬਦ ਲੁੜਕ ਗਿਆ ਅਤੇ ਫਿਰ 3600 ਮੀਟਰ ਦੀ ਉਚਾਈ 'ਤੇ ਚਾਰਬਾਰੀ ਝੀਲ 'ਚ ਵੱਡਾ ਪਾੜ ਪੈ ਗਿਆ। ਲਗਾਤਾਰ ਮੋਹਲੇਧਾਰ ਮੀਂਹ ਅਤੇ ਪਹਾੜ ਧਸਣ ਨਾਲ ਪਹਾੜਾਂ ਵਿਚਲਾ ਖੇਤਰ ਭਾਰੀ ਹੜ੍ਹ ਅਤੇ ਗਾਰ ਦੀ ਲਪੇਟ ਵਿਚ ਆ ਕੇ ਇਸ ਕਦਰ ਡੁੱਬ ਗਿਆ ਕਿ ਹੈਲੀਕਾਪਟਰਾਂ ਤੋਂ ਲਈਆਂ ਤਸਵੀਰਾਂ ਵਿਚ ਹੇਠਾਂ ਕੁਝ ਵੀ ਨਜ਼ਰ ਨਹੀਂ ਪੈ ਰਿਹਾ। ਐਪਰ, ਇਸ ਖੇਤਰ ਵਿਚ ਤਬਾਹੀ ਦੀ ਜੋ ਤਸਵੀਰ ਮੀਡੀਆ ਵਿਚ ਪੇਸ਼ ਕੀਤੀ ਜਾ ਰਹੀ ਹੈ, ਉਹ ਅੱਧਾ ਅਧੂਰਾ ਸੱਚ ਅਤੇ ਇਕਤਰਫ਼ਾ ਹੈ। ਇਸ ਵਿਚ ਉਥੇ ਫਸੇ ਯਾਤਰੀਆਂ ਨੂੰ ਦਰਪੇਸ਼ ਭਾਰੀ ਮੁਸ਼ਕਿਲਾਂ ਅਤੇ ਜੰਗੀ ਪੱਧਰ 'ਤੇ ਸਰਕਾਰੀ ਰਾਹਤ ਕਾਰਜਾਂ ਦਾ ਜ਼ਿਕਰ ਤਾਂ ਹੈ ਪਰ ਉਨ੍ਹਾਂ ਬੁਨਿਆਦੀ ਕਾਰਨਾਂ ਦੀ ਚਰਚਾ ਨਹੀਂ ਕੀਤੀ ਜਾਂਦੀ ਜਿਨ੍ਹਾਂ ਕਾਰਨ ਕੁਦਰਤ ਐਨੀ ਬੇਰਹਿਮੀ ਨਾਲ ਪੇਸ਼ ਆਈ। ਸਥਾਨਕ ਲੋਕਾਂ, ਉਨ੍ਹਾਂ ਦੀ ਆਰਥਿਕਤਾ ਦੇ ਵਿਨਾਸ਼, ਪੌਣਪਾਣੀ ਵਿਚ ਆਈ ਭਿਆਨਕ ਰੱਦੋ-ਬਦਲ ਅਤੇ ਇਸ ਦੇ ਖ਼ੌਫ਼ਨਾਕ ਭਵਿਖੀ ਅਸਰਾਂ ਦੀ ਚਰਚਾ ਗ਼ੈਰਹਾਜ਼ਰ ਹੈ। ਇਸ ਖੇਤਰ ਦੀ ਆਰਥਿਕਤਾ ਐਨੀ ਬਰਬਾਦ ਹੋ ਗਈ ਹੈ ਕਿ ਇਸ ਨੂੰ ਪਹਿਲੀ ਹਾਲਤ ਵਿਚ ਆਉਣ ਲਈ ਕਈ ਵਰ੍ਹੇ ਲੱਗ ਜਾਣਗੇ। ਥੋੜ੍ਹੇ ਸਮੇਂ ਵਿਚ ਹੀ ਉਤਰਾਖੰਡ ਦੇ ਲੋਕ ਦੂਜੀ ਵਾਰ ਉਜਾੜੇ ਦੀ ਮਾਰ ਹੇਠ ਆਏ ਹਨ। ਪਹਿਲਾਂ 'ਵਿਕਾਸ' ਦੇ ਨਾਂ ਹੇਠ ਵਿਕਾਸ ਪ੍ਰੋਜੈਕਟਾਂ ਜ਼ਰੀਏ ਅਤੇ ਹੁਣ ਉਸ ਤਬਾਹੀ ਰਾਹੀਂ ਜਿਸ ਨੂੰ ਕੁਦਰਤੀ ਆਫ਼ਤ ਕਹਿ ਕੇ ਹੁਕਮਰਾਨ ਆਪਣੇ ਮੁਜਰਮਾਨਾ ਕਿਰਦਾਰ 'ਤੇ ਪਰਦਾ ਪਾਉਣ ਦਾ ਯਤਨ ਕਰ ਰਹੇ ਹਨ। ਜਿਹੜੀ ਸਰਕਾਰ ਅੱਜ ਜੰਗੀ ਪੱਧਰ 'ਤੇ ਰਾਹਤ ਕਾਰਜਾਂ ਦੀ ਫ਼ੁਰਤੀ ਦਿਖਾ ਰਹੀ ਹੈ ਅਤੇ ਜਿਹੜਾ ਮੀਡੀਆ ਅੱਜ ਇਸ ਤਬਾਹੀ ਨੂੰ ਵੱਡੀ ਸੁਰਖ਼ੀਆਂ ਬਣਾ ਕੇ ਟੀ.ਆਰ.ਪੀ. ਨੂੰ ਜ਼ਰਬਾਂ ਦੇ ਰਿਹਾ ਹੈ, ਇਨ੍ਹਾਂ ਵਿਚੋਂ ਕਿਸੇ ਨੇ ਵੀ ਉਥੇ ਵਿਕਾਸ ਦੇ ਨਾਂ ਹੇਠ ਕੀਤੀ ਜਾ ਰਹੀ ਵਸੀਹ ਤਬਾਹੀ ਦਾ ਕਦੇ ਗੰਭੀਰਤਾ ਨਾਲ ਨੋਟਿਸ ਨਹੀਂ ਲਿਆ।

ਕੀ ਇਹ ਕੁਦਰਤੀ ਆਫ਼ਤ ਸੀ ਜਾਂ ਵਿਕਾਸ ਮਾਡਲ ਵਲੋਂ ਬੀਜੀ ਕੰਡਿਆਂ ਦੀ ਫ਼ਸਲ ਦਾ ਲਾਜ਼ਮੀ ਫ਼ਲ? ਇਸ ਬੁਨਿਆਦੀ ਸਵਾਲ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਉਥੇ ਕੁਦਰਤੀ ਆਫ਼ਤਾਂ ਅਕਸਰ ਹੀ ਆਉਂਦੀਆਂ ਰਹਿੰਦੀਆਂ ਹਨ, ਪਰ ਐਨੀ ਭਿਆਨਕ ਤਬਾਹੀ ਵਿਕਾਸ ਮਾਡਲ ਦਾ ਸਿੱਟਾ ਹੈ ਜੋ ਖ਼ੁਦ ਇਸ ਪ੍ਰਬੰਧ ਦਾ ਹੀ ਪੈਦਾ ਕੀਤਾ ਹੋਇਆ ਸੀ। ਹੁਕਮਰਾਨਾਂ ਨੇ ਆਰਥਿਕ ਵਿਕਾਸ ਦਾ ਜਿਸ ਤਰ੍ਹਾਂ ਦਾ ਤਰਕਹੀਣ ਮਾਡਲ ਅਪਣਾਇਆ ਹੋਇਆ ਹੈ, ਉਸ ਨੇ ਕੁਦਰਤ ਦੇ ਸਮਤੋਲ ਅਤੇ ਹੁਲੀਏ ਨੂੰ ਬੁਰੀ ਤਰ੍ਹਾਂ ਵਿਗਾੜ ਦਿੱਤਾ ਹੈ। ਮੁਨਾਫ਼ਾਮੁਖੀ 'ਵਿਕਾਸ' ਦੀ ਅੰਨ੍ਹੀ ਦੌੜ ਨੇ ਜੰਗਲਾਂ, ਦਰਿਆਵਾਂ, ਪਹਾੜਾਂ, ਮੈਦਾਨਾਂ ਦੀ ਜਿਵੇਂ ਅੰਨ੍ਹੇਵਾਹ ਢਾਹ-ਭੰਨ ਕੀਤੀ ਹੈ, ਜੋ ਅਜੇ ਵੀ ਬੇਰੋਕ-ਟੋਕ ਜਾਰੀ ਹੈ, ਉਸ ਬਾਰੇ ਵਾਤਾਵਰਣੀ ਤਬਦੀਲੀਆਂ ਤੋਂ ਜਾਗਰੂਕ ਲੋਕ ਲੰਮੇ ਸਮੇਂ ਤੋਂ ਅਜਿਹੀਆਂ ਭਿਆਨਕ ਆਫ਼ਤਾਂ ਦੇ ਖ਼ਤਰੇ ਦੀ ਵਾਰ ਵਾਰ ਚਿਤਾਵਨੀ ਦਿੰਦੇ ਰਹੇ ਹਨ; ਪਰ ਹੁਕਮਰਾਨ ਇਨ੍ਹਾਂ ਚਿਤਾਵਨੀਆਂ ਨੂੰ ਪੂਰੀ ਤਰ੍ਹਾਂ ਅਣਸੁਣਿਆ ਅਤੇ ਅਣਗੌਲਿਆ ਕਰ ਕੇ ਆਪਣੀ ਵਿਕਾਸ ਦੀ ਧੁਨ 'ਚ ਮਸਤ ਰਹੇ ਹਨ। ਹੁਕਮਰਾਨਾਂ ਨੂੰ ਕੁਦਰਤ, ਚੌਗਿਰਦੇ ਤੇ ਮਨੁੱਖ ਦੇ ਸਿਰ ਮੰਡਰਾ ਰਹੇ ਖ਼ਤਰਿਆਂ ਨਾਲ ਕੀ, ਉਨ੍ਹਾਂ ਨੂੰ ਤਾਂ 'ਵਿਕਾਸ' ਚਾਹੀਦਾ ਹੈ।

ਭਾਰਤੀ ਹੁਕਮਰਾਨਾਂ ਵਲੋਂ ਅਪਣਾਇਆ ਵਿਕਾਸ ਮਾਡਲ ਬਿਜਲੀ ਉੱਪਰ ਬਹੁਤ ਜ਼ਿਆਦਾ ਨਿਰਭਰ ਹੈ। ਇਸ ਦੀ ਪੂਰਤੀ ਲਈ ਨਰਮਦਾ ਨਦੀ ਉਪਰ ਧੜਵੈਲ ਸਰਦਾਰ ਸਰੋਵਰ ਪ੍ਰੋਜੈਕਟ ਤੋਂ ਇਲਾਵਾ ਉਤਰਾਖੰਡ ਵਿਚ ਭਾਗੀਰਥੀ, ਅਲਕਨੰਦਾ, ਮੰਦਾਕਿਨੀ, ਗੌਰੀਗੰਗਾ ਆਦਿ ਨਦੀਆਂ ਉੱਪਰ ਸਥਾਨਕ ਲੋਕਾਂ ਨੂੰ ਉਜਾੜ ਕੇ ਬਹੁਤ ਹੀ ਨਿੱਕੇ-ਨਿੱਕੇ ਤੋਂ ਲੈ ਕੇ ਛੋਟੇ ਦਰਮਿਆਨੇ ਅਤੇ ਧੜਵੈਲ ਪਣ-ਬਿਜਲੀ ਪ੍ਰਾਜੈਕਟ ਧੜਾਧੜ ਬਣਾਏ ਗਏ ਅਤੇ ਬਣਾਏ ਜਾ ਰਹੇ ਹਨ। (ਇਸੇ ਤਰਜ਼ 'ਤੇ ਹੁਣ ਮਨੀਪੁਰ ਤੇ ਅਸਾਮ ਵਿਚ ਧੜਾਧੜ ਡੈਮ ਉਸਾਰੇ ਜਾ ਰਹੇ ਹਨ।) ਸੈਲਾਨੀਆਂ ਦੀ ਵਧ ਰਹੀ ਤਾਦਾਦ ਨੂੰ ਮੁੱਖ ਰੱਖ ਕੇ ਅੰਨ੍ਹੇਵਾਹ ਸੜਕਾਂ ਬਣਾਈਆਂ ਗਈਆਂ। ਜੰਗਲੀ-ਪਹਾੜੀ ਵਿਰਲੀ ਵਸੋਂ ਜੋ ਕੁਦਰਤੀ ਚੌਗਿਰਦੇ ਨਾਲ ਪੂਰੀ ਤਰ੍ਹਾਂ ਇਕਸੁਰ ਸੀ, ਦੇ ਉਲਟ ਲੰਘੇ ਸਾਲਾਂ ਵਿਚ ਸੈਰ-ਸਪਾਟਾ ਸਨਅਤ ਤੇ ਅਖੌਤੀ ਵਿਕਾਸ ਪ੍ਰੋਜੈਕਟਾਂ ਦੇ ਤਰਕਹੀਣ ਪਸਾਰੇ ਦਾ ਹੜ੍ਹ ਹੀ ਆਇਆ ਰਿਹਾ ਹੈ। ਇੰਵ ਵਾਤਾਵਰਣ 'ਚ ਪੈਦਾ ਹੋਏ ਵਿਗਾੜਾਂ ਨਾਲ ਬਣੀ ਹਾਲਤ ਅਤੇ ਇਥੇ ਹੱਦੋਂ ਵੱਧ ਮਨੁੱਖੀ ਮੌਜੂਦਗੀ ਨਾਲ ਬਣਿਆ ਬੋਝ ਇਸ ਤਬਾਹੀ ਦੀ ਮੁੱਖ ਵਜ੍ਹਾ ਹੈ। ਮੁਨਾਫ਼ੇ ਖ਼ਾਤਰ ਸੈਰ-ਸਪਾਟਾ ਸਨਅਤ 'ਤੇ ਅੰਨ੍ਹੇ ਜ਼ੋਰ ਕਾਰਨ ਇਥੇ ਧਰਤੀ ਉੱਪਰ ਭਾਰੀ ਦਬਾਅ ਬਣਿਆ ਹੋਇਆ ਸੀ ਜਿਸ ਨੇ ਇਕ ਨਾ ਇਕ ਦਿਨ ਤਬਾਹੀ ਦਾ ਬੰਬ ਬਣ ਕੇ ਫਟਣਾ ਹੀ ਸੀ। ਇਸ ਤਬਾਹੀ ਤੋਂ ਅਗਲੇ ਦਿਨ, ਭਾਵ 18 ਜੂਨ ਤਕ ਹੀ ਇਥੇ ਆਮ ਨਾਲੋਂ 44 ਫ਼ੀ ਸਦੀ ਵੱਧ ਬਾਰਿਸ਼ ਹੋ ਚੁਕੀ ਸੀ ਜੋ ਆਪਣੇ ਆਪ 'ਚ ਹੀ ਮੌਸਮ 'ਚ ਆ ਰਹੀਆਂ ਵੱਡੀਆਂ ਤਬਦੀਲੀਆਂ ਦਾ ਮੱਥਾ ਠਣਕਾਊ ਸੰਕੇਤ ਸੀ।

ਬੂਟਾ ਸਿੰਘ

ਫੋਨ: 91-94634-74342

2010 'ਚ ਸੂਚਨਾ ਅਧਿਕਾਰ ਕਾਨੂੰਨ ਤਹਿਤ ਪਾਈ ਗਈ ਦਰਖ਼ਾਸਤ ਦੇ ਜਵਾਬ 'ਚ ਜੋ ਜਾਣਕਾਰੀ ਸੂਬਾ ਸਰਕਾਰ ਵਲੋਂ ਦਿੱਤੀ ਗਈ, ਉਸ ਅਨੁਸਾਰ ਗੰਗਾ ਅਤੇ ਇਸ ਦੀਆਂ ਸਹਾਇਕ ਨਦੀਆਂ ਉੱਪਰ 557 ਡੈਮ ਬਣਾਏ ਜਾਣ ਦੀ ਯੋਜਨਾ ਬਣਾਈ ਜਾ ਚੁੱਕੀ ਸੀ; ਪਰ ਦੇਹਰਾਦੂਨ ਸਥਿਤ ਪੀਪਲਜ਼ ਸਾਇੰਸ ਸੰਸਥਾ ਨੇ ਐਸੇ 117 ਡੈਮਾਂ ਦੀ ਨਿਸ਼ਾਨਦੇਹੀ ਕੀਤੀ ਜਿਨ੍ਹਾਂ ਦਾ ਉਪਰੋਕਤ 557 ਡੈਮਾਂ ਵਿਚ ਕਿਤੇ ਜ਼ਿਕਰ ਹੀ ਨਹੀਂ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਿਫ਼ੂਜ਼ ਥਾਵਾਂ 'ਤੇ ਬਣਾਏ ਸੱਤਾ ਦੇ ਗਲਿਆਰਿਆਂ 'ਚ ਬੈਠੇ ਹੁਕਮਰਾਨ ਕਿਵੇਂ ਇਨਸਾਨੀ ਜ਼ਿੰਦਗੀਆਂ ਨਾਲ ਖਲਵਾੜ ਕਰਨ 'ਤੇ ਤੁਲੇ ਹੋਏ ਹਨ। ਇਸੇ ਗੜ੍ਹਵਾਲ ਖਿੱਤੇ ਵਿਚ ਭਾਗੀਰਥੀ ਨਦੀ ਉੱਪਰ ਬਣਾਇਆ ਟੀਹਰੀ ਡੈਮ ਭਾਰਤ ਵਿਚ ਸਭ ਤੋਂ ਉੱਚਾ ਅਤੇ ਦੁਨੀਆਂ ਦਾ ਸਭ ਤੋਂ ਲੰਮਾ ਡੈਮ ਹੈ ਜੋ ਸਥਾਨਕ ਵਸੋਂ ਅਤੇ ਵਾਤਾਵਰਣ ਪ੍ਰੇਮੀਆਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਬਣਾਇਆ ਗਿਆ ਹੈ। ਸ਼ੁਕਰ ਹੈ, ਮੌਜੂਦਾ ਤਬਾਹੀ ਦੌਰਾਨ ਇਸ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ। ਜੇ ਕਿਤੇ ਅਜਿਹਾ ਹੋ ਜਾਂਦਾ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਦੇ ਪਾਣੀ ਵਿਚ ਪੂਰਾ ਉਤਰਾਖੰਡ ਤਾਂ ਕੀ, ਨਾਲ ਲਗਦੇ ਕਈ ਹੋਰ ਇਲਾਕੇ ਵੀ ਪੂਰੀ ਤਰ੍ਹਾਂ ਡੁੱਬ ਗਏ ਹੁੰਦੇ।

2011 ਦੀ ਮਰਦਮਸ਼ੁਮਾਰੀ ਅਨੁਸਾਰ ਉਤਰਾਖੰਡ ਦੀ ਆਬਾਦੀ ਇਕ ਕਰੋੜ ਇਕ ਲੱਖ 16,752 ਹੈ; ਪਰ ਇਸੇ ਸਾਲ ਦੇ ਅੰਕੜਿਆਂ ਅਨੁਸਾਰ ਉਥੇ ਢਾਈ ਕਰੋੜ ਸੈਲਾਨੀ ਪਹੁੰਚੇ। ਧਾਰਮਿਕ ਸ਼ਰਧਾ ਅਨੁਸਾਰ ਤੀਰਥ ਯਾਤਰਾ ਅਤੇ ਸੈਰ-ਸਪਾਟਾ ਆਪਣੀ ਜਗ੍ਹਾ ਠੀਕ ਹੈ, ਪਰ ਸਿਤਮਜ਼ਰੀਫ਼ੀ ਇਹ ਹੈ ਕਿ ਤੀਰਥ ਯਾਤਰਾਵਾਂ ਦੇ ਨਾਂ ਹੇਠ ਉਥੇ ਵੱਡੀ ਸਨਅਤ ਹੋਂਦ 'ਚ ਆ ਚੁੱਕੀ ਹੈ। ਮੁਨਾਫ਼ਾਖ਼ੋਰ ਕਾਰੋਬਾਰੀਆਂ, ਪੁਜਾਰੀਆਂ ਅਤੇ ਹੁਕਮਰਾਨਾਂ ਦਾ ਗੱਠਜੋੜ ਅਵਾਮ ਦੀ ਮਾਨਸਿਕਤਾ ਦਾ ਖ਼ੂਬ ਲਾਹਾ ਲੈ ਰਿਹਾ ਹੈ ਅਤੇ ਅੰਨ੍ਹੀ ਸ਼ਰਧਾ ਨੂੰ ਨੋਟਾਂ ਦੇ ਅੰਬਾਰਾਂ 'ਚ ਬਦਲ ਰਿਹਾ ਹੈ। ਤੀਰਥ ਯਾਤਰੀਆਂ ਤੇ ਸੈਰ-ਸਪਾਟਾ ਕਰਨ ਵਾਲਿਆਂ ਦੀ ਦਿਨੋ ਦਿਨ ਵਧ ਰਹੀ ਆਮਦ ਨੂੰ ਮੁੱਖ ਰੱਖਦਿਆਂ ਜੰਗਲਾਂ, ਪਹਾੜਾਂ, ਨਦੀਆਂ, ਝੀਲਾਂ ਦੀ ਕੁਦਰਤੀ ਬਣਤਰ ਨੂੰ ਬੁਰੀ ਤਰ੍ਹਾਂ ਤੋੜਿਆ ਮਰੋੜਿਆ ਗਿਆ। ਕੁਦਰਤੀ ਢੰਗ ਨਾਲ ਖੇਤੀ ਵਾਲੀ ਜ਼ਮੀਨ ਸੈਲਾਨੀ ਸਨਅਤ ਨੇ ਵੱਡੇ ਪੱਧਰ 'ਤੇ ਹੜੱਪ ਲਈ ਹੈ। ਬਿਲਡਰਾਂ ਨੇ ਪੈਸੇ ਦਾ ਲਾਲਚ ਦੇ ਕੇ ਸਥਾਨਕ ਲੋਕਾਂ ਤੋਂ ਜ਼ਮੀਨਾਂ ਦੇ ਛੋਟੇ ਛੋਟੇ ਟੁਕੜੇ ਹਥਿਆ ਲਏ, ਖ਼ਾਸ ਕਰ ਕੇ ਸੜਕਾਂ ਦੇ ਕੰਢੇ ਉਪਰਲੇ ਅਤੇ ਇਨ੍ਹਾਂ ਨੂੰ ਸੈਲਾਨੀ ਠਾਹਰਾਂ 'ਚ ਬਦਲ ਦਿੱਤਾ ਗਿਆ। ਸੈਲਾਨੀਆਂ ਖ਼ਾਤਰ ਹੋਟਲ, ਦੁਕਾਨਾਂ, ਰੈਸਟੋਰੈਂਟ, ਵਾਹਨ ਪਾਰਕਿੰਗ ਦੇ ਅੱਡੇ, ਮਿਨੀ ਮਾਲਜ਼ ਨਾ ਸਿਰਫ਼ ਸੜਕਾਂ ਕੰਢੇ ਸਗੋਂ ਨਦੀਆਂ ਦੇ ਕੰਢਿਆਂ ਉੱਪਰ, ਪਹਾੜੀ ਢਲਾਣਾਂ ਅਤੇ ਜੰਗਲੀ ਇਲਾਕਿਆਂ ਵਿਚ ਥਾਂ ਥਾਂ ਖੁੰਬਾਂ ਵਾਂਗ ਉੱਗ ਆਏ ਹਨ। ਕੁਦਰਤੀ ਚੌਗਿਰਦਾ ਤਾਂ ਬੁਰੀ ਤਰ੍ਹਾਂ ਪਲੀਤ ਹੋਇਆ ਹੀ ਹੈ, ਇਸ ਨੇ ਕੁਦਰਤੀ ਭੂਗੋਲਿਕ ਨਜ਼ਾਰੇ ਨੂੰ ਵੀ ਬੁਰੀ ਤਰ੍ਹਾਂ ਢਾਹ-ਭੰਨ ਦਿੱਤਾ ਹੈ। ਸਥਾਨਕ ਅਬਾਦੀ ਪਹਿਲਾਂ ਕੁਦਰਤੀ ਖੇਤੀ ਉੱਪਰ ਨਿਰਭਰ ਸੀ; ਹੁਣ ਉਹ ਸੈਲਾਨੀ ਸਨਅਤ ਦੀ ਹਾਬੜੀ ਹਵਸ ਵਿਚੋਂ ਕੀਤੇ ਜਾ ਰਹੇ ਅੰਨ੍ਹੇ 'ਵਿਕਾਸ' ਵਲੋਂ ਸੁੱਟੇ ਲਾਲਚ ਦੇ ਜਾਲ 'ਚ ਫਸ ਗਈ ਹੈ। ਇਸ ਤਬਦੀਲੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 2006-07 'ਚ ਜ਼ਮੀਨ ਤੋਂ ਜੋ ਮਾਲੀਆ 15.6 ਕਰੋੜ ਹਾਸਲ ਹੋਇਆ ਸੀ, ਉਹ ਇਸ ਸਾਲ ਮਹਿਜ਼ 8 ਕਰੋੜ ਰਹਿ ਗਿਆ। ਦੂਜੇ ਪਾਸੇ, ਜ਼ਮੀਨੀ ਮਾਲਕੀ ਦੇ ਤਬਾਦਲਿਆਂ ਨਾਲ ਸਬੰਧਤ ਸਟੈਂਪ ਅਤੇ ਰਜਿਸਟ੍ਰੇਸ਼ਨ ਫੀਸ 546 ਕਰੋੜ ਤੋਂ ਵਧ ਕੇ 640 ਕਰੋੜ ਹੋ ਗਈ ਜੋ ਬਿਲਡਰਾਂ ਤੇ ਸੈਲਾਨੀ ਸਨਅਤ ਵਲੋਂ ਖੇਤੀ ਹੇਠਲੀ ਜ਼ਮੀਨ ਨੂੰ ਹੜੱਪੇ ਜਾਣ ਦਾ ਮੂੰਹ ਬੋਲਦਾ ਸਬੂਤ ਹੈ।

ਇਹੀ ਉਹ ਹਾਲਾਤ ਹਨ ਜਿਨ੍ਹਾਂ ਨੇ ਇਸ ਭਿਆਨਕ ਤਬਾਹੀ ਦਾ ਮੁੱਢ ਬੰਨ੍ਹਿਆ। ਜਿਸ ਕਦਰ ਰਾਜ ਵੱਲੋਂ ਸੈਰ-ਸਪਾਟੇ ਅਤੇ ਤੀਰਥ ਯਾਤਰਾਵਾਂ ਨੂੰ ਉਤਸ਼ਾਹਤ ਕੀਤਾ ਗਿਆ, ਉਸ ਦੇ ਤਨਾਸਬ 'ਚ ਵਾਤਾਵਰਣ ਦੀ ਸਾਂਭ-ਸੰਭਾਲ ਅਤੇ ਆਫ਼ਤਾਂ ਦੇ ਖ਼ਤਰਿਆਂ ਨਾਲ ਨਜਿੱਠਣ ਲਈ ਪੇਸ਼ਗੀ ਇੰਤਜ਼ਾਮਾਂ ਨੂੰ ਮੁਜਰਮਾਨਾ ਹੱਦ ਤਕ ਅੱਖੋਂ ਓਹਲੇ ਕੀਤਾ ਗਿਆ। ਉੱਪਰੋਂ ਸਿਤਮਜ਼ਰੀਫ਼ੀ ਇਹ ਕਿ ਇਸ ਤਰ੍ਹਾਂ ਦੇ ਹਾਲਾਤ ਵਿਚ ਉਤਰਾਖੰਡ ਹਕੂਮਤ ਕੋਲ ਕਿਸੇ ਵੱਡੀ ਆਫ਼ਤ ਨਾਲ ਨਜਿੱਠਣ ਦੀ ਕੋਈ ਯੋਜਨਾ ਹੀ ਨਹੀਂ ਸੀ; ਹਾਲਾਂਕਿ ਪਿਛਲੇ ਸਾਲ ਵੀ ਉਤਰ ਕਾਸ਼ੀ ਵਿਚ ਬੱਦਲ ਫਟਣ ਨਾਲ ਭਾਰੀ ਤਬਾਹੀ ਹੋਈ ਸੀ। ਹਾਲ ਹੀ ਵਿਚ ਇਹ ਵੀ ਸਾਹਮਣੇ ਆਇਆ ਕਿ ਕੇਂਦਰ ਸਰਕਾਰ ਵਲੋਂ ਜੋ ਆਫ਼ਤਾਂ ਨਾਲ ਨਜਿੱਠਣ ਲਈ ਆਮ ਬਜਟ ਭੇਜਿਆ ਜਾਂਦਾ ਰਿਹਾ ਹੈ, ਸੂਬਾ ਸਰਕਾਰ ਵੱਲੋਂ ਉਹ ਵੀ ਅਣਵਰਤਿਆ ਹੀ ਵਾਪਸ ਕੀਤਾ ਜਾਂਦਾ ਰਿਹਾ, ਕਿਉਂਕਿ ਇਸ ਕੋਲ ਇਸ ਸਬੰਧ ਵਿਚ ਕੋਈ ਇੰਤਜ਼ਾਮ, ਕਾਰਜ ਯੋਜਨਾ, ਲੋੜੀਂਦਾ ਅਮਲਾ ਵਗੈਰਾ ਕੁਝ ਵੀ ਨਹੀਂ ਸੀ ਅਤੇ ਹੁਣ ਵੀ ਨਹੀਂ ਹੈ। ਜਿਥੇ ਪ੍ਰਬੰਧ ਅਜਿਹਾ ਮੁਜਰਮਾਨਾ ਹੋਵੇ ਉਥੇ ਅਜਿਹੀਆਂ ਭਿਆਨਕ ਤਬਾਹੀਆਂ ਦਾ ਦੋਸ਼ ਕੁਦਰਤ ਨੂੰ ਕਿਵੇਂ ਦਿੱਤਾ ਜਾ ਸਕਦਾ ਹੈ?

# 'ਹਰ ਬੰਦੇ ਲਈ ਖਾਲੀ ਹੈ ਜੰਗ ਦਾ ਮੈਦਾਨ'

*ਬੀਬੀ ਅਰੁੰਧਤੀ ਰਾਏ ਸਾਡੇ ਸਮਿਆਂ ਦੀ ਐਸੀ ਵਿਰਲੀ ਲੇਖਕਾ ਹੈ ਜੋ ਸਰਕਾਰੀ ਜਬਰ, ਅਨਿਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਖ਼ਿਲਾਫ਼ ਨਿਡਰਤਾ ਅਤੇ ਬੇਬਾਕੀ ਨਾਲ ਲਗਾਤਾਰ ਆਪਣੀ ਕਲਮ ਚਲਾ ਰਹੀ ਹੈ। ਉਹ ਸਮਾਜ ਦੇ ਸਭ ਤੋਂ ਵਾਂਝੇ, ਲੁੱਟੇ-ਪੁੱਟੇ ਅਤੇ ਹਾਸ਼ੀਏ 'ਤੇ ਖੜ੍ਹੇ ਲੋਕਾਂ ਨਾਲ ਧੜੱਲੇ ਨਾਲ ਖੜ੍ਹਦੀ ਹੈ। ਨਰੈਨ ਸਿੰਘ ਰਾਵ ਨਾਲ ਆਪਣੀ ਇਸ ਇੰਟਰਵਿਊ ਵਿਚ ਉਸ ਨੇ ਸਰਮਾਏਦਾਰੀ, ਮਾਰਕਸਵਾਦ, ਭਾਰਤ ਦੀ ਖੱਬੀ ਧਿਰ, ਭਾਰਤੀ ਸਿਆਸਤ ਅਤੇ ਸਮਾਜ ਨਾਲ ਜੁੜੇ ਵੱਖੋ-ਵੱਖਰੇ ਮੁੱਦਿਆਂ ਉਪਰ ਠੋਕ-ਵਜਾ ਕੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਇੰਟਰਵਿਊ ਦਾ ਅਨੁਵਾਦ 'ਪੰਜਾਬ ਟਾਈਮਜ਼' ਨਾਲ ਜੁੜੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਇੰਟਰਵਿਊ ਵਿਚ ਵਿਚਾਰਾਂ ਦੇ ਚੰਗਿਆੜੇ ਫੁੱਟਦੇ ਦਿਸਦੇ ਹਨ ਜਿਹੜੇ ਅਰੁੰਧਤੀ ਦੀਆਂ ਲਿਖਤਾਂ ਵਿਚ ਬਹੁਤ ਸਹਿਜ ਨਾਲ ਸਜਾਏ ਹੁੰਦੇ ਹਨ। ਇਸ ਇੰਟਰਵਿਊ ਦਾ ਪਹਿਲਾ ਹਿੱਸਾ ਪਿਛਲੇ ਅੰਕ ਵਿਚ ਛਾਪਿਆ ਜਾ ਚੁੱਕਾ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਸਵਾਲ: ਕੀ ਤੁਸੀਂ ਮੰਨਦੇ ਹੋ ਕਿ ਨਵ-ਉਦਾਰਵਾਦੀ ਨੀਤੀਆਂ ਭਾਰਤੀ ਸਟੇਟ ਦੇ ਮੂਲ ਕਿਰਦਾਰ ਨੂੰ ਜੱਗ ਜ਼ਾਹਰ ਕਰਦੀਆਂ ਹਨ?**

**ਅਰੁੰਧਤੀ:** ਦੇਖੋ, ਭਾਰਤੀ ਸਟੇਟ ਦੇ ਨਹੀਂ, ਸਗੋਂ ਸਮਾਜ ਦੇ ਕਿਰਦਾਰ ਨੂੰ। ਇਹ ਨਵ-ਉਦਾਰਵਾਦੀ ਨੀਤੀਆਂ ਜਗੀਰੂ ਅਤੇ ਜਾਤ ਆਧਾਰਤ ਸਮਾਜ ਲਈ ਬਿਲਕੁਲ ਮੁਆਫ਼ਕ ਹਨ, ਪਰ ਯਕੀਨਨ ਹੀ ਇਹ ਕਿਸੇ ਪਿੰਡ 'ਚ ਘਿਰੇ ਦਲਿਤ ਲਈ ਖੁਸ਼ਗਵਾਰ ਨਹੀਂ ਹਨ। ਇਹ ਸਭ ਨਾ-ਬਰਾਬਰੀਆਂ ਨੂੰ ਮਜ਼ਬੂਤ ਕਰਦੀਆਂ ਹਨ, ਕਿਉਂਕਿ ਇਹ ਨਿਸ਼ਚਿਤ ਤੌਰ 'ਤੇ ਤਕੜੇ ਨੂੰ ਹੋਰ ਤਕੜਾ ਬਣਾਉਂਦੀਆਂ ਹਨ। ਇਹੀ ਤਾਂ ਕਾਰਪੋਰੇਟ ਸਰਮਾਏਦਾਰੀ ਹੈ। ਹੋ ਸਕਦਾ ਹੈ ਕਿ ਇਹ ਟਕਸਾਲੀ ਸਰਮਾਏਦਾਰੀ ਵਰਗੀ ਨਾ ਹੋਵੇ, ਕਿਉਂਕਿ ਟਕਸਾਲੀ ਸਰਮਾਏਦਾਰੀ ਅਸੂਲਾਂ 'ਤੇ ਚਲਦੀ ਹੋਵੇਗੀ ਅਤੇ ਉਥੇ 'ਚੈੱਕ ਐਂਡ ਬੈਲੈਂਸ' ਦਾ ਪ੍ਰਬੰਧ ਹੋਵੇਗਾ; ਪਰ ਸਾਡੇ ਇਥੇ ਇਸ ਵਿਚ ਅਜਿਹਾ ਕੁਝ ਨਹੀਂ ਹੁੰਦਾ। ਯਕੀਨਨ ਇਸ ਨਾਲ ਤਕੜਾ ਲਗਾਤਾਰ ਤਕੜਾ ਬਣਦਾ ਜਾਂਦਾ ਹੈ। ਅਤੇ ਇਹੀ ਲੋਕ ਤਾਂ ਬਾਣੀਏ ਹਨ। ਇਹ ਸਭ ਤੋਂ ਅਹਿਮ ਗੱਲ ਹੈ ਜਿਸ ਦੇ ਬਾਰੇ ਕੋਈ ਕਦੇ ਗੱਲ ਨਹੀਂ ਕਰਦਾ-ਭਾਰਤੀ ਬਾਣੀਆਂ ਦੀ ਸਿਆਸਤ ਬਾਰੇ। ਇਨ੍ਹਾਂ ਨੇ ਪੂਰੇ ਮੁਲਕ ਵਿਚ ਕੀ ਕੀਤਾ ਹੈ? ਰਿਲਾਇੰਸ ਇਕ ਬਾਣੀਆ ਹੈ। ਉਹ ਬਤੌਰ ਬਾਣੀਆ ਜਾਤ ਦ੍ਰਿਸ਼ ਤੋਂ ਪੂਰੀ ਤਰ੍ਹਾਂ ਬਾਹਰ ਰਹਿੰਦੇ ਹਨ, ਪਰ ਉਹ ਬਹੁਤ ਹੀ ਅਹਿਮ ਕਿਰਦਾਰ ਨਿਭਾਉਂਦੇ ਹਨ। ਇਹ ਉਨ੍ਹਾਂ ਨੂੰ ਬਹੁਤ ਮਜ਼ਬੂਤ ਬਣਾਉਂਦਾ ਹੈ। ਇਹੀ ਵਜ੍ਹਾ ਹੈ ਕਿ ਪ੍ਰਚੂਨ ਵਿਚ ਵਿਦੇਸ਼ੀ ਸਿੱਧੇ ਪੂੰਜੀ ਨਿਵੇਸ਼ ਦੇ ਮਾਮਲੇ 'ਚ ਭਾਜਪਾ ਸਭ ਤੋਂ ਵੱਧ ਗੁੱਸੇ 'ਚ ਆਈ, ਕਿਉਂਕਿ 'ਉਨ੍ਹਾਂ ਦੇ ਛੋਟੇ ਬਾਣੀਆਂ' ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ ਕਿਉਂਕਿ ਉਹ ਜਾਤ (ਬਾਣੀਆ) ਉਨ੍ਹਾਂ (ਭਾਜਪਾ) ਦਾ ਆਧਾਰ ਹੈ।

ਦੂਜੇ ਪਾਸੇ, ਤੁਸੀਂ ਪਿੰਡਾਂ ਦੇ ਲੋਕਾਂ, ਆਦਿਵਾਸੀਆਂ ਅਤੇ ਦਲਿਤਾਂ ਨਾਲ ਕੁਝ ਵੀ ਕਰ ਦਿਓ, ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ।

**ਸਵਾਲ: ਭਾਰਤ ਦੇ ਖੱਬੇ ਪੱਖੀਆਂ ਦਾ ਦਾਇਰਾ ਬਹੁਤ ਸੀਮਤ ਦਿਖਾਈ ਦਿੰਦਾ ਹੈ। ਤੁਸੀਂ ਇਸ ਦਾ ਕੀ ਕਾਰਨ ਸਮਝਦੇ ਹੋ ਅਤੇ ਇਸ ਦੇ ਲਈ ਕਿਸ ਨੂੰ ਜ਼ਿੰਮੇਵਾਰ ਮੰਨਦੇ ਹੋ?**

**ਅਰੁੰਧਤੀ:** ਮੈਨੂੰ ਲੱਗਦਾ ਹੈ ਕਿ ਇਸ ਵਿਚ ਜਾਤ ਬਹੁਤ ਵੱਡਾ ਕਾਰਨ ਹੈ। ਜੇ ਤੁਸੀਂ ਸੀ.ਪੀ.ਐੱਮ. ਨੂੰ ਦੇਖੋ ਤਾਂ ਉਸ ਵਿਚ ਉੱਪਰ ਬੈਠੇ ਸਾਰੇ ਲੋਕ ਬ੍ਰਾਹਮਣ ਹਨ। ਕੇਰਲ ਵਿਚ ਵੀ ਸਾਰੇ ਨਾਇਰ ਅਤੇ ਬ੍ਰਾਹਮਣ ਹਨ। ਉਨ੍ਹਾਂ ਨੇ ਕਦੇ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮਾਰਕਸਵਾਦੀ ਵਿਚਾਰ ਦਾ ਉਥੇ ਬਿਹਤਰੀਨ ਇਸਤੇਮਾਲ ਕਿਵੇਂ ਕੀਤਾ ਜਾਵੇ, ਜਿਥੇ ਲੋਕਾਂ ਨਾਲ ਸਿਲਸਿਲੇਵਾਰ ਤਰੀਕੇ ਨਾਲ ਭੇਦਭਾਵ ਕੀਤਾ ਜਾਂਦਾ ਹੈ? ਅਕਸਰ ਹੀ ਜਦੋਂ ਤੁਸੀਂ ਉੱਚੀ ਜਾਤ ਵਿਚੋਂ ਆਉਂਦੇ ਹੋ ਤਾਂ ਮਸਲਿਆਂ ਨੂੰ ਨਹੀਂ ਦੇਖ ਸਕਦੇ; ਹਾਲਾਂਕਿ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਬੁਰੇ ਆਦਮੀ ਹੋ। ਬੱਸ ਗੱਲ ਐਨੀ ਕੁ ਹੈ ਕਿ ਤੁਸੀਂ ਇਸ ਨੂੰ ਦੇਖ ਨਹੀਂ ਪਾਉਂਦੇ। ਮੈਂ ਇਕ ਵਾਰ ਕਾਂਚਾ ਇਲੱਈਆ ਨਾਲ ਗੱਲ ਕਰ ਰਹੀ ਸੀ ਜੋ ਕਿਸੇ ਸਮੇਂ ਪੀਪਲਜ਼ ਵਾਰ ਗਰੁੱਪ ਨਾਲ ਜੁੜਿਆ ਹੋਇਆ ਸੀ। ਉਹ ਇਕੱਲਾ ਅਜਿਹਾ ਆਦਮੀ ਹੈ ਜੋ ਆਪਣੇ ਭਾਈਚਾਰੇ ਵਿਚ ਪੜ੍ਹਿਆ-ਲਿਖਿਆ ਬੰਦਾ ਸੀ। ਉਸ ਦੇ ਭਾਈ ਨੇ ਬਹੁਤ ਕੋਸ਼ਿਸ਼ ਕੀਤੀ, ਉਸ ਨੂੰ ਪੜ੍ਹਿਆ-ਲਿਖਿਆ ਦੇਖਣ ਦੀ; ਜਦਕਿ ਉਸ ਦੀ ਪਾਰਟੀ ਚਾਹੁੰਦੀ ਸੀ ਕਿ ਉਹ ਰੂਪੋਸ਼ ਹੋ ਜਾਵੇ। ਇਹ ਉਸ ਤਰ੍ਹਾਂ ਨਹੀਂ ਹੈ ਜਿਵੇਂ ਕਿਸੇ ਬ੍ਰਾਹਮਣ ਨੂੰ ਰੂਪੋਸ਼ ਹੋ ਜਾਣ ਲਈ ਕਹਿ ਦਿੱਤਾ ਜਾਵੇ, ਕਿਉਂਕਿ ਉਨ੍ਹਾਂ (ਬ੍ਰਾਹਮਣਾਂ) ਦੇ ਟੱਬਰ ਵਿਚ ਬਾਕੀ ਜੀਅ ਪੜ੍ਹ-ਲਿਖ ਸਕਦੇ ਹਨ। ਇਸ ਮਾਮਲੇ ਨੂੰ ਤੁਹਾਨੂੰ ਉੱਕਾ ਹੀ ਵੱਖਰੇ ਢੰਗ ਨਾਲ ਸਮਝਣਾ ਹੋਵੇਗਾ।

ਮੇਰੀ ਸਮਝ ਵਿਚ ਦੂਜਾ ਕਾਰਨ ਇਹ ਹੈ ਕਿ ਤੁਸੀਂ ਇਸ ਗ਼ਲਤਫਹਿਮੀ ਵਿਚ ਰਹੇ ਕਿ ਚੋਣਾਂ ਲੜ ਕੇ ਰਾਜ ਕਰ ਸਕਦੇ ਹੋ। ਅਤੇ ਫਿਰ ਤੁਸੀਂ ਇਕ ਹੀ ਸਮੇਂ ਰਾਜਾ ਵੀ ਬਣੇ ਰਹੋ ਅਤੇ ਇਨਕਲਾਬੀ ਵੀ ਬਣੇ ਰਹੋ। ਇਹ ਕਿਵੇਂ ਹੋ ਸਕਦਾ ਹੈ? ਇਹ ਤਾਂ ਇਕ ਤਰ੍ਹਾਂ ਦਾ ਫਰੇਬ ਹੈ।

**ਸਵਾਲ: ਭਾਰਤ ਵਿਚ ਮਾਓਵਾਦੀ ਅੰਦੋਲਨ ਦੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਨੂੰ ਤੁਸੀਂ ਕਿਵੇਂ ਦੇਖਦੇ ਹੋ?**

**ਅਰੁੰਧਤੀ:** ਮਾਓਵਾਦੀ ਲਹਿਰ ਲਈ ਉਥੇ ਬਹੁਤ ਮੌਕੇ ਹਨ ਜਿਥੇ ਉਹ ਬਹੁਤ ਮਜ਼ਬੂਤ ਹਨ। ਪਰ ਹੁਣ ਇਥੇ ਬਹੁਤ ਵੱਡਾ ਹਮਲਾ ਹੋਣ ਵਾਲਾ ਹੈ। ਫ਼ੌਜ, ਹਵਾਈ ਫ਼ੌਜ ਸਾਰੇ ਪੂਰੀ ਤਿਆਰੀ 'ਚ ਲੱਗੇ ਹੋਏ ਹਨ। ਸ਼ਾਇਦ ਇਹ ਹਮਲਾ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਿੱਛੋਂ ਹੋਵੇਗਾ ਤੇ ਇਹ ਮਾਓਵਾਦੀ ਲਹਿਰ ਲਈ ਬਹੁਤ ਵੱਡੀ ਚੁਣੌਤੀ ਹੈ; ਪਰ ਦੂਜੇ ਪਾਸੇ ਮਾਓਵਾਦੀਆਂ ਨੇ ਸੀ.ਆਰ.ਪੀ.ਐੱਫ. ਦੇ ਜਵਾਨ ਨਾਲ ਜੋ ਕੁਝ ਕੀਤਾ (ਮ੍ਰਿਤਕ ਜਵਾਨ ਦੇ ਢਿੱਡ ਵਿਚ ਬੰਬ ਫਿੱਟ ਕਰ ਦਿੱਤਾ), ਉਹ ਬਹੁਤ ਹੀ ਵਾਹਯਾਤ ਕਾਰਵਾਈ ਹੈ। ਅਸੀਂ ਉਨ੍ਹਾਂ ਦੀ ਇਨ੍ਹਾਂ ਕਾਰਨਾਂ ਲਈ ਹਮਾਇਤ ਨਹੀਂ ਕਰਦੇ। ਮੈਨੂੰ ਨਹੀਂ ਪਤਾ ਕਿ ਇਸ ਤਰ੍ਹਾਂ ਦੀ ਕਾਰਵਾਈ ਕਿਵੇਂ ਹੋ ਜਾਂਦੀ ਹੈ? ਮੈਨੂੰ ਲੱਗਦਾ ਹੈ ਕਿ ਜਾਂ ਤਾਂ ਉਨ੍ਹਾਂ ਦੇ ਕਮਾਂਡ ਸਿਸਟਮ ਵਿਚ ਸਮੱਸਿਆ ਆ ਗਈ ਹੈ, ਜਾਂ ਉਨ੍ਹਾਂ ਨਾਲ ਲੁੰਪਨ ਲੋਕ ਰਲ ਗਏ ਹਨ। ਮੈਂ ਇਸ ਬਾਰੇ ਜ਼ਿਆਦਾ ਨਹੀਂ ਜਾਣਦੀ, ਖ਼ਾਸ ਤੌਰ 'ਤੇ ਝਾਰਖੰਡ ਬਾਰੇ; ਪਰ ਇਸ ਹਮਲੇ ਵਿਚ ਜੇ ਉਨ੍ਹਾਂ ਦਾ ਜ਼ਾਬਤਾ ਟੁੱਟਦਾ ਹੈ ਤਾਂ ਉਨ੍ਹਾਂ ਲਈ ਬਹੁਤ ਹੀ ਮੁਸ਼ਕਿਲ ਖੜ੍ਹੀ ਹੋ ਜਾਵੇਗੀ, ਕਿਉਂਕਿ ਇਕ ਵਕਤ ਅਜਿਹਾ ਸੀ ਜਦੋਂ ਉਨ੍ਹਾਂ ਦੇ ਹੱਕ ਵਿਚ ਬਹੁਤ ਜ਼ਿਆਦਾ ਬੌਧਿਕ ਅਤੇ ਇਖ਼ਲਾਕੀ ਹਮਾਇਤ ਸੀ, ਜੋ ਹੁਣ ਵੀ ਹੈ; ਪਰ ਜੇ ਉਹ ਅਜਿਹੀਆਂ ਕਾਰਵਾਈਆਂ ਕਰਦੇ ਰਹਿਣਗੇ ਤਾਂ ਇਹ ਹਮਾਇਤ ਬੰਦ ਹੋ ਜਾਵੇਗੀ। ਉਨ੍ਹਾਂ ਲਈ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਜੰਗਲ ਤੋਂ ਬਾਹਰ ਕਿਵੇਂ ਕੰਮ ਕਰਨਗੇ। ਜੇ ਉਹ ਜੰਗਲ ਤੋਂ ਬਾਹਰ ਨਹੀਂ ਆ ਸਕਦੇ ਤਾਂ ਅਸੀਂ ਸੋਚਾਂਗੇ ਕਿ ਇਹ ਮਹਿਜ਼ ਇਕ ਖੇਤਰੀ ਟਾਕਰਾ ਹੈ, ਅਸੀਂ ਚਾਹੇ ਜਿਸ ਕਿਸੇ ਦੀ ਵੀ ਹਮਾਇਤ ਕਰੀਏ। ਗੱਲ ਇਹ ਹੈ ਕਿ ਜੰਗਲ ਤੋਂ ਬਾਹਰ ਜੋ ਐਨੀ ਵੱਡੀ ਗ਼ਰੀਬੀ ਪੈਦਾ ਕੀਤੀ ਗਈ ਹੈ, ਉਸ ਨੂੰ ਤੁਸੀਂ ਸਿਆਸੀ ਕਿਵੇਂ ਬਣਾਓਗੇ? ਕਿਉਂਕਿ ਲੋਕਾਂ ਕੋਲ ਵਕਤ ਨਹੀਂ ਹੈ, ਜਗ੍ਹਾ ਨਹੀਂ ਹੈ ਅਤੇ ਇਹ ਜੰਗਲ ਤੋਂ ਬਾਹਰ ਕਿਵੇਂ ਕੰਮ ਕਰਨਗੇ, ਇਹ ਬਹੁਤ ਵੱਡਾ ਸਵਾਲ ਹੈ।

**ਸਵਾਲ : ਕੀ ਇਹ ਹੋ ਸਕਦਾ ਹੈ ਕਿ ਉਹ ਹਿੰਸਾ ਛੱਡ ਕੇ ਚੋਣ ਸਿਆਸਤ 'ਚ ਆ ਜਾਣ?**

**ਅਰੁੰਧਤੀ:** ਹਿੰਸਾ ਕੀ ਹੁੰਦੀ ਹੈ? ਜੇ ਛੱਤੀਸਗੜ੍ਹ ਦੇ ਕਿਸੇ ਪਿੰਡ ਵਿਚ ਸੀ.ਆਰ.ਪੀ.ਐਫ. ਦੇ ਇਕ ਹਜ਼ਾਰ ਜਵਾਨ ਆ ਕੇ ਪਿੰਡ ਫੂਕਦੇ ਹਨ, ਔਰਤਾਂ ਨੂੰ ਮਾਰਦੇ ਹਨ ਅਤੇ ਜਬਰ ਜਨਾਹ ਕਰਦੇ ਹਨ ਤਾਂ ਅਜਿਹੇ ਹਾਲਾਤ 'ਚ ਤੁਸੀਂ ਕੀ ਕਰੋਗੇ? ਭੁੱਖ ਹੜਤਾਲ ਤਾਂ ਕਰ ਨਹੀਂ ਸਕਦੇ...ਮੈਂ ਹਮੇਸ਼ਾ ਇਹੀ ਕਹਿੰਦੀ ਆਈ ਹਾਂ ਕਿ ਜਿਸ ਨੂੰ ਬੁੱਧੀਜੀਵੀ, ਅਕਾਦਮਿਕ ਲੋਕ, ਪੱਤਰਕਾਰ ਅਤੇ ਸਿਧਾਂਤਕਾਰ ਵਗੈਰਾ ਇਕ ਵਿਚਾਰਧਾਰਕ ਤਰਕ ਕਹਿੰਦੇ ਹਨ, ਉਹ ਮੈਨੂੰ ਦਾਅ-ਪੇਚਕ ਲਗਦਾ ਹੈ। ਇਹ ਸਾਰਾ ਕੁਝ ਭੂਗੋਲਿਕ ਹਾਲਤ ਉੱਪਰ ਮੁਨੱਸਰ ਕਰਦਾ ਹੈ। ਤੁਸੀਂ ਛੱਤੀਸਗੜ੍ਹ ਵਿਚ ਐਨ ਉਵੇਂ ਨਹੀਂ ਲੜ ਸਕਦੇ, ਜਿਵੇਂ ਤੁਸੀਂ ਮੁੰਬਈ ਜਾਂ ਦਿੱਲੀ ਵਿਚ ਲੜਦੇ ਹੋ ਅਤੇ ਮੁੰਬਈ-ਦਿੱਲੀ ਵਿਚ ਐਨ ਉਵੇਂ ਨਹੀਂ ਲੜ ਸਕਦੇ ਜਿਵੇਂ ਤੁਸੀਂ ਛੱਤੀਸਗੜ੍ਹ ਵਿਚ ਲੜਦੇ ਹੋ। ਇਸ ਵਿਚ ਕੋਈ ਦਵੰਦ ਨਹੀਂ ਹੈ। ਤੁਸੀਂ ਸੜਕਾਂ ਉੱਪਰ ਗਾਂਧੀਵਾਦੀ ਬਣ ਸਕਦੇ ਹੋ ਅਤੇ ਜੰਗਲਾਂ ਵਿਚ ਮਾਓਵਾਦੀ ਬਣ ਕੇ ਕੰਮ ਕਰ ਸਕਦੇ ਹੋ। ਗਾਂਧੀਵਾਦੀ ਹੋਣ ਲਈ ਤੁਹਾਡੇ ਆਲੇ-ਦੁਆਲੇ ਟੀ.ਵੀ. ਕੈਮਰਾ ਅਤੇ ਰਿਪੋਰਟਰ ਹੋਣਾ ਜ਼ਰੂਰੀ ਹੈ, ਜੇ ਅਜਿਹਾ ਨਹੀਂ ਹੈ ਤਾਂ ਇਹ ਸਭ ਬੇਕਾਰ ਹੈ। ਟਾਕਰੇ ਦੀ ਵੰਨ-ਸੁਵੰਨਤਾ ਬਹੁਤ ਜ਼ਰੂਰੀ ਹੈ। ਇਹ ਵੀ ਧਿਆਨ ਰੱਖਣਾ ਹੋਵੇਗਾ ਕਿ ਹਰ ਕੰਮ ਕਰਨਾ ਮਾਓਵਾਦੀਆਂ ਦੀ ਹੀ ਜ਼ਿੰਮੇਵਾਰੀ ਨਹੀਂ ਹੈ। ਦੂਜੀ ਤਰ੍ਹਾਂ ਦੇ ਲੋਕ ਦੂਜੇ ਕੰਮ ਕਰ ਸਕਦੇ ਹਨ। ਜਿਵੇਂ ਲੋਕ ਮੈਨੂੰ ਕਹਿੰਦੇ ਹਨ ਕਿ ਉਥੇ ਡੈਮ ਬਣ ਰਿਹਾ ਹੈ, ਇਥੇ ਇਹ ਹੋ ਰਿਹਾ ਹੈ...ਮੈਂ ਉਨ੍ਹਾਂ ਨੂੰ ਕਹਿੰਦੀ ਹਾਂ ਕਿ ਯਾਰ! ਤੁਸੀਂ ਵੀ ਤਾਂ ਕੁਝ ਕਰੋ। ਮੈਂ ਤਾਂ ਕਦੇ ਨਹੀਂ ਕਿਹਾ ਕਿ ਮੈਂ ਤੁਹਾਡੀ ਆਗੂ ਹਾਂ। ਮੈਂ ਉਹ ਕਰ ਰਹੀ ਹਾਂ ਜੋ ਮੈਂ ਕਰ ਸਕਦੀ ਹਾਂ। ਅਤੇ ਤੁਸੀਂ ਉਹ ਕਰੋ ਜੋ ਤੁਸੀਂ ਕਰ ਸਕਦੇ ਹੋ। ਸਵੈ-ਵਡੱਤਣ ਦੀ ਪਹੁੰਚ ਨਹੀਂ ਹੋਣੀ ਚਾਹੀਦੀ ਕਿ ਹਰ ਕੰਮ ਇਕ ਹੀ ਪਾਰਟੀ ਜਾਂ ਇਕ ਹੀ ਬੰਦਾ ਜਾਂ ਇਕ ਵੱਡਾ ਆਗੂ ਹੀ ਕਰੇਗਾ। ਬਾਕੀ ਲੋਕ ਕੁਝ ਕਿਉਂ ਨਹੀਂ ਕਰਦੇ? ਇਕ ਉੱਪਰ ਹੀ ਕਿਉਂ ਨਿਰਭਰ ਰਹਿਣਾ ਚਾਹੁੰਦੇ ਹਨ? ਮਾਓਵਾਦੀ ਲੋਕ ਗ਼ਲਤੀਆਂ ਕਰ ਰਹੇ ਹਨ, ਪਰ ਬਹੁਤ ਬਹਾਦਰੀ ਨਾਲ ਲੜ ਰਹੇ ਹਨ ਅਤੇ ਅਸੀਂ ਲੋਕ ਸਿਰਫ਼ ਬੈਠੇ ਹੀ ਗੱਲਾਂ ਮਾਰੀ ਜਾ ਰਹੇ ਹਾਂ ਕਿ ਉਹ ਲੋਕ ਐਸੇ ਹਨ, ਉਹ ਵੈਸੇ ਹਨ। ਅਰੇ ਯਾਰ, ਤੁਸੀਂ ਵੀ ਤਾਂ ਕੁਝ ਕਰੋ; ਜੇ ਵਾਕਈ ਕੁਝ ਕਰਨਾ ਚਾਹੁੰਦੇ ਹੋ।

**ਸਵਾਲ: ਸਾਡੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਫਿਲਮਕਾਰਾਂ, ਰੰਗ ਨਿਰਦੇਸ਼ਕਾਂ ਦੇ ਕੰਮ ਕੀ ਭਾਰਤੀ ਹਕੀਕਤ ਨੂੰ ਪ੍ਰਗਟਾਉਂਦੇ ਹਨ?**



**ਅਰੁੰਧਤੀ:** ਮੈਂ ਪੁੱਛਦੀ ਹਾਂ ਕਿ ਭਾਰਤੀ ਹਕੀਕਤ ਹੈ ਕੀ? ਮੈਂ ਹਮੇਸ਼ਾ ਸੋਚਦੀ ਆਈ ਹਾਂ ਕਿ ਬਾਲੀਵੁੱਡ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਥੀਮ ਕੀ ਹੈ? ਸਭ ਤੋਂ ਵੱਡਾ ਥੀਮ ਤਾਂ ਮੁਹੱਬਤ ਹੈ। ਮੁੰਡਾ ਕੁੜੀ ਨੂੰ ਮਿਲਦਾ ਹੈ ਅਤੇ ਉਹ ਭੱਜ ਜਾਂਦੇ ਹਨ... ...ਪਰ ਸਾਡੇ ਸਮਾਜ ਵਿਚ ਤਾਂ ਇਹ ਬਿਲਕੁਲ ਨਹੀਂ ਹੁੰਦਾ। ਸਿਰਫ਼ ਦਹੇਜ, ਜਾਤ, ਯੇ ਵੋਹ ਅਤੇ ਸਿਰਫ਼ ਗਿਣਤੀਆਂ-ਮਿਣਤੀਆਂ ਹੀ ਹਨ। ਤੇ ਜੋ ਚੀਜ਼ ਸਮਾਜ ਵਿਚ ਹੈ ਹੀ ਨਹੀਂ, ਉਸ ਨੂੰ ਅਸੀਂ ਫਿਲਮ ਵਿਚ ਜਾ ਕੇ ਦੇਖਦੇ ਹਾਂ। ਸਾਡਾ ਪੂਰਾ ਸਮਾਜ ਜਾਤ ਦੇ ਆਲੇ-ਦੁਆਲੇ ਘੁੰਮਣ ਵਾਲਾ ਨਿੱਕੀ ਸੋਚ ਵਾਲਾ ਜੋੜ-ਤੋੜ ਕਰਨ ਵਾਲਾ ਹੈ। ਅਸੀਂ ਬਸ ਲੋਕਾਂ ਨੂੰ ਸਿਨੇਮਾ ਦੇ ਪਰਦੇ ਉੱਪਰ ਨੱਚਦੇ-ਗਾਉਂਦੇ ਦੇਖ ਕੇ ਖੁਸ਼ ਹੁੰਦੇ ਹਾਂ। ਸਾਡੇ ਸਾਹਿਤ ਦਾ ਹਕੀਕਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਮਾਮਲੇ ਵਿਚ ਇਹ ਬਿਲਕੁਲ ਨਿਰਾਰਥਕ ਹੈ। ਹਾਲਾਂਕਿ, ਇਸ ਵਿਚ ਕੁਝ ਅੱਪਵਾਦ ਜ਼ਰੂਰ ਹੋ ਸਕਦੇ ਹਨ। ਅੱਜਕੱਲ੍ਹ ਸਾਹਿਤ ਅਤੇ ਸਿਨੇਮਾ ਵਿਚ ਜੋ ਕੁਝ ਹੋ ਰਿਹਾ ਹੈ, ਉਸ ਨੂੰ ਮੈਂ 'ਜਮਾਤੀ ਪੋਰਨੋਗ੍ਰਾਫ਼ੀ' ਕਹਾਂਗੀ; ਜਿਸ ਵਿਚ ਲੋਕ ਗ਼ਰੀਬੀ ਨੂੰ ਦੇਖਦੇ ਹਨ ਅਤੇ ਕਹਿੰਦੇ ਹਨ ਕਿ ਇਹ ਲੋਕ ਤਾਂ ਐਸੇ ਹੁੰਦੇ ਹਨ, ਵੈਸੇ ਹੁੰਦੇ ਹਨ, ਗਾਲਾਂ ਦਿੰਦੇ ਹਨ, ਗਰੋਹ ਯੁੱਧ ਕਰਦੇ ਹਨ। ਮਤਲਬ, ਖ਼ੁਦ ਨੂੰ ਬਾਹਰ ਰੱਖ ਕੇ ਇਹ ਚੀਜ਼ਾਂ ਨੂੰ ਇੰਵ ਦੇਖਦੇ ਹਨ ਜਿਵੇਂ ਉਨ੍ਹਾਂ ਦਾ ਇਨ੍ਹਾਂ ਨਾਲ ਕੋਈ ਲੈਣਾ-ਦੇਣਾ ਨਾ ਹੋਵੇ। ਇਹ ਉਵੇਂ ਹੀ ਹੈ ਜਿਵੇਂ ਗ਼ਰੀਬ ਲਤਾੜਿਆਂ ਦੀ ਲੜਾਈ ਦੇਖਣਾ ਅਤੇ ਫਿਰ ਇਹ ਕਹਿਣਾ ਕਿ ਇਹ ਕਿੰਨੇ ਹਿੰਸਕ ਹਨ! ਇਹ ਇਕ ਤਰ੍ਹਾਂ ਦਾ ਮਾਨਵ ਵਿਗਿਆਨ ਹੈ, ਜਿਥੇ ਤੁਸੀਂ ਯੁੱਧ ਨੂੰ ਬਾਹਰੋਂ ਇਕ ਤਮਾਸ਼ੇ ਵਾਂਗ ਦੇਖਦੇ ਹੋ ਅਤੇ ਮਜ਼ਾ ਲੈਂਦੇ ਹੋ। ਫਿਰ ਇਕ ਹੋਰ ਤਰ੍ਹਾਂ ਨਾਲ ਚੀਜ਼ਾਂ ਨੂੰ ਤੁੱਛ ਕਹਿੰਦੇ ਹੋ। ਇਹ ਐਨਾ 'ਤੁੱਛ' ਹੁੰਦਾ ਹੈ ਕਿ ਤੁਹਾਡੇ ਕੰਨਾਂ 'ਤੇ ਜੂੰਅ ਵੀ ਨਹੀਂ ਸਰਕਦੀ।

**ਸਵਾਲ: ਆਲਮੀ ਪੱਧਰ 'ਤੇ ਸਰਮਾਏਦਾਰੀ ਨੇ ਨਿਤਾਣੇ ਭਾਈਚਾਰਿਆਂ ਨੂੰ ਹੋਰ ਵੀ ਵੱਧ ਹਾਸ਼ੀਏ 'ਤੇ ਧੱਕ ਦਿੱਤਾ ਹੈ। ਇਨ੍ਹਾਂ ਹਾਲਾਤ ਵਿਚ ਕਿਸ ਤਰ੍ਹਾਂ ਦੇ ਸਿਆਸੀ ਬਦਲ ਉਭਰ ਸਕਦੇ ਹਨ?**

**ਅਰੁੰਧਤੀ:** ਦੇਖੋ, ਮੈਨੂੰ ਲੱਗਦਾ ਹੈ ਕਿ ਇਸ ਦਾ ਕੋਈ ਵੀ ਸੱਭਿਆ ਬਦਲ ਨਹੀਂ ਹੈ। ਗੱਲ ਮਹਿਜ਼ ਇੰਨੀ ਕੁ ਨਹੀਂ ਹੈ ਕਿ ਸੱਤਾ ਦੇ ਕੋਲ ਸਿਰਫ਼ ਪੁਲਿਸ, ਫ਼ੌਜ ਅਤੇ ਮੀਡੀਆ ਹੀ ਹੈ, ਸਗੋਂ ਅਦਾਲਤਾਂ ਵੀ ਉਨ੍ਹਾਂ ਦੀਆਂ ਹਨ। ਹੁਣ ਇਨ੍ਹਾਂ ਦੇ ਆਪਸ ਵਿਚ ਵੀ 'ਲੋਕ ਅੰਦੋਲਨ' ਹੋਣ ਲੱਗੇ ਹਨ। ਅਤੇ ਉਨ੍ਹਾਂ ਦਾ ਆਪਣਾ ਇਕ ਮਹਿਫੂਜ਼ ਸੰਸਾਰ ਹੈ। ਇਸ ਸਭ ਕਾਸੇ 'ਚ ਕਿਸੇ ਸੱਭਿਆ ਤਰੀਕੇ ਨਾਲ ਮਘੋਰਾ ਨਹੀਂ ਕੀਤਾ ਜਾ ਸਕਦਾ। ਕੋਈ ਸੱਭਿਆ ਤਰੀਕੇ ਨਾਲ ਆ ਕੇ ਕਹੇ ਕਿ ਮੈਂ ਬਹੁਤ ਚੰਗਾ ਹਾਂ, ਮੈਨੂੰ ਵੋਟ ਦਿਓ, ਤਾਂ ਐਸਾ ਹੋ ਨਹੀਂ ਸਕਦਾ। ਦਰਅਸਲ ਉਨ੍ਹਾਂ ਦਾ ਆਪਣਾ ਇਕ ਤਰਕ ਹੈ। ਇਹੀ ਤਰਕ ਖ਼ਤਰਨਾਕ ਹਿੰਸਾ ਅਤੇ ਨਿਰਾਸ਼ਾ ਪੈਦਾ ਕਰ ਦੇਵੇਗਾ। ਅਤੇ ਇਹ ਗੁੱਸਾ ਏਨਾ ਜ਼ਿਆਦਾ ਹੋਵੇਗਾ ਕਿ ਇਹ ਲੋਕ ਬਚ ਨਹੀਂ ਸਕਣਗੇ। ਆਪਣੇ ਇਸ ਵਿਸ਼ੇਸ਼ ਅਧਿਕਾਰ ਦੇ ਖੋਲ ਵਿਚ ਇਹ ਜ਼ਿਆਦਾ ਦਿਨ ਮਹਿਫੂਜ਼ ਨਹੀਂ ਰਹਿ ਸਕਣਗੇ। ਹੁਣ ਚੰਗੇ ਬਣਨ 'ਚ ਕੋਈ ਸਮਝਦਾਰੀ ਨਹੀਂ ਹੈ। ਇਸ ਪ੍ਰਸੰਗ 'ਚ ਮੈਂ ਸੱਭਿਆ ਨਹੀਂ ਹਾਂ। ਮੈਂ ਹੈਂਡਲੂਮ ਸਾੜੀ ਪਹਿਨ ਕੇ ਇਹ ਨਹੀਂ ਕਹਾਂਗੀ ਕਿ ਮੈਂ ਵੀ ਗ਼ਰੀਬ ਹਾਂ! ਮੈਂ ਬਿਲਕੁਲ ਨਹੀਂ ਹਾਂ। ਮੈਂ ਵੀ ਇਸੇ ਪੱਖਪਾਤੀ ਪ੍ਰਬੰਧ ਦਾ ਹਿੱਸਾ ਹਾਂ। ਮੈਂ ਉਹ ਗੱਲ ਕਰਦੀ ਹਾਂ ਜੋ ਮੈਂ ਕਰ ਸਕਦੀ ਹਾਂ, ਪਰ ਮੈਂ ਇਹ ਨਹੀਂ ਮੰਨਦੀ ਕਿ ਬਦਲਾਅ ਇਕ ਬਹੁਤ ਹੀ ਖ਼ੂਬਸੂਰਤ ਅਤੇ ਸ਼ਾਂਤ ਢੰਗ ਨਾਲ ਆਉਣ ਵਾਲਾ ਹੈ। ਜੋ ਕੁਝ ਚੱਲ ਰਿਹਾ ਹੈ, ਉਸ ਨੂੰ ਨਜ਼ਰਅੰਦਾਜ਼ ਕਰ ਕੇ ਹੁਣ ਇਹ ਲੋਕ ਆਪਣੇ ਲਈ ਹੀ ਇਕ ਖ਼ਤਰਨਾਕ ਹਾਲਤ ਪੈਦਾ ਕਰਨ ਵਾਲੇ ਹਨ। ਮੈਂ ਨਹੀਂ ਮੰਨਦੀ ਕਿ ਅਸੀਂ ਇਸ ਬਦਲਾਅ ਦੇ ਬਾਰੇ ਕੋਈ ਭਵਿੱਖਬਾਣੀ ਕਰ ਸਕਦੇ ਕਿ ਇਹ ਕਿਵੇਂ ਹੋਣਾ ਹੈ ਜਾਂ ਕਿਥੋਂ ਹੋਣ ਵਾਲਾ ਹੈ। ਇਹ ਤੈਅ ਹੈ ਕਿ ਇਹ ਬਦਲਾਅ ਬਹੁਤ ਹੀ ਖ਼ਤਰਨਾਕ ਹੋਵੇਗਾ। ਇਸ ਪ੍ਰਬੰਧ ਨੇ ਢਹਿ-ਢੇਰੀ ਹੋਣਾ ਹੀ ਹੈ। ਜਿਸ ਨੇ ਬਹੁਤ ਵੱਡੇ ਪੱਧਰ 'ਤੇ ਅਨਿਆਂ, ਫਾਸ਼ੀਵਾਦ, ਹਿੰਸਾ, ਤੁਅੱਸਬਾਂ ਅਤੇ ਕਾਮ-ਉਤੇਜਨਾਵਾਦ ਨੂੰ ਢਾਂਚਾਗਤ ਤੌਰ 'ਤੇ ਪੈਦਾ ਕਰ ਦਿੱਤਾ ਹੈ।

## ਦੇਸ-ਪਰਦੇਸ

**ਸਵਾਲ: ਜੋ ਭਾਰਤੀ ਕਮਿਊਨਿਸਟ ਪਾਰਟੀਆਂ ਸੰਸਦੀ ਸਿਆਸਤ ਵਿਚ ਹਨ, ਉਨ੍ਹਾਂ ਬਾਰੇ ਤੁਸੀਂ ਕੀ ਸੋਚਦੇ ਹੋ? ਖ਼ਾਸ ਤੌਰ 'ਤੇ ਜੇ ਸੀ.ਪੀ.ਆਈ., ਸੀ.ਪੀ.ਐੱਮ. ਅਤੇ ਸੀ.ਪੀ.ਆਈ. (ਐੱਮ.ਐੱਲ.) ਵਰਗੀਆਂ ਕਮਿਊਨਿਸਟ ਪਾਰਟੀਆਂ ਦੇ ਪ੍ਰਸੰਗ 'ਚ ਗੱਲ ਕਰੀਏ।**

**ਅਰੁੰਧਤੀ:** ਦੇਖੋ, ਜਦੋਂ ਪਾਰਟੀਆਂ ਛੋਟੀਆਂ ਹੁੰਦੀਆਂ ਹਨ, ਜਿਵੇਂ ਕਿ ਸੀ.ਪੀ. ਆਈ. (ਐਮ.ਐਲ.) ਅਤੇ ਸੀ.ਪੀ. ਆਈ., ਤਾਂ ਤੁਹਾਡੇ ਕੋਲ ਨੇਕਨੀਤੀ ਹੁੰਦੀ ਹੈ। ਤੁਸੀਂ ਚੰਗੀਆਂ ਪੁਜੀਸ਼ਨ ਅਤੇ ਉੱਚ ਨੈਤਿਕ ਆਧਾਰ ਅਪਣਾ ਸਕਦੇ ਹੋ। ਕਿਉਂਕਿ ਤੁਸੀਂ ਇੰਨੇ ਨਿੱਕੇ ਹੁੰਦੇ ਹੋ ਕਿ ਇਸ ਨਾਲ ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ; ਪਰ ਜੇ ਤੁਸੀਂ ਸੀ.ਪੀ.ਐੱਮ. ਵਰਗੀ ਵੱਡੀ ਪਾਰਟੀ ਹੋ, ਤਾਂ ਹਾਲਤ ਹੋਰ ਹੁੰਦੀ ਹੈ। ਜੇ ਅਸੀਂ ਕੇਰਲ ਅਤੇ ਬੰਗਾਲ ਦੇ ਪ੍ਰਸੰਗ 'ਚ ਸੀ.ਪੀ.ਐੱਮ. ਦੀ ਗੱਲ ਕਰੀਏ ਤਾਂ ਦੋਵੇਂ ਥਾਈਂ ਇਸ ਦੇ ਵੱਖੋ-ਵੱਖਰੇ ਇਤਿਹਾਸ ਰਹੇ ਹਨ। ਬੰਗਾਲ ਵਿਚ ਸੀ.ਪੀ.ਐੱਮ. ਬਿਲਕੁਲ ਪਿਛਾਖੜੀਆਂ ਵਰਗੀ ਹੋ ਗਈ ਸੀ। ਉਹ ਹਿੰਸਾ 'ਚ, ਗਲੀਆਂ ਦੇ ਨੁੱਕੜਾਂ ਉੱਪਰ ਕਬਜ਼ੇ ਕਰਨ, ਸਿਗਰਟ ਵਾਲਿਆਂ ਦੀਆਂ ਫੜ੍ਹੀਆਂ ਉੱਪਰ ਕਬਜ਼ੇ ਕਰਨ 'ਚ ਬਿਲਕੁਲ ਪਿਛਾਖੜੀਆਂ ਵਰਗੇ ਸਨ। ਇਹ ਬਹੁਤ ਚੰਗਾ ਹੋਇਆ ਕਿ ਜਨਤਾ ਨੇ ਉਨ੍ਹਾਂ ਦਾ ਤਖ਼ਤ ਮੂਧਾ ਮਾਰ ਦਿੱਤਾ। ਹਾਲਾਂਕਿ ਮੈਂ ਪੱਕ ਨਾਲ ਕਹਿ ਸਕਦੀ ਹਾਂ ਕਿ ਮਮਤਾ ਬੈਨਰਜੀ ਦੇ ਰਾਜ ਦਾ ਦੌਰ ਛੇਤੀ ਖ਼ਤਮ ਹੋ ਜਾਵੇਗਾ। ਦੂਜੇ ਪਾਸੇ ਕੇਰਲ ਵਿਚ ਹਾਲਤ ਵੱਖਰੀ ਸੀ, ਕਿਉਂਕਿ ਉਹ ਸੱਤਾ ਤੋਂ ਲਾਹੇ ਜਾਂਦੇ ਰਹੇ ਹਨ ਜੋ ਚੰਗੀ ਚੀਜ਼ ਹੈ। ਉੱਥੇ ਉਹ ਕੁਝ ਚੰਗੀਆਂ ਚੀਜ਼ਾਂ ਕਰਨ 'ਚ ਵੀ ਕਾਮਯਾਬ ਹੋਏ, ਪਰ ਇਸ ਦਾ ਸਿਹਰਾ ਪਾਰਟੀ ਨੂੰ ਬਿਲਕੁਲ ਨਹੀਂ ਦਿੱਤਾ ਜਾ ਸਕਦਾ, ਸਗੋਂ ਇਹ ਇਸ ਲਈ ਸੀ ਕਿ ਕਿਉਂਕਿ ਉੱਥੇ ਸੱਤਾ ਦਾ ਤਵਾਜ਼ਨ ਬਣਿਆ ਰਿਹਾ। ਤੁਸੀਂ ਦੇਖੋਗੇ, ਉਨ੍ਹਾਂ ਦੀ ਹਿੰਸਾ ਅਸਮਰੱਥ ਹੈ। ਦੂਜੇ ਪਾਸੇ ਜਿਵੇਂ ਮਲਿਆਲੀ ਸਮਾਜ ਅ-ਪਰਵਾਸੀ ਮਜ਼ਦੂਰਾਂ ਦਾ ਸੋਸ਼ਣ ਕਰ ਰਿਹਾ ਹੈ, ਉਹ ਬਹੁਤ ਸ਼ਰਮਨਾਕ ਹੈ। ਅਜਿਹੀ ਹਾਲਤ 'ਚ ਤੁਸੀਂ ਹੀ ਦੱਸੋ, ਸੀ.ਪੀ.ਐੱਮ. ਖ਼ੁਦ ਨੂੰ ਕਮਿਊਨਿਸਟ ਪਾਰਟੀ ਕਿਵੇਂ ਕਹਾ ਸਕਦੀ ਹੈ? ਜਿਸ ਪਾਰਟੀ ਨੇ ਟਰੇਡ ਯੂਨੀਅਨਾਂ ਬਰਬਾਦ ਕਰ ਦਿੱਤੀਆਂ ਅਤੇ ਪੱਛਮੀ ਬੰਗਾਲ ਵਿਚ ਨਵ-ਉਦਾਰਵਾਦ ਦੇ ਕਦਮਾਂ ਨਾਲ ਕਦਮ ਮਿਲਾ ਕੇ ਚਲਦੀ ਰਹੀ। ਉਹ ਅਕਸਰ ਇਹ ਦਲੀਲ ਦਿੰਦੇ ਹਨ ਕਿ ਜੇ ਅਸੀਂ ਸੱਤਾ ਵਿਚ ਨਹੀਂ ਰਹਾਂਗੇ ਤਾਂ ਫਿਰਕਾਪ੍ਰਸਤ ਸੱਤਾ ਹਥਿਆ ਲੈਣਗੇ; ਪਰ ਤੁਸੀਂ ਮੈਨੂੰ ਇਹ ਦੱਸੋ ਕਿ ਕੀ ਸੀ.ਪੀ.ਐਮ. ਦੇ ਲੋਕ ਹਿੰਮਤ ਕਰ ਕੇ ਗੁਜਰਾਤ ਗਏ ਜਿਥੇ ਸ਼ਰ੍ਹੇਆਮ ਇੰਨੀ ਮਾਰ-ਵੱਢ ਚਲ ਰਹੀ ਸੀ? ਉਹ ਦੁਬਕ ਕੇ ਬੈਠੇ ਰਹੇ! ਜਦੋਂ ਨੰਦੀਗ੍ਰਾਮ ਵਿਚ ਲੋਕਾਂ ਨੂੰ ਬੇਘਰ ਕਰ ਕੇ ਉਜਾੜਿਆ ਗਿਆ ਤਾਂ ਉਹ ਮਹਾਂਰਾਸ਼ਟਰ ਵਿਚ ਆਦਿਵਾਸੀਆਂ ਨਾਲ ਜਾ ਕੇ ਬੈਠ ਗਏ। ਮਤਲਬ ਜਨਤਾ ਐਨੀ ਵੀ ਬੇਵਕੂਫ ਨਹੀਂ ਹੈ ਕਿ ਇੰਨੀਆਂ ਨਿੱਕੀਆਂ ਗੱਲਾਂ ਨੂੰ ਵੀ ਨਾ ਸਮਝ ਸਕਦੀ ਹੋਵੇ। ਇਹ ਵਾਕਈ ਬਹੁਤ ਤਰਸਯੋਗ ਹੈ ਕਿ ਖੱਬੀ ਧਿਰ ਨੇ ਖ਼ੁਦ ਨੂੰ ਐਨਾ ਹੇਠਾਂ ਡੇਗ ਲਿਆ ਹੈ। ਇਥੋਂ ਤਕ ਕਿ ਉਹ ਸੰਸਦੀ ਸਿਆਸਤ ਵਿਚ ਵੀ ਖ਼ੁਦ ਨੂੰ ਬਚਾ ਨਹੀਂ ਸਕੇ ਅਤੇ ਜਿਨ੍ਹਾਂ ਮੁੱਦਿਆਂ ਉੱਪਰ ਖੱਬੇਪੱਖੀ ਸਟੈਂਡ ਲੈਣਾ ਚਾਹੀਦਾ ਸੀ, ਇਹ ਉਹ ਵੀ ਨਹੀਂ ਲੈ ਸਕੇ। ਇਸ ਸਭ ਕਾਸੇ ਲਈ ਉਹ ਖ਼ੁਦ ਹੀ ਜ਼ਿੰਮੇਵਾਰ ਹਨ ਅਤੇ ਇਨ੍ਹਾਂ ਨਾਲ ਇਹੀ ਹੋਣਾ ਚਾਹੀਦਾ ਸੀ। ਇੰਨੇ ਸਾਲਾਂ 'ਚ ਇਹ ਲੋਕ ਕਦੇ ਪਾਰਟੀ ਨੂੰ ਉੱਚ ਜਾਤਾਂ ਦੇ ਗ਼ਲਬੇ ਤੋਂ ਮੁਕਤ ਨਹੀਂ ਕਰਾ ਸਕੇ। ਅਤੇ ਅੱਜ ਵੀ ਤੁਸੀਂ ਦੇਖ ਲਵੋ ਕਿ ਪੋਲਿਟ ਬਿਊਰੋ ਵਿਚ ਇਹੀ ਲੋਕ ਭਰੇ ਪਏ ਹਨ।

ਜੇ ਖੱਬੀ ਧਿਰ ਨੇ ਜਾਤ ਦੇ ਮੁੱਦੇ ਨੂੰ ਸੁਲਝਾਇਆ ਹੁੰਦਾ, ਇਮਾਨਦਾਰੀ ਨਾਲ ਕੰਮ ਕੀਤਾ ਹੁੰਦਾ, ਇਨ੍ਹਾਂ ਕੋਲ ਦਲਿਤ ਆਗੂ ਅਤੇ ਬੁੱਧੀਜੀਵੀ ਹੁੰਦੇ ਅਤੇ ਜੇ ਇਹ ਸਰਮਾਏਦਾਰੀ ਦੀ ਥਾਂ ਖੱਬੀ ਧਿਰ ਵਾਲੀ ਗੱਲ ਕਰਦੇ ਤਾਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਸ ਮੁਲਕ ਵਿਚ ਅੱਜ ਖੱਬੀ ਧਿਰ ਕਿੰਨੀ ਮਜ਼ਬੂਤ ਹੁੰਦੀ? ਇਹ ਲੋਕ ਆਪਣੀ ਜਾਤਪਾਤੀ ਪਛਾਣ ਨੂੰ ਕਦੇ ਨਹੀਂ ਛੱਡ ਸਕੇ। ਅਤੇ

*(ਬਾਕੀ ਅਗਲੇ ਸਫੇ 'ਤੇ)*

# ਭਾਜਪਾਈਓ, ਅਕਾਲੀ ਭਾਈਆਂ ਨੂੰ ਵੀ ਕੁੱਛ ਸਿਖਾਈਓ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਬੜਾ ਪ੍ਰਚਲਿਤ ਨੀਤੀ-ਵਾਕ ਹੈ ਕਿ ਮੂਰਖ ਦੋਸਤ ਨਾਲੋਂ ਦਾਨਾ ਦੁਸ਼ਮਣ ਚੰਗਾ ਹੁੰਦਾ ਹੈ। ਮੱਤਹੀਣ ਦੀ ਮਿੱਤਰਤਾ ਵਿਚ ਬੇਵਕੂਫੀ ਦਾ ਅੰਸ਼ ਜ਼ਰੂਰ ਨਜ਼ਰ ਆਵੇਗਾ, ਜਦ ਕਿ ਦਾਨਾ ਦੁਸ਼ਮਣ ਬੇਸ਼ੱਕ 'ਅਣਹੋਣੀ ਬਾਤ' ਵੀ ਕਰੇ, ਪਰ ਉਹਦੇ ਵਿਚ ਵੀ ਕਿਤੇ ਨਾ ਕਿਤੇ ਦਾਨਾਈ ਦੇ ਜ਼ਰੂਰ ਦਰਸ਼ਨ ਹੋਣਗੇ। ਦਾਨੇ ਦੁਸ਼ਮਣ ਨਾਲ ਸੌ ਵਾਰ ਲੜਾਈ-ਭਿੜਾਈ ਹੁੰਦੀ ਰਹੇ, ਪਰ ਉਸ ਦੀ ਰੰਚਕ ਮਾਤਰਾ ਦਾਨਾਈ ਕਾਰਨ ਕਦੇ ਨਾ ਕਦੇ ਸੁਲਾਹ-ਸਫਾਈ ਹੋ ਜਾਣ ਦੀ ਵੀ ਸੰਭਾਵਨਾ ਨਹੀਂ ਮਰਦੀ। ਅਜਿਹੀ ਸੋਚ ਤੋਂ ਹੀ ਕਿਸੇ ਸਿਆਣੇ ਨੇ ਇਹ ਕਥਨ ਕਥਿਆ ਹੋਇਆ ਲਗਦਾ ਹੈ ਕਿ ਬੁਧੀਮਾਨ ਅਤੇ ਮੂਰਖ ਵਿਚ ਸਭ ਤੋਂ ਵੱਡਾ ਫਰਕ ਇਹੀ ਹੁੰਦਾ ਹੈ ਕਿ ਬੁੱਧੀਮਾਨ ਤਾਂ ਮੂਰਖ ਤੋਂ ਕੋਈ ਨਾ ਕੋਈ ਸਿੱਖਿਆ ਲੈ ਸਕਦਾ ਹੈ; ਪਰ ਮੂਰਖ, ਬੁਧੀਮਾਨਾਂ ਦੀ ਸੰਗਤ ਤੋਂ ਵੀ ਕੋਈ ਅਕਲ ਨਹੀਂ ਲੈ ਸਕਦਾ।

ਇਸਲਾਮੀ ਦਾਰਸ਼ਨਿਕ ਸ਼ੇਖ ਸਾਅਦੀ ਨੇ ਇਕ ਥਾਂ ਲਿਖਿਆ ਹੈ, ਕਿਸੇ ਨੇ ਲੁਕਮਾਨ ਨੂੰ ਪੁੱਛਿਆ ਕਿ ਐ ਮੁਦੱਬਰ! ਤੂੰ ਇਤਨੀ ਅਕਲ ਕਿਥੋਂ ਲਈ? ਲੁਕਮਾਨ ਦਾ ਜਵਾਬ ਸੀ, "ਅੰਨ੍ਹਿਆਂ ਤੋਂ!" ਸਵਾਲ ਪੁੱਛਣ ਵਾਲੇ ਦੀ ਹੈਰਾਨੀ ਦੂਰ ਕਰਦਿਆਂ ਲੁਕਮਾਨ ਨੇ ਆਖਿਆ ਕਿ ਅੱਖਾਂ ਤੋਂ ਹੀਣ ਬੰਦਾ ਅੱਗਾ ਟੋਹੇ ਤੋਂ ਬਿਨਾਂ ਇਕ ਪੈਰ ਵੀ ਨਹੀਂ ਪੁੱਟਦਾ।" ਹੈ ਨਾ ਅਜੀਬ ਗੱਲ? ਤਮਾਮ ਦੁਨੀਆਂ ਅੰਨ੍ਹਿਆਂ ਨੂੰ ਗਏ ਗੁਜ਼ਰੇ ਸਮਝਦੀ ਹੈ, ਪਰ ਲੁਕਮਾਨ ਨੇ ਉਨ੍ਹਾਂ ਤੋਂ ਵੀ ਗੁਣ ਸਿੱਖ ਲਿਆ।

ਉਮੀਦ ਹੈ ਕਿ ਇੰਨੀਆਂ ਕੁ ਦਲੀਲਾਂ ਪੜ੍ਹ ਕੇ ਸਿਰਲੇਖ ਵਿਚ ਕੀਤੀ ਗਈ 'ਪੁੱਠੀ ਜਿਹੀ' ਮੰਗ ਨਾਲ ਸਭ ਦੀ ਸਹਿਮਤੀ ਹੋ ਗਈ ਹੋਵੇਗੀ। ਵੈਸੇ, ਬਹੁਤਿਆਂ ਨੇ ਜ਼ਰੂਰ ਨੱਕ ਬੁੱਲ੍ਹ ਵੱਟੇ ਹੋਣਗੇ ਕਿ 'ਹਿੰਦੂ-ਹਿੰਦੀ-ਹਿੰਦੁਸਤਾਨ' ਦੀ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਕਹੀ ਜਾਂਦੀ ਫਿਰਕੂ ਪਾਰਟੀ ਨੂੰ, ਸਿੱਖਾਂ ਨੂੰ ਸਿੱਖਿਆ ਦੇਣ ਲਈ ਕਿਉਂ ਕਿਹਾ ਜਾ ਰਿਹਾ ਹੈ? ਸਿੱਖ ਸਕਾਲਰ ਆਪਣੇ ਧਰਮ ਫਲਸਫੇ ਦੀ ਦੂਜੇ ਧਰਮਾਂ ਮਜ਼ਹਬਾਂ, ਖਾਸ ਕਰ ਕੇ ਬ੍ਰਾਹਮਣਵਾਦ ਨਾਲ ਤੁਲਨਾ ਕਰਦਿਆਂ ਸਿੱਖ ਧਰਮ ਨੂੰ ਸਰਵੋਤਮ ਦਰਸਾਉਂਦੇ ਹਨ। ਤੁਲਨਾਤਮਕ ਅਧਿਐਨ ਮੁਤਾਬਕ ਇਹ ਧਾਰਨਾ ਸੌ ਫੀਸਦੀ ਸੱਚ ਵੀ ਹੋ ਨਿੱਬੜਦੀ ਹੈ। ਫਿਰ ਹੁਣ ਭਲਾ ਮੈਂ ਬਿਪਰਵਾਦ ਦੀ ਠੋਕ ਵਜਾ ਕੇ ਪ੍ਰਤੀਨਿਧਤਾ ਕਰਨ ਵਾਲੀ ਸਿਆਸੀ ਪਾਰਟੀ ਨੂੰ ਇਹ ਕਿਉਂ ਕਹਿ ਰਿਹਾ ਹਾਂ ਕਿ ਭਰਾਵੋ! ਸਾਡੀ ਸਿੱਖ ਪਾਰਟੀ ਨੂੰ ਵੀ ਸਿਖਾਈਓ!!

ਬਾਬਾ ਫਰੀਦ ਜੀ ਦੇ ਬੋਲ 'ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਦੇਖ' ਦੀ ਪਾਲਣਾ ਕਰਦਿਆਂ ਮੈਨੂੰ ਸਮਾਂ ਯਾਦ ਆਉਂਦਾ ਹੈ, ਅਕਾਲੀ ਦਲ ਵੱਲੋਂ ਲਗਾਏ ਧਰਮ-ਯੁੱਧ ਮੋਰਚੇ ਦਾ। ਅਕਾਲੀ ਵਰਕਰਾਂ ਨਾਲ ਸਾਰੀਆਂ ਜੇਲ੍ਹਾਂ ਨੱਕੋ-ਨੱਕ ਭਰੀਆਂ ਪਈਆਂ ਸਨ। ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਹੰਭੀਆਂ ਪਈਆਂ ਸਨ। ਅਕਾਲੀ ਦਲ ਦਾ ਹੱਥ ਉਪਰ ਹੋ ਰਿਹਾ ਸਪੱਸ਼ਟ ਨਜ਼ਰ ਆ ਰਿਹਾ ਸੀ। ਉਨ੍ਹੀਂ ਦਿਨੀਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਚਾਰੇ ਪਾਸੇ ਗੂੰਜਾਂ ਪੈ ਰਹੀਆਂ ਸਨ। ਲੌਂਗੋਵਾਲੀਏ ਸੰਤ ਸਮੇਤ ਸਾਰੇ ਤੱਤੇ ਠੰਢੇ ਆਗੂ ਹਿੱਕਾਂ ਥਾਪੜ ਥਾਪੜ ਕੇ ਪੰਜਾਬੀਆਂ ਨਾਲ ਵਾਅਦੇ ਕਰ ਰਹੇ ਸਨ ਕਿ ਅਸੀਂ ਅਨੰਦਪੁਰ ਦੇ ਮਤੇ ਤੋਂ ਰੀਣ ਭਰ ਵੀ ਐਧਰ ਉਧਰ ਨਹੀਂ ਹੋਵਾਂਗੇ। 'ਕਰੋ ਜਾਂ ਮਰੋ' ਦਾ ਨਾਹਰਾ ਲਾਉਂਦਿਆਂ ਉਹ ਹਰ ਸਟੇਜ, ਰੇਡੀਓ/ਟੀ.ਵੀ. 'ਤੇ ਇਹੀ ਆਖਦੇ ਕਿ ਐਤਕੀਂ ਆਰ ਜਾਂ ਪਾਰ! ਵਿਚ ਵਿਚਾਲਾ ਕੋਈ ਨਹੀਂ!! ਬੱਸ, ਮਤਾ ਅਨੰਦਪੁਰ ਦਾ...ਪੰਜਾਬ ਸਮੱਸਿਆ ਦਾ ਇਕੋ ਇਕ ਹੱਲ!!!



ਉਸ ਵੇਲੇ ਦੇ ਹਾਲਾਤ ਨੂੰ ਨੇੜਿਉਂ ਦੇਖਣ ਵਾਲੇ ਜਾਣਦੇ ਹੋਣਗੇ ਕਿ ਅਕਾਲੀ ਆਗੂਆਂ ਦੀ 'ਸੁਰੀਲੀ ਤੇ ਅਣਖੀਲੀ' ਆਵਾਜ਼ ਇਹ ਯਕੀਨ ਬਣਾਉਣ ਦਾ ਕੰਮ ਕਰ ਰਹੀ ਸੀ ਕਿ ਐਤਕੀਂ ਸੱਚ-ਮੁੱਚ ਉਹ ਅਨੰਦਪੁਰ ਦਾ ਮਤਾ ਲਾਗੂ ਕਰਵਾ ਹੀ ਲੈਣਗੇ। ਮੈਂ ਉਦੋਂ ਭਰ ਜਵਾਨੀ ਵਿਚ ਸਾਂ। ਮੇਰੇ ਵਰਗਿਆਂ ਨੂੰ ਉਦੋਂ ਅਕਾਲੀ ਆਗੂਆਂ ਦੇ ਦਾਅਵੇ ਪੱਥਰ 'ਤੇ ਲੀਕ ਜਾਪਦੇ ਹੁੰਦੇ ਸਨ। ਉਨ੍ਹਾਂ ਦੇ ਭਰੋਸਿਆਂ ਉਪਰ 'ਸ਼ੱਕ' ਕਰਨ ਵਾਲਿਆਂ ਦੇ ਮੇਰੇ ਵਰਗੇ ਤੱਤ-ਭੜੱਤੇ ਗਲ ਪੈਣ ਤੱਕ ਚਲੇ ਜਾਂਦੇ।

ਇਨ੍ਹਾਂ ਦਿਨਾਂ ਦੌਰਾਨ ਮੈਂ ਤੇ ਮੇਰੇ ਕੁਝ ਦੋਸਤ ਜਾਡਲੇ, ਸ਼ੇਖੂ ਪੁਰੀਆਂ ਦੇ ਹੋਟਲ ਵਿਚ ਚਾਹ ਪੀ ਰਹੇ ਸਾਂ। ਸਾਹਮਣੇ ਬੈਂਚ 'ਤੇ ਪਈ ਸੀ 'ਜੱਗ ਬਾਣੀ' ਅਖ਼ਬਾਰ। ਕੁਦਰਤੀ ਸੰਪਾਦਕੀ ਪੰਨਾ ਹੀ ਉਪਰ ਪਿਆ ਸੀ। ਸੰਪਾਦਕੀ ਨੋਟ ਦੀਆਂ ਕੁਝ ਸਤਰਾਂ ਪੜ੍ਹ ਕੇ ਮੈਂ ਅਚਾਨਕ ਠਹਾਕਾ ਮਾਰ ਕੇ ਹੱਸ ਪਿਆ। ਸਾਰਿਆਂ ਦਾ ਧਿਆਨ ਮੇਰੇ ਵੱਲ ਹੋ ਗਿਆ। ਮੈਂ ਖਿੱਲੀ ਉਡਾਉਣ ਦੀ ਤਰਜ਼ 'ਤੇ ਹੱਸਦਿਆਂ ਹੋਇਆਂ ਦੋਸਤਾਂ ਨੂੰ ਸੰਪਾਦਕੀ ਨੋਟ ਦੀਆਂ ਕੁਝ ਸਤਰਾਂ ਪੜ੍ਹ ਕੇ ਸੁਣਾਈਆਂ। ਸੁਣ ਕੇ ਮੇਰੇ ਨਾਲ ਦੇ ਵੀ ਸਾਰੇ ਖਿੜ ਖਿੜਾ ਕੇ ਹੱਸ ਪਏ, "ਲਾਲੇ ਦਾ ਦਿਮਾਗ ਖ਼ਰਾਬ ਹੋਇਆ ਹੋਇਐ।"

ਉਸ ਦਿਨ ਲਾਲਾ ਜਗਤ ਨਰਾਇਣ ਨੇ ਆਪਣੇ ਸੰਪਾਦਕੀ ਵਿਚ ਪੰਜਾਬ ਸਮੱਸਿਆ ਦਾ ਲੰਬਾ ਚੌੜਾ ਵਿਸ਼ਲੇਸ਼ਣ ਕਰਦਿਆਂ ਅਖੀਰ ਵਿਚ ਭਵਿੱਖਵਾਣੀ ਕੀਤੀ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ 'ਭੁੱਲੀ ਵਿਸਰੀ ਯਾਦ' ਬਣ ਕੇ ਰਹਿ ਜਾਏਗਾ। ਇਸੇ ਪ੍ਰਸੰਗ ਅਧੀਨ ਅੱਗੇ ਚੱਲ ਕੇ ਮਿਸਾਲ ਵਜੋਂ ਇਕ ਹੋਰ ਪੇਸ਼ੀਨਗੋਈ ਕੀਤੀ ਹੋਈ ਸੀ ਕਿ ਕਿਸੇ ਦਿਨ ਪੰਜਾਬ ਦੀਆਂ ਸੜਕਾਂ ਤੋਂ 'ਪੰਜਾਬ ਰੋਡਵੇਜ਼' ਦੀਆਂ ਬੱਸਾਂ (ਭਾਵ ਸਰਕਾਰੀ ਬੱਸਾਂ) ਲੋਪ ਹੋ ਜਾਣਗੀਆਂ। ਹੋਟਲ 'ਤੇ ਚਾਹ ਦੀਆਂ ਚੁਸਕੀਆਂ ਭਰਦਿਆਂ ਅਸੀਂ ਉਸ ਦਿਨ ਉਸ ਅਖ਼ਬਾਰ ਵਿਰੁਧ ਰੱਜ ਕੇ ਭੜਾਸ ਕੱਢੀ ਸੀ ਅਤੇ ਲਾਲਾ ਜੀ ਹੋਰਾਂ ਦੀਆਂ ਭਵਿੱਖਵਾਣੀਆਂ ਦਾ ਜੀਅ ਭਰ ਕੇ ਮਖੌਲ ਉਡਾਇਆ ਸੀ।

ਅੱਜ ਕਈ ਦਹਾਕੇ ਬੀਤ ਜਾਣ ਬਾਅਦ ਉਕਤ ਘੜੀਆਂ ਯਾਦ ਕਰ ਕੇ ਸਵੈ-ਫਿਟਕਾਰ ਪੱਲੇ 'ਚ ਪਾ ਰਿਹਾ ਹਾਂ। ਸ੍ਰੀ ਅੰਮ੍ਰਿਤਸਰ ਦੇ ਇਤਿਹਾਸਕ ਅਸਥਾਨ ਮੰਜੀ ਸਾਹਿਬ ਵਿਖੇ ਅਕਾਲੀ ਆਗੂਆਂ ਦੇ ਤਿੱਖੇ ਤੀਰਾਂ ਵਾਂਗ ਸ਼ੂਕਦੇ ਭਰੋਸੇ ਬੰਨਾਉਂਦੇ ਬਿਆਨ ਅਤੇ ਉਕਤ ਭਵਿੱਖਵਾਣੀਆਂ ਬਾਰੇ ਸੋਚ ਕੇ ਕੀ ਕਿਹਾ ਜਾਵੇ ਤੇ ਕੀ ਲਿਖਿਆ ਜਾਵੇ? ਇਕ ਪਾਸੇ ਕੌਮੀ ਆਗੂਆਂ ਦੇ ਦਾਅਵੇ ਅਤੇ ਵਾਅਦੇ, ਦੂਜੇ ਪਾਸੇ ਅਖ਼ਬਾਰ ਦੇ ਸੰਪਾਦਕ ਦੀਆਂ ਪੇਸ਼ੀਨਗੋਈਆਂ। ਪਤਾ ਨਹੀਂ, ਅਸੀਂ ਇਹ ਸਤਰਾਂ ਕਿਸ ਹੌਸਲੇ ਨਾਲ ਗਾਈ ਚਲੇ ਆ ਰਹੇ ਹਾਂ,

'ਸ਼ਾਹ ਮੁਹੰਮਦਾ' ਗੱਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ!

ਹੁਣ ਗੱਲ ਕਰੀਏ ਭਾਜਪਾ ਕੋਲੋਂ ਸਿੱਖਣ ਸਿਖਾਉਣ ਦੀ। ਬੀਤੇ ਦਿਨੀਂ ਭਾਜਪਾ ਵਿਚ ਉਪਰੋਥਲੀ ਕਈ ਘਟਨਾਵਾਂ ਘਟੀਆਂ। ਗੋਆ ਸੰਮੇਲਨ ਵਿਚ ਲਾਲ ਕ੍ਰਿਸ਼ਨ ਅਡਵਾਨੀ ਜਿਹੇ ਸਭ ਤੋਂ ਸੀਨੀਅਰ ਆਗੂ ਦੀ ਗੈਰ ਹਾਜ਼ਰੀ ਵਿਚ ਹੀ ਬਹੁਤ ਵੱਡਾ ਫੈਸਲਾ ਲੈ ਕੇ ਨਰਿੰਦਰ ਮੋਦੀ ਜਿਹੇ ਵਿਵਾਦਾਂ ਵਿਚ ਘਿਰੇ ਆਗੂ ਨੂੰ ਚੋਣ ਪ੍ਰਚਾਰ ਦਾ ਚੇਅਰਮੈਨ ਥਾਪ ਦਿੱਤਾ ਗਿਆ ਸੀ। ਕੀ ਅੱਜ ਸਿੱਖਾਂ ਦਾ ਪ੍ਰਤੀਨਿਧ ਹੋਣ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ (ਬਾਦਲ) ਬਾਰੇ ਅਜਿਹਾ ਸੋਚਿਆ ਜਾ ਸਕਦਾ ਹੈ? ਇਕ ਬਿਪਰਵਾਦੀ ਸਿਆਸੀ ਜਮਾਤ ਆਪਣੇ ਉਚ ਆਗੂ ਤੋਂ ਬਿਨਾਂ ਜੁਰਅਤ ਭਰਿਆ ਨੀਤੀਗਤ ਫੈਸਲਾ ਲੈ ਸਕਦੀ ਹੈ, ਪਰ ਸਾਡੇ ਇੱਧਰ ਹਰ ਇਕ ਮੌਕੇ ਉਤੇ 'ਸਾਰੇ ਅਧਿਕਾਰਾਂ ਦਾ ਬੋਰਾ' ਭਰ ਕੇ ਪ੍ਰਧਾਨ ਸਾਹਿਬ ਨੂੰ ਸੌਂਪਣ ਦੀ 'ਰਘੂ ਕੁਲ ਰੀਤ' ਬਣਾ ਦਿੱਤੀ ਗਈ ਹੈ।

ਫਿਰ ਦੂਜੀ ਗੱਲ। ਮੀਡੀਏ 'ਚ ਆਈਆਂ ਖ਼ਬਰਾਂ ਅਨੁਸਾਰ ਸ੍ਰੀ ਅਡਵਾਨੀ ਨੇ ਜਦੋਂ ਰੋਸ ਵਜੋਂ ਅਸਤੀਫਾ ਦਿੱਤਾ ਤਾਂ ਆਰ.ਐਸ.ਐਸ. ਨੇ ਐਸੀ ਘੂਰੀ ਵੱਟੀ ਕਿ ਉਨ੍ਹਾਂ ਨੇ ਦੂਜੇ ਦਿਨ ਹੀ ਅਸਤੀਫਾ ਵਾਪਸ ਲੈ ਲਿਆ। ਸਮਝੋ ਬੀ.ਜੇ.ਪੀ. ਹਾਥੀ ਰੂਪੀ ਪਾਰਟੀ ਉਪਰ ਵੀ ਆਰ.ਐਸ.ਐਸ. 'ਮਹਾਵਤ' ਕੁੰਡਾ ਲੈ ਕੇ ਬੈਠਾ ਹੈ। ਨਾਗਪੁਰ ਤੋਂ ਆਇਆ ਹਰ ਫਰਮਾਨ ਭਾਜਪਾਈਆਂ ਲਈ 'ਇਲਾਹੀ ਹੁਕਮ' ਦੇ ਬਰਾਬਰ ਹੁੰਦਾ ਹੈ। ਸ੍ਰੀ ਮੋਦੀ ਦੀ ਚੋਣ ਪਿੱਛੇ ਵੀ ਨਾਗਪੁਰੀ ਇਸ਼ਾਰੇ ਹੀ ਸੁਣੀਂਦੇ ਹਨ।

ਸ੍ਰੀ ਮੋਹਨ ਭਾਗਵਤ ਸ੍ਰੀ ਅਡਵਾਨੀ ਜਿਹੇ ਬਜ਼ੁਰਗ ਆਗੂ ਨੂੰ ਘੂਰੀ ਵੱਟ ਕੇ ਆਖਾ ਮਨਾ ਸਕਦਾ ਹੈ, ਪਰ ਆਪਣੇ ਇੱਧਰ ਝਾਤੀ ਮਾਰ ਕੇ ਦੇਖੋ। ਹੈ ਕਿਸੇ ਕੋਲ 'ਮਾਲਕਾਂ' ਨੂੰ ਘੂਰੀ ਵੱਟਣ ਦੀ ਤਾਕਤ? ਘੂਰੀ ਵੱਟਣਾ ਤਾਂ ਬਹੁਤ ਵੱਡੀ ਗੱਲ ਹੈ, ਇਧਰ ਤਾਂ ਕਿਸੇ ਨੂੰ ਮਾੜੀ ਮੋਟੀ ਚੂੰ-ਚਰਾਂ ਕਰਨ ਦਾ ਅਧਿਕਾਰ ਵੀ ਨਹੀਂ ਹੈ। ਬਕੌਲ ਗੁਰਭਜਨ ਸਿੰਘ ਗਿੱਲ, ਇਥੇ ਤਾਂ ਆਹ ਕੁਝ ਹੋ ਰਿਹਾ ਏ,

ਗਾਨੀ ਵਾਲੇ ਤੋਤੇ ਉਹ ਦੁਹਰਾਈ ਜਾਵਣ,
ਜੋ ਕੁਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ!

ਹਾਲਾਂਕਿ ਭਾਜਪਾਈਆਂ ਨੇ ਕਦੇ ਵੀ ਕਿਸੇ ਵੀ ਮੰਚ ਤੋਂ ਇਹ ਨਹੀਂ ਕਿਹਾ ਕਿ ਆਰ.ਐਸ.ਐਸ. ਸਾਡੇ ਲਈ ਸਰਬਉਚ ਹੈ, ਪਰ ਉਹ ਉਸ ਦੀ ਅਥਾਰਟੀ ਨੂੰ ਕਦੇ ਚੈਲੰਜ ਨਹੀਂ ਕਰਦੇ। ਨਾ ਹੀ ਕਦੇ ਇਹ ਸੁਣਿਆ ਹੈ ਕਿ ਭਾਜਪਾ ਵਾਲਿਆਂ ਨੇ 'ਸੰਘ ਪਰਿਵਾਰ' ਦੇ ਅਹੁਦੇਦਾਰਾਂ ਦੀ ਚੋਣ ਕਰਨ ਵਿਚ ਕੋਈ ਭੂਮਿਕਾ ਨਿਭਾਈ ਹੋਵੇ; ਪਰ ਭਾਜਪਾ ਨਾਲ 'ਪਤੀ-ਪਤਨੀ' ਵਾਲਾ ਰਿਸ਼ਤਾ ਬਣਾਈ ਬੈਠੇ ਅਕਾਲੀ ਦਲੀਏ ਇਕ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ 'ਸਰਬਉਚ' ਕਹੀ ਜਾਂਦੇ ਹਨ; ਨਾਲ ਦੀ ਨਾਲ ਇਹ ਖਬਰਾਂ ਆਉਂਦੀਆਂ ਰਹਿੰਦੀਆਂ ਨੇ ਕਿ 'ਪ੍ਰਧਾਨ ਸਾਹਿਬ' ਫਲਾਣੇ ਸਿੰਘ ਸਾਹਿਬ ਤੋਂ ਖ਼ਫਾ ਹੋਏ ਪਏ ਹਨ ਤੇ ਹੁਣ ਉਸ ਦੀ ਜਗ੍ਹਾ ਢਿਮਕੇ ਸਿੰਘ ਨੂੰ 'ਜਥੇਦਾਰ' ਬਣਾਇਆ ਜਾ ਰਿਹਾ ਹੈ। ਰਾਗਣੀ ਗਾਈ ਜਾਣੀ 'ਸ੍ਰੀ ਅਕਾਲ ਤਖ਼ਤ ਮਹਾਨ ਹੈ' ਦੀ, ਪਰ ਉਥੋਂ ਦੇ ਜਥੇਦਾਰ ਨੂੰ ਇਹ ਆਦੇਸ਼ ਦੇਣਾ ਕਿ 'ਪਹਿਲੇ ਅਸਤੀਫਾ, ਪਾਛੇ ਇਸ਼ਨਾਨ!'

ਪੰਜਾਬ ਦੇ ਇਤਿਹਾਸ ਦੀ ਮਾੜੀ ਮੋਟੀ ਜਾਣਕਾਰੀ ਰੱਖਣ ਵਾਲੇ ਵੀ ਜਾਣਦੇ ਹੋਣਗੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋ ਜਾਣ ਤੋਂ ਬਾਅਦ ਅਕਾਲੀ ਦਲ ਕਾਇਮ ਹੋਇਆ ਸੀ ਤਾਂ ਕਿ ਸ਼੍ਰੋਮਣੀ ਕਮੇਟੀ ਧਾਰਮਿਕ ਫਰਜ਼ ਨਿਭਾਵੇ ਤੇ ਅਕਾਲੀ ਦਲ ਸਿਆਸੀ। ਕੁਝ ਕੁ ਵਰ੍ਹੇ ਅਕਾਲੀ ਦਲ ਉਤੇ ਸ਼੍ਰੋਮਣੀ ਕਮੇਟੀ ਦਾ ਕੁੰਡਾ ਰਿਹਾ, ਪਰ ਹੌਲੀ ਹੌਲੀ ਹਾਲਾਤ ਇਹ ਬਣ ਗਏ ਕਿ ਸਾਰਾ ਕੁਝ ਸਿਆਸਤ ਦੀ ਭੇਟ ਚੜ੍ਹ ਗਿਆ। ਹੁਣ ਅੱਜਕੱਲ੍ਹ ਜੋ ਹੋ ਰਿਹਾ ਹੈ, ਸਭ ਨੂੰ ਚਿੱਟੇ ਦਿਨ ਵਾਂਗ ਪਤਾ ਹੈ। ਸੰਘ ਪਰਿਵਾਰ ਦੀਆਂ ਵੱਟੀਆਂ ਘੂਰੀਆਂ ਨਾਲ ਭਾਜਪਾ ਦਾ 'ਸਟੇਅਰਿੰਗ' ਮੁੜਦਾ ਦੇਖ ਕੇ, ਸ਼੍ਰੋਮਣੀ ਕਮੇਟੀ ਦੇ ਮੇਰੇ ਜਿਹੇ ਨਿਮਾਣੇ ਸਾਬਕਾ ਮੈਂਬਰ ਦੇ ਮਨ ਵਿਚ ਵੀ ਉਮੰਗ ਉਠ ਪਈ ਕਿ 'ਰਾਮ ਰਾਜ' ਲੈ ਆਉਣ ਵਾਲਿਆਂ ਨੂੰ ਅਰਜ਼ ਕਰੀਏ ਕਿ ਭਾਜਪਾਈਓ! ਆਪਣੇ 'ਸਥਾਈ ਸਾਥੀ', ਭਾਵ ਸਾਡੇ 'ਕਾਲੀਆਂ ਨੂੰ ਵੀ ਕੁਛ ਸਮਝਾਈਓ!

---

## ਜਉ ਲਉ ਭਾਉ ਅਭਾਉ ਇਹੁ ਮਾਨੈ...

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਜਉ ਲਉ ਭਾਉ ਅਭਾਉ ਇਹੁ ਮਾਨੈ
ਤਉ ਲਉ ਮਿਲਣੁ ਦੂਰਾਈ॥
ਆਨ ਆਪਨਾ ਕਰਤ ਬੀਚਾਰਾ
ਤਉ ਲਉ ਬੀਚੁ ਬਿਖਾਈ॥੧॥
ਮਾਧਵੇ ਐਸੀ ਦੇਹੁ ਬੁਝਾਈ॥
ਸੇਵਉ ਸਾਧ ਗਹਉ ਓਟ ਚਰਨਾ
ਨਹ ਬਿਸਰੈ ਮੁਹਤੁ ਚਸਾਈ॥ਰਹਾਉ॥
ਰੇ ਮਨ ਮੁਗਧ ਅਚੇਤ ਚੰਚਲ ਚਿਤ
ਤੁਮ ਐਸੀ ਰਿਦੈ ਨ ਆਈ॥
ਪ੍ਰਾਨਪਤਿ ਤਿਆਗਿ ਆਨ ਤੂ ਰਚਿਆ
ਉਰਝਿਓ ਸੰਗਿ ਬੈਰਾਈ॥੨॥
ਸੋਗੁ ਨ ਬਿਆਪੈ ਆਪੁ ਨ ਥਾਪੈ
ਸਾਧ ਸੰਗਤਿ ਬੁਧਿ ਪਾਈ॥
ਸਾਕਤ ਕਾ ਬਕਨਾ ਇਉ ਜਾਨਉ
ਜੈਸੇ ਪਵਨੁ ਝੁਲਾਈ॥੩॥
ਕੋਟਿ ਪਰਾਧ ਅਛਾਦਿਓ ਇਹੁ
ਮਨੁ ਕਹਣਾ ਕਛੂ ਨ ਜਾਈ॥
ਜਨ ਨਾਨਕ ਦੀਨ ਸਰਨਿ ਆਇਓ
ਪ੍ਰਭ ਸਭੁ ਲੇਖਾ ਰਖਹੁ ਉਠਾਈ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਪ੍ਰਭੂ ਅੱਗੇ ਅਰਦਾਸ ਵੀ ਕਰਦੇ ਹਨ ਅਤੇ ਸੰਸਾਰ ਨੂੰ ਉਪਦੇਸ਼ ਵੀ ਕਰਦੇ ਹਨ-ਹੇ ਮਾਇਆਪਤੀ ਮਿਹਰਬਾਨ ਪ੍ਰਭੂ ਜੀਓ! ਮੈਨੂੰ ਐਸੀ ਦੇਹੁ ਬੁਝਾਈ, ਭਾਵ ਸੁਮਤਿ ਦੇਹ ਕਿ ਮੈਂ ਗੁਰੂ ਦੇ ਦੱਸੇ ਰਸਤੇ 'ਤੇ ਤੁਰ ਕੇ ਸੇਵਾ ਕਰਾਂ। ਗੁਰੂ ਦੇ ਚਰਨਾਂ ਨੂੰ ਮੈਂ ਘੁੱਟ ਕੇ ਫੜੀ ਰੱਖਾਂ। ਇਹ ਗੱਲ ਮੈਨੂੰ ਇਕ ਪਲ ਲਈ ਵੀ ਨਾ ਭੁੱਲ ਸਕੇ।

ਜਉ ਲਉ ਭਾਉ ਅਭਾਉ ਇਹੁ ਮਾਨੈ
ਤਉ ਲਉ ਮਿਲਣੁ ਦੂਰਾਈ॥
ਆਨ ਆਪਨਾ ਕਰਤ ਬੀਚਾਰਾ
ਤਉ ਲਉ ਬੀਚੁ ਬਿਖਾਈ॥੧॥

ਹੇ ਭਾਈ! ਜਦੋਂ ਤੱਕ ਇਸ ਜੀਵ ਦਾ ਚੰਚਲ ਮਨ ਕਿਸੇ ਨਾਲ ਆਪਣਾਪਨ ਅਤੇ ਕਿਸੇ ਨਾਲ ਬੇਗਾਨਾਪਨ ਮੰਨਦਾ, ਭਾਵ ਸਮਝਦਾ ਹੈ, ਉਦੋਂ ਤੱਕ ਉਸ ਸੰਸਾਰ ਦੇ ਮਾਲਕ ਪ੍ਰਭੂ ਦੇ ਮਿਲਾਪ ਦੀ ਗੱਲ ਬਹੁਤ ਹੀ ਦੂਰ ਹੁੰਦੀ ਹੈ। ਜੀਵ ਅਤੇ ਪ੍ਰਭੂ ਵਿਚ ਬਿਖਾਈ, ਭਾਵ ਮਾਇਆ ਭਰਮ ਦਾ ਪਰਦਾ ਬਣਿਆ ਰਹਿੰਦਾ ਹੈ ਜੋ ਜੀਵ ਨੂੰ ਪ੍ਰਭੂ ਨਾਲੋਂ ਤੋੜੀ ਰੱਖਦਾ ਹੈ।

ਰੇ ਮਨ ਮੁਗਧ ਅਚੇਤ ਚੰਚਲ ਚਿਤ
ਤੁਮ ਐਸੀ ਰਿਦੈ ਨ ਆਈ॥
ਪ੍ਰਾਨਪਤਿ ਤਿਆਗਿ ਆਨ ਤੂ ਰਚਿਆ
ਉਰਝਿਓ ਸੰਗਿ ਬੈਰਾਈ॥੨॥

ਹੇ ਮਨ ਮੂਰਖ; ਅਚੇਤ ਭਾਵ ਸੁੱਤੇ ਪਏ; ਚੰਚਲ ਚਿਤ ਭਾਵ ਹਰ ਸਮੇਂ ਹੀ ਭਟਕਣ ਵਾਲੇ ਮਨ, ਹੇ ਮੇਰੇ ਗਫਲਤ ਦੀ ਨੀਂਦ ਵਿਚ ਸੁੱਤੇ ਹੋਏ ਮੂਰਖ ਅਤੇ ਚੰਚਲ ਮਨ! ਤੈਨੂੰ ਕਦੀ ਵੀ ਇਹ ਸੋਝੀ ਕਿਉਂ ਨਹੀਂ ਆਈ? ਪ੍ਰਾਨਪਤਿ ਤਿਆਗਿ, ਭਾਵ ਆਪਣੇ ਪ੍ਰਾਣਾਂ ਦੇ ਮਾਲਕ ਪ੍ਰਭੂ ਨੂੰ ਵਿਸਾਰ ਕੇ ਉਰਝਿਓ ਸੰਗਿ ਬੈਰਾਈ, ਭਾਵ ਸੰਸਾਰਕ ਵਿਕਾਰਾਂ 'ਚ ਹੀ ਉਲਝ ਕੇ ਤੂੰ ਜੀਵਨ ਗਵਾ ਲਿਆ।

ਸੋਗੁ ਨ ਬਿਆਪੈ ਆਪੁ ਨ ਥਾਪੈ
ਸਾਧ ਸੰਗਤਿ ਬੁਧਿ ਪਾਈ॥
ਸਾਕਤ ਕਾ ਬਕਨਾ ਇਉ ਜਾਨਉ
ਜੈਸੇ ਪਵਨੁ ਝੁਲਾਈ॥੩॥

ਹੇ ਭਾਈ! ਅਸੀਂ ਤਾਂ ਸਾਧ ਸੰਗਤ, ਭਾਵ ਗੁਰੂ ਕੋਲ ਬੈਠ ਕੇ ਇਹ ਮਤ ਪ੍ਰਾਪਤ ਕਰ ਲਈ ਹੈ ਕਿ ਜਿਹੜਾ ਜੀਵ ਆਪੁ ਨ ਥਾਪੈ, ਭਾਵ ਆਪਣੇ ਮਨ ਦਾ ਕਹਿਣਾ ਨਾ ਮੰਨ ਕੇ ਗੁਰੂ ਦਾ ਕਹਿਣਾ ਮੰਨ ਕੇ ਤੁਰਦਾ ਹੈ, ਉਸ ਦੇ ਜੀਵਨ ਉਤੇ ਸੋਗ-ਚਿੰਤਾ-ਫਿਕਰ ਕਦੀ ਵੀ ਜ਼ੋਰ ਨਹੀਂ ਪਾ ਸਕਦੇ; ਅਤੇ ਭਾਈ! ਸਾਕਤ ਕਾ ਬਕਨਾ, ਭਾਵ ਪ੍ਰਭੂ ਨਾਲੋਂ ਟੁੱਟੇ ਹੋਏ ਬੰਦੇ ਦੀ ਗੱਲ ਨੂੰ ਸੁਣ ਕੇ ਇਵੇਂ ਸਮਝ ਛੱਡਦੇ ਹਾਂ, ਜਿਵੇਂ ਜੈਸੇ ਪਵਨੁ ਝੁਲਾਈ, ਭਾਵ ਹਵਾ ਦਾ ਬੁੱਲਾ ਇਧਰੋਂ ਆਇਆ ਤੇ ਉਧਰ ਤੁਰ ਗਿਆ।

ਕੋਟਿ ਪਰਾਧ ਅਛਾਦਿਓ ਇਹੁ
ਮਨੁ ਕਹਣਾ ਕਛੂ ਨ ਜਾਈ॥
ਜਨ ਨਾਨਕ ਦੀਨ ਸਰਨਿ ਆਇਓ
ਪ੍ਰਭ ਸਭੁ ਲੇਖਾ ਰਖਹੁ ਉਠਾਈ॥੪॥

ਗੁਰਦੇਵ ਅਰਦਾਸ ਕਰ ਰਹੇ ਹਨ-ਹੇ ਮੇਰੇ ਮਿਹਰਬਾਨ ਪ੍ਰਭੂ ਜੀਓ! ਇਹ ਚੰਚਲ ਮਨ ਤਾਂ ਕਰੋੜਾਂ ਹੀ ਅਪਰਾਧਾਂ ਦੇ ਅਛਾਦਿਓ, ਭਾਵ ਬੋਝ ਥੱਲੇ ਦੱਬਿਆ ਪਿਆ ਹੈ। ਇਹਦੇ ਬਾਰੇ ਤਾਂ ਕੁਝ ਵੀ ਆਖਿਆ ਨਹੀਂ ਜਾ ਸਕਦਾ, ਹਰ ਵੇਲੇ ਹੀ ਭਟਕਿਆ ਫਿਰਦਾ ਹੈ। ਇਸ ਲਈ ਹੇ ਮੇਰੇ ਬਖ਼ਸ਼ਣਹਾਰ ਮਿਹਰਬਾਨ ਪ੍ਰਭੂ ਜੀਓ! ਇਹ ਤੇਰਾ ਸੇਵਕ ਨਾਨਕ ਤੇਰੇ ਦਰ 'ਤੇ ਬੇਨਤੀ ਕਰਦਾ ਹੈ ਕਿ ਮੈਂ ਅਤਿ ਨਿਮਾਣਾ ਤੇਰੇ ਸ਼ਰਨ ਆ ਪਿਆ ਹਾਂ; ਆਪ ਕ੍ਰਿਪਾ ਕਰ ਕੇ ਮੇਰੇ ਸਾਰੇ ਪਾਪਾਂ ਦਾ ਹੁਣ ਲੇਖਾ ਮੁਕਾ ਦਿਉ।

ਆਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

---

## 'ਹਰ ਬੰਦੇ ਲਈ ਖਾਲੀ ਹੈ ਜੰਗ ਦਾ ਮੈਦਾਨ'

*(ਪਿਛਲੇ ਸਫੇ ਦੀ ਬਾਕੀ)*

ਇਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਹੀ ਮੇਰਾ ਨਾਵਲ 'ਦਿ ਗਾਡ ਆਫ ਸਮਾਲ ਥਿੰਗਜ਼' ਹੈ।

**ਸਵਾਲ: ਮੌਜੂਦਾ ਹਾਲਾਤ 'ਚ ਕਮਿਊਨਿਸਟ ਪਾਰਟੀਆਂ ਦਾ ਭਵਿੱਖ ਕੀ ਹੈ?**

**ਅਰੁੰਧਤੀ:** ਦੇਖੋ, ਮੈਂ ਕਦੇ ਕਦੇ ਮੈਨੂੰ ਸੀ.ਪੀ.ਆਈ.(ਐੱਮ.ਐੱਲ.)-ਲਿਬਰੇਸ਼ਨ, ਆਇਸਾ ਦੀ ਗੱਲ ਠੀਕ ਲਗਦੀ ਹੈ। ਇਹ ਲੋਕ ਸ਼ਹਿਰੀ ਗ਼ਰੀਬਾਂ ਵਿਚ ਕੰਮ ਕਰਦੇ ਹਨ। ਬਿਹਾਰ ਵਿਚ ਇਹ ਜਾਤ ਦੇ ਸਵਾਲ ਨੂੰ ਹੱਲ ਕਰਨ ਦਾ ਯਤਨ ਕਰ ਰਹੇ ਹਨ; ਪਰ ਇਹ ਕਾਮਯਾਬ ਨਹੀਂ ਹੋ ਰਹੇ ਹਨ ਕਿਉਂਕਿ ਜਿਵੇਂ ਮੈਂ ਕਿਹਾ ਕਿ ਇਨ੍ਹਾਂ ਦੀ ਤਾਕਤ ਬਹੁਤ ਸੀਮਤ ਹੈ ਅਤੇ ਇਹ ਹਾਸ਼ੀਏ ਉੱਪਰ ਹਨ; ਪਰ ਬਹੁਤ ਸਾਰੀਆਂ ਗੱਲਾਂ ਜੋ ਇਹ ਕਹਿੰਦੇ ਹਨ, ਮੈਂ ਉਨ੍ਹਾਂ ਦਾ ਸਤਿਕਾਰ ਕਰਦੀ ਹਾਂ। ਮੈਂ ਇਹ ਬਿਲਕੁਲ ਨਹੀਂ ਸਮਝ ਪਾ ਰਹੀ ਕਿ ਇਹ ਐਨਾ ਹਾਸ਼ੀਏ ਉੱਪਰ ਕਿਵੇਂ ਰਹਿ ਗਏ ਅਤੇ ਖ਼ੁਦ ਨੂੰ ਇਨ੍ਹਾਂ ਨੇ ਗ਼ੈਰ-ਪ੍ਰਸੰਗਿਕ ਕਿਵੇਂ ਬਣਾ ਲਿਆ। ਮੈਨੂੰ ਮਾਓਵਾਦੀਆਂ ਅਤੇ ਲਿਬਰੇਸ਼ਨ ਵਿਚਕਾਰ ਵਿਚਾਰਧਾਰਕ ਜੰਗਾਂ ਨੂੰ ਦੇਖ ਕੇ ਬਹੁਤ ਦੁੱਖ ਹੁੰਦਾ ਹੈ। ਇਨ੍ਹਾਂ ਲੋਕਾਂ ਨੇ ਦਾਅ-ਪੇਚਾਂ ਨੂੰ ਵਿਚਾਰਧਾਰਾ ਨਾਲ ਜੋੜ ਕੇ ਭੁਲੇਖਾ ਪੈਦਾ ਕੀਤਾ ਹੋਇਆ ਹੈ। ਸੀ.ਪੀ.ਆਈ. (ਐਮ.ਐਲ.)-ਲਿਬਰੇਸ਼ਨ ਦੇ ਲੋਕ ਜੰਗਲ ਤੋਂ ਬਾਹਰ ਰਹਿ ਕੇ ਕੰਮ ਕਰਦੇ ਹਨ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਉਹ ਹਥਿਆਰਾਂ ਨਾਲ ਹੀ ਕੰਮ ਕਰਨ, ਪਰ ਸੀ.ਪੀ.ਆਈ.(ਐਮ.ਐਲ.)-ਲਿਬਰੇਸ਼ਨ ਦੀ ਸਿਆਸਤ ਛੱਤੀਸਗੜ੍ਹ ਵਿਚ ਨਹੀਂ ਚੱਲ ਸਕਦੀ। ਤੁਸੀਂ ਦੇਖੋਗੇ ਕਿ ਆਪਣੇ ਹੱਥੀਂ ਹੀ ਇਨ੍ਹਾਂ ਨੇ ਖ਼ੁਦ ਨੂੰ ਹਾਸ਼ੀਏ 'ਤੇ ਧੱਕ ਲਿਆ ਹੈ। ਇਹ ਛੱਤੀਸਗੜ੍ਹ ਵਿਚ ਮਾਓਵਾਦੀਆਂ ਨਾਲ ਗੱਠਜੋੜ ਕਰ ਸਕਦੇ ਸਨ, ਪਰ ਇਹ ਸਟੇਟ ਨਾਲ ਨਫ਼ਰਤ ਕਰਨ ਦੀ ਬਜਾਏ ਇਕ ਦੂਜੇ ਨਾਲ ਨਫ਼ਰਤ ਜ਼ਿਆਦਾ ਕਰਦੇ ਹਨ ਅਤੇ ਆਪਣਾ ਵਕਤ ਗੁਆ ਰਹੇ ਹਨ।

**ਸਵਾਲ: ਤੇ ਸੀ.ਪੀ.ਐਮ. ਕਿਸ ਪਾਸੇ ਜਾ ਰਹੀ ਹੈ?**

**ਅਰੁੰਧਤੀ:** ਸੀ.ਪੀ.ਐਮ. ਬਾਕੀ ਸੰਸਦੀ ਪਾਰਟੀਆਂ ਵਰਗੀ ਹੀ ਹੈ ਜਿਸ ਨੂੰ ਦੇਖ ਕੇ ਇਹ ਬਿਲਕੁਲ ਨਹੀਂ ਲੱਗਦਾ ਕਿ ਇਹ ਕਿਸੇ ਵੀ ਪੱਖੋਂ ਕਮਿਊਨਿਸਟ ਪਾਰਟੀ ਹੈ।

*(ਸਮਾਪਤ)*

# ਡਾ. ਮਨਮੋਹਨ ਸਿੰਘ ਦੀ ਧੀ ਅੰਮ੍ਰਿਤ ਅਮਰੀਕਾ ਵਿਚ ਛਾਈ

**ਨਿਊ ਯਾਰਕ:** ਕਾਨੂੰਨ ਸਬੰਧੀ ਨਾਮਵਰ ਕਾਰਕੁਨ ਤੇ ਪ੍ਰਧਾਨ ਮੰਤਰੀ ਦੀ ਧੀ ਅੰਮ੍ਰਿਤ ਸਿੰਘ ਨੂੰ ਮਾਨਵੀ ਹੱਕਾਂ ਬਾਰੇ ਕਾਨੂੰਨ ਦੇ ਖੇਤਰ ਵਿਚ ਤਰਥਲੀ ਮਚਾ ਦੇਣ ਵਾਲਾ ਕੰਮ ਕਰਨ ਲਈ



*ਅੰਮ੍ਰਿਤ ਸਿੰਘ*

ਸਨਮਾਨਤ ਕੀਤਾ ਗਿਆ ਹੈ। ਅੰਮ੍ਰਿਤ ਤੋਂ ਇਲਾਵਾ ਸਨਮਾਨਤ ਕੀਤੇ ਗਏ ਭਾਰਤੀ ਅਮਰੀਕੀਆਂ ਵਿਚ ਅਮਰੀਕੀ ਕਾਂਗਰਸ ਦੇ ਮੈਂਬਰ ਅਮੀ ਬੇਗ ਤੇ ਯੂਐਸ ਏਆਈਡੀ ਦੇ ਮੁਖੀ ਰਾਜੀਵ ਰਾਜ ਸ਼ਾਹ ਵੀ ਸ਼ਾਮਲ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਛੋਟੀ ਧੀ 43 ਸਾਲਾ ਅੰਮ੍ਰਿਤ ਸਿੰਘ, ਨਿਊਯਾਰਕ ਦੀ ਇਕ ਜਥੇਬੰਦੀ 'ਓਪਨ ਸੁਸਾਇਟੀ ਜਸਟਿਸ ਇਨੀਸ਼ੀਏਟਿਵ' ਵਿਚ 'ਕੌਮੀ ਸੁਰੱਖਿਆ ਤੇ ਦਹਿਸ਼ਤਗਰਦੀ' ਦੇ ਟਾਕਰੇ ਬਾਰੇ ਸੀਨੀਅਰ ਕਾਨੂੰਨ ਅਧਿਕਾਰੀ ਹੈ।

ਅੰਮ੍ਰਿਤ ਨੂੰ 'ਇੰਡੀਆ ਅਬਰੋਡ ਪਬਲਿਸ਼ਰਜ਼' ਸਪੈਸ਼ਲ ਐਵਾਰਡ ਫਾਰ ਐਗਜ਼ੀਲੈਂਸ 2012' ਦਿੱਤਾ ਗਿਆ ਹੈ। ਅਮਰੀਕੀ ਕਾਂਗਰਸ ਵਿਚ ਸ਼ਾਮਲ ਤੀਜੇ ਭਾਰਤੀ ਅਮਰੀਕੀ ਅਮੀ ਬੇਗ ਨੂੰ ਵਿਦੇਸ਼ਾਂ ਵਿਚ ਵਸੇ ਭਾਰਤੀਆਂ ਵਿਚੋਂ ਸਿਆਸੀ ਪ੍ਰਾਪਤੀਆਂ ਲਈ 2012 ਦਾ ਪੁਰਸਕਾਰ ਦਿੱਤਾ ਗਿਆ ਹੈ। ਯੂਐਸ ਏਆਈਡੀ ਦੇ ਪ੍ਰਸ਼ਾਸਕ ਸ਼ਾਹ ਨੂੰ ਲੋਕ ਸੇਵਾ ਦੇ ਖੇਤਰ ਵਿਚ ਇਹ ਪੁਰਸਕਾਰ ਦਿੱਤਾ ਗਿਆ ਹੈ। ਓਪਨ ਸੁਸਾਇਟੀ ਨੇ ਅੰਮ੍ਰਿਤ ਸਿੰਘ ਦੀ ਰਿਪੋਰਟ 'ਗਲੋਬਲਾਇਜ਼ਿੰਗ ਟਾਰਚਰ: ਸੀਆਈਏ ਸੀਕਰੇਟ ਟਾਰਚਰ ਐਂਡ ਐਕਸਟਰਾ ਆਰਡੀਨਰੀ ਰੈਂਡੀਸ਼ਨ' ਛਾਪੀ ਹੈ ਜਿਸ ਨੇ ਕੌਮਾਂਤਰੀ ਮੀਡੀਆ ਦਾ ਧਿਆਨ ਖਿੱਚਿਆ ਸੀ ਕਿਉਂਕਿ ਇਸ ਵਿਚ ਤਸੀਹੇ ਦੇਣ ਦੇ ਆਲਮੀ ਨੈੱਟਵਰਕ ਬਾਰੇ ਬਾਰੀਕਬੀਨੀ ਨਾਲ ਖੁਲਾਸਾ ਕੀਤਾ ਗਿਆ ਸੀ। ਇਹ ਰਿਪੋਰਟ ਫਰਵਰੀ ਵਿਚ ਰਿਲੀਜ਼ ਹੋਈ ਸੀ।

ਅੰਮ੍ਰਿਤ ਸਿੰਘ ਵੱਲੋਂ ਲਿਖੀ ਗਈ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਸਮੇਤ 54 ਮੁਲਕਾਂ ਨੇ ਅਮਰੀਕਾ ਦੀ ਅਲਕਾਇਦਾ ਵਿਰੁੱਧ ਜੰਗ ਵਿਚ ਮਦਦ ਕੀਤੀ ਤੇ ਉਨ੍ਹਾਂ ਨੇ ਆਪਣੇ ਖਿੱਤਿਆਂ ਵਿਚ ਸੀਆਈਏ ਜੇਲ੍ਹਾਂ ਦੀ ਆਗਿਆ ਦਿੱਤੀ ਜਿੱਥੇ ਮਸ਼ਕੂਕ ਅਤਿਵਾਦੀਆਂ ਨੂੰ ਰੱਖ ਕੇ ਉਨ੍ਹਾਂ ਤੋਂ ਪੁੱਛ-ਪੜਤਾਲ ਕੀਤੀ ਜਾਂਦੀ ਸੀ ਤੇ ਉਨ੍ਹਾਂ ਨੂੰ ਤਸੀਹੇ ਵੀ ਦਿੱਤੇ ਜਾਂਦੇ ਸਨ। ਅਲ-ਕਾਇਦਾ ਵਿਰੁੱਧ ਇਸ ਅਮਰੀਕੀ ਮੁਹਿੰਮ ਵਿੱਚ ਸ਼ਾਮਲ ਮੁਲਕਾਂ ਦੀ ਸ਼ਮੂਲੀਅਤ ਬਾਰੇ ਇਸ ਰਿਪੋਰਟ ਵਿਚ ਵੇਰਵੇ ਹਨ ਤੇ ਉਨ੍ਹਾਂ 136 ਲੋਕਾਂ ਦੀ ਪਛਾਣ ਕੀਤੀ ਗਈ ਹੈ ਜੋ ਸੀਆਈਏ ਨੇ ਫੜੇ ਜਾਂ ਤਬਦੀਲ ਕੀਤੇ ਸਨ। ਰਿਪੋਰਟ ਵਿਚ ਇਨ੍ਹਾਂ ਨੂੰ ਫੜਨ ਤੇ ਉਨ੍ਹਾਂ ਨੂੰ ਜਿਨ੍ਹਾਂ ਥਾਵਾਂ 'ਤੇ ਰੱਖਿਆ ਗਿਆ, ਉਸ ਦੇ ਵੀ ਵੇਰਵੇ ਹਨ।

## ਦੂਜੀ ਮੰਜ਼ਲ ਤੋਂ ਡਿੱਗਿਆ ਬੱਚਾ ਬੋਚਿਆ

**ਨਿਊ ਯਾਰਕ:** ਅਮਰੀਕਾ ਵਿਚ ਬੇਸਬਾਲ ਦੇ ਉੱਘੇ ਖਿਡਾਰੀ ਦੀ ਧੀ ਨੇ ਇਮਾਰਤ ਦੀ ਦੂਜੀ ਮੰਜ਼ਲ ਤੋਂ ਡਿੱਗੇ ਇਕ ਸਾਲ ਦੇ ਬੱਚੇ ਨੂੰ ਬੋਚ ਕੇ ਉਸ ਦੀ ਜਾਨ ਬਚਾਅ ਲਈ। ਜੋਏ ਟੋਰੇ ਦੀ ਧੀ ਕ੍ਰਿਸਟੀਨਾ ਟੋਰੇ ਬਰੁਕਲਿਨ ਵਿਚ ਘਰ ਤੋਂ ਨਿਕਲ ਰਹੀ ਸੀ ਤਾਂ ਉਸ ਨੇ ਦੇਖਿਆ ਕਿ ਇਕ ਬੱਚਾ ਡੇਲਨ ਮਿਲਰ ਇਕ ਦੁਕਾਨ ਦੇ ਉਪਰ ਹੈ।

ਉਹ ਹਾਲੇ 911 'ਤੇ ਫੋਨ ਕਰ ਹੀ ਰਹੀ ਸੀ ਕਿ ਬੱਚਾ ਉਪਰੋਂ ਡਿੱਗਦਾ ਦੁਕਾਨ ਦੇ ਟੈਂਟ ਤੋਂ ਰੁੜ੍ਹਦਾ ਸਿੱਧਾ ਉਸ ਦੀਆਂ ਬਾਹਾਂ ਵਿਚ ਆ ਗਿਆ। ਇਸ ਘਟਨਾ ਵੇਲੇ ਬੱਚੇ ਦੇ ਮਾਪੇ ਸੌਂ ਰਹੇ ਸਨ।


MTSBS, LLC
Merchant Solutions
Independent Gas Stations and Convenience Stores

**Say goodbye to**
Slow credit card terminals
Poor support
Confusing statements
Higher costs



**Say hello to**
Superior support
High speed processing
Better customer service
Higher profits, lower expenses, peace of mind

ਵਧੀਆ ਸਰਵਿਸ
ਬਹੁਤ ਵਾਜਬ ਰੇਟ

1-800-871-6610






LegalShield
Worry Less. Live More.
Making Will and Healthcare Power of Attorney is now affordable
We also help with Traffic Tickets, IRS audit, Court Cases.
**Unlimited Attorney Advice**
Come to our Brunch Business Briefing
July 13th, 2013. Saturday, 12 Noon
Clay Oven: 855 E. Schaumburg Rd., Schaumburg, IL 60193
Free Brunch
Hosted by Thakar S. Basati
(Independent Associates of Legal Shield)
Ph: 847-736-6092
Basatit@aol.co www.thakarsbasati.Legalshieldassociate.com
*Business Opportunities available in America & Canada*



**Sky Entertainment**
**Photo-Video-DJ-Dhol**
Rated best in customer satisfaction
ਕਸਟਮਰ ਸਰਵਿਸ ਅਤੇ ਕੁਆਲਿਟੀ ਵਿਚ ਸਭ ਤੋਂ ਅੱਗੇ
We Specialise in Karizma Album Making






ਫੋਟੋ, ਵੀਡੀਓ, ਡੀ ਜੇ ਪੈਕੇਜ ਦੇ ਨਾਲ
ਮਾਡਰਨ ਫੋਟੋ ਬੁਕ ਐਲਬਮ ਮੁਫਤ
(ਸੀਮਤ ਸਮੇਂ ਲਈ)

ਪੰਜਾਬੀਆਂ ਦੀ ਨੰਬਰ ਇਕ ਭਰੋਸੇਮੰਦ ਡੀ ਜੇ-ਢੋਲ ਫੋਟੋ-ਵੀਡੀਓ ਕੰਪਨੀ

*Free Modern Photo book Album with a Photo-Video-DJ package*
For Limited time only

*Sky Entertainment- You can trust us with your memories*
*Serving all areas in Michigan-Ohio-Indiana-Illinois*
Call Gagan: 734-674-1854
www.skymadememories.com

# ਮਿਲਵਾਕੀ 'ਚ ਕਾਮਯਾਬ ਰਿਹਾ ਗੀਤਾ ਜੈਲਦਾਰ ਦਾ ਗਾਇਕੀ ਪ੍ਰੋਗਰਾਮ

**ਮਿਲਵਾਕੀ (ਬਿਊਰੋ):** ਸਥਾਨਕ ਸਭਿਆਚਾਰ ਸੰਸਥਾ ਪੰਜਾਬੀ ਕਲਚਰਲ ਆਰਗੇਨਾਈਜੇਸ਼ਨ (ਪੀ ਸੀ ਓ) ਵਲੋਂ ਲੋਕ ਗਾਇਕ ਗੀਤਾ ਜੈਲਦਾਰ ਦਾ ਇਕ ਸ਼ੋਅ ਇਥੇ



ਵੇਕੇਸ਼ਾ ਐਕਸਪੋ ਸੈਂਟਰ ਵਿਚ ਲੰਘੀ 21 ਜੂਨ ਨੂੰ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਪਰਿਵਾਰਾਂ ਸਮੇਤ ਪਹੁੰਚੇ ਲੋਕਾਂ ਨੇ ਸ਼ੋਅ ਦਾ





ਭਰਪੂਰ ਅਨੰਦ ਮਾਣਿਆ।

ਗਾਇਕੀ ਦਾ ਇਹ ਸ਼ੋਅ ਰਾਤੀਂ ਕਰੀਬ 9 ਵਜੇ ਸ਼ੁਰੂ ਹੋਇਆ। ਗੀਤਾ ਜੈਲਦਾਰ ਨੇ ਸ਼ੁਰੂਆਤ ਇਕ ਧਾਰਮਿਕ ਗੀਤ 'ਹੱਥਾਂ ਵਿਚ ਨੇਜੇ ਤੇ ਤਲਵਾਰਾਂ' ਨਾਲ ਕੀਤੀ ਅਤੇ ਉਸ ਉਪਰੰਤ ਚੱਲ ਸੋ ਚੱਲ। 'ਮੱਕੀ ਦੀਆਂ ਰੋਟੀਆਂ ਸਰੋਂ ਦਾ ਸਾਗ' ਗੀਤ ਗਾ ਕੇ ਉਸ ਸਰੋਤਿਆਂ ਨੂੰ ਆਪਣਾ ਸਭਿਆਚਾਰਕ ਵਿਰਸਾ ਚੇਤੇ ਕਰਵਾਇਆ ਜਿਸ ਪਿਛੋਂ ਆਪਣਾ ਲੋਕਪ੍ਰਿਅ ਗੀਤ 'ਕਣੀਆਂ 'ਚ ਮੈਂ ਭਿੱਜ ਗਈ' ਗਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। 'ਚਾਂਦੀ ਦੀਆਂ ਝਾਂਜਰਾਂ ਵਿਖਾਉਂਦੀ ਪੌਂਚੇ ਚੱਕ ਚੱਕ ਕੇ' ਗੀਤ ਸ਼ੁਰੂ ਕੀਤਾ ਤਾਂ ਇਕ ਦਮ ਭੰਗੜੇ ਦਾ ਦੌਰ ਸ਼ੁਰੂ ਹੋ ਗਿਆ। ਜਿਉਂ ਹੀ ਹਰਭਜਨ ਸਿੰਘ ਸੰਧਾਵਾਲੀਆ ਇਸ ਗੀਤ 'ਤੇ ਭੰਗੜਾ ਪਾਉਂਦਿਆਂ ਸਟੇਜ ਵੱਲ ਨੂੰ ਵਧਿਆ, ਭੰਗੜੇ ਦੇ ਸ਼ੌਕੀਨ ਝੱਟ ਹੀ ਸਟੇਜ ਅੱਗੇ ਇਕੱਠੇ ਹੋ ਗਏ। ਗੀਤੇ ਦੇ ਬੀਟ ਵਾਲੇ ਗੀਤਾਂ ਉਤੇ ਦਰਸ਼ਕਾਂ ਨੇ ਰੱਜ ਰੱਜ ਭੰਗੜਾ ਪਾਇਆ। ਅਖੀਰ ਵਿਚ ਲੋਕ ਬੋਲੀਆਂ ਪਾ ਕੇ ਗੀਤੇ ਨੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਮੰਚ ਸੰਚਾਲਨ ਸ਼ਿਕਾਗੋ 'ਚ ਆਪਣੀ ਮਹਿਮਾਨ ਨਿਵਾਜ਼ੀ ਲਈ ਮਸ਼ਹੂਰ ਲੋਕਪ੍ਰਿਅ ਸ਼ਖਸੀਅਤ ਹੈਪੀ ਹੀਰ ਨੇ ਆਪਣੇ ਵੱਖਰੇ ਅੰਦਾਜ਼ ਵਿਚ ਕੀਤਾ।

ਇਸ ਸਭਿਆਚਾਰਕ ਸ਼ੋਅ ਦੌਰਾਨ ਪਹਿਲੇ ਪ੍ਰੋਗਰਾਮ ਅਨੁਸਾਰ ਮੁੱਖ ਮਹਿਮਾਨ ਸਥਾਨਕ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਸਨ ਪਰ ਉਨ੍ਹਾਂ ਨੂੰ ਕਿਸੇ ਜ਼ਰੂਰੀ ਕੰਮ ਕਾਰਨ ਬਾਹਰ ਜਾਣਾ ਪੈ ਜਾਣ ਕਰਕੇ ਮੁੱਖ ਮਹਿਮਾਨ ਦੀ ਜ਼ਿੰਮੇਵਾਰੀ ਸ. ਬਚਨ ਸਿੰਘ ਗਿੱਲ ਅਤੇ ਡਾ.



ਸਿੱਧੂ ਨੇ ਨਿਭਾਈ। ਸ਼ੋਅ ਦਾ ਅਨੰਦ ਮਾਣਨ ਲਈ ਪਹੁੰਚੇ 500 ਤੋਂ ਵੱਧ ਦਰਸ਼ਕਾਂ ਵਿਚ ਮਿਲਵਾਕੀ ਦੇ ਕਰੀਬ ਕਰੀਬ ਸਾਰੇ ਉਘੇ ਪੰਜਾਬੀ ਬਿਜਨਸਮੈਨ ਸ਼ਾਮਲ ਸਨ। ਆਏ ਸਰੋਤਿਆਂ ਦੀ ਸੇਵਾ ਲਈ ਰਾਤ ਦੇ ਖਾਣੇ ਦਾ ਮੁਫਤ ਪ੍ਰਬੰਧ ਸੀ। ਸ਼ੋਅ ਨੂੰ ਕਾਮਯਾਬ ਬਣਾਉਣ ਲਈ ਪੀ ਸੀ ਓ ਦੇ ਪ੍ਰਧਾਨ ਕੁਲਵੰਤ ਸਿੰਘ ਢਿੱਲੋਂ, ਮੀਤ ਪ੍ਰਧਾਨ ਪਵਨਜੀਤ ਸਿੰਘ ਹੋਠੀ, ਸਕੱਤਰ ਲਾਲੀ ਸਿੱਧੂ, ਖੇਡ ਡਾਇਰੈਕਟਰ ਗੁਰਪ੍ਰੀਤ ਸਿੰਘ ਗਿੱਲ ਅਤੇ ਖਜ਼ਾਨਚੀ ਸਤਵਿੰਦਰ ਸਿੰਘ ਪੌਪੀ ਨੇ ਭਰਪੂਰ ਯੋਗਦਾਨ ਪਾਇਆ।

ਪੀ ਸੀ ਓ ਦੇ ਸੱਦੇ ਉਤੇ ਸ਼ਿਕਾਗੋ ਤੋਂ ਪੰਜਾਬ ਸਪੋਰਟਸ ਕਲੱਬ ਦੇ ਕਰੀਬ ਕਰੀਬ ਸਾਰੇ ਅਹੁਦੇਦਾਰ-ਪ੍ਰਧਾਨ ਅਜਮੇਰ ਸਿੰਘ ਪੰਨੂ, ਅਜੈਬ ਸਿੰਘ ਲੱਖਣ, ਹੈਪੀ ਹੀਰ, ਲਵਦੀਪ ਸਿੰਘ ਦੁੱਲਤ ਹਾਜ਼ਰ ਸਨ। ਪੰਜਾਬੀਆਂ ਦੇ ਆਮ ਮੇਲਿਆਂ 'ਤੇ ਪ੍ਰੋਗਰਾਮਾਂ ਦੇ ਉਲਟ ਇਸ ਪ੍ਰੋਗਰਾਮ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਖਿੱਚੋਤਾਣ ਜਾਂ ਲੜਾਈ ਝਗੜਾ ਨਹੀਂ ਹੋਇਆ।

ਸ਼ੋਅ ਦੌਰਾਨ ਹਾਜ਼ਰ ਉਘੀਆਂ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਪਾਖਰ ਸਿੰਘ ਸਿੱਧੂ, ਬਲਬੀਰ ਸਿੰਘ ਸੈਣੀ, ਗੁਰਚਰਨ ਸਿੰਘ ਗਰੇਵਾਲ, ਅਮਰਜੀਤ ਸਿੰਘ ਸੰਧਰ, ਹਰਜੀਤ ਸਿੰਘ ਸੰਧਰ, ਸੁਖਜੀਤ ਸਿੰਘ ਢਿੱਲੋਂ, ਗੁਰਦੇਵ ਸਿੰਘ ਜੌੜਾ, ਸੁਰਜੀਤ ਸਿੰਘ ਤੂਰ, ਲਖਬੀਰ ਸਿੰਘ, ਜੋਗਿੰਦਰ ਸਿੰਘ ਸੰਧਾਵਾਲੀਆ, ਵਿੱਕੀ ਤੂੰਗ, ਜਗਦੀਸ਼ਰ ਸਿੰਘ ਕਲੇਰ, ਸੁੱਖਾ ਜੌੜਾ, ਤਲਵਿੰਦਰ ਸਿੰਘ ਸੂਸ, ਡਾ. ਸੰਧੂ, ਤਲਵਿੰਦਰ ਸਿੰਘ ਗਿੱਲ, ਅਮਰਦੀਪ ਸਿੰਘ ਤੂੰਗ, ਬਲਜੀਤ ਸਿੰਘ ਗਿੱਲ, ਬਹਾਦਰ ਸਿੰਘ ਬੋਪਾਰਾਏ, ਲਾਡੀ ਚਾਹਲ, ਸੁਖਵਿੰਦਰ ਸਿੰਘ ਰੰਧਾਵਾ, ਬਲਜਿੰਦਰ ਸਿੰਘ ਢਿੱਲੋਂ, ਹਰਪ੍ਰੀਤ ਸਿੰਘ ਹੈਪੀ, ਸੱਤਾ ਭਲਵਾਨ, ਨਵੀ, ਬਲਬੀਰ ਸਿੰਘ ਮੁਲਤਾਨੀ ਅਤੇ ਮਹਿੰਦਰ ਸਿੰਘ ਔਲਖ ਸ਼ਾਮਲ ਸਨ।



ਇਸ ਪ੍ਰੋਗਰਾਮ ਦੌਰਾਨ ਪੀ ਸੀ ਓ ਦੇ ਸਾਬਕਾ ਅਹੁਦੇਦਾਰਾਂ ਪਾਖਰ ਸਿੰਘ ਸਿੱਧੂ (ਪ੍ਰਧਾਨ), ਗੁਰਪ੍ਰੀਤ ਗਿੱਲ, ਹਰਜੀਤ ਸੰਧਰ, ਵਿੱਕੀ ਤੂੰਗ ਅਤੇ ਜਗਦੀਸ਼ਰ ਸਿੰਘ ਕਲੇਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸੇ ਦੌਰਾਨ ਪੀ ਸੀ ਓ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਵਲੋਂ ਕਬੱਡੀ ਟੂਰਨਾਮੈਂਟ ਆਉਂਦੀ 20 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ।



## ਹਜ਼ਾਰ ਕਰੋੜ ਦਾ ਟੈਕਸ ਚੋਰੀ

**ਲੁਧਿਆਣਾ:** ਪੰਜਾਬ ਦੇ ਆਬਕਾਰੀ ਤੇ ਕਰ ਵਿਭਾਗ ਵਿਚ ਪਿਛਲੇ ਦੋ ਸਾਲਾਂ ਦੌਰਾਨ ਐਂਟਰੀ ਟੈਕਸ ਦੀ ਆੜ ਵਿਚ 1000 ਕਰੋੜ ਰੁਪਏ ਤੋਂ ਵੱਧ ਦੀ ਬੋਗਸ ਬਿਲੰਗ ਰਾਹੀਂ ਟੈਕਸ ਚੋਰੀ ਕਰਕੇ ਸਰਕਾਰੀ ਖ਼ਜ਼ਾਨੇ ਨੂੰ ਵੱਡੇ ਪੈਮਾਨੇ 'ਤੇ ਚੂਨਾ ਲਾਇਆ ਗਿਆ ਹੈ। ਪੰਜਾਬ ਦੇ ਸਾਬਕਾ ਸਿਹਤ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਸਤਪਾਲ ਗੁਸਾਈਂ ਨੇ ਮੁੱਖ ਮੰਤਰੀ ਤੋਂ ਘਪਲੇ ਵਿਚ ਸ਼ਾਮਲ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਗ੍ਰਿਫਤਾਰ ਕੀਤੇ ਜਾਣ ਦੀ ਮੰਗ ਕੀਤੀ ਹੈ। ਸ੍ਰੀ ਗੁਸਾਈਂ ਨੇ ਖੁਲਾਸਾ ਕਰਦਿਆਂ ਕਿਹਾ ਕਿ ਆਬਕਾਰੀ ਤੇ ਕਰ ਵਿਭਾਗ ਵਿਚ ਬੈਠੀਆਂ ਕਾਲੀਆਂ ਭੇਡਾਂ ਦੀ ਪੁਸ਼ਤਪਨਾਹੀ ਸਦਕਾ ਮੰਡੀ ਗੋਬਿੰਦਗੜ੍ਹ ਵਿਚ ਇਕ ਗਰੋਹ ਵੱਲੋਂ ਬੋਗਸ ਬਿਲੰਗ ਦਾ ਇਹ ਗੋਰਖ ਧੰਦਾ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਚਲਾ ਕੇ ਸਰਕਾਰੀ ਖਜ਼ਾਨੇ ਨੂੰ ਹੁਣ ਤੱਕ ਕਰੋੜਾਂ ਰੁਪਏ ਦਾ ਚੂਨਾ ਲਗਾਇਆ ਜਾ ਚੁੱਕਾ ਹੈ। ਸ੍ਰੀ ਗੁਸਾਈਂ ਨੇ ਅਜਿਹੀਆਂ 20 ਫਰਮਾਂ ਦੀ ਸੂਚੀ ਵੀ ਜਾਰੀ ਕੀਤੀ ਜੋ ਟੈਕਸ ਚੋਰੀ ਵਿਚ ਸ਼ਾਮਲ ਹਨ। ਬੋਗਸ ਫਰਮਾਂ ਇਥੋਂ ਲੋਹੇ ਦਾ ਮਾਲ ਤਿਆਰ ਕਰਵਾ ਕੇ ਕਿਤੇ ਨਹੀਂ ਭੇਜਦੀਆਂ ਪਰ ਉਨ੍ਹਾਂ ਦੇ ਜਾਅਲੀ ਬਿੱਲਾਂ 'ਤੇ ਐਕਸਾਈਜ਼ ਵਿਭਾਗ ਦੇ ਅਧਿਕਾਰੀ ਪੰਜਾਬ ਤੋਂ ਬਾਹਰ ਹੋਰ ਰਾਜਾਂ ਨੂੰ ਭੇਜਣ ਦੀ ਮੋਹਰ ਲਾ ਕੇ ਟੈਕਸ ਚੋਰੀ ਨੂੰ ਸਰਟੀਫਿਕੇਟ ਦੇ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਇਸ ਘੁਟਾਲੇ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕਰਨਗੇ।


Radio Chann Pardesi ਰੇਡੀਓ ਚੰਨ ਪ੍ਰਦੇਸੀ
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ
ਕਰਨ ਗਿੱਲ



Ph: (734) 612-9984
Either Buying or Selling a Home in Michigan
"Always Go with the Winner"
COLDWELL BANKER
44644 Ann Arbor Road Plymouth, MI 48170
Email: KarnGill@Hotmail.com
Website: www.KarnGill.com





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# Energy Asset Development Inc.

*"Bringing Power to the World"*

2521 Seminary Avenue, Des Plaines, IL 60016

**Phone: 847-268-4969 Mobile: 847-915-0098**

Fax 847-239-7672, Email: info@energyassets.com

Hello,

I am Narinderpal S Sood, President, Energy Asset Development Inc. Having been in the enrgy business for over 35 years, I am pleased to bring LED technology to your business. Not only these lights save you 70% to 80% on your electrical bills, but your state government and your utility want you to save energy: they have rebate and other incentive programs to encourage you to switch to LED lights.

You dramatically cut your bills: for example you can replace a 400 watt light with 100 or 120 watt LED light and save over 70%. **Your investment comes back within 3 years!** What is more, because these lights are so long lasting, install them once and forget about them for 20 years! **GET A QUOTE FOR YOUR LIGHTS - ITS FREE!**






All Lights We Sell Qualify For Utility And State Incentives.

## GET A QUOTE

**Send us the following information:**

- Type of Light, e.g metal halide, HPS, mercury vapor, etc.
- Watts
- Manufacturer and model number
- How many lights?
- Your electric rate, $/kWh, or fax us a current bill.



If you have a lighting contractor, send us his contact information.

ਸਾਨੂੰ ਇਹ ਜਾਣਕਾਰੀ ਫੈਕਸ ਨੰਬਰ 847-239-7672 ਉਤੇ ਫੈਕਸ ਕਰੋ ਜਾਂ ਈਮੇਲ ਕਰੋ: nssood@energyassets.com
ਤੁਸੀਂ ਮੈਨੂੰ ਮੇਰੇ ਸੈਲ ਫੋਨ 847-915-0098 'ਤੇ ਵੀ ਕਾਲ ਕਰ ਸਕਦੇ ਹੋ





**ਗੈਸ ਸਟੇਸ਼ਨ ਕੈਨੋਪੀਆਂ, ਸ਼ਾਪਿੰਗ ਸੈਂਟਰ, ਪਾਰਕਿੰਗ ਲਾਈਟਾਂ, ਫਲੱਡ ਲਾਈਟਾਂ ਅਤੇ ਟਿਊਬ ਲਾਈਟਾਂ ਆਦਿ ਲਈ LED ਲਾਈਟਾਂ ਲਈ ਤੁਹਾਡਾ ਸਭ ਤੋਂ ਵਧੀਆ ਸਰੋਤ**

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## 6ਵਾਂ ਪੰਜਾਬੀ ਖੇਡ ਮੇਲਾ

## 6 ਜੁਲਾਈ 2013 *(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Canton Sports Center - Victory Park:** 46555 W. Michigan Ave. Rd., Canton, MI 48188 (Near Beck Rd.)

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ-7500 ਡਾਲਰ
ਦੂਜਾ ਇਨਾਮ-6000 ਡਾਲਰ
ਤੀਜਾ ਇਨਾਮ-4500 ਡਾਲਰ
ਚੌਥਾ ਇਨਾਮ-3000 ਡਾਲਰ

**ਕਬੱਡੀ ਅੰਡਰ-21**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ
ਤੀਜਾ ਇਨਾਮ-500 ਡਾਲਰ

**ਕਬੱਡੀ ਅੰਡਰ-15**
ਪਹਿਲਾ ਇਨਾਮ-600 ਡਾਲਰ
ਦੂਜਾ ਇਨਾਮ-400 ਡਾਲਰ
ਤੀਜਾ ਇਨਾਮ 200 ਡਾਲਰ

**ਵਾਲੀਬਾਲ**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ

**ਸੌਕਰ**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ



*ਯਾਰੋ ਫੜਨੇ ਸੌਖੇ ਨਹੀਂ-ਮਿਰਗ ਦੀ ਲੱਤ, ਸ਼ੇਰ ਦਾ ਨੱਕ, ਉਡਣੇ ਸੱਪ, ਕਬੂਤਰ ਚੀਨੇ।*

**ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ**

ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰ
ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

ਫੁਰਤੀਲੇ ਸ਼ੌਕੀਨ ਮਿਸ਼ੀਗਨ ਟੀਮ
ਭੰਗੜੇ ਦੇ ਜੌਹਰ ਵਿਖਾਏਗੀ

***Free Entry *Free Food**
***Free Entertainment**

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

*ਸਭਿਆਚਾਰਕ ਪ੍ਰੋਗਰਾਮ ਤੇ ਗਿੱਧਾ-ਭੰਗੜਾ ਵੀ ਹੋਵੇਗਾ।*

**ਕਬੱਡੀ ਰੈਫਰੀ:**ਨਰਿੰਦਰ ਮੁੰਦਰ, ਕੁਲਵਿੰਦਰ ਕਿੰਦਾ ਤੇ ਬਲਜੀਤ ਗਿੱਲ

### ਪਹੁੰਚ ਰਹੇ ਗਾਇਕ



ਮਾਣਕ ਈ



ਜੱਸੀ ਧੰਜਲ



ਬਲਬੀਰ ਸੂਫੀ

### ਕੁਮੈਂਟੇਟਰ



ਇਕਬਾਲ ਗਾਲਿ

## PSCA Committee Members and Gold Sponsors



ਕਰਮਬੀਰ ਸਿੰਘ



ਅਰਜੁਨ ਗਿੱਲ



ਰਾਜ ਨਿੱਜਰ



ਜਸਵਿੰਦਰ ਧਾਲੀਵਾਲ



ਅਮਰਜੀਤ ਗਿੱਲ



ਰਵਿੰਦਰ ਬਿੰਦ



ਅਮਰੀਕ ਰਾਏ



ਰਾਜ ਜਾਮਾਰਾਏ



ਸੁਖਵੰਤ ਸਿੰਘ ਗਿੱਲ



ਸੁਖਦੇਵ ਸੇਖੋਂ



ਕੇਵਲ ਗਿੱਲ



ਕੁਲਬੀਰ ਗਿੱਲ



ਸੁੱਖਾ ਸੇਖੋਂ



ਬਲਕਾਰ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

Karn Gill (Mela, Sponsors) 734-612-9984
Karmbir Singh (Mela, Volleyball) 734-558-3151
Arjun Gill (Kabaddi) 734-231-3576
Raj Jamarai (Kabaddi, Singer) 734-644-1010
Raj Nijjar (Culctural Program, Singer, Stalls) 734-637-7540
Sukhdev Sekhon (Soccer) 248-431-9678

**WWW.PSCA-MI.COM**

*ਇਸ ਵਰ੍ਹੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

### ਆਰਗੇਨਾਈਜ਼ਿੰਗ ਕਮੇਟੀ ਵਲੋਂ
### ਸਾਲ 2013 ਮਿਸ਼ੀਗਨ ਮੇਲੇ ਦਾ ਸੁਨੇਹਾ

ਆਓ, ਰਲ ਮਿਲ ਕੇ ਸਾਲ 2013 ਦੌਰਾਨ ਇਹ ਯਤਨ ਕਰੀਏ ਕਿ ਮਿਸ਼ੀਗਨ ਦੇ ਪੰਜਾਬੀ ਭਾਈਚਾਰੇ ਦੇ ਇਕੱਠਾਂ ਵਿਚ ਸ਼ਰਾਬ ਦੀ ਵਰਤੋਂ ਘੱਟ ਤੋਂ ਘੱਟ ਹੋਵੇ, ਕਿਉਂਕਿ ਸ਼ਰਾਬ ਦੀ ਬਹੁਤੀ ਵਰਤੋਂ ਭਾਈਚਾਰੇ ਦਾ ਦੂਜੇ ਲੋਕਾਂ ਸਾਹਮਣੇ ਨਾਂਹ-ਪੱਖੀ ਅਕਸ ਬਣਾਉਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੀ ਅਗਲੀ ਪੀੜ੍ਹੀ ਸਾਡੇ ਪੰਜਾਬੀ ਭਾਈਚਾਰੇ ਨੂੰ ਸਮਾਜ ਦਾ ਹੋਰ ਖੁਸ਼ ਅਤੇ ਸਿਹਤਮੰਦ ਹਿੱਸਾ ਬਣਾਵੇ।

## ਮੁੱਖ ਸਪਾਂਸਰ



ਚੈਨ ਸਿੰਘ ਸੰਧੂ | ਜੈਰੀ ਸਿੰਘ | ਹਰਪ੍ਰੀਤ ਆਹਲੂਵਾਲੀਆ | ਦਰਸ਼ਨ ਸਿੰਘ ਗਰੇਵਾਲ | ਕਰਨ ਗਿੱਲ | ਹਰਪ੍ਰੀਤ ਸਿੰਘ | ਰਾਜਿੰਦਰ ਸੰਧੂ

## Invited Honorable Public Officials



*Gary Peters* *US Congressman* | *Phil Lajoy* *Canton City Mayor* | *Virg Bernero* *Lansing City Mayor* | *Patrick Colbeck* *Michigan Senator* | *Kurt Heise* *MI Congressman* | *Diane Slaven* *MI Congresswomen* | *Sam Singh* *MI Congressman*

## ਸਾਡੇ ਗੋਲਡ ਸਪਾਂਸਰ



ਡਾ. ਸਈਅਦ ਤਾਜ | ਗੁਰਬਚਨ ਗੈਰੀ ਮਾਨ | ਅਮਰਜੀਤ ਸਿੱਧੂ | ਰਤਨ ਸੇਖੋਂ | ਬਲਬੀਰ ਗਰੇਵਾਲ | ਅਟਾਰਨੀ ਜੱਸੀ ਸਚਦੇਵ | ਇੰਦਰਜੀਤ ਗਿੱਲ | ਗੱਗੀ ਗਿੱਲ | ਅਮਰੀਕ ਮਾਹਲ | ਬਲਵਿੰਦਰ ਬਾਠ



ਗੁਰਿੰਦਰ ਧਨੋਆ | ਸੁੱਖੀ ਨਰਵਾਲ | ਗੋਲਡੀ ਢਿੱਲੋਂ | ਚਰਨਜੀਤ ਰਸਟੀ | ਸਾਵਲ ਸਿੰਘ | ਸੰਨੀ ਧੁੜ | ਮਨਜੀਤ ਨੰਨਣ | ਰਾਜਵਿੰਦਰ ਗਰੇਵਾਲ | ਗੁਰਜਿੰਦਰ ਡਿੰਪਲ



ਜਰਨੈਲ ਸਿੰਘ ਪੱਪੀ | ਨਰਿੰਦਰ ਮੁੰਦਰ | ਹਰਪਾਲ ਪੰਮਾ | ਨੀਰਜ ਕ੍ਰਿਸ਼ਨਾ | ਰੁਬਲ ਨਿੱਜਰ | ਹਰਪਾਲ ਸੰਘਾ | ਮਨਜਿੰਦਰ ਸਿੱਧੂ | ਗੋਲਡੀ ਗਰੇਵਾਲ | ਟੋਨੀ ਭੱਟੀ | ਬਲਦੇਵ ਸਿੱਧੂ ਕਲੀਵਲੈਂਡ



ਪੰਮੀ ਕਪੂਰ | ਕੁਲਵਿੰਦਰ ਗਿੱਲ | ਭੁਪਿੰਦਰ ਪੇਲੀਆ | ਇਕਬਾਲ ਸਿੰਘ ਬੋਪਾਰਾਏ | ਅਮਰਦੇਵ ਸਿੰਘ ਬਦੇਸ਼ਾ | ਰੂਪੀ ਰੰਧਾਵਾ | ਜਗਤਾਰ ਜੱਗਾ | ਸੁਖਦੇਵ ਬਰਾੜ | ਜਸਵੀਰ ਰੰਧਾਵਾ ਕਲੀਵਲੈਂਡ | ਤਰਲੋਚਨ ਭੁੱਲਰ

**ਸਿਲਵਰ ਸਪਾਂਸਰ:** ਜਗਤਾਰ ਜੱਗਾ, ਹਰਪਾਲ ਸੰਘਾ, ਲਾਲੀ ਮਾਂਗਟ, ਹਰਜਿੰਦਰ ਗਿੱਲ, ਚਮੌਕਰ ਸਿੰਘ ਗਿੱਲ, ਸੁਖਦੇਵ ਬਰਾੜ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਮਲਕੀਅਤ ਸਿੰਘ ਭੱਠਲ, ਭੁਪਿੰਦਰ ਸੰਧੂ, ਭੁਪਿੰਦਰ ਪੇਲੀਆ, ਹਰਮੋਹਨਜੀਤ ਬੈਂਸ, ਅਜੈ ਗਰੋਵਰ, ਰੇਨੂ ਤੱਖਰ, ਰਾਣੀ ਸੈਲੂਨ, ਪੰਮੀ।

ਸਮਰਥਕ ਸੱਜਣ: **(ਮਿਸ਼ੀਗਨ):** ਤੇਜਕਰਨ ਢਿੱਲੋਂ, ਸੁਰਿੰਦਰ ਸਿੰਘ ਗਰਚਾ, ਸਤਵੀਰ ਸਵੈਚ, ਰਾਜ ਸਿਆਨ, ਗੁਰਪ੍ਰੀਤ ਸਿੱਧੂ, ਪਰਦੀਪ ਸੰਘਾ, ਸੁੱਖੀ ਧਾਲੀਵਾਲ, ਇੰਦਰਜੀਤ ਵਿਰਕ, ਹਰਜਿੰਦਰ ਗਿੱਲ, ਨਵਦੀਪ ਗਿੱਲ, ਦਵਿੰਦਰ ਗਰੇਵਾਲ, ਲਾਲੀ ਮਾਂਗਟ, ਗੁਰਮੀਤ ਸੰਧੂ, ਬਲਦੇਵ ਧਾਲੀਵਾਲ, ਗੁਰਦਾਤਾਰ ਸਿੰਘ, ਊਧਮ ਸਿੰਘ, ਸੁਖਪਾਲ ਢਿੱਲੋਂ, ਸੁਰਜੀਤ ਗਿੱਲ, ਗੁਰਭਿੰਦਰ ਸਿੰਘ, ਨਿਰਮਲ ਸਿੰਘ ਸਰਾਂ, ਮੋਹਨ ਸਿੰਘ ਢੋਲੀ, ਕਰਤਾਰ ਸਿੰਘ ਬੱਬੂ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਸੁਰਿੰਦਰਜੀਤ ਕਾਹਲੋਂ, ਗੁਰਦੇਵ ਗਿੱਲ, ਇੰਦਰਪਾਲ ਸਿੰਘ, ਜਤਿੰਦਰ ਬੱਤਰਾ, ਜੌਲੀ ਸਿੰਘ, ਸੁਭਦੇਵ ਮਰਾਹਰ, ਸੁਖਵਿੰਦਰ ਸੰਧੂ, ਸੁਖਵੀਰ ਭੱਟੀ, ਗੁਰਦੇਵ ਸਿੰਘ ਨੰਨਣ, ਲਾਲੀ ਰਣਵੀਰ ਧਾਲੀਵਾਲ, ਪਾਲ ਖਲੀਲ, ਰਿੱਕੂ, ਬਲਬੀਰ ਸਿੰਘ, ਕੁਲਦੀਪ ਸਿੰਘ ਲੈਨਸਿੰਗ, ਲਾਡੀ ਮੁਲਤਾਨੀ, ਦਲਬਾਰਾ ਸਿੰਘ ਮਾਂਗਟ, ਰੇਸ਼ਮ ਸਿੰਘ ਸੈਣੀ, ਰਸ਼ਮਿੰਦਰ ਗਿੱਲ, ਹਰਵਿੰਦਰ ਗਿੱਲ, ਕੁਲਵਿੰਦਰ ਗਿੱਲ, ਬਲਵਿੰਦਰ ਰਾਏਭੱਟੀ, ਬਲਬੀਰ ਵਿਰਦੀ, ਚਰਨਪ੍ਰੀਤ ਧਾਲੀਵਾਲ, ਬੰਟੀ ਭੰਗੂ, ਜਗਦੇਵ ਗਰੇਵਾਲ, ਬਲਵਿੰਦਰ ਸਿੰਘ, ਪਲਵਿੰਦਰ ਸੇਠੀ, ਗੁਰਦੇਵ ਸੇਖੋਂ, ਜਸਵਿੰਦਰ ਜੱਗੀ, ਲਖਵੀਰ ਲੱਕੀ।

**(ਸ਼ਿਕਾਗੋ):** ਸਤਿੰਦਰ ਸੁਸਾਣਾ, ਜਸਕਰਨ ਧਾਲੀਵਾਲ, ਹੈਪੀ ਹੀਰ, ਡਾ. ਹਰਜਿੰਦਰ ਖਹਿਰਾ, ਦਰਸ਼ਨ ਬਸਰਾਓਂ, ਅਮਰਦੇਵ ਬਦੇਸ਼ਾ, ਲਵਦੀਪ ਦੁੱਲਤ, ਅਜੈਬ ਲੱਖਣ, ਮਿੱਕੀ ਕਾਹਲੋਂ, ਵਿਕਰਾਂਤ ਸਿੰਘ, ਵਿਕਰਾਂਤ ਸਿੰਘ, ਦੀਪਾ ਬਦੇਸ਼ਾ, ਸੰਨੀ ਕੁਲਾਰ, ਬਲਵਿੰਦਰ ਗਿਰਨ, ਪਰਮਿੰਦਰ ਵਾਲੀਆ, ਬਲਜੀਤ ਸਿੱਧੂ, ਅਜਮੇਰ ਪੰਨੂ, ਹਰਵਿੰਦਰ ਸਿੰਘ ਘੋਤੜਾ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਟੋਨੀ ਸੰਘੇੜਾ, ਗੁਰਮੁਖ ਸਿੰਘ ਭੁੱਲਰ, ਜੈਰਾਮ ਸਿੰਘ ਕਾਹਲੋਂ, ਜੱਸੀ ਪਰਮਾਰ, ਬੇਅੰਤ ਬੋਪਾਰਾਏ, ਗੁਲਜ਼ਾਰ ਸਿੰਘ ਮੁਲਤਾਨੀ, ਲਵ ਮਿਨਹਾਸ, ਮਨਜੀਤ ਧਨੋਆ, ਸੁਰਿੰਦਰ ਕਾਲੜਾ, ਰਛਪਾਲ ਖੰਗੂੜਾ, ਠਾਕਰ ਬਸਾਤੀ, ਰਾਜਿੰਦਰ ਮਾਗੋ, ਨਿੱਕ ਗਾਖਲ, ਗੁਰਮੀਤ ਬਾਠ।

**(ਇੰਡੀਆਨਾ)**: ਸਰਵਣ ਸਿੰਘ ਟਿਵਾਣਾ, ਗੁਰਿੰਦਰ ਢਿੱਲੋਂ, ਬਲਦੇਵ ਸੱਲ੍ਹਾਂ, ਪ੍ਰਿਥਪਾਲ ਘੋਤੜਾ, ਦਰਸ਼ਨ ਸਿੰਘ ਦਰੜ, ਕਿੱਟੂ ਬਾਵਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਲਾਲੀ ਸਿੱਧੂ, ਵਰਿੰਦਰ ਸਾਹੀ, ਮਨਜੀਤ ਨਾਗਰਾ।

**(ਓਹਾਇਓ):** ਹਰਵਿੰਦਰ ਵਾਲੀਆ, ਸੁਰਜੀਤ ਮਾਵੀ, ਇਕਬਾਲ ਬੋਪਾਰਾਏ, ਹਰਜੀਤ ਢਿੱਲੋਂ, ਮਹਿੰਦਰ ਭੇਲਾ, ਅਮਰਜੀਤ ਕੰਗ, ਪਲਵਿੰਦਰ ਸੋਹਲ, ਅੰਮ੍ਰਿਤਪਾਲ ਗਰੇਵਾਲ, ਸੁਖਜੀਤ ਗਿੱਲ, ਦਲਜੀਤ ਢਿੱਲੋਂ, ਡਾ. ਮੁਖਤਾਰ ਨਿੱਜਰ।

**(ਵਿੰਡਸਰ, ਓਂਟਾਰੀਓ):** ਗੁਰਬਖ਼ਸ਼ ਭੁੱਲਰ, ਜੋਗਾ ਸਿੰਘ, ਬਿਕਰਮ ਗਰੇਵਾਲ, ਜੀਵਨ ਗਿੱਲ, ਜੈਸਨ ਸੇਖੋਂ, ਗੁਰਬਖ਼ਸ਼ ਵਾਹਿਦ, ਹਰਜਿੰਦਰ ਕੰਦੋਲਾ, ਭਗਵੰਤ ਸਿੰਘ।

**ਸਮਰਥਕ ਸੰਸਥਾਵਾਂ:** ਕਲੀਵਲੈਂਡ ਸਪੋਰਟਸ ਕਲੱਬ, ਸ਼ਿਕਾਗੋ ਸਪੋਰਟਸ ਕਲੱਬ, ਇੰਡੀਆਨਾ ਸਪੋਰਟਸ ਕਲੱਬ, ਸਿਨਸਿਨੈਟੀ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ), ਐਨ ਵਾਈ ਐਕਸ ਕੰਪਨੀ, ਪੀ ਸੀ ਐਸ ਸ਼ਿਕਾਗੋ, ਪੀ ਐਚ ਓ ਸ਼ਿਕਾਗੋ, ਪੀ ਸੀ ਐਸ ਕਲੀਵਲੈਂਡ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਰੇਡੀਓ ਚੰਨ ਪ੍ਰਦੇਸੀ।

# ਖੂਬ ਭਰਿਆ ਕਲੀਵਲੈਂਡ ਦਾ ਖੇਡ ਅਤੇ ਸਭਿਆਚਾਰਕ ਮੇਲਾ

**ਕਲੀਵਲੈਂਡ, ਓਹਾਇਓ (ਬਿਊਰੋ):** ਕਿਧਰੇ ਬੱਚੇ ਕੁਦਾੜੀਆਂ ਲਾ ਰਹੇ ਸਨ, ਕਿਧਰੇ ਬਜ਼ੁਰਗ ਛਾਂਵੇਂ ਬੈਠੇ ਗੱਪਾਂ ਮਾਰ ਰਹੇ ਸਨ ਅਤੇ ਆਪਣੇ ਪੁਰਾਣੇ ਦਿਨ ਚੇਤੇ ਕਰਦਿਆਂ ਨਵੀਂ ਪੀੜ੍ਹੀ ਦੀਆਂ ਤਰੱਕੀਆਂ ਤੇ ਖੁਰਾਫਾਤਾਂ ਦੀ ਬਾਤ ਪਾ ਰਹੇ ਸਨ, ਕਿਧਰੇ ਬੀਬੀਆਂ ਆਪੋ ਵਿਚੀਂ ਮਿਲ ਬੈਠ ਕੇ ਦੁੱਖ-ਸੁੱਖ ਸਾਂਝਾ ਕਰ ਰਹੀਆਂ ਸਨ ਤੇ ਕਿਧਰੇ ਲੱਗੇ ਸਟਾਲਾਂ ਤੋਂ ਨਿੱਕ ਸੁੱਕ ਖਰੀਦ ਰਹੀਆਂ ਸਨ, ਕਿਧਰੇ ਕਬੱਡੀ ਦੇ ਖਿਡਾਰੀ ਬੈਠਕਾਂ ਲਾ ਕੇ ਆਪਣਾ ਸਰੀਰ ਗਰਮ ਕਰ ਰਹੇ ਸਨ, ਤਲੇ ਜਾ ਰਹੇ ਪਕੌੜਿਆਂ ਦੀ ਮਹਿਕ ਫਿਜ਼ਾ ਵਿਚ ਘੁਲ ਰਹੀ ਸੀ-ਇਹ ਨਜ਼ਾਰਾ ਸੀ ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਵਲੋਂ ਕਰਵਾਏ ਗਏ ਤੀਜੇ ਖੇਡ ਤੇ ਸਭਿਆਚਾਰਕ ਮੇਲੇ ਦਾ। ਬੇਸ਼ਕ ਮੌਸਮ ਥੋੜ੍ਹੀ ਗਰਮੀ ਵਾਲਾ ਸੀ ਪਰ ਫਿਰ ਵੀ ਦੂਰੋਂ ਨੇੜਿਓਂ ਇਸ ਮੇਲੇ ਦੀ ਰੌਣਕ ਵਧਾਉਣ ਲਈ ਪਹੁੰਚੇ ਲੋਕ ਮੇਲੇ ਦਾ ਭਰਪੂਰ ਅਨੰਦ ਉਠਾ ਰਹੇ ਸਨ। ਕਬੱਡੀ ਦੀ ਗਰਾਉਂਡ ਦੇ ਚੁਫੇਰੇ ਲੱਗੇ ਤੰਬੂਆਂ ਵਿਚ ਦਰਸ਼ਕ ਕੁਰਸੀਆਂ ਸਾਂਭੀ ਬੈਠੇ ਸਨ। ਲੱਗੇ ਸਟਾਲਾਂ ਤੇ ਪੰਜਾਬੀ ਸੂਟ, ਮੁਨਿਆਰੀ ਦਾ ਸਮਾਨ-ਕੰਘੇ, ਕੜੇ ਅਤੇ ਗੁਰਬਾਣੀ ਦੀਆਂ ਟੇਪਾਂ ਖਰੀਦਣ ਵਾਲੇ ਭੀੜ ਜਮਾਈ ਬੈਠੇ ਸਨ। ਸ਼ਿਕਾਗੋ ਤੋਂ ਪਹੁੰਚਿਆ ਕੇ ਕੇ ਪੰਮਾ ਭਾਂਤ-ਸੁਭਾਂਤੇ ਖਾਣੇ ਅਤੇ ਕੁੱਕੜ ਭੁੰਨ ਭੁੰਨ ਤਾਂ ਖਵਾ ਹੀ ਰਿਹਾ ਸੀ, ਨਾਲ ਹੀ ਉਸ ਤਾਜ਼ਾ ਜਲੇਬੀਆਂ ਕੱਢ ਕੇ ਦਰਸ਼ਕਾਂ ਦਾ ਮੂੰਹ ਮਿੱਠਾ ਵੀ ਕਰਾਇਆ। ਕੁਝ ਲੋਕਲ ਅਮਰੀਕੀ ਵੀ ਇਸ ਮੇਲੇ ਦਾ ਪੂਰਾ ਅਨੰਦ ਮਾਣ ਰਹੇ ਸਨ।





ਪਾਰਕ ਦੇ ਇਕ ਪਾਸੇ ਲੱਗੀ ਬੜੀ ਵੱਡੀ ਸਟੇਜ ਤੋਂ ਬੁਲਾਰੇ ਮੇਲੇ ਵਿਚ ਆ ਰਹੇ ਸੱਜਣਾਂ ਨੂੰ ਜੀ ਆਇਆਂ ਵੀ ਕਹੀ ਜਾ ਰਹੇ ਸਨ ਅਤੇ ਵਿਚ ਵਿਚ ਚੱਲ ਰਹੀਆਂ ਖੇਡਾਂ ਬਾਰੇ ਤਬਸਰਾ ਵੀ ਕਰੀ ਜਾ ਰਹੇ ਸਨ। ਸਿੱਖਾਂ ਦੀ ਬਹਾਦਰੀ ਅਤੇ ਕੁਰਬਾਨੀਆਂ ਦੀਆਂ ਕਵਿਤਾਵਾਂ ਸੁਣਾ ਕੇ ਉਨ੍ਹਾਂ ਸਿੱਖਾਂ ਨੂੰ ਹਲੂਣਾ ਦਿੰਦਿਆਂ ਕਿਹਾ ਕਿ ਸਾਨੂੰ ਮਾਣ ਹੈ ਕਿ ਅਸੀਂ ਸਿੱਖਾਂ ਦੀ ਔਲਾਦ ਹਾਂ।

ਕਬੱਡੀ ਅਤੇ ਵਾਲੀਬਾਲ ਦੇ ਮੁਕਾਬਲੇ ਸ਼ੁਰੂ ਹੋਣ ਤੋਂ ਪਹਿਲਾਂ ਬੱਚਿਆਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਗਈਆਂ। ਬੀਬੀਆਂ ਦੀ ਤਿੰਨ ਟੰਗੀ ਰੇਸ ਵੀ ਹੋਈ।



ਕਬੱਡੀ ਓਪਨ ਮੁਕਾਬਲਿਆਂ ਵਿਚ ਕੁਲ ਚਾਰ ਟੀਮਾਂ-ਸ਼ਿਕਾਗੋ, ਇੰਡੀਅਨਐਪੋਲਿਸ, ਸਿਨਸਿਨੈਟੀ ਅਤੇ ਕਲੀਵਲੈਂਡ ਭਿੜੀਆਂ। ਕਬੱਡੀ ਦਾ 5100 ਡਾਲਰ ਦਾ ਪਹਿਲਾ ਇਨਾਮ ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਦੀ ਟੀਮ ਨੇ ਜਿੱਤਿਆ ਜਦੋਂਕਿ ਦੂਜਾ 4100 ਡਾਲਰ ਦਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਦੀ ਟੀਮ ਦੇ ਹਿੱਸੇ ਆਇਆ। ਬੈਸਟ ਸਟਾਪਰ ਸੰਦੀਪ ਗੁਰਦਾਸਪੁਰੀਆ ਅਤੇ ਬੈਸਟ ਰੇਡਰ ਲਾਡੀ ਧਨੋਆ ਐਲਾਨੇ ਗਏ।

ਕਬੱਡੀ ਅੰਡਰ-21 ਵਿਚ ਵੀ ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਦੀ ਬੱਲੇ ਬੱਲੇ ਰਹੀ ਅਤੇ 1500 ਡਾਲਰ ਦਾ ਇਨਾਮ ਇਸ ਦੇ ਹਿੱਸੇ ਆਇਆ। ਦੂਜਾ 1100 ਡਾਲਰ ਦਾ ਇਨਾਮ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਅਨਐਪੋਲਿਸ ਦੀ ਟੀਮ ਜਿੱਤ ਗਈ। ਕਬੱਡੀ ਅੰਡਰ-18 ਦੇ ਮੈਚ ਵੀ ਹੋਏ। ਪਹਿਲਾ 1100 ਡਾਲਰ ਦਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ-ਸਿਨਸਿਨੈਟੀ ਅਤੇ ਦੂਜਾ ਮੇਜ਼ਬਾਨ ਟੀਮ ਦੇ ਹਿੱਸੇ ਆਇਆ।





ਵਾਲੀਬਾਲ ਮੁਕਾਬਲਿਆਂ ਵਿਚ ਸ਼ਿਕਾਗੋ ਦੀ ਟੀਮ ਜੇਤੂ ਰਹੀ ਅਤੇ 2100 ਡਾਲਰ ਦਾ ਇਨਾਮ ਇਸ ਦੇ ਹਿੱਸੇ ਆਇਆ। ਦੂਜਾ 1500 ਡਾਲਰ ਦਾ ਇਨਾਮ ਨਿਊ ਯਾਰਕ ਦੀ ਟੀਮ ਨੇ ਜਿੱਤਿਆ।

ਕੱਬਡੀ ਦੀ ਕੁਮੈਂਟਰੀ ਇਕਬਾਲ ਸਿੰਘ ਗਾਲਿਬ ਅਤੇ ਪ੍ਰੋ. ਮੱਖਣ ਸਿੰਘ ਨੇ ਆਪੋ ਆਪਣੇ ਅੰਦਾਜ਼ ਵਿਚ ਕਰਦਿਆਂ ਜਿਥੇ ਦਰਸ਼ਕਾਂ ਲਈ ਖੇਡ ਦਾ ਅਨੰਦ ਵਧਾਇਆ, ਉਥੇ ਨਾਲ ਹੀ ਖਿਡਾਰੀਆਂ ਨੂੰ ਹੱਲਾਸ਼ੇਰੀ ਵੀ ਦਿੰਦੇ ਰਹੇ। ਮੈਚਾਂ ਦੇ ਰੈਫਰੀ ਸਨ-ਕੁਲਬੀਰ ਗਿੱਲ, ਬਲਦੇਵ ਪੱਪੀ, ਜਗਦੇਵ (ਕੈਨੇਡਾ) ਅਤੇ ਰਾਜ ਜਾਮਾਰਾਏ।

ਮੇਲੇ ਦੇ ਅਖੀਰ ਵਿਚ ਸਭਿਆਚਾਰਕ ਪ੍ਰੋਗਰਾਮ ਹੋਇਆ ਜਿਸ ਵਿਚ ਲੋਕ ਗਾਇਕ ਬਲਜੀਤ ਮਾਲਵਾ ਅਤੇ ਨਿੰਮਾ ਡੱਲੇਵਾਲ ਨੇ ਗੀਤਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ। ਵਿਚ ਦੀ ਕੁੜੀਆਂ-ਮੁੰਡਿਆਂ ਦੀਆਂ ਗਿੱਧਾ ਅਤੇ ਭੰਗੜਾ ਟੀਮਾਂ ਨੇ ਗਿੱਧੇ-ਭੰਗੜੇ ਦੇ ਜੌਹਰ ਵਿਖਾਏ।

ਜਦੋਂ ਬਲਜੀਤ ਮਾਲਵਾ ਨੇ 'ਉਹ ਮੌਜਾਂ ਭੁਲੀਆਂ ਨਹੀਂ ਜੋ ਬਾਪੂ ਦੇ ਸਿਰ 'ਤੇ ਕਰੀਆਂ' ਗਾਇਆ ਤਾਂ ਸਰੋਤੇ ਭਾਵੁਕ ਹੋ ਗਏ ਅਤੇ ਉਨ੍ਹਾਂ ਨੂੰ ਆਪੋ-ਆਪਣੇ ਮਾਪੇ ਚੇਤੇ ਆ ਗਏ ਜਿਨ੍ਹਾਂ ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਬਣਾਉਣ ਲਈ ਆਪਣੀ ਵਾਹ ਲਾ ਦਿਤੀ। ਮਾਂ ਦੀ ਮਮਤਾ ਨੂੰ ਸਮਰਪਿਤ ਗੀਤ 'ਐਨਾ ਲਾਡ ਲਡਾ ਨਾ ਮਾਏ ਇਕ ਦਿਨ ਔਖੀ ਹੋਵੇਂਗੀ' ਰਾਹੀਂ ਬਲਜੀਤ ਨੇ ਪਰਦੇਸਾਂ ਵਿਚ ਮਾਂਵਾਂ ਤੋਂ ਦੂਰ ਬੈਠੇ ਪੁਤਾਂ ਦੀਆਂ ਅੱਖਾਂ ਵਿਚ ਨਮੀ ਲੈ ਆਂਦੀ। ਨਿਰਮਲ ਨਿੰਮੇ ਦਾ ਲਿਖਿਆ ਗੀਤ 'ਲਾਹ ਕੇ ਸੁੱਟ ਦੇ ਸ਼ਰਮ ਦੀਆਂ ਚੂੜੀਆਂ, ਮੁਹੱਬਤਾਂ ਦੇ ਪਾ ਲੈ ਗਜ਼ਰੇ' ਗਾ ਕੇ ਬਲਜੀਤ ਨੇ ਮੁਹੱਬਤਾਂ ਭਰੇ ਦਿਲਾਂ ਨੂੰ ਸਰੂਰ ਵਿਚ ਲੈ ਆਂਦਾ। ਫਿਰ ਉਸ ਜਦੋਂ 'ਆਹ ਫੜ੍ਹ ਲੈ ਗੱਡੀ ਦੀ ਚਾਬੀ, ਜੱਟ ਹੋ ਗਿਆ ਸ਼ਰਾਬੀ' ਗੀਤ ਛੋਹਿਆ ਤਾਂ ਸਰੋਤੇ ਖਾਸ ਕਰ, ਜਿਹੜੇ ਕਾਰਾਂ ਵਿਚਲੀ ਸੇਵਾ ਕਰਕੇ ਹਵਾ-ਪਿਆਜ਼ੀ ਹੋਏ ਬੈਠੇ ਸਨ, ਬਸ ਜਿਵੇਂ ਝੂਮ ਹੀ ਉਠੇ ਅਤੇ ਇੰਜ ਭੰਗੜੇ ਦਾ ਪਿੜ ਬੱਝ ਗਿਆ। ਮਰਹੂਮ ਗਾਇਕ ਸੁਰਜੀਤ ਬਿੰਦਰਖੀਏ ਦਾ ਗਾਇਆ ਗੀਤ 'ਦੁਪੱਟਾ ਤੇਰਾ ਸੱਤ ਰੰਗ ਦਾ' ਪੇਸ਼ ਕਰਕੇ ਉਸ ਨੇ ਅੱਡੀਆਂ ਨੂੰ ਜਿਵੇਂ ਚਾਬੀ ਹੀ ਲਾ ਦਿਤੀ। ਬਲਜੀਤ ਨੇ ਬੀਟ ਵਾਲੇ ਕੁਝ ਹੋਰ ਗੀਤ ਪੇਸ਼ ਕਰਕੇ ਭੰਗੜਾ ਪਾਉਣ ਦੇ ਸ਼ੁਕੀਨਾਂ ਨੂੰ ਪੂਰੀ ਤਰ੍ਹਾਂ ਨਿਹਾਲ ਕਰ ਦਿਤਾ।





ਵਿਚ ਦੀ ਸਿਨਸਿਨੈਟੀ ਰਹਿੰਦਾ ਨਿੰਮਾ ਡਲੇਵਾਲ ਵੀ ਕਬੱਡੀ ਦੀ ਸਿਫਤ ਵਿਚ 'ਖੇਡਣ ਕਬੱਡੀਆਂ ਰੰਗੀਲੇ ਗੱਭਰੂ' ਗੀਤ ਸਰੋਤਿਆਂ ਦੀ ਨਜ਼ਰ ਕਰਕੇ ਆਪਣੀ ਹਾਜਰੀ ਲਵਾ ਗਿਆ।

ਇੰਜ ਖੇਡਾਂ ਅਤੇ ਸਭਿਆਚਾਰ ਦੇ ਰੰਗ ਬਿਖੇਰਦਾ ਇਹ ਮੇਲਾ ਅਗਲੇ ਸਾਲ ਮੁੜ ਇਕੱਠੇ ਹੋਣ ਦੇ ਵਾਅਦੇ ਨਾਲ ਸਮਾਪਤ ਹੋਇਆ।











ਤਸਵੀਰਾਂ: ਸਿਆਨ ਵੀਡੀਓ

# ਕੈਂਸਰ ਖੋਜ ਲਈ ਤੀਜੇ ਅਧਿਐਨ ਵਾਸਤੇ ਵਾਲੰਟੀਅਰਾਂ ਦੀ ਲੋੜ

**ਸ਼ਿਕਾਗੋ (ਬਿਊਰੋ):** ਅਮਰੀਕਨ ਕੈਂਸਰ ਸੁਸਾਇਟੀ ਵਲੋਂ ਇਥੇ ਥਾਮਪਸਨ ਸੈਂਟਰ ਵਿਖੇ ਇਸ ਦੀ ਸੌਵੀਂ ਵਰ੍ਹੇਗੰਢ ਮੌਕੇ ਨਵੇਂ ਕੈਂਸਰ ਰੋਕਥਾਮ ਖੋਜ ਅਧਿਐਨ ਲਈ ਕਰਵਾਏ ਗਏ ਸਮਾਗਮ ਵਿਚ ਇਲੀਨਾਏ ਦੇ ਕੰਪਟਰੋਲਰ ਜੂਡੀ ਬਾਰ ਟੋਪਿਨਕਾ ਵੀ ਸ਼ਾਮਲ ਹੋਏ।



*ਜੂਡੀ ਬਾਰ ਟੋਪਿਨਕਾ ਸਮਾਗਮ ਨੂੰ ਸੰਬੋਧਨ ਕਰਦੇ ਹੋਏ*

ਕੈਂਸਰ ਸੁਸਾਇਟੀ ਵਲੋਂ ਕੈਂਸਰ ਦੀ ਰੋਕਥਾਮ ਲਈ ਅੱਜ ਤੋਂ 60 ਸਾਲ ਪਹਿਲਾਂ ਪਹਿਲੀ ਵਾਰ ਰੋਕਥਾਮ ਅਧਿਐਨ ਕਰਵਾਇਆ ਗਿਆ ਸੀ ਅਤੇ ਇਸ ਉਪਰੰਤ ਇਸ ਵਲੋਂ ਲਗਾਤਾਰ ਅਜਿਹੇ ਅਧਿਐਨ ਕਰਵਾਏ ਜਾਂਦੇ ਰਹੇ ਹਨ। ਇਸ ਸਦਕਾ ਕਈ ਗੱਲਾਂ ਦਾ ਪਤਾ ਲੱਗਾ ਜਿਵੇਂ ਸਿਗਰਟ ਪੀਣ ਕਾਰਨ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ ਅਤੇ ਮੋਟਾਪਾ ਕਈ ਤਰ੍ਹਾਂ ਦੇ ਕੈਂਸਰ ਰੋਗਾਂ ਵਿਚ ਘਾਤਕ ਸਾਬਤ ਹੋ ਸਕਦਾ ਹੈ। ਸੋਮਵਾਰ ਨੂੰ ਕੀਤੇ ਗਏ ਇਸ ਸਮਾਗਮ ਦੌਰਾਨ ਸ੍ਰੀਮਤੀ ਟੋਪਿਨਕਾ ਅਤੇ ਕੈਂਸਰ ਸੁਸਾਇਟੀ ਦੇ ਆਗੂਆਂ ਨੇ ਲੋਕਾਂ ਨੂੰ ਇਸ ਤੀਜੇ ਅਧਿਐਨ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਕੀਤੀ। ਸ੍ਰੀਮਤੀ ਟੋਪਿਨਕਾ ਨੇ ਕਿਹਾ ਕਿ ਕੈਂਸਰ ਰੋਕਥਾਮ ਲਈ ਕੀਤਾ ਜਾ ਰਿਹਾ ਇਹ ਤੀਜਾ ਖੋਜ ਅਧਿਐਨ ਇਲੀਨਾਏ ਦੇ ਲੋਕਾਂ ਲਈ ਕੈਂਸਰ ਵਿਰੁਧ ਮੁਹਿੰਮ ਵਿਚ ਸ਼ਾਮਲ ਹੋਣ ਦਾ ਇਕ ਵੱਡਾ ਮੌਕਾ ਹੈ।

ਕੈਂਸਰ ਸੁਸਾਇਟੀ ਦੀ ਪ੍ਰਧਾਨ ਕਲੇਅਰ ਥੀਬੋਡਿਓਕਸ ਨੇ ਕੈਂਸਰ ਦੀ ਖੋਜ ਲਈ ਆਪਣੀ ਭੂਮਿਕਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੈਂਸਰ ਰੋਕਥਾਮ ਲਈ ਕੀਤੇ ਜਾ ਰਹੇ ਇਸ ਤੀਜੇ ਅਧਿਐਨ ਰਾਹੀਂ ਇਸ ਰੋਗ ਦਾ ਇਲਾਜ ਲੱਭਣ ਵਿਚ ਵੱਡੀ ਮਦਦ ਮਿਲ ਸਕਦੀ ਹੈ। ਸੁਸਾਇਟੀ ਨੂੰ ਵੱਖ ਵੱਖ ਨਸਲੀ ਪਿਛੋਕੜ ਵਾਲੇ 30 ਤੋਂ 65 ਸਾਲ ਉਮਰ ਦੇ ਮਰਦਾਂ ਅਤੇ ਔਰਤਾਂ ਦੀ ਲੋੜ ਹੈ ਜੋ ਕੈਂਸਰ ਰੋਗ ਤੋਂ ਬਿਲਕੁਲ ਮੁਕਤ ਹੋਣ। ਇਸ ਅਧਿਐਨ ਲਈ ਕੁਲ ਤਿੰਨ ਲੱਖ ਲੋਕਾਂ ਦੀ ਲੋੜ ਹੈ। ਇਸ ਅਧਿਐਨ ਰਾਹੀਂ ਕੈਂਸਰ ਰੋਗ ਦੇ ਵਧ ਰਹੇ ਨਵੇਂ ਖਤਰਿਆਂ ਦਾ ਪਤਾ ਲਾਉਣ ਵਿਚ ਮਦਦ ਮਿਲੇਗੀ। ਇਸ ਤਰ੍ਹਾਂ ਪ੍ਰਾਪਤ ਹੋਏ ਅੰਕੜਿਆਂ ਦੀ ਪਹਿਲਾਂ ਕੀਤੇ ਗਏ ਅਧਿਐਨ ਦੇ ਆਧਾਰ 'ਤੇ ਹੋਰ ਖੋਜ ਕੀਤੀ ਜਾ ਸਕੇਗੀ। ਆਪਣਾ ਨਾਂ ਰਜਿਸਟਰ ਕਰਵਾਉਣ ਲਈ ਫੋਨ 1-888-604-5888 ਜਾਂ ਵੈਬਸਾਈਟ www.cancer.org/cps3 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਜੇਮਜ਼ ਕੋਮੇ ਬਣੇ ਐਫ. ਬੀ. ਆਈ. ਦੇ ਡਾਇਰੈਕਟਰ

**ਵਾਸ਼ਿੰਗਟਨ:** ਬੁਸ਼ ਪ੍ਰਸ਼ਾਸਨ ਦੇ ਸਾਬਕਾ ਅਧਿਕਾਰੀ ਜੇਮਜ਼ ਕੋਮੇ ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਐਫ.ਬੀ.ਆਈ. ਦਾ ਡਾਇਰੈਕਟਰ ਨਾਮਜ਼ਦ ਕਰ ਦਿੱਤਾ ਹੈ। ਜੇਕਰ ਸੈਨੇਟ ਵੱਲੋਂ ਜੇਮਜ਼ ਕੋਮੇ (52) ਦੀ ਨਿਯੁਕਤੀ ਉੱਤੇ ਮੋਹਰ ਲਾ ਦਿੱਤੀ ਜਾਂਦੀ ਹੈ ਤਾਂ ਉਹ ਦਸ ਸਾਲ ਐਫ.ਬੀ.ਆਈ. ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਣਗੇ ਤੇ ਉਹ ਰੌਬਰਟ ਮੁੱਲਰ ਦੀ ਥਾਂ ਲੈਣਗੇ।

ਅਮਰੀਕਾ ਦੀ ਨੈਸ਼ਨਲ ਸਕਿਓਰਿਟੀ ਏਜੰਸੀ (ਐਨ.ਐਸ.ਏ.) ਦੇ ਜਾਸੂਸੀ ਪ੍ਰੋਗਰਾਮ ਦੀ ਕਾਨੂੰਨੀ ਵੈਧਤਾ ਨੂੰ ਲੈ ਕੇ ਸਾਲ 2004 ਵਿਚ ਕੋਮੇ ਨੂੰ ਵਾਈਟ ਹਾਊਸ ਦੇ ਅਧਿਕਾਰੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ।

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC


Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

Syan Video Production, Inc.


ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

Professional HD Video & Digital Photo Production

Multiple Camera shooting/Digital Still Photography (with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

Call:734-261-0936 or 734-890-1767
e-mail: raj@syanvideo.com or visit at: www.syanvideo.com

Dhillon Truck Stop
Dhillon Road Service
Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

# ਮੇਰੇ ਨਾਵਲ ਹੜ੍ਹ ਵਾਂਗ ਆਏ...

## ਮੁਲਖ਼ ਰਾਜ ਆਨੰਦ ਨਾਲ ਗੁਫਤਗੂ

ਕਲਾ ਪਰਿਕਰਮਾ

*ਮੁਲਖ਼ ਰਾਜ ਆਨੰਦ (12 ਦਸੰਬਰ 1905-28 ਸਤੰਬਰ 2004) ਦੀ ਸਾਰੋਸ ਕੋਵਾਸਕੀ ਨਾਲ ਹੋਈ ਇਸ ਗੁਫਤਗੂ ਦੀ ਕਹਾਣੀ ਵੀ ਅਜੀਬ ਹੈ। ਇਸ ਦੀ ਸਿਰਜਣਾ ਆਨੰਦ ਦੇ ਉੱਦਮ ਨਾਲ ਹੋਈ ਸੀ। ਉਹ ਸਮੇਂ-ਸਮੇਂ ਜੋ ਖ਼ਤ ਆਪਣੇ ਮਿੱਤਰ ਸਾਰੋਸ ਕੋਵਾਸਕੀ ਨੂੰ ਲਿਖਦਾ ਰਿਹਾ ਸੀ, ਉਨ੍ਹਾਂ ਖ਼ਿਆਲਾਂ ਨੂੰ ਲੜੀ ਵਿਚ ਪਰੋ ਕੇ, ਇਸ ਨੂੰ ਗੁਫਤਗੂ ਦਾ ਰੂਪ ਦਿੱਤਾ ਗਿਆ ਹੈ। ਆਨੰਦ ਦੀਆਂ ਲਿਖਤਾਂ ਵਿਚ ਗੁਰਬਤ ਮਾਰੇ ਲੋਕਾਂ ਦਾ ਜ਼ਿਕਰ ਭਰਪੂਰ ਰੂਪ ਵਿਚ ਹੋਇਆ ਹੈ।*



***ਸਵਾਲ: ਤੁਸਾਂ ਨਾਵਲ ਲਿਖਣ ਦੀ ਕਲਾ ਬਾਰੇ ਕਾਫੀ ਕੁਝ ਲਿਖਿਆ ਹੈ। ਕੀ ਨਾਵਲ ਦੀ ਤਕਨੀਕ ਬਾਰੇ ਕੋਈ ਪੁਸਤਕ ਹੈ ਜਿਨ੍ਹਾਂ ਦੀ ਤੁਸੀਂ ਸਿਫਾਰਿਸ਼ ਕਰਦੇ ਹੋ?***

***ਜਵਾਬ:ਪਰਸੀ ਲੂਬਾਕ ਦੀ 'ਨਾਵਲ ਦੀ ਸ਼ਿਲਪ' ਮੇਰੇ ਖ਼ਿਆਲ ਵਿਚ ਇਸ ਵਿਸ਼ੇ ਬਾਰੇ ਸਭ ਤੋਂ ਵਧੀਆ ਪੁਸਤਕਾਂ ਵਿਚੋਂ ਹੈ; ਈ.ਐਮ. ਫੋਰਸਟਰ ਦੀ 'ਨਾਵਲ ਦੇ ਪੱਖ' ਨਾਲੋਂ ਵੀ ਚੰਗੇਰੀ। ਦੋਵਾਂ ਪੁਸਤਕਾਂ ਨੇ ਮੇਰੀ ਲਿਖਤ ਨੂੰ ਬੜਾ ਪ੍ਰਭਾਵਿਤ ਕੀਤਾ ਸੀ, ਭਾਵੇਂ ਮੈਂ ਦੋਵਾਂ ਦੇ ਦ੍ਰਿਸ਼ਕੋਣਾਂ ਤੇ ਪਹੁੰਚਾਂ ਨਾਲ ਸਹਿਮਤ ਨਹੀਂ ਸੀ ਹੋ ਸਕਿਆ।***

**ਸਵਾਲ: ਤੁਸਾਂ ਆਪਣੇ ਨਾਲ ਦੇ ਨਾਵਲਕਾਰਾਂ ਆਰ.ਕੇ. ਨਾਰਾਇਣ ਅਤੇ ਰਾਜਾ ਰਾਓ ਨਾਲੋਂ ਵੱਧ ਗਿਣਤੀ ਵਿਚ ਨਾਵਲ ਲਿਖੇ ਹਨ। ਤੁਸੀਂ ਆਪਣੇ ਕਿਹੜੇ ਨਾਵਲ ਨੂੰ ਸਭ ਤੋਂ ਵਧੀਆ ਸਮਝਦੇ ਹੋ?**

**ਜਵਾਬ:** ਮੈਨੂੰ ਕੋਈ ਹੱਕ ਨਹੀਂ ਕਿ ਕਹਾਂ, ਮੇਰਾ ਕਿਹੜਾ ਨਾਵਲ ਸਭ ਤੋਂ ਵਧੀਆ ਹੈ। ਕੁਝ ਕਿਤਾਬਾਂ ਸਫ਼ਲ ਹਨ; ਇਸ ਕਾਰਨ ਨਹੀਂ ਕਿ ਉਹ ਅਸਲ ਵਿਚ ਚੰਗੀਆਂ ਹੁੰਦੀਆਂ ਹਨ, ਸਗੋਂ ਇਸ ਕਾਰਨ ਕਿ ਉਹ ਆਲੋਚਕਾਂ ਦੇ ਇੱਕ ਗਰੁੱਪ ਦੀਆਂ ਜਾਣੀਆਂ-ਪਛਾਣੀਆਂ ਭਾਵਨਾਵਾਂ ਦੀ ਤਸਦੀਕ ਕਰਦੀਆਂ ਹਨ; ਜਿਹੜੇ ਆਲੋਚਕ ਕਿ ਅਕਸਰ ਪੱਖਪਾਤੀ ਭਾਵਨਾਵਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ। ਅਸਲ ਵਿਚ ਹਰ ਪੁਸਤਕ ਤਾਂ ਇੱਕ ਪ੍ਰਕਿਰਿਆ ਹੈ ਜਿਸ ਵਿਚ ਕਾਫੀ ਕੁਝ ਚੰਗਾ ਤੇ ਮਾੜਾ ਹੁੰਦਾ ਹੈ। ਨਾਵਲ ਅਜਿਹਾ ਬੇਤਰਤੀਬਾ ਸਾਹਿਤ-ਰੂਪ ਹੈ ਜਿਸ ਨੂੰ ਸੰਖੇਪ ਰੂਪ ਵਿਚ ਕਾਬੂ ਕਰਨਾ ਹੁੰਦਾ ਹੈ। ਕਿਸੇ ਕਿਤਾਬ ਦੇ ਸਾਪੇਖਕ ਗੁਣ, ਲੇਖਕ ਦੇ ਦ੍ਰਿਸ਼ਟੀਕੋਣ ਤੋਂ, ਉਸ ਦੀਆਂ ਉਨ੍ਹਾਂ ਭਾਵਨਾਵਾਂ ਵਿਚ ਹੁੰਦੇ ਹਨ ਜੋ ਉਹ ਆਪਣੀ ਰੂਹ ਦੇ ਨਾਟਕ ਬਾਰੇ ਪ੍ਰਗਟ ਕਰਨ ਵਿਚ ਸਫਲ ਹੁੰਦਾ ਹੈ ਅਤੇ ਇਹ ਵੀ ਕਿ ਉਸ ਨੂੰ ਕਿਹੜੇ ਪੱਧਰਾਂ ਉੱਤੇ ਪ੍ਰਗਟ ਕਰਦਾ ਹੈ। ਸ਼ਾਇਦ ਇਸ ਪੱਖ ਤੋਂ ਮੈਂ 'ਅਛੂਤ' ਨਾਵਲ ਨੂੰ ਦੂਜੀਆਂ ਲਿਖਤਾਂ ਨਾਲੋਂ ਵਧੇਰੇ ਤੀਬਰ ਲਿਖਤ ਸਮਝਦਾ ਹਾਂ।

**ਸਵਾਲ: ਅਜੇ ਵੀ ਇਸ ਗੱਲ ਬਾਰੇ ਕਾਫੀ ਭਰਮ-ਭੁਲੇਖਾ ਹੈ ਕਿ ਪਹਿਲਾਂ ਜਦੋਂ ਤੁਸੀਂ 'ਅਛੂਤ' ਨਾਵਲ ਲਿਖਿਆ ਸੀ ਤੇ ਜਦੋਂ ਇਹ ਮਹਾਤਮਾ ਗਾਂਧੀ ਨੂੰ ਦਿਖਾਇਆ ਸੀ?**

**ਜਵਾਬ:** ਮੈਂ ਪਹਿਲੀ ਵਾਰ ਮਹਾਤਮਾ ਗਾਂਧੀ ਨੂੰ ਸਾਬਰਮਤੀ ਆਸ਼ਰਮ ਵਿਚ 1927 ਵਿਚ ਮਿਲਿਆ ਸੀ, ਜਦੋਂ ਮੈਂ ਜੋਇਸੀਨੇ ਅੰਗਰੇਜ਼ੀ ਵਿਚ ਉਸ ਨੂੰ ਖਰੜਾ ਦਿਖਾਇਆ ਸੀ। ਮੈਂ 1930 ਵਿਚ ਇਹ ਕਿਤਾਬ ਨਹੀਂ ਸੀ ਲਿਖੀ, ਸਗੋਂ ਇਹ 1925 ਵਿਚ ਸ਼ੁਰੂ ਕੀਤੀ ਸੀ। ਇਹ ਇਕਬਾਲੀਆ ਬਿਆਨ ਦਾ ਹਿੱਸਾ ਸੀ। ਮੈਂ ਇਰਾਨੀ ਨੂੰ ਮਿਲਣ ਡਬਲਿਨ ਵਿਚ ਗਰਮੀਆਂ ਦੀ ਰੁੱਤ ਵਿਚ 1926 ਵਿਚ ਗਿਆ ਸੀ ਤੇ ਜਾਰਜ ਰੱਸਲ ਨੂੰ ਮਿਲਿਆ ਸੀ। ਮੈਨੂੰ ਦਿਨ ਤੇ ਮਹੀਨਾ ਚੇਤੇ ਨਹੀਂ ਪਰ ਮੈਂ ਜੋ ਲਿਖਿਆ ਹੈ, ਉਹ ਤੱਥਮਈ ਹਵਾਲੇ ਹਨ।

**ਸਵਾਲ: 1930ਵਿਆਂ ਦੇ ਲੇਖਕ ਹੋਣ ਦੇ ਨਾਤੇ ਤੁਸਾਂ ਕੀ ਸਿੱਖਿਆ ਸੀ ਤੇ ਉਸ ਸਮੇਂ ਨੇ ਤੁਹਾਨੂੰ ਕੀ ਸਿਖਾਇਆ?**

**ਜਵਾਬ:** ਮੈਂ ਇਹ ਸਿੱਖਿਆ ਕਿ ਸ਼ਬਦ ਤੇ ਕਾਰਜ ਆਪੋ ਵਿਚ ਘੁਲੇ-ਮਿਲੇ ਹੋਣੇ ਚਾਹੀਦੇ ਹਨ, ਜੇ ਲੇਖਕ ਨੇ ਮਹੱਤਵਪੂਰਨ ਸਥਾਨ ਦੀ ਪ੍ਰਾਪਤੀ ਕਰਨੀ ਹੈ, ਤਾਂ। ਗੋਰਕੀ ਨੇ ਪਹਿਲਾਂ ਹੀ ਇਹ ਕੰਮ ਰੂਸ ਵਿਚ ਕਰ ਦਿੱਤਾ ਸੀ ਤੇ ਜੋਲਾ ਨੇ ਫਰਾਂਸ ਵਿਚ ਅਤੇ ਡਿਕਨਜ਼ ਨੇ ਇੰਗਲੈਂਡ ਵਿਚ। ਭਾਰਤ ਵਿਚ ਇਹ ਕੰਮ ਨਹੀਂ ਸੀ ਹੋਇਆ। ਜੇ ਤੁਸੀਂ ਬੁਰੇ ਪੱਖ ਬਾਰੇ ਲਿਖਣਾ ਹੈ ਤਾਂ ਉਹ ਇਹ ਹੈ ਤੇ ਇਸ ਨੂੰ ਨੰਗਾ ਕਰਨਾ ਚਾਹੀਦਾ ਹੈ। ਇਹੀ ਕੁਝ ਸੀ ਜੋ ਮੈਂ 'ਅਛੂਤ' ਤੇ 'ਕੁੱਲੀ' ਵਿਚ ਕੀਤਾ ਸੀ। ਮੈਂ 'ਕੁੱਲੀ' ਨਾਵਲ ਵਿਚ ਇੱਕ ਅਜਿਹੇ ਮੁੰਡੇ ਦੀ ਸਿਰਜਣਾ ਕਰਨਾ ਚਾਹੁੰਦਾ ਸੀ ਜੋ ਫਜ਼ੂਲ ਭਾਂਤ ਦੇ ਕਿਮ ਦੀ ਥਾਂ ਮਨੁੱਖੀ ਗੁਣਾਂ ਵਾਲਾ ਹੋਵੇ।



**ਸਵਾਲ: ਜੀਵਨ ਦੇ ਬੁਰੇ ਪੱਖ ਨੂੰ ਚਿਤਰਨ ਦੀ ਇੱਛਾ ਅਧੀਨ ਕੀ ਤੁਸੀਂ ਦਸਤਾਵੇਜ਼ੀ ਨਹੀਂ ਸੀ ਹੋ ਗਏ?**

**ਜਵਾਬ:** ਕੇਵਲ ਉਦੋਂ ਹੀ, ਜਦ ਕੋਈ ਕਲਾਕਾਰ ਵਜੋਂ ਅਸਫਲ ਹੋ ਜਾਂਦਾ ਹੈ ਤਾਂ ਸਵਾਲ ਉੱਠਦਾ ਹੈ ਕਿ ਕੀ ਲਿਖਤ ਦਸਤਾਵੇਜ਼ੀ ਹੈ ਜਾਂ ਪ੍ਰਚਾਰ? ਖੁਸ਼ਕਿਸਮਤੀ ਨੂੰ ਨਾਵਲ ਦਾ ਰੂਪ ਐਨਾ ਢਿੱਲਾ ਹੈ ਕਿ ਇਸ ਵਿਚ 'ਅੰਨਾ ਕਾਰਨੇਨਾ' ਦਾ ਸਕੈਂਡਲ ਅਤੇ 'ਜੰਗ ਤੇ ਅਮਨ' ਵਿਚ ਨੈਪੋਲੀਅਨ ਵੇਲੇ ਦੀਆਂ ਆਵਾਜ਼ਾਂ ਦੋਵੇਂ ਹੀ ਸ਼ਾਮਿਲ ਹੋ ਸਕਦੀਆਂ ਹਨ। ਸ਼ਰਤ ਇਹ ਹੈ ਕਿ ਨਾਵਲਕਾਰ ਪੁਤਲੀਆਂ ਦੇ ਅਰਥਾਂ ਵਿਚ ਨਹੀਂ, ਸਗੋਂ ਮਨੁੱਖੀ ਜੀਵਾਂ ਦੇ ਅਰਥਾਂ ਵਿਚ ਗੱਲ ਕਰੇ।

**ਸਵਾਲ: ਕੀ ਕਲਾਤਮਕ ਨਿਭਾਅ ਅਤੇ ਰੂਪ ਜੋ ਕਲਾ ਦੀ ਬੁਨਿਆਦ ਹਨ, ਨਾਵਲ ਦੀ ਵਸਤੂ ਨਾਲੋਂ ਵਧੇਰੇ ਮਹੱਤਵ ਵਾਲੇ ਹਨ?**

**ਜਵਾਬ:** ਇਹ ਸਭ ਕੁਝ ਰਲਿਆ-ਮਿਲਿਆ ਹੁੰਦਾ ਹੈ। ਨਾਵਲ ਵਿਚ ਕੀ ਇਹ ਜਲਣਾ ਤੇ ਪਿਘਲਣਾ ਹੈ? ਜਾਂ ਕੀ ਇਹ ਵੇਦਾਂਤ, ਸਾਮਵਾਦ ਜਾਂ ਕਮਿਊਨਿਸਟ ਵਿਰੋਧਾਂ ਦੇ ਸਿਧਾਂਤਾਂ ਦਾ ਪ੍ਰਚਾਰ ਹੈ? ਮੈਂ ਹਮੇਸ਼ਾ ਹੀ ਇਹ ਸੋਚਿਆ ਹੈ ਕਿ ਨਾਵਲ ਇੱਕ ਭਾਂਤ ਦੀ ਕਵਿਤਾ ਹੈ, ਵੀਹਵੀਂ ਸਦੀ ਦੀ ਬੀਰ-ਗਾਥਾ, ਨਵੀਆਂ ਸ਼੍ਰੇਣੀਆਂ ਦੀ ਲੋਕ-ਐਪਿਕ। ਇਹ ਕੁਝ ਰੂਪ-ਰਹਿਤ ਹੈ। ਜੀਵਨ ਦੀ ਰਫਤਾਰ ਦੀ ਤੁਰੰਤ ਪ੍ਰਵਾਨਗੀ ਵਾਲੀ (ਜਦ ਇਹ ਚੰਗੀ ਹੋਵੇ ਤਾਂ) ਛੁੱਟੜ ਇਸਤਰੀਆਂ, ਬੁੱਢੇ ਸਿਪਾਹੀਆਂ ਤੇ ਜੋਸ਼ੀਲੇ ਨੌਜਵਾਨ ਲੋਕਾਂ ਦੇ ਨਿੱਕੇ ਚੂਚੇ ਜਿਹੀ।

**ਸਵਾਲ: ਕੀ ਤੁਸੀਂ ਕਦੇ ਆਪਣੇ ਨਾਵਲਾਂ ਨੂੰ ਸੋਧਣ ਬਾਰੇ ਸੋਚਿਆ ਹੈ?**

**ਜਵਾਬ:** ਮੈਨੂੰ ਨਹੀਂ ਪਤਾ ਕਿ ਪਹਿਲੀ ਕੁਦਰਤੀ ਲਿਖਤ ਨੂੰ ਮੁੱਢੋਂ ਸੁੱਢੋਂ ਸੋਧਿਆ ਜਾ ਸਕਦਾ ਹੈ। ਮੇਰੇ ਨਾਵਲ ਹੜ੍ਹ ਵਾਂਗ ਆਉਂਦੇ ਹਨ ਅਤੇ ਭਾਵੇਂ ਮੈਂ ਪਹਿਲੇ ਬਰਫ ਦੇ ਤੋਦੇ ਨੂੰ ਕਾਬੂ ਕਰਨ ਦਾ ਯਤਨ ਕਰਦਾ ਹਾਂ, ਪਰ ਮੈਂ ਦੇਖਦਾ ਹਾਂ ਕਿ ਕੁਝ ਟੁਕੜਿਆਂ ਨੂੰ ਕੱਟਣ ਤੋਂ ਬਿਨਾਂ, ਭਾਵੇਂ ਕੱਚਾ ਖਰੜਾ ਹੀ ਸਹੀ, ਪਰ ਸਾਰੀ ਬੀਰ-ਗਾਥਾ ਦੇ ਤਾਲਮਈ ਵਹਾਓ ਨੂੰ ਢਹਿ-ਢੇਰੀ ਕਰਨਾ ਸੰਭਵ ਨਹੀਂ ਹੁੰਦਾ।

**ਸਵਾਲ: ਕੀ ਤੁਸੀਂ ਕਹੋਗੇ ਕਿ ਤੁਹਾਡੀਆਂ ਸਵੈ-ਜੀਵਨੀਆਂ ਬਾਰੇ ਵੀ ਇਹ ਗੱਲ ਸੱਚ ਹੈ?**

**ਜਵਾਬ:** ਮੈਂ ਸਵੈ-ਜੀਵਨੀਆਂ ਨਹੀਂ ਲਿਖ ਰਿਹਾ, ਸਗੋਂ ਸਵੈ-ਜੀਵਨੀ ਮੂਲਕ ਨਾਵਲ ਲਿਖ ਰਿਹਾ ਹਾਂ। ਇਹ ਫ਼ਰਕ ਕਰਨਾ ਜ਼ਰੂਰੀ ਹੈ। ਮੈਂ ਇਕਬਾਲੀਆ ਨਾਵਲ ਵਿਚ ਵਿਸ਼ਵਾਸ ਕਰਦਾ ਹਾਂ। ਉੱਤਮ ਪੁਰਖ ਵਿਚ ਤੇ ਇਸ ਵਿਚ ਲੇਖਕ ਇਮਾਨਦਾਰ ਹੋ ਸਕਦਾ ਹੈ। ਉਹ ਗੰਢੇ ਦੀ ਛਿੱਲ ਦੀ ਤਹਿ-ਦਰ-ਤਹਿ ਉਤਾਰ ਸਕਦਾ ਹੈ ਤੇ ਆਪਣੀ ਆਤਮਾ ਤੀਕ ਪਹੁੰਚ ਸਕਦਾ ਹੈ। ਚੰਗੇ ਸਾਹਿਤ ਦੀ ਇਹੀ ਨਿਸ਼ਾਨੀ ਹੁੰਦੀ ਹੈ।




# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੁਲਾਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-71



*ਲਿਖ ਲੈ ਨਾਂ ਸੌਦਾਗਰ ਸਿੰਘ ਦਾ, ਨੰਬਰ ਮੰਜੇ 'ਤੇ ਸੱਤ।*
*ਮੇਲ ਨਾਨਕਾ ਆਥਣ ਵੇਲੇ ਪੂਰੀ ਕਰੂਗਾ ਅੱਤ।*
*ਮੰਜਾ, ਬਿਸਤਰਾ ਆਂਢ-ਗੁਆਂਢੋਂ ਦਈਏ ਘਰੇ ਪੁਚਾ।*
*ਚੰਦ ਸਿੰਘ ਦੇ ਚੰਦ ਵਰਗੇ ਦਾ ਭਲਕੇ ਹੋਊ ਵਿਆਹ।*

## ਕੈਪਸ਼ਨ ਮੁਕਾਬਲਾ-69



ਕਦੇ ਪੁੰਨੂੰ ਦੀ ਡਾਚੀ ਹੁੰਦਿਆਂ
ਹਉਕੇ ਸੱਜਣਾਂ ਦੇ ਗਿਣਦਾ।
ਕਦੇ ਮੈਂ ਸੰਗ ਕਾਫਲੇ ਹੁੰਦਿਆਂ
ਰਾਹ ਮਾਰੂਥਲ ਦਾ ਮਿਣਦਾ।
ਕਦੇ ਮੈਂ ਕਿਸਾਨਾਂ ਦੇ ਵਾੜੇ ਹੁੰਦਿਆਂ
ਖੇਤੀ ਦੇ ਸਭ ਕੰਮ ਕਰਦਾ।
ਬੀਤੇ ਦੀਆਂ ਸਭ ਗੱਲਾਂ ਹੋਈਆਂ
ਪਰ ਹੁਣ ਵੀ ਬਿਨ ਮੇਰੇ ਨਾ ਸਰਦਾ।
ਅੱਜ ਮੈਂ ਸੰਗ ਮਛੋਰਾਂ ਰਲ ਕੇ
ਟੌਹਰ ਮੇਲਿਆਂ ਦੀ ਬਣਦਾ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

ਦੁਲਹਨ ਵਾਂਗਰ ਸਜਿਆ ਬੋਤਾ,
ਬੱਚਿਆਂ ਕਰੀ ਸਵਾਰੀ।
ਦੋਂਹ ਵੀਰਾਂ ਵਿਚ ਬੈਠੀ ਹੋਈ,
ਭੈਣ ਵੀ ਲੱਗਦੀ ਪਿਆਰੀ।
ਨਾ ਲਗਾਮ, ਨਾ ਮੂੰਹ ਬੋਤੇ ਦਾ,
ਫੋਟੋ ਲੱਗੇ ਅਧੂਰੀ।
ਬੋਤੇ ਉਤੇ ਬੈਠੇ ਬੱਚੇ
ਲੱਗਦੇ ਬੜੇ ਪਿਆਰੇ।
ਸਦਾ ਰਹਿਣ 'ਸੁਰਜੀਤ' ਇਹ ਹੱਸਦੇ,
ਮਾਂ ਦੀ ਅੱਖ ਦੇ ਤਾਰੇ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਜਹਾਜ਼ ਸੀ ਰੇਗਿਸਤਾਨ ਦਾ
ਪਹਾੜਾਂ ਵਿਚ ਉਤਾਰ ਲਿਆ।
ਬੱਚਿਆਂ ਨੂੰ ਖੁਸ਼ ਕਰਨ ਦੀ ਖਾਤਰ
ਹਾਰਾਂ ਨਾਲ ਸ਼ਿੰਗਾਰ ਲਿਆ ।
ਖੋਪਿਆਂ ਦੀ ਕੋਈ ਲੋੜ ਰਹੀ ਨਾ
ਮੁਹਾਰ ਬਿਨਾ ਵੀ ਸਾਰ ਲਿਆ।
***-ਜਗਮੀਤ ਸਿੰਘ ਪੰਧੇਰ***

---

ਨਵੀਂ ਵਿਆਹੀ ਵਾਂਗ ਸਜਾ ਕੇ,
ਕੀਤੀ ਖੂਬ ਤਿਆਰੀ।
ਜਗਤਾਰ, ਅਮਨ ਤੇ ਸੰਨੀ ਦੇਖੋ,
ਊਠ ਦੀ ਕਰਨ ਸਵਾਰੀ।
ਮਸ਼ੀਨੀ ਯੁੱਗ ਨੇ ਮਾਰੂਥਲ ਦੇ
ਜਹਾਜ਼ ਦੀ ਕਦਰ ਘਟਾਈ।
ਕੋਈ ਸਮਾਂ ਸੀ ਜਦ ਹੁੰਦੀ ਸੀ,
ਊਠ ਦੀ ਬਹੁਤ ਚੜ੍ਹਾਈ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ-68

ਪੈਸੇ ਖਾਤਰ ਹਰ ਇਕ ਰਿਸ਼ਤਾ,
ਟੁੱਟਦਾ ਨਜ਼ਰ ਪਿਆ ਆਵੇ।
ਸਾਡੇ ਨਾਲੋਂ ਜਾਨਵਰ ਚੰਗੇ,
ਜੋ ਪਿਆਰ ਦਿਲੋਂ ਨੇ ਕਰਦੇ।
ਬੰਦਿਆਂ ਵਾਂਗੂੰ ਨਿੱਤ ਦਿਨ ਯਾਰੋ,
ਨਾ ਵਿਚ ਕਚਹਿਰੀਆਂ ਲੜਦੇ।
ਪਿਆਰ ਨਾਲ ਬਣ ਜਾਵੇ ਜੋ ਗੱਲ,
ਉਸ ਦਾ ਫਿਰ ਕੀ ਕਹਿਣਾ,
ਫੋਟੋ ਵਿਚਲੇ ਜਾਨਵਰਾਂ ਵਾਂਗਰ,
ਸਾਨੂੰ ਆਵੇ ਪ੍ਰੇਮ ਨਾਲ ਰਹਿਣਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਨਾ ਕੋਈ ਵੈਰੀ ਨਾਹੀ ਬਿਗਾਨਾ ਵਾਲੀ
ਸਮਝ ਹੈ ਜਾਨਵਰ ਨੂੰ ਵੀ ਆਈ।
ਤਾਹੀਓਂ ਤੇ ਦੁਸ਼ਮਣ ਦੇ ਬੱਚੇ ਨੂੰ
ਬੈਠੀ ਹੈ ਇੰਜ ਗਲਵੱਕੜੀ ਪਾਈ।
ਕਾਸ਼ ਕਿ ਇਨਸਾਨ ਦੇ ਬੱਚੇ ਨੂੰ ਵੀ
ਇਹੋ ਜਿਹੀ ਸਮਝ ਆ ਜਾਵੇ।
ਦੁਨੀਆਂ ਵਾਲਾ ਇਹ ਮੇਲਾ
ਫਿਰ ਤਾਂ ਸਵਰਗ ਬਣ ਜਾਵੇ।
***-ਸੇਵਾ ਸਿੰਘ ਨੂਰਪੁਰੀ***

---

ਦੁੱਧ ਪੀਣੀ ਮੈਂ ਸ਼ੇਰ ਦੀ ਮਾਸੀ
ਸੋਹਣੀ ਸੁਨੱਖੀ ਮਿਸ।
ਤੇਰੇ ਮੂੰਹ ਵਿਚ ਹੱਡਾਂ ਦੀ ਬੂ
ਕਰੀ ਨਾ ਮੈਨੂੰ ਕਿਸ।
***-ਮਹਾਂ ਸਿੰਘ ਹਾਂਸ***
***ਫੋਨ: 408-956-1696***

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਸਾਹਿਬਾਂ ਤਾਂ ਐਵੇਂ ਬਦਨਾਮ ਸੀ...?

*ਕੁਝ ਲੋਕ ਪਹਾੜਾਂ ਵਾਂਗ ਦੂਰੋਂ ਤਾਂ ਬਹੁਤ ਸੁਨੱਖੇ ਲਗਦੇ ਸਨ ਪਰ ਜਦੋਂ ਨੇੜੇ ਆਏ ਤਾਂ ਪਤਾ ਲੱਗਾ ਕਿ ਇਹ ਤਾਂ ਚਮੜੀ ਦੇ ਰੋਗੀ ਹਨ। ਉਂਜ ਹਾਰੀ ਹੋਈ ਜ਼ਿੰਦਗੀ ਨੂੰ ਪਿਆਰ ਫਿਰ ਇਨ੍ਹਾਂ ਨੂੰ ਵੀ ਕਰਨਾ ਪਿਆ। ਕਈ ਬੈਠੇ ਤਾਂ ਰੰਗਲੇ ਪੀੜ੍ਹੇ 'ਤੇ ਸਨ ਪਰ ਲੀੜਿਆਂ 'ਚੋਂ ਬਦਬੂ ਆਉਣੋਂ ਨਾ ਹਟ ਸਕੀ। ਭ੍ਰਿਸ਼ਟ ਆਦਮੀ ਦੀ ਲੇਰ ਉਦੋਂ ਨਿਕਲਦੀ ਹੈ ਜਦੋਂ ਉਹਨੂੰ ਆਪਣੀ ਕਮਾਈ 'ਚੋਂ ਖਰਚ ਕਰਨਾ ਪੈ ਜਾਵੇ। ਧਨਵਾਨ ਹੋਣ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਚਮਚੇ ਤੁਹਾਡੀ ਮਹਿਮਾ ਵਿਚ ਹੇਕਾਂ ਲਾ ਲਾ ਕੇ ਗੀਤ ਗਾਉਂਦੇ ਹਨ, ਜਦੋਂਕਿ ਗਰੀਬ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਰਿਸ਼ਤੇਦਾਰੀਆਂ ਤੇ ਦੋਸਤੀਆਂ ਪੈਸਾ ਆਉਣ ਤੋਂ ਪਹਿਲਾਂ ਨਹੀਂ ਪਰਤਣਗੀਆਂ। ਬਦਮਾਸ਼ਾਂ ਨਾਲ ਕਿਤੇ ਸ਼ਰੀਫਾਂ ਦੇ ਹੱਥ ਜੁੜ ਜਾਣ ਤਾਂ ਵਧੀਕੀਆਂ ਕੀਹਨੂੰ ਸਹਾਰਨੀਆਂ ਪੈਣਗੀਆਂ, ਇਹ ਦੱਸਣ ਦੀ ਲੋੜ ਹੀ ਨਹੀਂ। ਸ਼ੇਰ ਨੂੰ ਬੜ੍ਹਕ 'ਤੇ, ਸਾਨ੍ਹ ਨੂੰ ਸਿੰਗਾਂ 'ਤੇ, ਕੁੱਤੇ ਨੂੰ ਪੂਛ 'ਤੇ ਮਾਣ ਹੁੰਦਾ ਹੈ ਪਰ ਮੂਰਖ ਮਨੁੱਖ ਇਨ੍ਹਾਂ ਤਿੰਨਾਂ ਦੇ ਆਪਣੇ ਅੰਦਰ ਹੋਣ ਦੇ ਭਰਮ ਵਿਚ ਹੈ। ਜਿਹੜੇ ਪਿਉ ਦੇ ਤਾਂ ਬਣੇ ਹੀ ਨਹੀਂ, ਮਾਂ ਦੇ ਵੀ ਨਹੀ ਰਹੇ, ਪਰ ਪਤਨੀਆਂ ਲਈ ਵੀ ਉਹ ਚੱਕੀ ਰਾਹੇ ਤੋਂ ਵੱਧ ਨਹੀਂ ਬਣੇ ਸਕੇ। ਕੁਕੜੀ ਸੋਚਦੀ ਹੈ ਕਿ ਉਹ ਆਂਡਾ ਦੇ ਕੇ ਹਟੀ ਹੈ; ਉਹ ਵਿਚਾਰੀ ਨਹੀਂ ਜਾਣਦੀ ਕਿ ਬੰਦੇ ਜੀਭ ਲਮਕਾਈ ਬੈਠੇ ਹਨ। ਜਿਨ੍ਹਾਂ ਵੀ ਮਰਦਾਂ ਨੇ ਔਰਤ ਨੂੰ ਗਹਿਣਿਆਂ ਨਾਲ ਖੁਸ਼ ਰੱਖਣ ਦੀ ਕੋਸ਼ਿਸ਼ ਕੀਤੀ, ਥੋੜ੍ਹੀ ਜਿਹੀ ਹੱਦ ਤੱਕ ਤਾਂ ਸਫਲ ਰਹੇ, ਕਿਉਂਕਿ ਕਈ ਚੰਗਾ ਖਾਨਦਾਨ ਭੁਲਾ ਨਹੀਂ ਸਕੀਆਂ, ਪਰ ਜਿਨ੍ਹਾਂ ਨੇ ਔਰਤ ਨੂੰ ਪੈਸੇ ਨਾਲ ਖੁਸ਼ ਰੱਖਣ ਦੀ ਗੁਸਤਾਖੀ ਕੀਤੀ, ਉਨ੍ਹਾਂ ਦੇ ਪੱਲੇ ਦੋਵੇਂ ਨਹੀਂ ਰਹੇ। ਇਹ ਜ਼ਰੂਰੀ ਨਹੀਂ ਤ੍ਰਿੰਝਣਾਂ 'ਚ ਚਰਖਾ ਡਾਹ ਕੇ ਸਾਰੀਆਂ ਕੱਤਣ ਵਾਲੀਆਂ ਨੇ ਪੂਣੀਆਂ ਦਾ ਸੂਤ ਬਣਾ ਦਿੱਤਾ ਹੋਵੇ, ਕਿਉਂਕਿ ਜਿਨ੍ਹਾਂ ਨੂੰ ਵਾਲ ਵਾਹੁੰਦੀਆਂ ਨੂੰ ਕਿਸੇ ਦਾ ਧਿਆਨ ਆਉਂਦਾ ਰਿਹਾ, ਉਹ ਚਿੱਤ ਚਰਖੇ ਨਾਲ ਵੀ ਨਹੀਂ ਲਾ ਸਕੀਆਂ। ਚੰਦੜ ਤਾਂ ਮਿਰਜ਼ੇ ਪਿੱਛੇ ਘੋੜੀਆਂ ਲੈ ਕੇ ਪਏ ਸਨ ਸਾਹਿਬਾਂ ਛੁਡਾਉਣ ਲਈ, ਪਰ ਹੁਣ ਸਾਹਿਬਾਂ ਕੀ ਕਰਨ ਲੱਗ ਪਈ ਐ... ਗੱਲ ਵਿਚਾਰਿਓ ਜ਼ਰੂਰ...।*

ਜਦੋਂ ਉਚੀਆਂ ਕੰਧਾਂ ਲੋਕ ਟੱਪਣ ਲੱਗ ਪੈਣ, ਯਕੀਨਨ ਲੋਕਾਂ ਦੇ ਸੁੱਤੇ ਹੋਣ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਦੁਨੀਆਂ ਦਾ ਕੋਈ ਵੀ ਬੰਦਾ ਇਹ ਗੱਲ ਨਹੀਂ ਕਹਿ ਸਕਦਾ ਕਿ ਉਸ ਨੂੰ ਕੋਈ ਨਾ ਕੋਈ ਔਰਤ ਸੋਹਣੀ ਨਹੀਂ ਲੱਗੀ ਸੀ ਤੇ ਨਾ ਹੀ ਕਦੇ ਇੱਦਾਂ ਹੋਇਆ ਹੈ ਕਿ ਮਨੁੱਖ ਅੰਦਰ ਇਹ ਚਾਹਤ ਨਾ ਪੈਦਾ ਹੋਈ ਹੋਵੇ ਕਿ ਉਹ ਕਿਸੇ ਨੂੰ ਸੋਹਣਾ ਨਾ ਲੱਗੇ। ਨਹੀਂ ਤਾਂ ਨਾਈਆਂ ਨੇ ਵੀ ਸ਼ੀਸ਼ੇ ਮੂਹਰੇ ਰੱਖ ਕੇ ਵਾਲ ਕੱਟਣੇ ਸੀ; ਨਾ ਹੀ ਕਿਸੇ ਨੇ ਸਿਰ ਵਾਹੁਣ ਲਈ ਸ਼ੀਸ਼ਾ ਲੱਭਣਾ ਸੀ। ਪੱਗ ਦਿਆਂ ਪੇਚਾਂ ਦੇ ਅਰਥ ਵੀ ਸ਼ੀਸ਼ੇ ਨਾਲ ਹੀ ਜੁੜੇ ਹੋਏ ਹਨ।

ਜਦੋਂ ਮੰਜੀ ਵੀ ਟੁੱਟੀ ਹੋਵੇ, ਬਾਣ ਵੀ ਪੁਰਾਣਾ ਹੋਵੇ ਤਾਂ ਨਵੇਂ ਗਦੇਲੇ ਵੀ ਹਉਕੇ ਭਰਨ ਲੱਗ ਪੈਂਦੇ ਹਨ। ਇਕ ਸਾਧੂ ਨੇ ਵੱਡਾ ਘਰ ਵੇਖ ਕੇ ਅਲਖ ਤਾਂ ਉਚੀ ਦੇਣੀ ਖ਼ੈਰ ਪਾਉਣ ਲਈ ਜਗਾਈ ਸੀ, ਪਰ ਕੁੱਤਿਆਂ ਨੇ ਜਦੋਂ ਭਗਵਾਂ ਲੀਰਾਂ ਕੀਤਾ ਤਾਂ ਉਹਨੇ ਵੀ ਰੱਬ ਨੂੰ ਉਲਾਂਭਾ ਜ਼ਰੂਰ ਦਿੱਤਾ ਹੋਊ-'ਤੈਨੂੰ ਦੀਹਦਾ ਨਹੀਂ?' ਕਈ ਦਰਜ਼ੀਆਂ ਨੇ ਕੱਪੜੇ ਤਾਂ ਨਾਪ ਲੈ ਕੇ ਹੀ ਸੀਤੇ ਸਨ; ਚਲੋ ਧੌਣ 'ਤੇ ਸੁੰਗੜ ਜਾਂਦੇ ਤਾਂ ਕੋਈ ਗੱਲ ਨਹੀਂ ਸੀ, ਪਸੀਨਾ ਆਉਣ ਨਾਲ ਹੀ ਗਿੱਟੇ ਤੇ ਢਿੱਡ ਨੰਗਾ ਹੋ ਗਿਆ!

ਇਕ ਵਾਰ ਲਾਡ ਕਰਦੇ ਕਬੂਤਰ ਨੇ ਕਬੂਤਰੀ ਨੂੰ ਪੁੱਛਿਆ-'ਕੱਲ੍ਹ ਤੂੰ ਟਾਹਲੀ 'ਤੇ ਦੂਜੇ ਕਬੂਤਰ ਨਾਲ ਕਿਉਂ ਬੈਠੀ ਸੀ?'

'ਆਪਣੇ ਸਾਰਿਆਂ ਦੇ ਨੈਣ-ਨਕਸ਼ ਜੁ ਇਕੋ ਜਿਹੇ ਹਨ।'

'ਚੰਗਾ ਕੀਤਾ ਰੱਬ ਨੇ। ਨਹੀਂ ਤਾਂ ਆਪਣੇ ਅੰਦਰ ਵੀ ਦੁਸ਼ਮਣੀਆਂ ਪੈ ਜਾਣੀਆਂ ਸਨ।'

'ਤਾਂ ਹੀ ਆਪਾਂ ਜਿਸ ਘਰ ਵਿਚ ਆਲ੍ਹਣਾ ਪਾਇਆ ਸੀ, ਤਾਂ ਮਾਲਕ ਜਦੋਂ ਘਰੋਂ ਨਿਕਲਦਾ ਤਾਂ ਕੰਧ ਟੱਪ ਕੇ ਗੁਆਂਢੀ ਆ ਵੜਦਾ ਸੀ।' ਕਬੂਤਰੀ ਨੇ ਕਬੂਤਰ ਦੀ ਧੌਣ 'ਤੇ ਮੁਹੱਬਤ ਦੀ ਚੁੰਝ ਮਾਰਦਿਆਂ ਕਿਹਾ।

'ਅੱਛਾ! ਆਹ ਗੱਲ ਸੀ। ਤਾਂ ਹੀ ਗੁਆਂਢਣ ਸਿਰ 'ਤੇ ਚਿੱਟੀ ਚੁੰਨੀ ਲੈਣ ਲੱਗ ਪਈ ਸੀ।'

ਅਸਲ ਵਿਚ ਪੰਛੀਆਂ ਅੰਦਰ ਝੂਠ ਬੋਲਣ ਦੀ ਹਾਲੇ ਤੀਕਰ ਕਿਸੇ ਨੇ ਵੀ ਪ੍ਰਵਿਰਤੀ ਨਹੀਂ ਦੇਖੀ।

ਇਕ ਗੱਲ ਤਾਂ ਸੁਣਦੇ ਆਏ ਹਾਂ ਕਿ ਕੁਝ ਲੋਕ ਪਿਆਰ 'ਚੋਂ ਨਫਾ ਲੱਭਣ ਦੇ ਯਤਨ ਵਿਚ ਲੱਗੇ ਹੋਏ ਹਨ, ਪਰ ਉਨ੍ਹਾਂ ਲੋਕਾਂ ਦਾ ਕੀ ਕਰੀਏ ਜਿਹੜੇ ਨਫ਼ਾ ਕਰਨ ਲਈ ਪਿਆਰ ਕਰ ਰਹੇ ਹਨ। ਲਗਦਾ ਨਹੀਂ, ਚੱਕੀ ਰਾਹਾ ਜ਼ਮੀਨ ਅੰਦਰ ਧਸ ਗਿਆ ਹੈ ਤੇ ਚੁੰਝ ਬਾਹਰ ਰਹਿ ਗਈ ਹੈ?

ਤੇਈਆਂ ਸਾਲਾਂ ਪਿੱਛੋਂ ਅਮਰੀਕਾ ਤੋਂ ਪਰਤਿਆ ਜਤਿੰਦਰ ਤੀਜੇ ਦਿਨ ਸਿੱਧਾ ਆਪਣੇ ਹਮ ਜਮਾਤੀ ਦਿਆਲ ਦੇ ਪਿੰਡ ਪੁੱਜ ਗਿਆ; ਜਿਵੇਂ ਸੁਦਾਮਾ ਨਹੀਂ, ਕ੍ਰਿਸ਼ਨ ਸੁਦਾਮੇ ਲਈ ਸੱਤੂ ਲੈ ਕੇ ਆ ਗਿਆ ਹੋਵੇ। ਕਾਲਜੋਂ ਵਿਛੜਿਆਂ ਦੇ ਮੇਲ ਉਦੋਂ ਹੋ ਰਹੇ ਸਨ, ਜਦੋਂ ਦੋਵੇਂ ਧੀਆਂ ਪੁੱਤਰਾਂ ਵਾਲੇ ਹੋ ਚੁੱਕੇ ਸਨ। ਘਰ ਪੁੱਜਿਆ ਤਾਂ ਗਰਮੀ ਨੂੰ ਵੀ ਕਹਿਰ ਆਇਆ ਹੋਇਆ ਸੀ। ਦਿਆਲ ਘਰੇ ਨਹੀਂ ਸੀ। ਉਹਦੀ ਘਰਵਾਲੀ ਕੁਲਜੀਤ ਜਦੋਂ ਝੱਟ ਦੇਣੀ ਠੰਢੀ ਸ਼ਕੰਜਵੀ ਦਾ ਗਲਾਸ ਲੈ ਕੇ ਆਈ ਤਾਂ ਜਤਿੰਦਰ ਦਾ ਅਮਰੀਕਾ ਦਾ ਹਾਲ-ਚਾਲ ਪੁੱਛਣ ਤੋਂ ਪਹਿਲਾਂ ਹੀ ਉਹਨੇ ਸਵਾਲ ਕਰ ਦਿੱਤਾ, 'ਭਾਬੀ ਦਿਆਲ ਕਿੱਥੇ ਐ?'

'ਮੈਂ ਭੇਜਿਆ ਦਿਓਰ ਨੂੰ। ਗੁਆਂਢੀਆਂ ਦੀ ਕੁੜੀ ਰੁੱਸ ਕੇ ਆਈ ਹੋਈ ਐ। ਜੁਆਈ ਤਾਂ ਰੱਬ ਰੂਪ ਐ, ਇਹੀ ਵਿਗੜਿਆ ਟੱਬਰ ਕਾਬੂ ਨ੍ਹੀਂ ਆ ਰਿਹਾ।'

'ਨਾ ਦਿਆਲ ਮਾਹਟਰ ਐ ਕਿ ਪੰਚ?'

'ਹੈ ਤਾਂ ਮਾਹਟਰ ਈ; ਊਂ ਲਿਖਾ-ਪੜ੍ਹੀ ਨੂੰ ਸੱਦ ਲੈਂਦੇ ਆ। ਲੈ ਆ ਗਿਆ ਥੋਡਾ ਮਿੱਤਰ।'

ਤੇ ਉਹ ਦੋਵੇਂ ਜਣੇ ਆਏਂ ਗਲਵੱਕੜੀ ਹੋ ਗਏ ਜਿਵੇਂ ਬਿਜਲੀ ਵਾਲਿਆਂ ਨੇ ਆਪਣਾ ਖੰਭਾ ਘੁੱਟ ਕੇ ਫੜਿਆ ਹੁੰਦਾ ਹੈ।

...ਤੇ ਫਿਰ ਜ਼ਿੰਦਗੀ ਦਾ ਜੋਬਨ ਲਾਲੇ ਦੀ ਲਾਲ ਬਹੀ ਦੀਆਂ ਪਰਤਾਂ ਵਾਂਗ ਗੱਲਾਂ-ਬਾਤਾਂ ਵਿਚ ਖੁੱਲ੍ਹਣ ਲੱਗ ਪਿਆ। ਕਦੇ ਕਾਲਜ ਦੀਆਂ ਗੱਲਾਂ, ਫਿਰ ਵਿਆਹ ਦੇ ਚਰਚੇ, ਤੇ ਫਿਰ ਡਾਲਰ ਰੁਪਈਆਂ 'ਚ ਵਟਣ ਲੱਗ ਪਏ।

ਜਤਿੰਦਰ ਨੇ ਆਪਣੇ ਕਾਰ ਆਲੇ ਨੂੰ ਵਾਪਸ ਭੇਜ ਦਿੱਤਾ ਕਿ ਸਵੇਰੇ ਦਸ ਗਿਆਰਾਂ ਵਜੇ ਆ ਜਾਈਂ।

ਘੁੱਟ ਲਾਉਣ ਦਾ ਜਸ਼ਨ ਬਣਿਆ ਤਾਂ ਦੋਵੇਂ ਜਣੇ ਚੁਬਾਰੇ ਅੱਗੇ ਵਿਹੜੇ 'ਚ ਢਾਬੇ ਵਾਲਿਆਂ ਵਾਂਗ ਪੱਖਾ ਲਾ ਕੇ ਬਾਣ ਦੇ ਮੰਜਿਆਂ 'ਤੇ ਪੁਰਾਣੇ ਦਿਨਾਂ ਦੀ ਚਰਖੀ ਦੀਆਂ ਯਾਦਾਂ ਘੁਮਾਉਣ ਲੱਗ ਪਏ।

ਚੁਬਾਰੇ ਦੇ ਦਰਵਾਜ਼ੇ ਉਪਰ ਬਾਹਰ ਵੱਲ ਜਗਦਾ ਲਾਟੂ ਮਖੌਲ ਕਰੀ ਜਾ ਰਿਹਾ ਸੀ; ਕਿਉਂਕਿ ਬਿਜਲੀ ਆਉਂਦੀ ਘੱਟ, ਜਾਂਦੀ ਜ਼ਿਆਦਾ ਸੀ। ਜਦੋਂ ਮੱਛਰ ਜਤਿੰਦਰ ਦੇ ਨੂੰਹੇ ਵਾਂਗ ਦੰਦੀ ਵੱਢਦਾ ਤਾਂ ਉਹ ਉਲਰ ਕੇ ਆਂਹਦਾ-'ਪਾ ਹੋਰ ਘੁੱਟ। ਅੱਧਾ ਪੈਗ ਤਾਂ ਸਾਲਾ ਇਹ ਮੱਛਰ ਈ ਪੀਈ ਜਾਂਦੈ।'

ਹਾਲੇ ਦੋਹਾਂ ਨੇ ਦੋ ਦੋ ਬੁਰਕੀਆਂ ਰੋਟੀ ਦੀਆਂ ਮੂੰਹ ਪਾਈਆਂ ਹੋਣਗੀਆਂ ਕਿ ਗੁਆਂਢੀਆਂ ਦੇ ਜਿਵੇਂ ਬੰਬ ਚੱਲ ਗਿਆ ਹੋਵੇ। ਉਹੀ ਘਰ ਜਿਥੇ ਕੁੜੀ ਰੁੱਸ ਕੇ ਆਈ ਹੋਈ ਸੀ, ਦੋਹਾਂ ਪਾਸਿਆਂ ਤੋਂ ਗਾਲਾਂ ਦੀ ਵਾਛੜ ਆਏਂ ਹੋਵੇ ਕਿ ਇੰਨਾ ਗੰਦ ਤਾਂ ਬਿਜਲੀ ਵਾਲੇ ਖੰਭਾ ਖਿੱਚਣ ਵੇਲੇ ਵੀ ਸ਼ਾਇਦ ਨਾ ਬੋਲਦੇ ਹੋਣ।

ਜਤਿੰਦਰ ਤੇ ਦਿਆਲਾ ਹੇਠਾਂ ਤਾਂ ਨਾ ਉਤਰਦੇ, ਪਰ ਲਹਿੰਦੇ ਪਾਸੇ ਤੋਂ ਨਿੱਕੀ ਜਿਹੀ ਬਦਲੀ ਉਠੀ, ਤੇ ਬੱਦਲਾਂ ਦੀ ਕੜ ਕੜ ਵਿਚ ਬਿਜਲੀ ਤਾਂ ਇੱਦਾਂ ਨੱਠੀ ਜਿਵੇਂ ਮੁਕਲਾਵੇ ਪਿਛੋਂ ਪੇਕੇ ਆਈ ਕੁੜੀ ਸਹੇਲੀਆਂ ਵਿਚ ਗੁਆਚ ਜਾਂਦੀ ਹੈ। ਉਂਜ, ਮੀਂਹ ਨੇ ਗਰਮੀ ਦੀ ਖੁਸ਼ਕੀ ਚੱਕ ਦਿੱਤੀ।

ਦੋਹਾਂ ਨੇ ਮੋਮਬੱਤੀ ਦੀ ਲੋਅ ਵਿਚ ਰੋਟੀ ਖਾਧੀ, ਪਰ ਗੁਆਂਢੀਆਂ ਦੇ ਰੌਲਾ ਪੈਣੋਂ ਨਾ ਹਟਿਆ।

'ਦਿਆਲਿਆ ਇਹ ਕੀ ਰੌਲਾ ਐ? ਤੂੰ ਵੀ 'ਤਕਾਲੀ ਇਨ੍ਹਾਂ ਦੇ ਈ ਪੰਚਾਇਤ ਵਿਚ ਗਿਆ ਹੋਇਆ ਸੀ?' ਜਤਿੰਦਰ ਨੇ ਸੌਣ ਲੱਗੇ ਨੇ ਗੱਲ ਛੇੜ ਲਈ ਕਿ 'ਇਹ ਤਾਂ ਆਏਂ ਆਂ ਜਿਵੇਂ ਅਫ਼ਗਾਨਿਸਤਾਨ ਵਿਚ ਤਾਲਿਬਾਨ ਨ੍ਹੀਂ ਕਾਬੂ ਵਿਚ ਰਹਿੰਦੇ।'

'ਇੱਦਾਂ ਦੀ ਮਾੜੀ ਔਲਾਦ ਤੇ ਬਦਮਾਸ਼ ਧੀ ਕਿਸੇ ਦੇ ਨਾ ਜੰਮੇ! ਕੁੜੀ ਤਾਂ ਸਾਡੇ ਪਿੰਡ ਦੀ ਆ; ਦੱਸਦਿਆਂ ਤੇ ਕਹਿੰਦਿਆਂ ਨੂੰ ਸ਼ਰਮ ਆਉਂਦੀ ਆ। ਲੁੱਚਾ ਟੱਬਰ ਐ। ਪੰਚਾਇਤ ਨੇ ਕੱਲ੍ਹ ਬਥੇਰੀ ਸਿਰ ਸੁਆਹ ਪਾਈ, ਪਰ ਭੇਡ ਜਿਵੇਂ ਉਨ ਲਾਹੁਣ 'ਤੇ ਮਸਤੀ ਪਈ ਹੁੰਦੀ ਐ, ਆਏਂ ਗੱਲ ਨੂੰ ਭੁੰਨੇ ਪੈਣ ਦਿੰਦਾ ਸਾਰਾ ਟੱਬਰ? ਜੁਆਈ ਵਿਚਾਰੇ ਦਾ ਨਾ ਈ ਸਰਬਣ ਨ੍ਹੀਂ, ਊਂ ਵੀ ਸਰਬਣ ਈ ਐ। ਕਮਲੀ ਮੈਂ ਸਿਵਿਆਂ ਦੇ ਰਾਹ ਪਹਿਲੀ ਵਾਰ ਪਈ ਦੇਖੀ ਐ।'

'ਗੱਲ ਕੀ ਐ ਵਿਚਲੀ?'

'ਮਿੱਤਰਾ ਉਠ ਕੇ ਬੈਠ ਫਿਰ ਜ਼ਰਾ। ਇਹ ਕਲਯੁੱਗ ਦਾ ਮਹਾਂ ਭਾਰਤ ਵੀ ਸੁਣ ਕੇ ਸੌਈਂ।'

'ਜਿਹੜੀ ਕੁੜੀ ਦਾ ਸਾਰਾ ਪੁਆੜਾ ਐ, ਇਹਦਾ ਨਾਂ ਐ ਸ਼ਿੰਦੀ। ਇਹ ਦੋ ਭੈਣ ਭਰਾ ਆ। ਪਿਉ ਇਨ੍ਹਾਂ ਦਾ ਇਨ੍ਹਾਂ ਦੀ ਮਾਂ ਦੇ ਲੱਛਣਾਂ ਤੋਂ ਅੱਕੇ ਸੱਤ-ਅੱਠ ਸਾਲ ਹੋ ਗਏ ਆ, ਨਹਿਰ ਵਿਚ ਛਾਲ ਮਾਰ ਕੇ ਮਰਿਆ। ਅੱਧਾ ਪਿੰਡ ਤਾਂ ਕਹਿੰਦਾ ਐ ਇਹ ਦੋਏ ਨਿਆਣੇ ਉਹਦੇ ਹੈ ਈ ਨ੍ਹੀਂ।'

'ਉਹ ਮਰਿਆ ਕਿਉਂ?'

'ਪਹਿਲਾਂ ਤਾਂ ਤੀਵੀਂ ਨ੍ਹੀਂ ਕਾਬੂ ਵਿਚ ਆਈ, ਫਿਰ ਇਹ ਜਿਹੜੀ ਸ਼ਿੰਦੀ ਐ, ਪਹਿਲਾਂ ਤਾਂ ਪਿੰਡ ਦੇ ਝੀਰਾਂ ਦੇ ਮੁੰਡੇ ਨਾਲ ਭੱਜ'ਗੀ; ਮਸੀਂ ਪੰਦਰੀਂ-ਵੀਹੀਂ ਦਿਨੀਂ ਲੱਭ ਕੇ ਲਿਆਂਦੀ। ਮੁੰਡਾ ਬੀਬਾ ਸੀ। ਪਹਿਲਾਂ ਭਰਾ ਨੇ ਮਸਟੰਡਿਆਂ ਨਾਲ ਰਲ ਕੇ ਕੁੱਟਿਆ, ਫਿਰ ਥਾਣੇ ਫ਼ਸਾ'ਤਾ। ਅਸੀਂ ਕਹਿ-ਸੁਣ ਕੇ ਰਾਜ਼ੀਨਾਮਾ ਕਰਾਇਆ ਕਿ ਕੁੜੀ ਠੀਕ ਨ੍ਹੀਂ; ਇਹਦੇ ਹੱਥ ਪੀਲੇ ਕਰ ਦਿਓ। ਇਨ੍ਹਾਂ ਨੇ ਗੱਲ ਫਿਰ ਨ੍ਹੀਂ ਗੌਲੀ, ਤੇ ਫਿਰ ਇਹ ਨਾਲ ਦੇ ਪਿੰਡ ਦੇ ਨਸ਼ੱਈ ਜਿਹੇ ਨਾਲ ਚਲੇ ਗਈ। ਫਿਰ ਲੈ ਤਾਂ ਆਂਦੀ ਉਹਦੇ ਕੋਲੋਂ ਵੀ, ਪਰ ਪੇ ਸ਼ਰਮ ਦਾ ਮਾਰਾ ਈ ਮਰ ਗਿਆ ਛਾਲ ਮਾਰ ਕੇ।'

'ਨਾ ਹੁਣ ਦਿਆਲਿਆ, ਇਸ ਜੁਆਈ ਨਾਲ ਕੀ ਰੌਲਾ?'

'ਇਹਦੀ ਤਾਂ ਗੱਲ ਤੈਨੂੰ ਦੱਸਣ ਲੱਗਾ। ਇਹ ਦੇਵ ਤੇ ਪਿੱਛੇ ਚੁੜੇਲ ਲੱਗੀ ਹੋਈ ਆ। 'ਕੱਲਾ ਮਾਪਿਆਂ ਦਾ ਪੁੱਤ ਆ। ਜਿੱਦਣ ਵਿਆਹ ਕੀਤਾ, ਮਾਂ ਤਾਂ ਸੀਗੀ ਪਰ ਉਹ ਵੀ ਵਿਗੜੀ ਨੂੰਹ ਹੱਥੋਂ ਦੁਖੀ ਛੇਤੀ ਚਲੀ ਗਈ। ਇਹ ਸਰਬਣ ਪਹਿਲਾਂ ਤਾਂ ਦੁਬਈ ਗਿਆ ਹੋਇਆ ਸੀ। ਮਿਹਨਤੀ ਸੀ ਵਿਚਾਰਾ। ਰਾਜ ਮਿਸਤਰੀ ਸੀ, ਕਮਾਈ ਠੀਕ ਕਰਦਾ ਸੀ। ਸਾਰਾ ਕੁਝ ਇਹਦੇ ਨਾਂ 'ਤੇ ਭੇਜਦਾ ਰਿਹਾ। ਪਿੱਛੇ ਜਿਹੇ ਜਦੋਂ ਇਥੋਂ ਪੰਚਾਇਤ ਗਈ ਤਾਂ ਪਿੰਡ ਆਲੇ ਦੱਸਣ, ਪਈ ਇਹ ਜਨਾਨੀ ਤਾਂ ਸਵੇਰੇ ਪੌਡਰ ਸੁਰਖੀ ਲਾ ਕੇ, ਬਾਂਹ ਵਿਚ ਪਾਉਂਦੀ ਐ ਪਰਸ, ਤੇ ਅੱਡੇ ਜਾ ਖੜ੍ਹਦੀ ਐ। ਜਿਧਰ ਨੂੰ ਦਿਲ ਕਰਦੈ, ਲਾਰੀ ਫੜ ਲੈਂਦੀ ਆ। ਦੋ ਜੁਆਕ ਨੇ ਇਹਦੇ, ਦੋਵੇਂ ਲੜਕੇ ਆ। ਗੁਆਂਢੀ ਦੱਸਣ ਵਿਚਾਰੇ...ਦੋਵੇਂ ਬੂਹੇ ਵਿਚ ਬਹਿ ਕੇ ਦੇਖਦੇ ਰਹਿੰਦੇ ਆ ਕਿ ਕਦੋਂ ਘਰੇ ਆਊ ਸਿਰੀ ਦੇਵੀ।'

'ਯਾਰ ਕਮਾਲ ਦਾ ਬੰਦੈ ਸਰਬਣ! ਅੱਗ ਲੱਗੇ ਇੱਦਾਂ ਦੀ ਕਮਾਈ ਨੂੰ। ਉਹਨੇ ਕਿਤੇ ਫੌਜ ਵਿਚੋਂ ਨਾਵਾਂ ਕਟਾਉਣੈ? ਪਈ ਤੂੰ ਟਿਕਟ ਲੈ, ਇਥੇ ਕਰ ਲੈਂਦਾ ਘਰੇ ਆ ਕੇ ਦਿਹਾੜੀ ਦੱਪਾ?'

'ਜਤਿੰਦਰ, ਇਹ ਜਿਹੜਾ ਸ਼ਿੰਦੀ ਦਾ ਭਰਾ ਆ ਕੈਲਾ...ਇਹ ਪੂਰਾ ਬਦਮਾਸ਼ ਨਿਕਲਿਆ। ਜਦੋਂ ਪੇ ਮਰ ਗਿਆ, ਇਹਨੇ ਮਾਂ ਨੂੰ ਜ਼ੁਬਾਨ ਨ੍ਹੀਂ ਕੱਢਣ ਦਿੱਤੀ। ਪਹਿਲਾਂ ਭੁੱਕੀ ਵੇਚਦਾ ਸੀ, ਪਰ ਹੁਣ ਤਾਂ ਕਹਿੰਦੇ ਆ ਸਾਲਾ ਸਮੈਕੀਆ...ਪੀਂਦਾ ਵੀ ਤੇ ਵੇਚਦਾ ਵੀ। ਸਰਬਣ ਇਹਨੇ ਦੋ ਕੁ ਵਾਰ ਖੜਕਾ ਵੀ ਦਿੱਤਾ। ਊਂ ਸਰਬਣ ਵੀ ਥੋੜ੍ਹਾ ਗ਼ਲਤ ਸੀ। ਉਹ ਵੀ ਦੁਬਈ ਛੱਡ ਕੇ ਉਦੋਂ ਆਇਆ ਜਦੋਂ ਨੱਕ ਦੀ ਚੋਅ ਕੇ ਮੂੰਹ ਵਿਚ ਪੈ ਗਈ।'

'ਉਹ ਕਿੱਦਾਂ?'

'ਇਹ ਸ਼ਿੰਦੀ ਸ਼ਹਿਰ ਵਿਚ ਪੁਲਿਸ ਆਲਿਆਂ ਨੇ ਫੜ ਲਈ। ਹੋਰ ਜਨਾਨੀਆਂ ਨਾਲ ਰਲ ਕੇ ਕੰਜਰਖਾਨਾ ਚਲਾਉਂਦੀ ਸੀ। ਜਦੋਂ ਅੰਦਰ ਰਹੀ ਪੰਦਰਾਂ ਦਿਨ, ਤੇ ਨਿਆਣੇ ਰੁਲਣ ਲੱਗੇ; ਤਾਂ ਆਇਆ ਜਾ ਕੇ ਦੁਬਈ ਤੋਂ।'

'ਇਹਦੀ ਲੱਤ ਨ੍ਹੀਂ ਵੱਢੀ ਫਿਰ?'

'ਜਤਿੰਦਰਾ, ਤੈਨੂੰ ਚਿਰ ਹੋ ਗਿਆ ਮੁਲਕ ਛੱਡੇ ਨੂੰ। ਇਹ ਜਿਹੜੇ ਵਿਗੜਿਓ ਸਿਆਲਾਂ ਨੂੰ ਬਾਹਰੋਂ ਆਉਂਦੇ ਆ, ਇਹ ਤੀਵੀਆਂ ਉਨ੍ਹਾਂ ਨੇ ਵਿਗਾੜੀਆਂ ਹੋਈਆਂ, ਡਾਲਰ ਦਿਖਾ ਦਿਖਾ ਕੇ। ਕੁਰਾਹੇ ਪਈ ਔਰਤ ਇਥੇ ਸਿੱਧੇ ਰਾਹ ਪੈਂਦੀ ਆ ਮੁੜ ਕੇ? ਨਾਲੇ ਜਿਹੜੀ ਥਾਣੇ ਜਾ ਆਵੇ!'

'ਹੁਣ ਕੀ ਸਰਬਣ ਕਹਿੰਦਾ ਮੈਂ ਰੱਖਣੀ ਨ੍ਹੀਂ?'

'ਕਾਹਨੂੰ; ਉਹ ਤਾਂ ਸ਼ਰੀਫ਼ ਲੈਣ ਆਇਆ ਰੁੱਸ ਕੇ ਆਈ ਨੂੰ।'

'ਯਾਰ ਬੰਦਾ ਕਿ ਅਲਾਦੀਨ?'

'ਨਿੱਕੇ ਨਿੱਕੇ ਨਿਆਣੇ ਆ, ਉਨ੍ਹਾਂ ਨੂੰ ਸੰਭਾਲੇ ਕਿ ਕੰਮ ਕਰੇ।'

'ਨਾ ਇਹ ਸਾਲਾ ਭਰਾ ਮਰਿਆ ਹੋਇਐ। ਸਮਝਾ ਨ੍ਹੀਂ ਸਕਦਾ ਭੈਣ ਨੂੰ? ਨਹੀਂ ਤਾਂ ਕਰੇ ਇਹਦੇ ਚਾਰ ਟੁਕੜੇ...ਲਾਵੇ ਅੱਗ।'

'ਉਹਦੀ ਹੋਰ ਸੁਣ ਲੈ...ਉਹ ਕੰਜਰ ਦਾ ਆਪ ਤੀਵੀਂ ਪਤਾ ਨਹੀਂ ਕਿਥੋਂ ਲਿਆਇਆ ਹੋਇਐ। ਦੋ ਸਾਲ ਹੋ ਗਏ ਆ। ਕੋਈ ਨਾ ਉਹਦਾ ਵਾਲੀਵਾਰਸ ਪਿੱਛਾ ਕਰਨ ਆਇਆ। ਪਿੰਡ ਆਲੇ ਤਾਂ ਆਂਹਦੇ ਆ, ਇਹ ਸ਼ਿੰਦੀ ਤੋਂ ਵੀ ਉਪਰ ਦੀ ਐ...ਪਹਿਲਾਂ ਅੱਖਾਂ ਨਾਲ ਤਾਂ ਮਿਰਚਾਂ ਭੋਰਦੇ ਸੁਣੇ ਆ, ਇਹ ਤਾਂ ਸੁਣਦੇ ਆਂ ਭਰਵੱਟਿਆਂ ਨਾਲ ਮਿਰਚਾਂ ਰਗੜਦੀ ਐ।'

'ਜਾਣੀ ਕਿ ਭੱਠਾ ਨ੍ਹੀਂ ਬੈਠਿਆ, ਆਵਾ ਊਤਿਆ ਪੂਰਾ।'

'ਮਸਲਾ ਹੱਲ ਹੋ ਜੂ ਕਿ ਨਹੀਂ?'

'ਲਗਦਾ ਨ੍ਹੀਂ। ਝਗੜਾ ਕਸ਼ਮੀਰ ਤੋਂ ਵੀ ਉਪਰ ਆਲਾ ਐ। ਵਿਚਾਰੇ ਸਰਬਣ ਕੋਲ ਹੈਗੀ ਆ ਦੋ ਕਨਾਲ ਨਿਆਈਂ ਦੀ ਜ਼ਮੀਨ। ਹੋਊ ਕੋਈ ਪੰਦਰਾਂ-ਵੀਹ ਲੱਖ ਦੀ। ਇਹ ਸਮੈਕੀਆ ਹੋਇਆ ਫਿਰਦਾ ਤਿਆਰ ਤੇਰੇ ਵਾਲੇ ਮੁਲਕ ਜਾਣ ਨੂੰ। ਸ਼ਿੰਦੀ ਆਂਹਦੀ ਆ ਸਰਬਣ ਨੂੰ, ਜ਼ਮੀਨ ਵੇਚ। ਉਹ ਵਿਚਾਰਾ ਤਰਲੇ ਕਰਦੈ, ਕਿ ਦਸ ਕੁ ਮਰਲੇ ਮੈਂ ਵੇਚ ਦਿੰਨਾਂ ਇਹਦੇ ਲਈ; ਬਾਕੀ ਮੈਂ ਵੀ ਆਪਣੇ ਦੋ ਜੁਆਕਾਂ ਵੱਲ ਦੇਖਣੈ। ਇਹ ਤਿੰਨ ਦਿਨ ਦੀ ਉਥੇ ਕਲੇਸ਼ ਪਾ ਕੇ ਬੈਠੀ ਸੀ। ਪਰਸੋਂ ਸਮੈਕੀਆ ਗਿਆ...ਨਾਲੇ ਉਹਨੂੰ ਗਾਲ੍ਹਾਂ ਕੱਢ ਕੇ ਆਇਆ, ਨਾਲੇ ਇਹਨੂੰ ਸਵਿੱਤਰੀ ਸ਼ਿੰਦੀ ਨੂੰ ਨਾਲ ਲੈ ਆਇਆ।'

'ਨਾ ਇਹਨੂੰ ਸ਼ਿੰਦੀ ਨੂੰ ਆਪਣਾ ਘਰ ਨ੍ਹੀਂ ਦੀਹਦਾ?'

'ਯਾਰ! ਬਾਹਰ ਜਾ ਕੇ ਵੀ ਭੋਲੇ ਦਾ ਭੋਲਾ ਈ ਆਂ। ਇਹ ਜਿਹੜੀਆਂ ਤੀਵੀਆਂ ਘਰੋਂ ਬਾਹਰ ਪੈਰ ਪੁੱਟਣ ਲੱਗ ਪੈਣ, ਇਹ ਆਪ ਤਾਂ ਭਾਵੇਂ ਘਰ ਮੁੜ ਆਉਣ, ਪਰ ਇੱਜ਼ਤ ਨਾਲ ਲੈ ਕੇ ਆਉਣ ਦੀ ਗ਼ਲਤੀ ਨਹੀਂ ਕਰਦੀਆਂ। ਤੇਰੀ ਭਰਜਾਈ ਕੱਲ੍ਹ ਦੱਸਦੀ ਸੀ, ਪਈ ਸ਼ਿੰਦੀ ਕਿਸੇ ਕੋਲ ਆਂਹਦੀ, ਜਿੱਦਣ ਭਰਾ ਬਾਹਰ ਚਲਾ ਗਿਆ, ਨਿਆਣੇ ਲੈ ਕੇ ਪੇਕੇ ਆ ਜਾਣੈ।'

'ਕਿਉਂ?'

'ਨਣਾਨ ਭਰਜਾਈ ਇਕੋ ਪੀਂਘ ਨੂੰ ਵਾਰੋ-ਵਾਰੀ ਹੁਲਾਰੇ ਦੇਣਗੀਆਂ।'

'ਫ਼ਿਰ ਲਾਹਣਤ ਇਨ੍ਹਾਂ ਦੇ...ਪੰਚਾਇਤ ਨੇ ਫ਼ਿਰ ਕੀ ਕੀਤਾ?'

'ਸਵੇਰੇ ਹੋਊ ਕੁਝ।'

ਤੇ ਦੋਹਾਂ ਮਿੱਤਰਾਂ ਦੀ ਇਸੇ ਹੀ ਵਾਰਤਾਲਾਪ ਵਿਚ ਅੱਖ ਲੱਗ ਗਈ।

ਸਵੇਰੇ ਨੌਂ ਵੱਜਦੇ ਨੂੰ ਦੋਵੇਂ ਜਣੇ ਉਠੇ। ਜਤਿੰਦਰ ਦੀ ਕਾਰ ਲੈ ਕੇ ਡਰਾਇਵਰ ਪੁੱਜ ਗਿਆ ਸੀ। ਦਿਆਲ ਨੇ ਸਕੂਲੋਂ ਛੁੱਟੀ ਲੈ ਲਈ ਸੀ।

ਨਹਾ-ਧੋ ਕੇ ਦੋਵੇਂ ਜਣੇ ਫੁਲਕਾ ਛਕ, ਕਾਰ ਵਿਚ ਬੈਠ ਗਏ। ਹਾਲੇ ਵਸੀਵੇਂ 'ਤੇ ਪੁੱਜੇ ਸਨ ਕਿ ਖੇਤਾਂ ਵਿਚ ਲੱਗੇ ਬਿਜਲੀ ਦੇ ਖੰਭੇ ਨਾਲ ਬੰਨ੍ਹਿਆ ਸਰਬਣ ਸ਼ਾਂਤ ਸੀ, ਪਰ ਸ਼ਿੰਦੀ ਹਾਲੇ ਵੀ ਉਲਰ ਉਲਰ ਕੇ ਉਹਦੇ ਸਿਰ ਵਿਚ ਆਪਣੀ ਉਚੀ ਅੱਡੀ ਦੇ ਸੈਂਡਲ ਮਾਰ ਰਹੀ ਸੀ।

ਦਿਆਲ ਨੇ ਕਿਹਾ-'ਜਤਿੰਦਰਾ ਗੱਡੀ ਰੋਕ। ਅੱਗੇ ਤਾਂ ਸੁਣਦੇ ਸੀ ਕਿ ਲੰਕਾ ਭਵੀਸ਼ਨ ਨੇ ਉਜਾੜੀ ਸੀ, ਪਰ ਅੱਜ ਲੱਗ ਰਿਹੈ, ਰਾਵਣ ਹੀ ਹੱਥੀਂ ਫੂਕ ਰਿਹੈ।'

ਦੋਵੇਂ ਜਣੇ ਜਦੋਂ ਲਾਗੇ ਪਹੁੰਚੇ ਤਾਂ ਸ਼ਿੰਦੀ ਨੇ ਵਾਲਾਂ ਤੋਂ ਫੜ ਕੇ ਸਰਬਣ ਦਾ ਸਿਰ ਖੰਭੇ ਵਿਚ ਪੂਰੇ ਜ਼ੋਰ ਨਾਲ ਮਾਰਦਿਆਂ ਕਿਹਾ-'ਲੈ ਕਰ'ਤਾ ਇੰਤਕਾਲ ਤੇਰੇ ਨਾਲ ਦੋ ਕਨਾਲਾਂ ਦਾ।'

ਪਿੰਡ ਸਾਰਾ ਵਾਹੋ-ਦਾਹੀ ਭੱਜਾ ਆ ਰਿਹਾ ਸੀ, ਪਰ ਭੈਣ-ਭਰਾ ਕਲਯੁੱਗ ਦੇ ਗਧੇ 'ਤੇ ਬੈਠ ਕੇ ਖਿਸਕ ਗਏ ਸਨ।

ਜਤਿੰਦਰ ਨੇ ਮੱਥੇ 'ਤੇ ਹੱਥ ਮਾਰਦਿਆਂ ਦਿਆਲ ਨੂੰ ਕਿਹਾ-'ਮਿੱਤਰਾ, ਤੇਰਾ ਪਿੰਡ ਇਤਿਹਾਸਕ ਬਣ ਗਿਐ?'

'ਹੈ! ਉਹ ਕਿੱਦਾਂ?' ਸਿੱਲ੍ਹੀਆਂ ਅੱਖਾਂ ਨਾਲ ਦਿਆਲ ਨੇ ਜਿਵੇਂ ਸਵਾਲ ਕੀਤਾ ਹੋਵੇ।

ਭਰਾਵਾਂ ਤੋਂ ਤਾਂ ਮਰਵਾਉਣ ਦੀ ਕਹਾਣੀ ਸੁਣੀ ਸੀ, ਪਰ ਸਾਹਿਬਾਂ ਪਹਿਲੀ ਵਾਰ ਮਿਰਜ਼ਾ ਕਤਲ ਕਰਦੀ ਦੇਖੀ ਐ।'

ਸੂਰਜ ਦੀ ਹਾਲਤ ਵੀ ਲਗਦੈ, ਤਰਸਯੋਗ ਹੋ ਗਈ ਸੀ।

#

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਜ਼ੋਰਾਵਰ ਦੇ ਹੱਥ

ਚਰਖੇ ਮੂਧੇ ਕਰ ਦਿੱਤੇ, ਟੁੱਟ ਗਏ ਤਾਣੀ-ਤੰਦ।
ਡਾਢਾ ਹੋਇਆ ਕਰੂਪ ਸੀ, ਨਵੇਂ ਚੜ੍ਹਾ'ਤੇ ਚੰਦ।
ਜਿਹਨੂੰ ਸਾਰੇ ਆਖਦੇ ਹੁੰਦਾ ਬੜਾ ਬੇ-ਅੰਤ।
ਨਾਲੇ ਲੈ ਗਿਆ ਰੋੜ੍ਹ ਕੇ ਆਪਣੇ ਜੀਆ-ਜੰਤ।
ਕਦੇ ਖੁਆਜਾ ਆਖਦੇ, ਕਦੇ ਜਲਾਂ ਦਾ ਪੀਰ।
ਜਿਹਦੀ ਅੱਤ ਨੂੰ ਵੇਖ ਕੇ ਬੰਨ੍ਹ ਨ੍ਹੀਂ ਹੁੰਦਾ ਧੀਰ।
ਗੌਰੀ ਕੁੰਡ, ਕੇਦਾਰ ਤੇ ਨਾਲੇ ਬਦਰੀ ਨਾਥ।
ਹੋਏ ਸੱਭੇ ਲਾਚਾਰ ਸੀ ਜਦ ਪੈ ਗਈ ਨ੍ਹੇਰੀ ਰਾਤ।
ਆਪੇ ਅੱਖੀਂ ਵੇਖਦੈ, ਲਾ ਲਾਸ਼ਾਂ ਦੇ ਢੇਰ।
ਵਸਦੇ ਘਰਾਂ ਵਿਚ ਪੈ ਗਿਆ ਦਿਨ ਦਿਹਾੜੇ ਨ੍ਹੇਰ।
ਵੜੇ-ਵਿਗਿਆਨ ਫੇਲ੍ਹ ਨੇ, ਨਾਲੇ ਗੜੇ-ਗਿਆਨ।
ਕੁਦਰਤ ਹੱਥੀਂ ਆਪਣੇ ਆਪੇ ਹੋਈ ਵਿਰਾਨ।
'ਭੌਰੇ' ਤੂੰ ਨਹੀਂ ਜਾਣਦਾ, ਜ਼ੋਰਾਵਰ ਦੇ ਹੱਥ।
ਬਚਿਆ ਕੋਈ ਰਥਵਾਨ ਨਹੀਂ, ਖਾਲੀ ਰਹਿ'ਗੇ ਹੱਥ।

# ਵਰਿਆਮ ਸੰਧੂ ਦੀ ਗੁਫ਼ਾ ਵਿਚਲੀ ਉਡਾਣ

## ਪੁਸਤਕ ਪੜਚੋਲ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

'ਗੁਫ਼ਾ ਵਿਚਲੀ ਉਡਾਣ' ਵਰਿਆਮ ਸਿੰਘ ਸੰਧੂ ਦੀ ਸਚਿੱਤਰ ਸਵੈ-ਜੀਵਨੀ ਹੈ ਜੋ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਤ ਕੀਤੀ ਹੈ। ਇਹ ਆਮ ਸਵੈ-ਜੀਵਨੀਆਂ ਤੋਂ ਹਟਵੀਂ ਹੈ। ਅਸਲੋਂ ਵਿਲੱਖਣ। ਸੰਧੂ ਨੂੰ ਬਿਰਤਾਂਤਕਾਰੀ ਦਾ ਚੈਂਪੀਅਨ ਮੰਨਿਆ ਜਾਂਦੈ। ਪੰਜਾਬੀ ਕਹਾਣੀ ਗਗਨ ਦਾ ਚੰਦ! ਇਸ ਪੁਸਤਕ ਦੇ 270 ਪੰਨਿਆਂ ਉਤੇ ਉਸ ਨੇ ਆਪਣੀ ਸੰਘਰਸ਼ਮਈ ਹੱਡਬੀਤੀ ਗਲਪਮਈ ਢੰਗ ਨਾਲ ਪੇਸ਼ ਕੀਤੀ ਹੈ। ਇਸ ਨੂੰ ਮਹਾਂ-ਕਾਵਿ ਵਾਂਗ ਮਹਾਂ-ਕਹਾਣੀ ਵੀ ਕਿਹਾ ਜਾ ਸਕਦੈ। ਪਾਠਕ ਇਸ ਵਿਚੋਂ ਉਸ ਦੀਆਂ ਕਹਾਣੀਆਂ ਦੇ ਪਿਛੋਕੜ ਵਿਚ ਪਈਆਂ ਅਸਲੀ ਕਹਾਣੀਆਂ ਦਾ ਥਹੁ ਪਤਾ ਲਾ ਸਕਦੇ ਹਨ। ਇਸ ਵਿਚ ਜਾਸੂਸੀ ਨਾਵਲਾਂ ਵਰਗੀ ਉਤਸੁਕਤਾ ਤੇ ਲੂੰਅ-ਕੰਡੇ ਖੜ੍ਹੇ ਕਰਨ ਵਾਲੇ ਵੇਰਵੇ ਹਨ। ਜਿਵੇਂ ਜਿਵੇਂ ਪੜ੍ਹਦੇ ਜਾਈਦੈ, ਹੈਰਾਨ ਹੁੰਦੇ ਜਾਈਦੈ ਕਿ ਸਾਡੇ ਪਤਲਚੰਮੇ ਵੀਰ ਵਰਿਆਮ ਨਾਲ ਕਿਹੋ ਜਿਹੇ ਭਾਣੇ ਵਰਤੇ ਤੇ ਉਹਨੇ ਕਿਵੇਂ ਉਨ੍ਹਾਂ ਦਾ ਸਾਹਮਣਾ ਕੀਤਾ? ਮੌਤ ਉਹਦੇ ਦਰਾਂ 'ਤੇ ਆਉਂਦੀ ਰਹੀ ਪਰ ਉਹ ਉਹਦੇ ਹੱਥ ਨਾ ਆਇਆ। ਸਗੋਂ ਮਾਰ-ਮਰਾਈ ਦੇ ਮਾਹੌਲ ਵਿਚੋਂ ਲੰਘਦਿਆਂ ਅਨੇਕਾਂ ਕਹਾਣੀਆਂ ਤੇ ਦਹਿਸ਼ਤੀ ਦੌਰ ਦਾ ਸ਼ੀਸ਼ਾ ਵਿਖਾਉਂਦੀ ਸਵੈ-ਜੀਵਨੀ 'ਗੁਫ਼ਾ ਵਿਚਲੀ ਉਡਾਣ' ਲਿਖਣ ਲਈ ਬਚਿਆ ਰਿਹਾ! ਨਾ ਸਿਰਫ਼ ਬਚਿਆ ਰਿਹਾ ਬਲਕਿ ਹੋਰ ਬਲਵਾਨ ਹੁੰਦਾ ਗਿਆ।

ਵਰਿਆਮ ਸੰਧੂ ਪੰਜਾਬੀ ਦਾ ਸ਼ਾਨਾਂਮੱਤਾ ਲੇਖਕ ਹੈ। ਸਰਬਾਂਗੀ ਸਾਹਿਤਕਾਰ। ਉਹਦਾ ਕੱਦ ਵੀ ਲੰਮਾ ਹੈ, ਕਹਾਣੀਆਂ ਵੀ ਲੰਮੀਆਂ ਲਿਖਦੈ ਤੇ ਭਾਸ਼ਨ ਵੀ ਲੰਮੇ ਦਿੰਦੈ! ਪਰ ਨਾ ਉਹਦੀ ਕਹਾਣੀ ਲੰਮੀ ਲੱਗਦੀ ਹੈ ਤੇ ਨਾ ਭਾਸ਼ਨ ਲੰਮਾ। ਉਹਦੇ ਲਿਖਣ ਬੋਲਣ 'ਚ ਟੂਣੇਹਾਰੀ ਖਿੱਚ ਹੁੰਦੀ ਹੈ। ਅਕਸਰ ਕਿਹਾ ਜਾਂਦੈ ਕਿ ਉਹਦੀ ਕਲਮ ਤੇ ਜ਼ੁਬਾਨ ਉਤੇ ਸਰਸਵਤੀ ਸਵਾਰ ਐ। ਉਹਦੀ ਗੱਲ-ਕੱਥ 'ਚ ਬਾਤਾਂ ਪਾਉਣ ਵਾਲਾ ਰਸ ਹੁੰਦੈ। ਕਰੁਣਾ ਵੀ ਹੁੰਦੀ ਹੈ, ਹੈਰਾਨੀ ਵੀ ਤੇ ਹਾਸੇ ਮਖੌਲ ਦਾ ਰੰਗ ਵੀ। ਉਹ ਗੱਲ 'ਚੋਂ ਗੱਲ ਕੱਢਦਾ ਢਾਈ ਨਾਲ ਢਾਈ ਮੇਲੀ ਤੁਰਿਆ ਜਾਂਦੈ। ਸੁਨੇਹਾ ਹਮੇਸ਼ਾਂ ਹਿੰਮਤ ਤੇ ਉਤਸ਼ਾਹ ਦਾ ਹੀ ਦਿੰਦੈ। ਆ ਪਈਆਂ ਮੁਸੀਬਤਾਂ ਬਾਰੇ ਆਖਦੈ, "ਕਿਹੜੀ ਆਖ਼ਰ ਆ ਚੱਲੀ ਏ!"

ਮਿਸਾਲ ਅਕਸਰ ਦੀਵੇ ਦੀ ਦਿੰਦੈ ਜਿਹੜਾ ਛਿਪਦੇ ਸੂਰਜ ਨੂੰ ਆਖਦੈ, "ਤੇਰੇ ਜਿੰਨਾ ਚਾਨਣ ਤਾਂ ਨਹੀਂ ਦੇ ਸਕਦਾ ਮੇਰੇ ਹਜ਼ੂਰ! ਫਿਰ ਵੀ ਆਖਰੀ ਤੁਪਕੇ ਤਕ ਬਲਾਂਗਾ ਤੇ ਜਿੰਨਾ ਕੁ ਹੋ ਸਕਿਆ ਹਨ੍ਹੇਰਾ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ।"

ਉਹ ਇਸ ਪੁਸਤਕ ਦੇ ਸਰਵਰਕ ਉਤੇ ਲਿਖਦੈ, "ਮੈਂ ਅਸਲੋਂ ਸਾਧਾਰਨ ਬੰਦਿਆਂ ਵਿਚੋਂ ਹਾਂ। ਛੋਟਾ ਤੇ ਮਾਮੂਲੀ ਬੰਦਾ। ਮੂਲੋਂ ਸਾਧਾਰਨ ਸਮਰੱਥਾ ਵਾਲਾ। ਮੇਰੇ ਵਰਗਾ ਬੰਦਾ ਭਲਾ ਕਿੰਨੇ ਕੁ ਵੱਡੇ ਮਾਅਰਕੇ ਮਾਰ ਸਕਦਾ ਹੈ! ਕਿੰਨੀ ਕੁ ਵੱਡੀ ਤੇ ਲੰਮੀ ਲੜਾਈ ਲੜ ਸਕਦਾ ਹੈ! ਸਾਧਾਰਨ ਬੰਦੇ ਵਿਚ ਜਿੰਨੀ ਕੁ ਸਮਰੱਥਾ ਹੁੰਦੀ ਹੈ, ਮੈਂ ਓਸੇ ਦੇ ਆਸਰੇ ਵਿਰੋਧੀ ਹਾਲਾਤ ਅਤੇ ਉਲਟ ਹਵਾਵਾਂ ਦੇ ਖਿਲਾਫ ਜਿੰਨਾ ਕੁ ਲੜ ਸਕਦਾ ਸਾਂ, ਲੜਿਆ ਹਾਂ, ਜਿੰਨਾ ਕੁ ਉਡ ਸਕਦਾ ਸਾਂ, ਉਡਿਆ ਹਾਂ। ਕਿਸੇ ਵੱਡੇ ਆਕਾਸ਼ ਵਿਚ ਨਹੀਂ। ਮਸਾਂ ਆਪਣੀ ਗੁਫ਼ਾ ਵਿਚਲੇ ਆਕਾਸ਼ ਵਿਚ ਹੀ। ਪਤਾ ਨਹੀਂ ਉਡ ਵੀ ਸਕਿਆਂ ਕਿ ਨਹੀਂ? ਪਰ ਇਹ ਗੱਲ ਤਾਂ ਪੱਕ ਹੈ ਕਿ ਮੈਂ ਆਪਣੇ ਅੰਦਰੋਂ ਉਡਣ ਦੀ ਲੋਚਾ ਮਰਨ ਨਹੀਂ ਦਿੱਤੀ। ਜਿਊਂਦੀ ਬਚ ਗਈ ਉਡਣ ਦੀ ਇਹ ਲੋਚਾ ਹੀ ਹੈ ਜਿਸ ਨੇ ਮੈਨੂੰ ਆਪਣੇ ਮਹਾਨ ਵਡੇਰਿਆਂ ਅੱਗੇ ਸ਼ਰਮਿੰਦਾ ਨਹੀਂ ਹੋਣ ਦਿੱਤਾ।"

ਰਘਬੀਰ ਸਿੰਘ 'ਸਿਰਜਣਾ' ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ, "ਸਾਧਾਰਨ ਕਿਸਾਨੀ ਪਰਿਵਾਰ ਦੇ ਜੰਮਪਲ ਹੋਣ ਦੇ ਤੱਥ ਨੂੰ ਉਸ ਨੇ ਤੱਠ-ਸੱਠ ਰੂਪ ਵਿਚ ਬਿਆਨਿਆ ਹੈ, ਨਾ ਇਸ ਵਿਚੋਂ ਗਰੀਬ ਜਾਪਣ ਵਾਲੀ ਰੁਦਨ ਦੀ ਧੁਨੀ ਸੁਣੀਂਦੀ ਹੈ ਅਤੇ ਨਾ ਹੀ 'ਖਾਨਦਾਨੀ ਚੜ੍ਹਤ' ਵਾਲੀ ਭੂਪਵਾਦੀ ਹਉਂ ਦਾ ਵਿਖਾਵਾ ਹੁੰਦਾ ਹੈ। ਮਾਂ-ਪਿਓ, ਭੈਣ-ਭਰਾਵਾਂ, ਮਾਮਿਆਂ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਦੀ ਬਾਤ ਨਿਰਲੇਪ ਰਹਿ ਕੇ ਇੰਝ ਪਾਈ ਹੈ ਜਿਵੇਂ ਉਹ ਆਪਣੀ ਕਿਸੇ ਕਹਾਣੀ ਦਾ ਯਥਾਰਥਕ ਪਾਤਰ-ਚਿਤਰਨ ਕਰ ਰਿਹਾ ਹੋਵੇ। ਲੋੜੀਂਦੀ ਵਿੱਥ 'ਤੇ ਖਲੋ ਕੇ ਉਸ ਨੇ ਉਨ੍ਹਾਂ ਦੀ ਸ਼ਖਸੀਅਤ ਤੇ ਵਿਹਾਰ ਨੂੰ ਵੇਖਿਆ ਪਛਾਣਿਆ ਹੈ। ਇਸੇ ਲਈ ਉਹ ਆਰਥਕ ਤੰਗੀ ਕਾਰਨ ਨਸ਼ਿਆਂ ਦੀ ਮਾਰ ਹੇਠ ਆ ਗਏ ਆਪਣੇ ਪਿਤਾ ਨੂੰ ਪਿੱਛਲਝਾਤ ਰਾਹੀਂ ਹਮਦਰਦੀ ਦੀ ਭਾਵਨਾ ਨਾਲ ਵੇਖਦਿਆਂ ਉਸ ਪ੍ਰਤੀ ਰਹੇ ਆਪਣੇ ਕੁਰੱਖਤ ਵਤੀਰੇ ਉਤੇ ਅਫਸੋਸ ਜ਼ਾਹਰ ਕਰਦਾ ਹੈ। ਸਮੁੱਚੀ ਪੁਸਤਕ ਵਿਚ ਹੀ ਇਕ ਗਲਪਕਾਰ ਵਜੋਂ ਵਰਿਆਮ ਦੀ ਨਿਪੁੰਨਤਾ ਆਪਣਾ ਪ੍ਰਗਟਾਵਾ ਕਰਦੀ ਹੈ, ਜਿਸ ਵਿਚ ਯਥਾਰਥ ਪ੍ਰਤੀ ਵਫਾਦਾਰੀ, ਸੰਵੇਦਨਸ਼ੀਲਤਾ ਤੇ ਮਾਨਵੀ ਸਰੋਕਾਰ ਇਕੋ ਜਿੰਨੇ ਕਾਰਜਸ਼ੀਲ ਹਨ। ਵਰਿਆਮ ਸੰਧੂ ਦੀ ਇਸ ਸਵੈ-ਜੀਵਨੀ ਨੂੰ ਮੈਂ 'ਗੁਫ਼ਾ ਵਿਚਲੀ ਉਡਾਣ' ਤਾਂ ਮੰਨਣ ਲਈ ਤਿਆਰ ਨਹੀਂ। ਇਸ ਵਿਚ ਉਸ ਨੇ ਆਪਣੀ ਸ਼ਖਸੀਅਤ ਦੇ ਹਾਣ ਦੀ ਅਵੱਸ਼ ਬੜੀ ਉਚੀ ਤੇ ਸੋਹਣੀ ਉਡਾਣ ਭਰੀ ਹੈ।"

ਲੇਖਕ ਨੇ ਇਸ ਪੁਸਤਕ ਨੂੰ ਬਾਰਾਂ ਕਾਂਡਾਂ ਵਿਚ ਵੰਡਿਆ ਹੈ। ਅੱਗੋਂ ਕਾਂਡਾਂ ਦੇ ਉਪ ਸਿਰਲੇਖ ਹਨ। ਹਰ ਕਾਂਡ ਆਪਣੇ ਆਪ ਵਿਚ ਇਕ ਬਾਤ ਹੈ। ਸਾਰੇ ਕਾਂਡ ਲੜੀਦਾਰ ਬਾਤਾਂ ਹਨ। ਪਹਿਲਾ ਕਾਂਡ 'ਟੋਟਾ ਕੁ ਜ਼ਿੰਦਗੀ' ਉਹ ਬਾਤ ਪਾਉਣ ਵਾਂਗ ਹੀ ਸ਼ੁਰੂ ਕਰਦਾ ਹੈ, "ਮੇਰੇ ਵਡੇਰਿਆਂ ਦਾ ਪਿੰਡ ਭਡਾਣਾ ਸੀ, ਜ਼ਿਲ੍ਹਾ ਲਾਹੌਰ ਵਿਚ। ਸੁਰ ਸਿੰਘ ਤੋਂ ਪੰਜ ਛੇ ਕੋਹ ਦੀ ਵਾਟ 'ਤੇ।




ਸੁਰ ਸਿੰਘ ਪਿਤਾ ਦੇ ਨਾਨਕੇ ਸਨ। ਪਿਤਾ ਦੇ ਜਨਮ ਲੈਂਦੇ ਸਾਰ ਹੀ ਮੇਰੀ ਦਾਦੀ ਧੰਨ ਕੌਰ ਗੁਜ਼ਰ ਗਈ। ਪਤਨੀ ਦੀ ਮੌਤ ਹੋ ਜਾਣ 'ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਸਿਰ ਉਤੇ ਆ ਪੈਣ ਕਰਕੇ ਮੇਰਾ ਦਾਦਾ ਚੰਦਾ ਸਿੰਘ ਡਾਢਾ ਪਰੇਸ਼ਾਨ ਸੀ। ਪਰ ਇਸ ਪਰੇਸ਼ਾਨੀ ਨੂੰ ਉਸ ਦੇ ਛੋਟੇ ਸਾਲੇ ਹਕੀਕਤ ਸਿੰਘ ਅਤੇ ਉਸ ਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਆਪਣੀ ਨਣਾਨ, ਮੇਰੀ ਦਾਦੀ ਧੰਨ ਕੌਰ ਦੇ ਸਸਕਾਰ ਪਿੱਛੋਂ ਹੀ ਉਸ ਦਾ ਬੱਚਾ, ਮੇਰਾ ਹੋਣ ਵਾਲਾ ਪਿਤਾ, ਆਪਣੀ ਗੋਦ ਵਿਚ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, ਵੀਰ ਚੰਦਾ ਸਿਆਂ! ਅੱਜ ਤੋਂ ਗੇਜੋ ਤੇ ਦੀਦਾਰ ਸਿੰਘ ਸਾਡੇ ਹੋਏ...।"

ਇਸ ਕਾਂਡ ਵਿਚ ਲੇਖਕ ਨੇ ਆਪਣੇ ਪਰਿਵਾਰ ਤੇ ਪਿੰਡ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮਾਨਵੀ ਰਿਸ਼ਤਿਆਂ ਦਾ ਦਿਲਟੁੰਬਵਾਂ ਬਿਰਤਾਂਤ ਪੇਸ਼ ਕੀਤਾ ਹੈ। ਖਾਸ ਕਰਕੇ ਆਪਣੀ ਮਾਤਾ ਦੀ ਮਮਤਾ ਤੇ ਉਹਦੇ ਜਿਗਰੇ ਦਾ, "ਪਿਓ ਬਿਮਾਰ, ਆਕਸੀਜ਼ਨ ਲੱਗੀ ਹੋਈ। ਅਸੀਂ ਕਿਸੇ ਟੈਸਟ ਦੀ ਰਿਪੋਰਟ ਲੈ ਕੇ ਆਏ ਤਾਂ ਪਿਓ ਦੇ ਸਿਰਹਾਣਿਓਂ ਉਠ ਕੇ ਬੀਬੀ ਅਗਲਵਾਂਢੀ ਆ ਕੇ ਸਾਨੂੰ ਕਹਿੰਦੀ, 'ਤੁਹਾਡੇ ਪਿਓ ਕੋਲ ਮੈਂ ਬੈਠੀ ਹਾਂ, ਠੀਕ ਹੈ ਉਹ। ਤੁਸੀਂ ਰੋਟੀ ਖਾ ਆਓ।' ਰੋਟੀ ਖਾ ਕੇ ਮੁੜੇ ਤਾਂ ਪਤਾ ਲੱਗਾ ਕਿ ਪਿਤਾ ਦੀ ਮੌਤ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਮਾਂ ਤਾਂ ਸਿਰਫ਼ ਇਹ ਚਾਹੁੰਦੀ ਸੀ ਕਿ ਰੋਣ-ਕਰਲਾਉਣ ਸ਼ੁਰੂ ਹੋਣ ਤੋਂ ਪਹਿਲਾਂ ਸਵੇਰ ਤੋਂ ਭੁੱਖਣ-ਭਾਣਾ ਉਹਦਾ ਪੁੱਤ ਰੋਟੀ ਖਾ ਲਵੇ!"

ਪੁਸਤਕ ਦਾ ਦੂਜਾ ਕਾਂਡ ਲੇਖਕ ਦੀ ਪਹਿਲੀ ਗ੍ਰਿਫਤਾਰੀ ਦਾ ਬਿਰਤਾਂਤ ਹੈ। ਕਹਾਣੀ ਦੀ ਗੋਂਦ ਵਾਂਗ ਹੀ ਗੁੰਦਿਆ ਹੋਇਆ। ਜਦੋਂ ਉਹ ਕ੍ਰਾਂਤੀਕਾਰੀ ਕਵਿਤਾਵਾਂ ਲਿਖਣ ਤੇ ਸਟੇਜਾਂ 'ਤੇ ਪੜ੍ਹਨ ਲੱਗਾ ਤਾਂ ਸੀ ਆਈ ਡੀ ਕਰਦੇ ਪਿੰਡ ਦੇ ਬੰਦਿਆਂ ਨੇ ਮੱਤ ਦਿੱਤੀ ਸੀ ਪਈ ਬਚ ਕੇ ਚੱਲ, ਖਿਆਲ ਰੱਖ ਆਪਣਾ। ਪਰ ਵਰਿਆਮ ਨੂੰ ਲੱਗਦਾ ਸੀ ਕਿ ਉਹ ਕੋਈ 'ਗੁਨਾਹ' ਨਹੀਂ ਕਰ ਰਿਹਾ। ਭੁੱਖ-ਦੁੱਖ, ਅਨਿਆਂ ਤੇ ਬੇਵੱਸੀ ਦਾ ਜੀਵਨ ਭੋਗ ਰਹੇ ਆਪਣੇ ਲੋਕਾਂ ਦੀ ਬੰਦ-ਖਲਾਸੀ ਲਈ ਹੱਕ-ਸੱਚ ਦੀ ਆਵਾਜ਼ ਹੀ ਤਾਂ ਬੁਲੰਦ ਕਰ ਰਿਹੈ। ਉਹ ਵੀ ਲਿਖ ਕੇ ਜਾਂ ਬੋਲ ਕੇ, ਬੜੇ ਹੀ ਸੀਮਤ ਰੂਪ ਵਿਚ। ਪਰ ਉਹ ਦਿਨ ਹੀ ਅਜਿਹੇ ਸਨ ਕਿ ਕਾਲਜ ਵਿਚ ਬੀ. ਐਡ ਕਰਦਾ ਉਹ ਸੀਖਾਂ ਪਿੱਛੇ ਡੱਕਿਆ ਗਿਆ। ਇਹ ਕਾਂਡ ਉਸ ਸਮੇਂ ਦੇ ਸਰਕਾਰੀ ਦਮਨ ਦਾ ਪਰਦਾ ਫਾਸ਼ ਕਰਦਾ ਹੈ। ਸਵੈ-ਜੀਵਨੀ ਹੋਣੀ ਵੀ ਅਜਿਹੀ ਚਾਹੀਦੀ ਹੈ ਜੋ ਜੀਵਨੀਕਾਰ ਦੇ ਜੀਵਨ ਦੇ ਨਾਲ ਸਮੇਂ ਦੇ ਸੱਚ ਨੂੰ ਚਿਤਰ ਕੇ ਇਤਿਹਾਸ ਸਿਰਜੇ।

ਤੀਜੇ ਕਾਂਡ ਵਿਚ ਐਮਰਜੈਂਸੀ ਵੇਲੇ ਲੇਖਕ ਦੀ ਦੂਜੀ ਗ੍ਰਿਫਤਾਰੀ ਦਾ ਵੇਰਵਾ ਹੈ ਕਿ ਕਿਵੇਂ ਕੇਲ ਕਰੇਂਦੇ ਨੂੰ ਅਚਿੰਤੇ ਬਾਜ ਆਣ ਪਏ। ਹੱਥਕੜੀਆਂ ਲੱਗ ਗਈਆਂ, ਪਹਿਲਾਂ ਹਵਾਲਾਤ ਤੇ ਫਿਰ ਜੇਲ੍ਹ ਵਿਚ ਡੱਕਿਆ ਗਿਆ। ਚੌਥੇ ਕਾਂਡ ਵਿਚ ਕੁੰਭੀ ਨਰਕ ਵਰਗੇ ਇੰਟੈਰੋਗੇਸ਼ਨ ਸੈਂਟਰ ਦਾ ਹਿਰਦੇ ਵੇਧਕ ਵਰਣਨ ਹੈ, "ਅਸਮਾਨ ਚੀਰਦੀ ਚੀਕ ਸੁਣਾਈ ਦਿੱਤੀ। ਕਿਸੇ ਦੂਜੀ ਕੋਠੀ ਵਿਚੋਂ ਬਾਹਰ ਕੱਢਿਆ ਬੰਦਾ ਧਰਤੀ 'ਤੇ ਡਿੱਗਿਆ ਪਿਆ ਸੀ ਤੇ ਇਕ ਜਣਾ ਉਹਦੇ 'ਤੇ, ਬਿਨਾਂ ਉਹਦੇ ਅੰਗਾਂ ਦੀ ਪ੍ਰਵਾਹ ਕੀਤਿਆਂ, ਡਾਂਗਾਂ ਵਰ੍ਹਾ ਰਿਹਾ ਸੀ।

'ਬਖਸ਼ ਲੈ ਮਾਪਿਆ! ਮੈਂ ਨ੍ਹੀਂ ਕੁਝ ਲੁਕਾਇਆ ਤੈਥੋਂ ਮੋਤੀਆਂ ਆਲਿਆ! ਅੱਖਰ ਅੱਖਰ ਸੱਚ ਦਿੱਤਾ ਹੈ।'

ਇੰਜ ਇਕ ਇਕ ਕਰ ਕੇ ਕੋਠੜੀਆਂ ਵਿਚੋਂ 'ਬੱਕਰੇ' ਕੱਢੇ ਜਾ ਰਹੇ ਸਨ ਅਤੇ 'ਕਤਲਗਾਹ' ਵੱਲ ਲਿਜਾਏ ਜਾ ਰਹੇ ਸਨ! ਪਹਿਲੇ ਦੋਹਾਂ ਵਾਂਗ ਦੂਜਿਆਂ ਨੂੰ ਵੀ 'ਇਹ' ਮੁੱਢਲੀ 'ਦਖਸ਼ਣਾ' ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ 'ਹੋਣੀ' ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਵੱਖ ਵੱਖ ਜਣਿਆਂ ਦੀਆਂ ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ 'ਪੁਲਿਸੀ ਛਿੱਤਰਾਂ' ਦਾ ਖੜਾਕ ਆ ਰਿਹਾ ਸੀ। ਇਕ ਜਣੇ ਨੂੰ ਕਿੰਨੀਆਂ ਹੀ ਡਾਂਗਾਂ ਪੈ ਗਈਆਂ ਤਾਂ ਮੈਂ ਸੋਚਿਆ; ਮੈਨੂੰ ਡਾਂਗਾਂ ਦੀ ਗਿਣਤੀ ਤਾਂ ਕਰਨੀ ਚਾਹੀਦੀ ਸੀ। ਹੁਣ ਤਾਂ ਸ਼ਾਇਦ 'ਬੱਸ ਹੀ ਕਰਨ!' ਤਦ ਵੀ ਉਸ ਤੋਂ ਪਿੱਛੋਂ ਮੈਂ ਗਿਣਤੀ ਸ਼ੁਰੂ ਕੀਤੀ। ਪੂਰੀਆਂ ਅਠੱਤੀ ਡਾਂਗਾਂ ਉਸ ਤੋਂ ਪਿੱਛੋਂ ਉਸ ਬੰਦੇ ਨੂੰ ਪਈਆਂ!

'ਨਰਕ' ਵਿਚ ਵੀ ਆਪਣੇ 'ਪਾਪਾਂ ਦੀ ਸਜ਼ਾ' ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਜ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ 'ਨਰਕ' ਹੀ ਸੀ।

'ਆ ਬਈ ਵਰਿਆਮ ਸਿੰਹਾਂ! ਬਾਹਰ ਆ।' ਰਾਤ ਵਾਲਾ ਅਧਖੜ ਅਫਸਰ ਮੇਰੀ ਕੋਠੜੀ ਸਾਹਮਣੇ ਖਲੋਤਾ ਸੀ। ਉਸ ਦੇ ਪਿੱਛੇ ਬਾਵਰਦੀ ਹਵਾਲਦਾਰ ਸੀ...।"

ਇਕ ਕਾਂਡ 'ਸ਼ਬਦਾਂ ਦੀ ਤਾਕਤ' ਨਾਲ ਸਬੰਧਤ ਹੈ। ਸੁਰ ਸਿੰਘ ਦੇ ਹੀ ਇਕ ਨਿਹੰਗ ਸਿਰ ਕਤਲ ਦਾ ਨਾਜਾਇਜ਼ ਕੇਸ ਪੈ ਜਾਂਦੈ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਂਦੈ। ਲੇਖਕ ਨੂੰ ਪਤਾ ਲੱਗਦੈ ਕਿ ਨਿਹੰਗ ਨਿਰਦੋਸ਼ ਹੈ। ਲੇਖਕ ਕੋਲ ਸ਼ਬਦਾਂ ਦੀ ਤਾਕਤ ਹੈ। ਉਹ ਨਿਰਦੋਸ਼ ਨੂੰ ਬਚਾਉਣ ਲਈ ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਦਇਆ ਸਿੰਘ ਨੂੰ ਚਿੱਠੀ ਲਿਖਦਾ ਹੈ। ਚਿੱਠੀ ਦੇ ਸ਼ਬਦ ਬਾਬਾ ਜੀ ਦੇ ਦਿਲ ਉਤੇ ਅਜਿਹਾ ਅਸਰ ਕਰਦੇ ਹਨ ਕਿ ਬਾਬਾ ਜੀ ਨਿਰਦੋਸ਼ ਨਿਹੰਗ ਸਿੰਘ ਨੂੰ ਬਚਾਉਣ ਲਈ ਉਠ ਤੁਰਦੇ ਹਨ ਤੇ ਨਿਹੰਗ ਬਰੀ ਹੋ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਚਿੱਠੀ ਜੇਲ੍ਹ 'ਚੋਂ ਬਾਹਰ ਕੱਢਣ ਵੇਲੇ ਇਕ ਹਵਾਲਦਾਰ ਨੇ ਲੇਖਕ ਨੂੰ ਤਕੜੀ ਚੁਪੇੜ ਜੜ ਦਿੱਤੀ ਸੀ, "...ਮੈਂ ਉਨ੍ਹਾਂ ਹਮਦਰਦਾਂ ਦਾ ਧਿਆਨ ਆਪਣੇ ਵੱਲ ਮੋੜਨ ਲਈ ਆਵਾਜ਼ ਦੇਣ ਹੀ ਵਾਲਾ ਸਾਂ ਕਿ ਹਵਾਲਦਾਰ ਨੇ 'ਪਟਾਕ' ਕਰਦਾ ਜ਼ੋਰਦਾਰ ਥੱਪੜ ਮੇਰੀ ਗੱਲ੍ਹ 'ਤੇ ਜੜ ਦਿੱਤਾ। ਖੜਾਕ ਨਾਲ ਡਿਓੜ੍ਹੀ ਗੂੰਜ ਉਠੀ। ਮੇਰੀ ਆਵਾਜ਼ ਮੂੰਹ ਵਿਚ ਹੀ ਘੁਰਲ ਹੋ ਗਈ।"

"ਕਚਹਿਰੀ ਜਾਂਦਿਆਂ ਵੀ ਇਸ ਚਪੇੜ ਦੀ ਗੂੰਜ ਮੇਰੇ ਅੰਦਰਲੇ ਗੁੰਬਦ ਵਿਚ ਗੂੰਜਦੀ ਗਈ।" ਅਜਿਹੀ ਹੈ ਲੇਖਕ ਦੀ ਲਿਖਣ ਸ਼ੈਲੀ!

'ਅਸੀਂ ਕੀ ਬਣ ਗਏ!' ਕਾਂਡ ਆਪਣੇ ਆਪ ਵਿਚ 'ਭੱਜੀਆਂ ਬਾਹੀਂ' ਵਰਗੀ ਕਹਾਣੀ ਹੈ। ਸੰਧੂ ਦ੍ਰਿਸ਼-ਚਿਤਰਨ ਦਾ ਵੀ ਧਨੀ ਹੈ, "ਸ਼ਾਮ ਦਾ ਘੁਸਮੁਸਾ ਅਜੇ ਪਸਰਿਆ ਹੀ ਸੀ ਤੇ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਘੁਸਮੁਸਾ ਇਕ ਦਮ ਕਾਲੀ-ਬੋਲੀ ਰਾਤ ਵਾਂਗ ਸਾਰੇ ਪਿੰਡ ਵਿਚ ਪਸਰ ਜਾਵੇਗਾ ਜਾਂ ਇਹ ਕਾਲੀ-ਬੋਲੀ ਰਾਤ ਕਿਸੇ ਪਰਿਵਾਰ ਜਾਂ ਵਿਸ਼ੇਸ਼ ਵਿਅਕਤੀਆਂ ਲਈ ਉਮਰਾਂ ਜਿੰਨੀ ਲੰਮੀ ਹੋ ਜਾਵੇਗੀ...।"

'ਕੁੜਿੱਕੀ ਵਿਚ ਫਸੀ ਜਾਨ' ਵਾਲਾ ਕਾਂਡ ਸੰਧੂ ਦੀ ਜੀਵਨ ਕਥਾ ਦਾ ਹੋਰ ਲੂੰ ਕੰਡੇ ਖੜ੍ਹੇ ਕਰਨ ਵਾਲਾ ਬਿਰਤਾਂਤ ਹੈ, "ਕੰਧ ਉਤੋਂ ਛਾਲਾਂ ਮਾਰ ਕੇ ਆਉਣ ਵਾਲਿਆਂ ਨੇ, ਜਿਸ ਕਮਰੇ ਵਿਚ ਅਸੀਂ ਬੈਠੇ ਸਾਂ, ਉਹਦੀ ਵੱਖੀ ਵਾਲਾ ਦਰਵਾਜ਼ਾ ਠਕੋਰਿਆ। ਅਸੀਂ ਦੋਹਾਂ ਜੀਆਂ ਨੇ ਇਕ ਦੂਜੇ ਦੇ ਮੂੰਹ ਵੱਲ ਵੇਖਿਆ। ਸੋਚਿਆ; ਸ਼ਾਇਦ ਇਹ ਇਕ ਦੂਜੇ ਦੇ ਅੰਤਮ ਦੀਦਾਰੇ ਹਨ। ਦਰਵਾਜ਼ਾ ਦੂਜੀ ਵਾਰ ਖੜਕਿਆ। ਮੈਨੂੰ ਛੇਤੀ ਨਾਲ ਬਾਹੋਂ ਫੜ ਕੇ ਆਪਣੇ ਪਿੱਛੇ ਕਰਦਿਆਂ ਪਤਨੀ ਨੇ ਹੌਂਸਲਾ ਕਰਕੇ ਦਰਵਾਜ਼ੇ ਦੀ ਚਿਟਕਣੀ ਖੋਲ੍ਹ ਦਿੱਤੀ। ਉਹ 'ਪਹਿਲਾ ਵਾਰ' ਆਪਣੇ ਉਤੇ ਝੱਲਣ ਲਈ ਤਿਆਰ ਸੀ!"

ਪੂਰੀ ਪੁਸਤਕ ਹੱਡੀਂ ਹੰਢਾਏ ਅਨੁਭਵ ਦੇ ਸੰਵੇਦਨਸ਼ੀਲ ਬਿਰਤਾਂਤ ਨਾਲ ਭਰੀ ਪਈ ਹੈ। ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਵਰਿਆਮ ਸਿੰਘ ਨੇ ਬਹੁਤਾ ਵੇਰਵਾ ਆਪਣੀਆਂ ਸਾਹਿਤਕ ਸਰਗਰਮੀਆਂ ਬਾਰੇ ਦਿੱਤਾ ਸੀ। 'ਗੁਫ਼ਾ ਵਿਚਲੀ ਉਡਾਣ' ਵਿਚਲੇ ਬਹੁਤੇ ਵੇਰਵੇ ਉਹਦੇ ਉਤੇ ਆਈਆਂ ਮੁਸੀਬਤਾਂ ਦੇ ਹਨ। ਰਾਹ ਜਾਂਦੀਆਂ ਮੁਸੀਬਤਾਂ! ਇਹ ਵੇਰਵੇ ਪੁਲਿਸ ਹੱਥੋਂ ਵਾਰ ਵਾਰ ਖੱਜਲ ਖੁਆਰ ਹੋਣ, ਜੇਲ੍ਹ ਦੀ ਤੰਗੀ ਕੱਟਣ, ਇੰਟੈਰੋਗੇਸ਼ਨ ਸੈਂਟਰ ਦੀ 'ਪੁੱਛ ਗਿੱਛ', ਦਹਿਸ਼ਤੀ ਦੌਰ, ਹੋਰਨਾਂ ਦੀ ਜਾਨ ਬਚਾਉਂਦਿਆਂ ਆਪਣੇ ਸਿਰ ਪੈ ਰਹੇ ਕਤਲ, ਬੇਮੁਹਾਰੀ ਮਾਰ ਧਾੜ ਅਤੇ ਸਕੇ ਸਬੰਧੀਆਂ ਨਾਲ ਟੁੱਟਦੇ-ਜੁੜਦੇ ਸਬੰਧਾਂ ਦੇ ਹਨ। ਪੁਸਤਕ ਪੜ੍ਹਦਿਆਂ ਪਤਾ ਲੱਗਦੈ ਪਈ ਲੇਖਕ ਸੱਚਮੁੱਚ ਹੀ 'ਵਰਿਆਮ ਜੋਧਾ' ਨਿਕਲਿਆ। ਵਰਿਆਮ ਦੀ ਪਤਨੀ ਰਜਵੰਤ ਪੁਸਤਕ ਦੇ ਆਖਰੀ ਕਾਂਡ ਵਿਚ ਆਪਣੇ ਪਤੀ ਬਾਰੇ ਲਿਖਦੀ ਹੈ, "...ਇਹ ਅਗਲੇ ਨੂੰ ਹਾਸੇ ਹਾਸੇ ਵਿਚ ਬੜੀ ਕਰੜੀ ਗੱਲ ਵੀ ਆਖ ਦਿੰਦੇ ਨੇ। ਖਰੀ ਗੱਲ ਕਹਿਣੋਂ ਬਾਜ਼ ਨਹੀਂ ਆਉਂਦੇ। ...ਹੁਣ ਤਾਂ ਕਈ ਵਾਰ ਕੋਈ ਗੱਲ ਕਰਦਿਆਂ ਭਾਵਕ ਵੀ ਹੋ ਜਾਂਦੇ ਨੇ। ਅੱਖਾਂ ਵਿਚ ਅੱਥਰੂ ਭਰ ਲੈਂਦੇ ਨੇ। ਪਰ ਇਹ ਵਰਿਆਮ ਸਿੰਘ ਸੰਧੂ ਹੀ ਹਨ, ਲੋਹੇ ਦੇ ਜਿਗਰੇ ਵਾਲੇ ਕਿ ਵੱਡੇ ਵੱਡੇ ਸੰਕਟ ਆਉਂਦੇ ਰਹੇ, ਕਦੇ ਸੀ ਨਾ ਕੀਤੀ, ਸਭ ਚੁੱਪ ਕਰਕੇ ਸਹਿ ਲਏ, ਜਿਵੇਂ ਕੁਝ ਹੋਇਆ ਈ ਨਹੀਂ ਹੁੰਦਾ।"

ਲੇਖਕ ਹੋਣ ਤਾਂ ਇਸ ਤਰ੍ਹਾਂ ਦੇ ਹੋਣ। ਉਡਾਣ ਭਰਨੋਂ ਨਾ ਡਰਨ ਭਾਵੇਂ ਆਪਣੇ ਨਿੱਕੇ ਆਕਾਸ਼ ਵਿਚ ਹੀ ਭਰਨ। 'ਗੁਫ਼ਾ ਵਿਚਲੀ ਉਡਾਣ' ਵਾਂਗ। ਦੀਵੇ ਵਾਂਗ ਜਗਣ ਤੇ ਜਗਦੇ ਰਹਿਣ। ਸੁਪਨੇ ਕਦੇ ਮਰਨ ਨਾ ਦੇਣ। ਖ਼ੈਰ ਇਹ ਤਾਂ ਦਾਲ 'ਚੋਂ ਦਾਣਾ ਚੱਖਣ ਵਾਂਗ ਹੈ। ਪੂਰਾ ਭੇਤ ਤਾਂ ਪੂਰੀ ਪੁਸਤਕ ਪੜ੍ਹ ਕੇ ਹੀ ਪਾਇਆ ਜਾ ਸਕਦੈ।

## ਕਾਵਿ-ਜਗਤ

### ਦਿੱਲੀ

ਕਦੋਂ ਸਮਝ ਲੋਕਾਂ ਨੂੰ ਆਊਗੀ
ਸਭ ਕੁਝ ਤਾਂ ਖੋਹ ਕੇ ਲੈ ਗਈ ਦਿੱਲੀ।

ਬਿਜਲੀ ਲੈ ਗਈ, ਪਾਣੀ ਲੈ ਗਈ
ਐਜੂਕੇਸ਼ਨ ਲੈ ਗਈ ਦਿੱਲੀ।
ਫੈਕਟਰੀਆਂ ਲੈ ਗਈ, ਕਾਰੀਗਰ ਲੈ ਗਈ
ਰਾਜਧਾਨੀ ਦਾ ਕਹਿ ਗਈ ਦਿੱਲੀ।

ਸਭਿਅਤਾ ਲੈ ਗਈ, ਬੋਲੀ ਲੈ ਗਈ
ਧਰਮਾਂ ਦੀ ਵੰਡ ਪਾ ਗਈ ਦਿੱਲੀ।
ਸੁੱਖ ਵੀ ਲੈ ਗਈ, ਸ਼ਾਂਤੀ ਲੈ ਗਈ
ਜਿਣਸਾਂ ਦੇ ਭਾਅ ਲਾ ਗਈ ਦਿੱਲੀ।

ਸ਼ਰਮ ਹਯਾ ਵੀ ਲੈ ਗਈ ਲੁੱਟ ਕੇ
ਫੇਰ ਮਿਲਾਂਗੇ, ਕਹਿ ਗਈ ਦਿੱਲੀ।
ਲਿਬਾਸ ਲੈ ਗਈ, ਮਿਲਾਪ ਲੈ ਗਈ
ਅਣਖਾਂ ਦੇ ਨਾਲ ਖਹਿ ਗਈ ਦਿੱਲੀ।

ਨਸ਼ੇ ਤੰਬਾਕੂ ਛੱਡ ਗਈ ਇਥੇ
ਦੁੱਧ ਮਲਾਈਆਂ ਲੈ ਗਈ ਦਿੱਲੀ।
ਅਜ਼ਾਦੀ ਦਾ ਨਿੱਘ ਤਾਂ ਕੀ ਦੇਣਾ ਸੀ
ਲੂਣ ਜ਼ਖਮਾਂ 'ਤੇ ਪਾ ਗਈ ਦਿੱਲੀ।

ਨੀਂਹਾਂ ਦੇ ਵਿਚ, ਤਵੀਆਂ ਉਤੇ,
ਬੰਦ ਬੰਦ ਕਟਵਾ ਗਈ ਦਿੱਲੀ।
ਖੋਪਰੀਆਂ ਲਾਹ ਗਈ, ਚਰਖੜੀਆਂ ਤੇ
ਉਬਲਦੀਆਂ ਦੇਗਾਂ ਵਿਚ ਪਾ ਗਈ ਦਿੱਲੀ।

ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ
ਦਾ ਵੀ ਕਤਲ ਕਰਵਾ ਗਈ ਦਿੱਲੀ।
ਨੂਰਪੁਰੀ ਦੁੱਖ ਕੀ ਕੀ ਦੱਸੀਏ,
ਲੱਖਾਂ ਹੀ ਪੁੱਤ ਮਰਵਾ ਗਈ ਦਿੱਲੀ।

ਇਸ ਤੋਂ ਵੱਧ ਹੋਰ ਕੀ ਕਰਨਾ ਸੀ
ਅਕਾਲ ਤਖਤ ਢਾਹ ਗਈ ਦਿੱਲੀ।
ਜੂਨ ਚੁਰਾਸੀ ਕਿਵੇਂ ਭੁੱਲ ਜਾਈਏ
ਜਿਹੜੀ ਭਾਜੀ ਪਾ ਗਈ ਦਿੱਲੀ।

*-ਗੁਰਦਿਆਲ ਸਿੰਘ ਨੂਰਪੁਰੀ*
*ਫੋਨ: 408-449-3662*

---

### ਤੂੰ ਲੀਹ ਨਵੀਂ ਪਾ

ਸਹੁਰੇ ਨਾ ਤੂੰ ਨਿੰਦ, ਪੇਕੇ ਲੱਖ ਤੂੰ ਸਲਾਹ।
ਚੱਲ ਮੇਰੀ ਕਵਿਤਾ, ਤੂੰ ਲੀਹ ਨਵੀਂ ਪਾ।

ਨਿੱਕੀ-ਨਿੱਕੀ ਗੱਲ ਉਤੇ ਚੰਗਾ ਨਹੀਂ ਕਰੋਧ।
ਐਵੇਂ ਹਰ ਗੱਲ ਦਾ ਨਹੀਂ ਕਰੀਦਾ ਵਿਰੋਧ।
ਦਿਲ ਨੂੰ ਟਿਕਾਣੇ ਰੱਖ ਮਨ ਸਮਝਾ।

ਛੱਡ ਪਰ੍ਹਾਂ ਗੱਲਾਂ ਸਭ, ਕੀਤੀਆਂ ਨਹੀਂ ਜਾਣੀਆਂ।
ਛੱਡ ਬੀਤੇ ਕਿੱਸੇ ਅਤੇ ਬੀਤੀਆਂ ਕਹਾਣੀਆਂ।
ਭਰਾਂ ਮੈਂ ਹੁੰਗਾਰਾ ਬਾਤ ਨਵੀਂ ਕੋਈ ਸੁਣਾ।

ਦੁਨੀਆਂ ਨੂੰ ਆਖ ਨਾ ਤੂੰ ਐਵੇਂ ਨਿਰਾ ਧੋਖਾ,
ਖੁੱਲ੍ਹਾ ਰੱਖ ਆਪਣੇ ਤੂੰ ਮਨ ਦਾ ਝਰੋਖਾ,
ਕਰ ਨਵੀਂ ਖੋਜ ਵਿਸ਼ੇ ਨਵੇਂ ਲੈ ਕੇ ਆ।

ਤਕ ਤੂੰ ਸਮਾਜ ਵਿਚ ਆਇਆ ਜੋ ਨਿਘਾਰ,
ਜੰਮਣੇ ਤੋਂ ਪਹਿਲਾਂ ਲੋਕ ਧੀਆਂ ਦਿੰਦੇ ਮਾਰ,
ਕੁੱਖਾਂ ਵਿਚ ਆਉਂਦੇ ਜੋ ਭੁਚਾਲ ਤੂੰ ਹਟਾ।

ਦੇਸ਼ ਵਿਚ ਘੁੰਮਣ ਬਲਾਤਕਾਰੀ ਟੋਲੀਆਂ,
ਨਿੱਤ ਕਈ ਪੱਗਾਂ ਜਾਣ ਪੈਰਾਂ ਵਿਚ ਰੋਲੀਆ,
ਕੁੜੀਆਂ ਨੂੰ ਮਾਈ ਭਾਗੋ ਬਣਨਾ ਸਿਖਾ।

ਤੰਦ ਨਹੀਂ 'ਕੱਲਾ ਪੂਰੀ ਉਲਝੀ ਏ ਤਾਣੀ,
ਰਿਸ਼ਤਿਆਂ ਦੀ ਬੁਣਤੀ ਨਾ ਜਾਂਦੀ ਏ ਪਛਾਣੀ,
ਤਾਣ ਨਵੀਂ ਤਾਣੀ ਅੱਡਾ ਮੁੜਕੇ ਗਡਾ।

*-ਨੀਲਮ ਸੈਣੀ*
*ਫੋਨ: 510-502-0551*

---

### ਹਾਇਕੂ

ਕੁੱਤੇ ਵੀ ਫੇਲ
ਸਾਇਕਲ ਨਕਾਰਾ
ਹੱਸਣ ਬੱਚੇ।

*-ਜਨਮੇਜਾ ਸਿੰਘ ਜੌਹਲ*

*ਰਿਬੇਰੋ ਦੀ ਆਪਬੀਤੀ (4)*

# ਬੁੱਲਟ ਫਾਰ ਬੁੱਲਟ ਦੀ ਹਕੀਕਤ

***ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ! ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ। ਇਸ ਅੰਕ ਵਿਚ ਰਿਬੇਰੋ ਦੇ ਪੰਜਾਬ ਵਿਚਲੇ ਮੁਢਲੇ ਦਿਨਾਂ ਦੀ ਦਾਸਤਾਨ ਹੈ ਅਤੇ ਪੁਲਿਸ ਤੇ ਖਾੜਕੂਆਂ ਦੀ ਟੱਕਰ ਦੇ ਵੇਰਵਿਆਂ ਦੇ ਨਾਲ ਅੰਦਰਖਾਤੇ ਬਣ-ਵਿਗਸ ਰਹੇ ਹਾਲਾਤ ਦਾ ਜ਼ਿਕਰ ਹੈ। -ਸੰਪਾਦਕ***

ਕੁੱਝ ਮਹੀਨੇ ਪਹਿਲਾਂ (ਜੂਨ 1984 ਵਿਚ) ਜਦੋਂ ਅੰਮ੍ਰਿਤਸਰ ਵਿਚ ਬਲੂਸਟਾਰ ਆਪ੍ਰੇਸ਼ਨ ਹੋਇਆ, ਸਿੱਖਾਂ ਨੇ ਦਾਦਰ ਅਤੇ ਪਾਰਿਲ ਇਲਾਕਿਆਂ ਵਿਚੋਂ ਭਾਰੀ ਨਗਰ ਕੀਰਤਨ ਰੋਸ ਵਜੋਂ ਕੱਢੇ। ਇਨ੍ਹਾਂ ਇਲਾਕਿਆਂ ਵਿਚ ਉਨ੍ਹਾਂ ਦੇ ਕਾਫੀ ਗੁਰਦੁਆਰੇ ਹਨ। ਉਹ ਸਖਤ ਗੁੱਸੇ ਵਿਚ ਸਨ, ਉਹ ਕਿਸੇ ਵਕਤ ਵੀ ਸੀਮਾ ਉਲੰਘ ਕੇ ਹਿੰਸਕ ਹੋ ਸਕਦੇ ਸਨ। ਉਸ ਪਾਸੇ ਦਾ ਡਿਪਟੀ ਕਮਿਸ਼ਨਰ ਪੁਲਿਸ ਘਬਰਾਇਆ ਹੋਇਆ ਸੀ। ਉਸ ਨੇ ਮੇਰੇ ਨਾਲ ਫੋਨ 'ਤੇ ਗੱਲ ਕੀਤੀ ਤਾਂ ਮੈਂ ਭਾਂਪ ਗਿਆ ਕਿ ਉਸ ਵਿਚ ਆਤਮ ਵਿਸ਼ਵਾਸ ਦੀ ਘਾਟ ਹੈ। ਸੋ, ਫਟਾਫਟ ਉਥੇ ਪੁੱਜ ਗਿਆ। ਸਰਕਾਰ ਨੂੰ ਮੈਮੋਰੈਂਡਮ ਦੇਣ ਵਾਸਤੇ ਉਹ ਉਸ ਪਾਸਿਉਂ ਦੀ ਜਾਣਾ ਚਾਹੁੰਦੇ ਸਨ ਜਿਧਰ ਸ਼ਿਵ ਸੈਨਾ ਦਾ ਗੜ੍ਹ ਹੈ। ਮੈਂ ਜਲੂਸ ਦਾ ਰੂਟ ਬਦਲਣ ਲਈ ਕਿਹਾ, ਉਹ ਨਹੀਂ ਮੰਨੇ। ਫਿਰ ਮੈਂ ਕਿਹਾ, ਠੀਕ ਹੈ ਜਿਧਰ ਦੀ ਜੀ ਕਰਦੈ ਜਾਓ; ਪਰ ਜ਼ਾਬਤੇ ਵਿਚ ਰਹਿਣਾ। ਉਨ੍ਹਾਂ ਨੇ ਵਾਅਦਾ ਕੀਤਾ ਤੇ ਨਿਭਾਇਆ।

**ਜੂਲੀਓ ਰਿਬੇਰੋ**

**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਗੋਲਡਨ ਟੈਂਪਲ ਵਿਚ ਆਰਮੀ ਐਕਸ਼ਨ ਦੀ ਨਿਖੇਧੀ ਕਰਨ ਵਾਲਾ ਮੈਮੋਰੈਂਡਮ ਮੁਖ ਮੰਤਰੀ ਨੂੰ ਦੇ ਕੇ ਪਰਤ ਗਏ।

ਦਰਬਾਰ ਸਾਹਿਬ ਉਪਰ ਫੌਜੀ ਐਕਸ਼ਨ ਨੇ ਸਿੱਖਾਂ ਨੂੰ ਆਪੇ ਤੋਂ ਬਾਹਰ ਕਰਨਾ ਹੀ ਸੀ, ਕਿਉਂਕਿ ਇਹ ਐਕਸ਼ਨ ਪੂਰੀ ਤਰ੍ਹਾਂ ਗੁਪਤ ਸੀ। ਅਸੀਂ ਵੀ ਖਬਰ ਸੁਣ ਕੇ ਅਵਾਕ ਰਹਿ ਗਏ। ਸਾਨੂੰ ਪਤਾ ਹੁੰਦਾ ਤਾਂ ਅਸੀਂ ਕੁਝ ਅਗੇਤੇ ਬੰਦੋਬਸਤ ਕਰ ਲੈਂਦੇ, ਸਿੱਖ ਲੀਡਰਾਂ ਨਾਲ ਬੈਠ ਕੇ ਕੁਝ ਸਲਾਹ-ਮਸ਼ਵਰਾ ਕਰ ਲੈਂਦੇ।

**ਪੰਨਾ 250:** ਅਪਰੈਲ 1985 ਵਿਚ ਮੈਨੂੰ ਕੇਂਦਰੀ ਗ੍ਰਹਿ ਸਕੱਤਰ ਆਰ.ਡੀ. ਪ੍ਰਧਾਨ ਦਾ ਸੁਨੇਹਾ ਮਿਲਿਆ ਕਿ ਤੁਹਾਨੂੰ ਦਿੱਲੀ ਦਾ ਪੁਲਿਸ ਚੀਫ ਲਾ ਦਿੱਤਾ ਹੈ, ਦਿੱਲੀ ਪੁੱਜੋ। ਮੈਂ ਕਿਹਾ- ਮੇਰੀ ਮਾਂ ਕੈਂਸਰ ਤੋਂ ਪੀੜਤ ਟਾਟਾ ਕੈਂਸਰ ਹਸਪਤਾਲ ਮੁੰਬਈ ਵਿਚ ਦਾਖਲ ਹੈ, ਆਪ੍ਰੇਸ਼ਨ ਹੋਵੇਗਾ। ਫਿਰ ਮੈਂ ਗੋਆ ਆਪਣੇ ਘਰ ਜਾ ਕੇ ਕੁੱਝ ਪਰਿਵਾਰਕ ਮੁਸ਼ਕਿਲਾਂ ਹੱਲ ਕਰਨੀਆਂ ਹਨ, ਜੱਦੀ ਘਰ ਦੀ ਵੰਡ-ਵੰਡਾਈ ਦਾ ਮਸਲਾ ਹੈ। ਇਸ ਲਈ 2 ਤੋਂ 31 ਮਈ ਤੱਕ ਦੀ ਛੁੱਟੀ ਅਪਲਾਈ ਕਰ ਦਿੱਤੀ। ਪ੍ਰਧਾਨ ਨੇ ਕਿਹਾ-ਕੁਝ ਬਹੁਤ ਅਸਰ ਰਸੂਖ ਵਾਲੇ ਅਫਸਰ ਦਿੱਲੀ ਪੋਸਟਿੰਗ ਲਈ ਟ੍ਰਾਈ ਮਾਰ ਰਹੇ ਹਨ, ਪਹਿਲਾਂ ਜਾਇਨ ਕਰ, ਫਿਰ ਛੁੱਟੀ ਚਲਾ ਜਾਈਂ। ਮੈਂ ਕਿਹਾ, ਮੈਂ ਕਿਹੜਾ ਦਿੱਲੀ ਦੀ ਪੋਸਟਿੰਗ ਮੰਗੀ ਹੈ? ਮੈਂ ਚੋਰਾਂ ਵਾਂਗ ਅੱਖ ਬਚਾ ਕੇ ਜਾਇਨ ਕਿਉਂ ਕਰਾਂ? ਤਿੰਨ ਸਾਲ ਦੀ ਸੈਂਸਿਟਿਵ ਡਿਊਟੀ ਮਗਰੋਂ ਹੁਣ ਮੈਨੂੰ ਮਹੀਨੇ ਦੀ ਛੁੱਟੀ ਚਾਹੀਦੀ ਹੈ।

ਮਈ ਦੇ ਅਖੀਰ ਵਿਚ ਸਾਮਾਨ ਦਾ ਟਰੱਕ ਭਰ ਕੇ ਮੈਂ ਦਿੱਲੀ ਵਲ ਕੂਚ ਕਰ ਦਿੱਤਾ। ਯੂ.ਟੀ. ਕੇਡਰ ਦੇ ਵੇਦ ਮਰਵਾਹ ਨੂੰ ਮੈਂ ਅਪਣੇ ਦਿੱਲੀ ਆਉਣ ਦਾ ਸੁਨੇਹਾ ਦੇ ਦਿੱਤਾ। ਜਾ ਕੇ ਮਰਵਾਹ ਨੂੰ ਮੈਂ ਰਿਲੀਵ ਕਰਨਾ ਸੀ। ਉਸ ਨੇ ਸੁਨੇਹੇ ਦਾ ਕੋਈ ਉਤਰ ਨਹੀਂ ਦਿਤਾ। ਟਰੱਕ ਡਰਾਈਵਰ ਦਾ ਫੋਨ ਆਇਆ ਕਿ ਖਾਲੀ ਪਏ ਕਮਿਸ਼ਨਰ ਹਾਊਸ ਵਿਚ ਤੁਹਾਡੇ ਸਾਮਾਨ ਵਾਲਾ ਟਰੱਕ ਪੁਲਿਸ ਵਾਲੇ ਲੰਘਣ ਨਹੀਂ ਦਿੰਦੇ।

ਇਕ ਹਫਤਾ ਜਾਇਨਿੰਗ ਟਾਈਮ ਮਿਲਦਾ ਸੀ। ਸੋ ਮੈਂ ਸੋਚਿਆ, ਆਰਾਮ ਨਾਲ 6-7 ਜੂਨ ਨੂੰ ਪੁੱਜ ਕੇ ਜਾਇਨ ਕਰਲਾਂ'ਗੇ। ਪ੍ਰਧਾਨ ਦਾ ਫੋਨ ਫਿਰ ਆਇਆ ਕਿ ਮਰਵਾਹ ਨੇ ਇਸੇ ਪੋਸਟ ਉਪਰ ਟਿਕੇ ਰਹਿਣ ਦਾ ਜੁਗਾੜ ਕਰ ਲਿਐ। ਪ੍ਰਧਾਨ ਦਾ ਖਿਆਲ ਸੀ, ਇਸ ਖਬਰ ਨਾਲ ਮੈਂ ਅੱਪਸੈਟ ਹੋ ਜਾਵਾਂਗਾ, ਜਦੋਂ ਕਿ ਅਜਿਹੀ ਕੋਈ ਗੱਲ ਨਹੀਂ ਹੋਈ। ਉਸ ਨੇ ਆਪਣੀ ਕਿਤਾਬ ਵਿਚ ਲਿਖਿਐ, "ਜਦੋਂ ਮੈਂ ਸੁਪਰਕੌਪ ਰਿਬੇਰੋ ਨੂੰ ਮਰਵਾਹ ਦੀ ਖਬਰ ਦਿੱਤੀ, ਉਹ ਬੜਾ ਘਬਰਾਇਆ।" ਮੇਰੀ ਘਬਰਾਹਟ ਦਾ ਫਰਜ਼ੀ ਅੰਦਾਜ਼ਾ ਉਸ ਨੇ ਕਿਵੇਂ ਲਾ ਲਿਆ, ਪਤਾ ਨਹੀਂ, ਕਿਉਂਕਿ ਘਬਰਾਹਟ ਤਾਂ ਫੋਨ ਰਾਹੀਂ ਮੇਰੇ ਬੋਲਾਂ ਵਿਚ ਦੀ ਜਾਣੀ ਸੀ, ਹੋਰ ਕੋਈ ਮੇਰੇ ਕੋਲ ਹੈ ਨਹੀਂ ਸੀ ਉਸ ਤੱਕ ਖਬਰ ਪੁਚਾਣ ਵਾਲਾ। ਪ੍ਰਧਾਨ ਨੇ ਫਿਰ ਕਿਹਾ ਕਿ ਆਪਣੇ ਤੌਖਲਿਆਂ ਦਾ ਜ਼ਿਕਰ ਪ੍ਰੈਸ ਵਿਚ ਨਾ ਕਰੀਂ। ਮੈਂ ਹੈਰਾਨ ਹੋਈ ਜਾ ਰਿਹਾ ਸਾਂ ਕਿ ਘਬਰਾਇਆ ਤਾਂ ਪ੍ਰਧਾਨ ਲਗਦਾ ਹੈ। ਮੈਂ ਪ੍ਰੈਸ ਵਿਚ ਆਪਣੇ ਨਿਜੀ ਦੁੱਖ ਕਦੀ ਨਹੀਂ ਰੋਏ।

**ਪੰਨਾ 251:** ਗੱਲ ਮੁਕਾਵਾਂ, ਮੈਂ ਪ੍ਰਧਾਨ ਨੂੰ ਕਿਹਾ ਕਿ ਆਪਣਾ ਸਾਮਾਨ ਤਾਂ ਮੈਂ ਹੁਣ ਦਿੱਲੀ ਲੈ ਹੀ ਆਇਆ ਹਾਂ, ਸੀ.ਆਰ.ਪੀ. ਦਾ ਚੀਫ ਰਿਟਾਇਰ ਹੋ ਗਿਐ, ਬੱਸ ਉਸ ਥਾਂ ਦੇ ਆਰਡਰ ਦੇ ਦੇਹ, ਮੇਰਾ ਪਹਿਲਾ ਦਿੱਲੀ ਪੁਲਿਸ ਕਮਿਸ਼ਨਰ ਵਾਲਾ ਆਰਡਰ ਕੈਂਸਲ ਨਹੀਂ ਕੀਤਾ, ਸੀ. ਆਰ. ਪੀ. ਚੀਫ ਦਾ ਦੂਜਾ ਹੁਕਮ ਮੇਰੇ ਹੱਥ ਫੜਾ ਦਿੱਤਾ।

**ਪੰਨਾ 252:** 4 ਮਾਰਚ 1987 ਨੂੰ ਦਿੱਲੀ ਵਿਖੇ ਦੇਸ਼ ਦੇ ਪੁਲਿਸ ਮੁਖੀਆਂ ਅਤੇ ਇੰਸਪੈਕਟਰ ਜਨਰਲਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ, "ਸਾਡੇ ਲਈ ਜ਼ਰੂਰੀ ਹੈ, ਅਸੀਂ ਮਿਸਟਰ ਰਿਬੇਰੋ ਨੂੰ ਉਸ ਦੇ ਹੌਸਲੇ, ਸਿਰੜ ਵਾਸਤੇ ਵਧਾਈ ਦੇਈਏ। ਵਧਾਈ ਦਿੰਦਿਆਂ ਮੇਰੇ ਮਨ ਵਿਚ ਤੁਹਾਡੇ ਅੱਗੇ ਇਕ ਸਵਾਲ ਵੀ ਹੈ। ਜਦੋਂ ਮੈਂ ਗ੍ਰਹਿ ਮੰਤਰੀ ਜਾਂ ਚਿੰਦਬਰਮ ਨੂੰ ਪੁੱਛਦਾ ਹਾਂ ਕਿ ਫਲਾਣਾ ਔਖਾ ਕੰਮ ਕੌਣ ਕਰ ਸਕਦਾ ਹੈ, ਉਦੋਂ ਰਿਬੇਰੋ ਦਾ ਨਾਮ ਲਿਆ ਜਾਂਦਾ ਹੈ। ਰਿਬੇਰੋ ਵਰਗਾ ਹੋਰ ਕੋਈ ਕਿਉਂ ਨਹੀਂ ਹੈ? ਸਾਡੇ ਕੋਲ ਬਹੁਤ ਸਾਰੇ ਰਿਬੇਰੋ ਕਿਉਂ ਨਹੀਂ? ਪੁਲਿਸ ਨੂੰ ਜਿਸ ਸਹੀ ਰਸਤੇ ਲਿਜਾਣਾ ਬਣਦਾ ਹੈ, ਸਾਡੇ ਅਫਸਰਾਂ ਵਿਚ ਅਗਵਾਈ ਕਰਨ ਵਾਲੀ ਵਧੀਆ ਲੀਡਰਸ਼ਿਪ ਕਿਉਂ ਨਹੀਂ? ਮੈਂ ਤੁਹਾਡੇ ਅੱਗੇ ਸਖਤ ਸਵਾਲ ਰੱਖਿਆ ਹੈ, ਆਪਣੇ ਆਪ ਤੋਂ ਇਸ ਦਾ ਜਵਾਬ ਮੰਗਿਓ।"




*ਸੁਰਜੀਤ ਸਿੰਘ ਬਰਨਾਲਾ (ਖੱਬੇ) ਜਿਨ੍ਹਾਂ ਨੇ ਕੇਂਦਰ ਤੋਂ ਜੂਲੀਓ ਰਿਬੇਰੋ (ਸੱਜੇ) ਨੂੰ ਮੰਗ ਕੇ ਲਿਆ*

**ਪੰਨਾ 272:** ਪੰਜਾਬ ਅਤੇ ਖਾੜਕੂਵਾਦ, ਦੋਵੇਂ ਮੇਰੇ ਲਈ ਅਜਨਬੀ ਸਨ। ਜਦੋਂ ਆਈ.ਪੀ.ਐਸ. ਆਪਣੀ ਸਰਵਿਸ ਸ਼ੁਰੂ ਕਰਦਾ ਹੈ, ਕਾਡਰ ਅਨੁਸਾਰ ਉਸ ਨੂੰ ਜਿਹੜੀ ਸਟੇਟ ਮਿਲਦੀ ਹੈ। ਜੇ ਇਹ ਨਵੀਂ ਹੈ ਤਾਂ ਵੀ ਉਥੇ ਕੰਮ ਕਰਦਿਆਂ ਵਾਕਫੀ ਹੋ ਜਾਂਦੀ ਹੈ। ਪੰਜਾਬ ਜਾਣ ਦੀ ਮੇਰੀ ਮਨਸ਼ਾ ਨਹੀਂ ਸੀ, ਸੁਰਜੀਤ ਸਿੰਘ ਬਰਨਾਲਾ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੇ ਮੈਨੂੰ ਲਿਆਂਦਾ ਸੀ। ਮੈਂ ਸਾਰਾ ਦੇਸ਼ ਦੇਖ ਲਿਆ ਸੀ, ਸਭਿਆਚਾਰਾਂ ਦੀ ਵੰਨ-ਸੁਵੰਨਤਾ ਤੋਂ ਵਾਕਫ ਹੋ ਗਿਆ ਸੀ ਪਰ ਪੰਜਾਬ ਦੇ ਲੋਕ ਮਰਾਠਿਆਂ ਤੋਂ ਉਸੇ ਤਰ੍ਹਾਂ ਵੱਖਰੇ ਹਨ ਜਿਵੇਂ ਰੂਸੀ, ਅੰਗਰੇਜ਼ਾਂ ਤੋਂ। ਪੰਜਾਬੀ ਬਹੁਤ ਹਿੰਮਤੀ ਹਨ ਤੇ ਨਿਰੰਤਰ ਆਪਣਾ ਜੀਵਨ ਪੱਧਰ ਉਚਾ ਚੁੱਕਣ 'ਚ ਲੱਗੇ ਰਹਿੰਦੇ ਹਨ। ਮੇਜ਼ਬਾਨੀ ਕਰਨ ਵੇਲੇ ਵੀ ਧੱਕੜਸ਼ਾਹ ਹਨ। ਪੰਜਾਬੀ ਘਰ ਵਿਚ ਜਾਉ, ਲੱਸੀ ਜਾਂ ਚਾਹ ਪੀਤੇ ਬਗੈਰ ਤੁਸੀਂ ਬਾਹਰ ਨਹੀਂ ਨਿਕਲ ਸਕਦੇ। ਜੇ ਤੁਸੀਂ ਪਹਿਲੋਂ ਵਧੀਕ ਚਾਹ ਪੀ ਰੱਖੀ ਹੈ ਤਾਂ ਚੰਗਾ ਹੋਵੇਗਾ ਪੰਜਾਬੀ ਘਰ ਵਿਚ ਜਾਉ ਹੀ ਨਾ। ਘਰ ਦਾ ਮਾਲਕ ਜੇ ਤੁਹਾਨੂੰ ਪਸੰਦ ਨਹੀਂ ਵੀ ਕਰਦਾ, ਤਾਂ ਵੀ ਖਾਣ ਪੀਣ ਲਈ ਕੁਝ ਨਾ ਕੁਝ ਦਏਗਾ ਹੀ ਦਏਗਾ।

ਪੰਜਾਬੀ ਵਧੀਆ ਸਿਪਾਹੀ ਹਨ। ਲੜਨ ਲਈ ਹਮੇਸ਼ਾ ਤਿਆਰ, ਭਾਵੇਂ ਜਿਸ ਮਰਜ਼ੀ ਸਾਈਡ ਤੋਂ ਲੜਾ ਲਵੋ। ਜਿੰਨਾ ਚਿਰ ਮੈਂ ਪੰਜਾਬ ਵਿਚ ਤਾਇਨਾਤ ਰਿਹਾ, ਮੇਰੇ ਸੁਰੱਖਿਆ ਗਾਰਡ ਜੱਟ ਸਿੱਖ ਸਨ, ਪੂਰੇ ਵਫਾਦਾਰ। ਕਿਉਂਕਿ ਮੈਂ ਉਨ੍ਹਾਂ ਦਾ ਲੀਡਰ ਸਾਂ ਤੇ ਸਰਕਾਰ ਦੇ ਉਹ ਮੁਲਾਜ਼ਮ, ਇਸ ਲਈ ਮੇਰੀ ਯਾਨਿ ਸਰਕਾਰ ਦੀ ਸਾਈਡ ਤੋਂ ਲੜੇ।

ਪੰਜਾਬ ਦੀ ਪੇਂਡੂ ਵਸੋਂ ਵਿਚਲੀ ਧੜੇਬਾਜ਼ੀ, ਦੁਸ਼ਮਣੀ, ਬਦਲਾ ਆਦਿਕ ਵਰਗਾ ਕੁਝ ਵੀ ਮਹਾਰਾਸ਼ਟਰ ਵਿਚ ਬਿਲਕੁਲ ਨਹੀਂ। ਮਰਾਠੇ ਕਾਨੂੰਨੀ ਪ੍ਰਕਿਰਿਆ ਰਾਹੀਂ ਬਦਲਾ ਲੈਣਗੇ। ਮਰਾਠਿਆਂ ਨੂੰ ਅਦਾਲਤਾਂ ਰਾਹੀਂ ਇਨਸਾਫ ਮਿਲਦਾ ਵੀ ਹੈ, ਇਸ ਕਰ ਕੇ ਇਸ ਦੀ ਕਦਰ ਹੈ। ਪੰਜਾਬੀ ਲੋਕ ਸਜ਼ਾ ਦੇਣ ਵਾਸਤੇ ਅਦਾਲਤ ਦਾ ਲੰਮਾ ਸਮਾਂ ਬਰਦਾਸ਼ਤ ਨਹੀਂ ਕਰ ਸਕਦੇ। ਇਹ ਕੰਮ ਉਹ ਆਪੇ ਨਿਬੇੜਦੇ ਹਨ।

ਖਾੜਕੂਵਾਦ ਦਾ ਤਜਰਬਾ ਮੇਰੇ ਲਈ ਅਜਨਬੀ ਸੀ। ਮੈਂ ਵਿਅਕਤੀਗਤ ਅਤੇ ਸੰਗਠਿਤ ਅਪਰਾਧਾਂ ਨਾਲ ਸਿਝਿਆ ਸਾਂ-ਹਿੰਸਕ ਅਪਰਾਧ ਅਤੇ ਕਲਰਕੀ ਅਪਰਾਧ, ਪਰ ਖਾੜਕੂਵਾਦ ਪੂਰਨ ਨਵਾਂ ਅਜੂਬਾ ਸੀ। ਅਖਬਾਰਾਂ ਵਿਚ ਦਹਿਸ਼ਤਪਸੰਦੀ ਬਾਰੇ ਪੜ੍ਹਦਾ ਰਹਿੰਦਾ ਸਾਂ, ਪੰਜਾਬ ਵਿਚ ਆ ਕੇ ਇਸ ਬਾਰੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ।

ਜਦੋਂ ਤਕ ਤੁਸੀਂ ਆਤੰਕਵਾਦ ਵਿਚੋਂ ਦੀ ਲੰਘਦੇ ਨਹੀਂ, ਤੁਹਾਨੂੰ ਇਸ ਦਾ ਪਤਾ ਨਹੀਂ ਲਗਦਾ। ਖਾੜਕੂ ਦਹਿਲ ਪਾ ਦੇਣ ਵਾਲੀ ਵਾਰਦਾਤ ਕਰਦੇ ਹਨ, ਇੰਨੀ ਵੱਡੀ ਵਾਰਦਾਤ ਕਿ ਲੋਕ ਸੋਚ ਵੀ ਨਾ ਸਕਣ। ਅਚਾਨਕ ਮਾਸੂਮ ਲੋਕ ਗੋਲੀਆਂ ਨਾਲ ਭੁੰਨ ਦਿਤੇ ਜਾਂਦੇ ਹਨ ਤਾਂ ਕਿ ਅਫਰਾ-ਤਫਰੀ ਫੈਲ ਜਾਏ। ਅਚਾਨਕ ਬੇਵਕਤੇ ਹਮਲੇ, ਕੋਈ ਨਹੀਂ ਜਾਣਦਾ ਅਗਲਾ ਸ਼ਿਕਾਰ ਕੌਣ ਹੋ ਜਾਏ। ਵਿਆਪਕ ਦਹਿਸ਼ਤ ਛਾਈ ਰਹਿੰਦੀ ਹੈ। ਬੱਚਿਆਂ ਉਪਰ ਹਮਲਾ ਹੋ ਸਕਦਾ ਹੈ ਕਿਉਂਕਿ ਫੁੰਡਣੇ ਆਸਾਨ ਹਨ।

ਭੈਅ-ਭੀਤ ਪੰਜਾਬੀ ਹੋਰ ਸੁਰੱਖਿਆ ਮੰਗਣ ਲੱਗੇ, ਸਰਕਾਰ ਅਤਿਵਾਦ ਨੂੰ ਬੰਦ ਕਿਉਂ ਨ੍ਹੀਂ ਕਰਦੀ? ਸਰਕਾਰ ਭਰੋਸਾ ਦਿਵਾਉਂਦੀ ਰਹਿੰਦੀ ਕਿ ਜੋ ਹੋ ਸਕਦਾ ਹੈ, ਕਰ ਰਹੇ ਹਾਂ। ਬਹੁਤੇ ਲੋਕਾਂ ਦਾ ਅਦਾਲਤਾਂ ਤੋਂ ਵਿਸ਼ਵਾਸ ਉਠ ਗਿਆ ਸੀ। ਉਹ ਪੁਲਿਸ ਰਾਹੀਂ ਖਾੜਕੂਆਂ ਨੂੰ ਕਾਬੂ ਕਰਵਾਉਣ ਦੇ ਇਛੁਕ ਸਨ। ਨਿਰਾਸ਼ ਹੋਏ ਲੋਕਾਂ ਵਾਸਤੇ ਇਹੋ ਇਲਾਜ ਬਚਦਾ ਸੀ। ਬਹੁਤ ਸਾਰੇ ਜੱਜ ਨਹੀਂ ਚਾਹੁੰਦੇ ਸਨ ਕਿ ਖਾੜਕੂਆਂ ਦੇ ਕੇਸ ਉਨ੍ਹਾਂ ਕੋਲ ਆਉਣ। ਜ਼ਮਾਨਤਾਂ ਨਹੀਂ ਦਿੰਦੇ ਤਾਂ ਜੱਜਾਂ ਦੇ ਬੱਚੇ ਜਾਂ ਹੋਰ ਰਿਸ਼ਤੇਦਾਰ ਫੁੰਡੇ ਜਾ ਸਕਦੇ ਸਨ।

ਖਾੜਕੂਆਂ ਉਪਰ ਮੁਕੱਦਮੇ ਚਲਾਉਣ ਲਈ ਜਿਹੜੀਆਂ ਸਪੈਸ਼ਲ ਅਦਾਲਤਾਂ ਕਾਇਮ ਕੀਤੀਆਂ ਗਈਆਂ, ਉਨ੍ਹਾਂ ਦੇ ਜੱਜ ਜਾਂ ਤਾਂ ਛੁੱਟੀ ਚਲੇ ਜਾਂਦੇ ਜਾਂ ਆਪਣੇ ਸੀਨੀਅਰਾਂ ਅੱਗੇ ਕਿਤੇ ਹੋਰ ਥਾਂ ਬਦਲੀ ਲਈ ਤਰਲੇ ਮਾਰਦੇ ਰਹਿੰਦੇ। ਜਿਨ੍ਹਾਂ ਸਿਆਸਤਦਾਨਾਂ ਦੀਆਂ ਕਰਤੂਤਾਂ ਸਦਕਾ ਆਤੰਕਵਾਦ ਪਨਪਿਆ, ਉਹ ਡਰਦੇ ਉਨ੍ਹਾਂ ਇਲਾਕਿਆਂ ਵਿਚ ਨਾ ਜਾਂਦੇ ਜਿਧਰ ਖਾੜਕੂਆਂ ਦਾ ਦਬਦਬਾ ਹੁੰਦਾ। ਫਲਸਰੂਪ ਮੈਦਾਨ ਖਾੜਕੂਆਂ ਵਾਸਤੇ ਸਾਫ ਸੀ, ਜਾਂ ਉਨ੍ਹਾਂ ਵਾਸਤੇ ਸੀ ਜਿਹੜੇ ਸਰਕਾਰ ਵਲੋਂ ਹਥਿਆਰਬੰਦ ਕੀਤੇ ਗਏ, ਯਾਨਿ ਪੁਲਿਸ।

**ਪੰਨਾ 274:** ਉਨ੍ਹਾਂ ਦਿਨਾਂ ਵਿਚ ਇਹ ਗੱਲ ਹਰ ਇਕ ਦੀ ਜ਼ਬਾਨ 'ਤੇ ਸੀ ਕਿ ਦਿਨੇ ਪਿੰਡਾਂ ਵਿਚ ਪੁਲਿਸ ਰਾਜ ਹੁੰਦਾ ਹੈ ਤੇ ਰਾਤੀਂ ਪੁਲਿਸ ਇਹ ਚਾਰਜ ਖਾੜਕੂਆਂ ਨੂੰ ਦੇ ਦਿੰਦੀ ਹੈ। ਰਾਤ ਦੇ ਹਨੇਰੇ ਵਿਚ ਪੁਲਿਸ ਖਾੜਕੂਆਂ ਦੀਆਂ ਗੋਲੀਆਂ ਨਾਲ ਟਕਰਾਉਣ ਤੋਂ ਤ੍ਰਹਿੰਦੀ। ਮੁੱਖ ਮੰਤਰੀ ਨੇ ਖੁਦ ਇਸ ਹਾਲਤ ਬਾਰੇ ਮੇਰੇ ਨਾਲ ਗੱਲ ਕੀਤੀ। ਮੈਂ ਆਪਣੇ ਅਫਸਰਾਂ ਨੂੰ ਇਸ ਬਾਰੇ ਪੁੱਛਿਆ, ਉਨ੍ਹਾਂ ਕਿਹਾ-ਹਾਂ ਸਹੀ ਹੈ ਇਹ ਗੱਲ। ਖਾੜਕੂਆਂ ਨੇ ਕਿਹੜਾ ਕਿਸੇ ਨਿਯਮ ਵਿਧਾਨ ਅਨੁਸਾਰ ਚੱਲਣਾ ਹੈ? ਪੁਲਿਸ ਵਾਸਤੇ ਲਾਜ਼ਮੀ ਹੈ ਕਿ ਰਾਤ ਨੂੰ ਸ਼ੱਕੀ ਘੁੰਮਦੇ ਬੰਦੇ ਨੂੰ ਪਹਿਲਾਂ ਵੰਗਾਰ ਕੇ ਰੁਕ ਜਾਣ ਲਈ, ਹੱਥ ਖੜ੍ਹੇ ਕਰਨ ਲਈ ਕਹਿੰਦੀ ਹੈ, ਉਹ ਅਜਿਹਾ ਨਾ ਕਰੇ ਤਾਂ ਫਾਇਰਿੰਗ ਕਰਦੀ ਹੈ। ਖਾੜਕੂ ਅਜਿਹਾ ਨਹੀਂ ਕਰਦੇ। ਜੇ ਅਸੀਂ ਪੁਲਿਸ ਨੂੰ ਵੀ ਅਧਿਕਾਰ ਦੇ ਦਿੰਦੇ ਹਾਂ ਕਿ ਉਹ ਬਿਨਾਂ ਵੰਗਾਰਨ ਦੇ ਰਾਤੀਂ ਸ਼ੱਕੀ ਬੰਦੇ ਨੂੰ ਗੋਲੀ ਮਾਰਨ ਦੇ ਹੱਕਦਾਰ ਹਨ, ਬੇਗੁਨਾਹ ਲੋਕ ਮਾਰੇ ਜਾਣਗੇ ਕਿਉਂਕਿ ਕਾਮਿਆਂ-ਕਿਸਾਨਾਂ ਨੇ ਰਾਤ-ਬਰਾਤੇ ਖੇਤੀਂ ਜਾਣਾ ਹੁੰਦਾ ਹੈ। ਜੇ ਅਸੀਂ ਪੁਲਿਸ ਨੂੰ ਕਹੀਏ ਕਿ ਰਾਤੀਂ ਫਾਇਰ ਕਰਨ ਤੋਂ ਪਹਿਲਾਂ ਸ਼ੱਕੀ ਬੰਦੇ ਦੀ ਸ਼ਨਾਖਤ ਕਰੇ, ਤਦ ਪੁਲਿਸਮੈਨ ਗੋਲੀ ਖਾ ਬੈਠੇਗਾ ਕਿਉਂਕਿ ਖਾੜਕੂਆਂ ਨੇ ਤਾਂ ਉਸ ਦੀ ਵਰਦੀ ਤੋਂ ਹੀ ਪੁਲਸੀਏ ਦੀ ਸ਼ਨਾਖਤ ਕਰ ਲਈ ਹੈ।

**ਪੰਨਾ 275:** ਤਿੰਨ ਮਹੀਨਿਆਂ ਦੀ ਮਗਜ਼ ਖਪਾਈ ਮਗਰੋਂ ਇਕ ਰਸਤਾ ਕੱਢਿਆ। ਫੈਸਲਾ ਹੋਇਆ ਕਿ ਰਾਤੀਂ ਪੁਲਿਸ, ਸਿਵਲ ਕੱਪੜਿਆਂ ਵਿਚ ਹਥਿਆਰਬੰਦ ਹੋ ਕੇ ਗਸ਼ਤ ਕਰੇਗੀ। ਇਸ ਤਰ੍ਹਾਂ ਉਹ ਕਿਸੇ ਵੀ ਸ਼ੱਕੀ ਬੰਦੇ ਦੀ ਪੜਤਾਲ ਕਰ ਸਕੇਗੀ। ਸ਼ੁਰੂ ਵਿਚ ਮੈਂ ਠਾਣਿਆਂ ਵੱਲ ਧਿਆਨ ਦਿੱਤਾ। ਮੁਕਾਬਲੇ ਵਾਸਤੇ ਪੁਲਸੀਆਂ ਦੀ ਹੌਸਲਾ-ਅਫਜ਼ਾਈ ਲਈ ਮੈਨੂੰ ਸਭ ਤੋਂ ਅੱਗੇ ਚੱਲਣਾ ਪਵੇਗਾ। ਇਕ ਹਿਸਾਬ ਠੀਕ ਹੀ ਹੋਇਆ ਕਿ ਪਹਿਲੀ ਰਾਤ ਜਦੋਂ ਮੈਂ ਅਰੁਣ ਨਹਿਰੂ ਅਤੇ ਅਰਜਨ ਸਿੰਘ ਨਾਲ ਦਿੱਲੀ ਤੋਂ ਚੰਡੀਗੜ੍ਹ ਆਇਆ, ਉਨ੍ਹਾਂ ਮੈਨੂੰ ਮੁੱਖ ਮੰਤਰੀ ਨਾਲ ਮਿਲਾਇਆ। ਫਿਰ ਰਾਜਪਾਲ ਸ਼ੰਕਰ ਦਿਆਲ ਨਾਲ ਖਾਣਾ ਖਾਧਾ। ਉਪਰੰਤ ਰਾਜ ਭਵਨ ਦੇ ਗੈਸਟ ਹਾਊਸ ਵਿਚ ਸੌਣ ਵਾਸਤੇ ਚਲਾ ਗਿਆ। ਸਵੇਰੇ ਦੋ ਵਜੇ ਸਿੱਖ ਗਾਰਡ ਨੇ ਮੈਨੂੰ ਜਗਾ ਕੇ ਦੱਸਿਆ ਕਿ ਖਾੜਕੂਆਂ ਨੇ ਜਲੰਧਰ ਵਾਰਦਾਤ ਕਰ ਦਿੱਤੀ ਹੈ। ਮੈਂ ਤੁਰਤ ਉਥੇ ਜਾਣ ਦਾ ਫੈਸਲਾ ਕੀਤਾ। ਅੱਧੀ ਰਾਤ, ਮੈਥੋਂ ਪਹਿਲਾਂ ਹੋਰ ਕੋਈ ਪੁਲਿਸ ਅਫਸਰ ਉਥੇ ਜਾਣ ਲਈ ਤਿਆਰ ਨਹੀਂ ਸੀ।

ਸਵੇਰੇ 5 ਵਜੇ ਮੈਂ ਜਲੰਧਰ ਪੁੱਜ ਗਿਆ। ਉਥੇ ਸ਼ਾਨਦਾਰ ਜੱਟ ਸਿੱਖ ਇੰਸਪੈਕਟਰ ਸੁੱਚਾ ਸਿੰਘ ਮਿਲਿਆ। ਅਪਰਾਧ ਅਤੇ ਅਪਰਾਧੀਆਂ ਨੂੰ ਲੱਭਣ ਵਿਚ ਉਸ ਦੀ ਕੁਸ਼ਲਤਾ ਦਾ ਪੂਰੇ ਪੰਜਾਬ ਨੂੰ ਪਤਾ ਸੀ। ਉਸ ਨੇ ਮੈਨੂੰ ਦੱਸਿਆ ਕਿ ਖਾੜਕੂਆਂ ਨੂੰ ਫਾਰਮ ਹਾਊਸ ਵਿਚ ਘੇਰ ਲਿਆ ਹੈ ਤੇ ਉਸ ਨੂੰ ਖੁਸ਼ੀ ਹੈ ਕਿ ਨਵੇਂ ਪੁਲਿਸ ਚੀਫ ਦੇ ਆਉਣ ਸਾਰ ਪਹਿਲੀ ਵਾਰਦਾਤ ਹੱਲ ਕਰ ਲਈ ਹੈ।

ਇਸ਼ਨਾਨ ਕਰਨ ਬਾਅਦ ਮੈਂ ਇੰਸਪੈਕਟਰ ਨਾਲ ਉਸ ਥਾਂ 'ਤੇ ਚਲਾ ਗਿਆ ਜਿਥੋਂ ਖਾੜਕੂ ਫੜੇ ਗਏ ਸਨ। ਮੇਰੇ ਉਥੇ ਪੁੱਜਣ ਤੋਂ ਪਹਿਲਾਂ ਭਾਵੇਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਥਾਣੇ ਬੰਦ ਕੀਤਾ ਜਾ ਚੁੱਕਾ ਸੀ ਪਰ ਫੜੇ ਗਏ ਹਥਿਆਰਾਂ ਅਤੇ ਬਰਾਮਦ ਸਬੂਤਾਂ ਤੋਂ ਉਨ੍ਹਾਂ ਦੀ ਕਰਤੂਤ ਦਾ ਪਤਾ ਲਗਦਾ ਸੀ। ਸਮੇਂ ਸਿਰ ਸਹੀ ਐਕਸ਼ਨ ਲਏ ਜਾਣ ਕਾਰਨ ਲੋਕਾਂ ਦਾ, ਪੁਲਿਸ ਦਾ ਅਤੇ ਮੇਰਾ ਹੌਸਲਾ ਮਜ਼ਬੂਤ ਹੋਇਆ।

ਅਜੇ ਹਫਤਾ ਨਹੀਂ ਬੀਤਿਆ ਸੀ ਕਿ ਜਲੰਧਰ ਵਿਚ ਖਾੜਕੂਆਂ ਨੇ ਦੁਬਾਰਾ ਵਾਰਦਾਤ ਕਰ ਦਿੱਤੀ। ਇਸ ਵਾਰੀ ਬੜੀ ਵਿਉਂਤਬੰਦੀ ਨਾਲ ਸੁੱਖੇ ਸਿਪਾਹੀ ਨੂੰ ਛੁਡਾਉਣ ਵਾਸਤੇ ਕਾਰਵਾਈ ਕੀਤੀ ਗਈ। ਉਸ ਦਾ ਅਸਲ ਨਾਮ ਸੁਖਦੇਵ ਸਿੰਘ ਸੀ ਜੋ ਪੁਲਿਸ ਵਿਚ ਹੈਡ ਕਾਂਸਟੇਬਲ ਸੀ। ਭਿੰਡਰਾਂਵਾਲੇ ਨਾਲ ਸਾਂਝ ਹੋਣ ਕਾਰਨ ਉਸ ਨੂੰ ਪੁਲਿਸ ਵਿਚੋਂ ਡਿਸਮਿੱਸ ਕਰ ਦਿੱਤਾ ਗਿਆ ਸੀ। ਆਪਣੇ ਸਮੇਂ ਦਾ ਉਹ ਭਿਆਨਕ ਖਾੜਕੂ ਸੀ। ਪੁਲਿਸ ਵਿਚ ਉਸ ਨੂੰ ਸੁੱਖਾ ਸਿਪਾਹੀ ਕਿਹਾ ਜਾਂਦਾ। ਗ੍ਰਿਫਤਾਰ ਕਰ ਕੇ ਉਸ ਨੂੰ ਸੱਤ ਪੁਲਿਸ ਮੁਲਾਜ਼ਮਾਂ ਦੀ ਹਿਰਾਸਤ ਵਿਚ ਮੈਜਿਸਟਰੇਟ ਅਗੇ ਪੇਸ਼ ਕਰਨਾ ਸੀ। ਖਾੜਕੂਆਂ ਨੇ ਅਚਾਨਕ ਇਸ ਟੁਕੜੀ 'ਤੇ ਹੱਲਾ ਬੋਲ ਦਿੱਤਾ। ਸੱਤ ਦੇ ਸੱਤ ਮੁਲਾਜ਼ਮ ਢੇਰੀ ਕਰ ਦਿਤੇ। ਸੱਤਾਂ ਵਿਚੋਂ ਆਪਣੀ ਰੱਖਿਆ ਵਾਸਤੇ ਇਕ ਜਣਾ ਵੀ ਗੋਲੀ ਨਾ ਚਲਾ ਸਕਿਆ। ਸੁੱਖਾ ਆਪਣੇ ਸਾਥੀਆਂ ਸਣੇ ਫਰਾਰ ਹੋ ਗਿਆ। ਮੇਰੇ ਸਾਹਮਣੇ ਸੱਤ ਵਿਧਵਾਵਾਂ ਵਿਰਲਾਪ ਕਰ ਰਹੀਆਂ ਸਨ ਜਿਨ੍ਹਾਂ ਵਿਚੋਂ ਛੇ ਜੱਟ ਸਿੱਖ ਘਰਾਂ ਦੀਆਂ! ਪੰਜਾਬ ਪੁਲਿਸ ਵਿਚ 80 ਫੀਸਦੀ ਜੱਟ ਸਿੱਖ ਹਨ। ਕੁੱਝ ਖੱਤਰੀ ਸਿੱਖ ਅਫਸਰ ਹਨ ਪਰ ਹੇਠਲੇ ਰੈਂਕਾਂ ਵਿਚ ਨਹੀਂ।

**ਪੰਨਾ 276:** ਦੁਰਘਟਨਾ ਵਾਲੀ ਥਾਂ ਮੀਡੀਏ ਦਾ ਜਮਘਟ ਜੁੜ ਗਿਆ। ਹਰ ਇਕ ਦਾ ਇਕੋ ਸਵਾਲ-ਹੁਣ ਕੀ ਕਰੋਗੇ? ਦੋ ਤਿੰਨ ਦਿਨਾਂ ਬਾਅਦ ਤਰਨਤਾਰਨ ਵਿਖੇ ਫਿਰ ਪੱਤਰਕਾਰਾਂ ਨੇ ਮੈਨੂੰ ਘੇਰ ਲਿਆ-ਖਾੜਕੂਆਂ ਵਿਰੁਧ ਹੁਣ ਕੀ ਪਲੈਨ ਹੈ? ਮੈਂ ਦੱਸਿਆ ਕਿ ਆਪਣੇ ਬੰਦਿਆਂ ਨੂੰ ਮੁਕਾਬਲਾ ਕਰਨ ਦਾ ਤਰੀਕਾ ਸਿਖਾਵਾਂਗਾ। ਆਤਮ ਰੱਖਿਆ ਵਾਸਤੇ ਉਨ੍ਹਾਂ ਨੂੰ ਵਧੀਆ ਹਥਿਆਰ ਦੇ ਦਿੱਤੇ ਹਨ। ਜਲੰਧਰ ਅਦਾਲਤ ਵਿਚ ਵਾਪਰੇ ਕਾਂਡ ਵਰਗੇ ਹਾਲਾਤ ਵਿਚ ਐਕਸ਼ਨ ਲੈਣਾ ਸਿਖਾਵਾਂਗਾ। ਅਖਬਾਰਾਂ ਨੇ ਮੇਰੇ ਜਵਾਬ ਇਕ ਦੋ ਦਿਨਾਂ ਬਾਅਦ ਛਾਪ ਦਿੱਤੇ।

10 ਅਪਰੈਲ ਨੂੰ 'ਹਿੰਦੁਸਤਾਨ ਟਾਈਮਜ਼' ਦੇ ਇਕ ਨਾਮਾਨਿਗਾਰ ਨੇ ਪਹਿਲੀ ਵਾਰ 'ਬੁੱਲਟ ਫਾਰ ਬੁੱਲਟ' (ਗੋਲੀ ਬਦਲੇ ਗੋਲੀ) ਪਾਲਿਸੀ ਦਾ ਜ਼ਿਕਰ ਕੀਤਾ। ਧਿਆਨ ਦੇਣ ਵਾਲਾ ਤੱਥ ਇਹ ਹੈ ਕਿ ਕੇਵਲ ਇਕ ਅਖਬਾਰ ਨੇ ਇਹ ਲਫਜ਼ ਛਾਪੇ। ਮੈਂ ਕਹੇ ਹੁੰਦੇ ਤਾਂ ਅਗਲੇ ਦਿਨ ਸਾਰਿਆਂ ਅਖਬਾਰਾਂ ਨੇ ਛਾਪਣੇ ਸਨ। 'ਹਿੰਦੁਸਤਾਨ ਟਾਈਮਜ਼' ਨੇ ਲਿਖਿਆ ਕਿ ਰਿਬੇਰੋ ਨੇ ਖਾੜਕੂਆਂ ਨੂੰ ਤਾੜਨਾ ਕੀਤੀ ਹੈ ਕਿ ਫੋਰਸ ਦਾ ਮੁਕਾਬਲਾ ਫੋਰਸ ਨਾਲ ਕੀਤਾ ਜਾਏਗਾ ਤੇ ਜੇ ਖਾੜਕੂਆਂ ਕੋਲ ਹਿੱਟ ਲਿਸਟ ਅਤੇ ਹਿੱਟ ਸਕੁਐਡ ਹੈ ਤਾਂ ਪੰਜਾਬ ਪੁਲਿਸ ਕੋਲ ਵੀ ਲਿਸਟ ਹੈ। ਇਹ ਸਹੀ ਹੈ ਕਿ ਅਸੀਂ ਖਾੜਕੂ ਗਰੋਹਾਂ ਅਤੇ ਉਨ੍ਹਾਂ ਦੇ ਮੁੱਖ ਲੀਡਰਾਂ ਦੀ ਲਿਸਟ ਤਿਆਰ ਕੀਤੀ ਸੀ। ਇਹ ਰੁਟੀਨ ਦਾ ਕੰਮ ਹੁੰਦਾ ਹੈ ਕਿ ਆਪਣੇ ਇਲਾਕੇ ਵਿਚ ਵਾਰਦਾਤਾਂ ਕਰਨ ਵਾਲਿਆਂ ਦੀ ਲਿਸਟ ਤਿਆਰ ਕੀਤੀ ਜਾਏ।



*ਸੁੱਖਾ ਸਿਪਾਹੀ ਉਰਫ ਜਨਰਲ ਲਾਭ ਸਿੰਘ ਜਿਸ ਨੂੰ ਖਾੜਕੂਆਂ ਨੇ ਜਲੰਧਰੋਂ ਛੁਡਵਾ ਲਿਆ ਸੀ।*

*(ਬਾਕੀ ਸਫਾ 27 'ਤੇ)*

### ਗਾਰਗੀ-2

# ਪੰਜਾਬੀ ਦਾ 'ਅਨਪੜ੍ਹ' ਮਹਾਂ-ਗਿਆਨੀ!

**ਦਿਸਦਾ-ਅਣਦਿਸਦਾ**



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868
E-mail: bhullargs@gmail.com

ਗਾਰਗੀ ਨੂੰ ਮਾਣ ਸੀ ਕਿ ਉਹਦਾ ਜਨਮ ਬਹੁਤ ਪੁਰਾਣੇ ਇਤਿਹਾਸ ਵਾਲੇ ਸ਼ਹਿਰ ਬਠਿੰਡਾ ਵਿਚ ਉਸ ਕਿਲ੍ਹੇ ਦੀ ਛਾਂ ਵਿਚ ਹੋਇਆ ਜਿਸ ਵਿਚੋਂ ਬੰਦੀ ਬਣਾਈ ਗਈ ਸੁਲਤਾਨ ਰਜ਼ੀਆ ਰੱਸੇ ਨਾਲ ਲਮਕ ਕੇ ਬਚ ਨਿਕਲੀ ਸੀ। ਇਸੇ ਕਰਕੇ ਉਹਨੇ 'ਸੁਲਤਾਨ ਰਜ਼ੀਆ' ਨਾਟਕ ਲਿਖਿਆ। ਸ਼ਹਿਰੀ ਪਰਿਵਾਰ ਵਿਚ ਇਕ ਮੁਲਾਜ਼ਮ ਦੇ ਘਰ ਪੈਦਾ ਹੋਣ ਸਦਕਾ ਉਹਨੂੰ ਅੱਗੇ ਵਧਣ ਲਈ ਸਾਡੇ ਇਲਾਕੇ ਦੇ ਆਮ ਮੁੰਡਿਆਂ ਨਾਲੋਂ ਵੱਧ ਸਹੂਲਤਾਂ ਤੇ ਮੌਕੇ ਹਾਸਲ ਸਨ। ਉਹਨੂੰ ਲਾਹੌਰ ਤੋਂ ਵਧੀਆ ਕਾਲਜੀ ਤਾਲੀਮ ਹਾਸਲ ਹੋਣ ਦੇ ਨਾਲ ਨਾਲ ਉਥੋਂ ਦੇ ਸਰਗਰਮ ਸਾਹਿਤਕ-ਸਭਿਆਚਾਰਕ ਮਾਹੌਲ ਵਿਚ ਵਿਚਰਨ ਦਾ ਖ਼ੂਬ ਮੌਕਾ ਮਿਲਿਆ। ਅੰਗਰੇਜ਼ੀ ਦੀ ਐਮ. ਏ. ਉਹਨੇ ਸਰਕਾਰੀ ਕਾਲਜ ਲਾਹੌਰ ਤੋਂ ਤੇ ਰਾਜਨੀਤੀ ਸ਼ਾਸਤਰ ਦੀ ਐਮ. ਏ. ਪ੍ਰਸਿੱਧ ਐਫ. ਸੀ. ਕਾਲਜ ਲਾਹੌਰ ਤੋਂ ਕੀਤੀ। ਲਾਹੌਰ



*ਗਾਰਗੀ ਦੀ ਪੁੱਤਰੀ ਜੰਨਤ*

ਉਸ ਸਮੇਂ ਸਾਂਝੇ ਪੰਜਾਬ ਦੀ ਰਾਜਧਾਨੀ ਹੀ ਨਹੀਂ, ਸਾਹਿਤ-ਸਭਿਆਚਾਰ ਦਾ ਇਕ ਵੱਡਾ ਕੇਂਦਰ ਵੀ ਸੀ। ਕਹਾਵਤ 'ਜਿਸ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ' ਉਸ ਸਮੇਂ ਦੇ ਲਾਹੌਰ ਦੇ ਮਹੱਤਵ ਨੂੰ ਹੀ ਪ੍ਰਗਟਾਉਂਦੀ ਹੈ। ਦੇਸ ਦੀ ਵੰਡ ਮਗਰੋਂ ਉਹ ਦਿੱਲੀ ਪਹੁੰਚ ਗਿਆ ਜੋ ਦੇਸ ਦੀ ਰਾਜਧਾਨੀ ਹੋਣ ਤੋਂ ਇਲਾਵਾ ਪਹਿਲਾਂ ਹੀ ਸਾਹਿਤ ਤੇ ਸਭਿਆਚਾਰ ਦਾ ਲਾਹੌਰ ਤੋਂ ਵੀ ਵੱਡਾ ਕੇਂਦਰ ਸੀ ਅਤੇ ਵੰਡ ਦੀ ਮਾਰ ਕਾਰਨ ਆਏ ਇਨ੍ਹਾਂ ਖੇਤਰਾਂ ਦੇ ਨਾਮੀ ਲੋਕਾਂ ਨਾਲ ਇਸ ਪੱਖੋਂ ਹੋਰ ਵੀ ਮਹੱਤਵਪੂਰਨ ਹੋ ਗਿਆ ਸੀ।

ਉਹ ਲਿਖਦਾ ਹੈ ਕਿ ਅੰਗਰੇਜ਼ੀ ਸਾਹਿਤ ਤੇ ਪੁਲਿਟੀਕਲ ਸਾਇੰਸ ਦੀਆਂ ਐਮ. ਏ. ਕੀਤੀਆਂ ਸੀ ਤਾਂ ਜੋ ਕਿਤੇ ਪ੍ਰੋਫੈਸਰ ਲਗਦਾ, ਕਿਤੇ ਤਸੀਲਦਾਰ ਲਗਦਾ, ਪਰ ਮੈਂ ਪੰਜਾਬੀ ਚੁਣੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਦਾ ਇਹ ਫੈਸਲਾ ਬਹੁਤ ਕਦਰਜੋਗ ਤੇ ਮਹੱਤਵਪੂਰਨ ਸੀ। ਉਹਨੇ ਲਿਖਣ ਦੇ ਮਾਧਿਅਮ ਵਜੋਂ ਹੀ ਪੰਜਾਬੀ ਨਹੀਂ ਅਪਨਾਈ ਸਗੋਂ ਕੁੱਲ-ਵਕਤੀ ਲੇਖਕ ਬਣ ਕੇ ਇਸੇ ਸਹਾਰੇ ਜੀਵਨ ਬਿਤਾਉਣ ਦਾ ਰਾਹ ਵੀ ਚੁਣਿਆ। ਪੰਜਾਬੀ ਜਿਹੀ ਸਮੱਸਿਆਵਾਂ-ਭਰੀ ਜ਼ਬਾਨ ਦੇ ਲੇਖਕ ਲਈ ਇਹ ਕੋਈ ਸੌਖਾ ਫ਼ੈਸਲਾ ਨਹੀਂ ਸੀ। ਉਹਨੇ ਕਦੀ-ਕਦਾਈਂ ਮਿਲਣ ਵਾਲੀਆਂ ਰਾਇਲਟੀਆਂ ਤੇ ਟੁੱਟਵੀਆਂ ਨੌਕਰੀਆਂ ਦੇ ਸਹਾਰੇ ਬਾਦਸ਼ਾਹੀ ਵੀ ਬਥੇਰੀ ਭੋਗੀ ਤੇ ਕਈ ਵਾਰ ਤੰਗੀ-ਤੁਰਸ਼ੀ ਦਾ ਸਾਹਮਣਾ ਵੀ ਕੀਤਾ। ਉਹਦੇ ਲਈ ਜੀਵਨ ਦਾ ਸਭ ਤੋਂ ਔਖਾ ਦੌਰ ਉਹ ਰਿਹਾ ਜਦੋਂ ਜੀਨੀ ਛੱਡ ਕੇ ਚਲੀ ਗਈ ਸੀ ਤੇ ਇਸ ਵੱਲੋਂ ਲਿਖਤ ਵਿਚ ਸਰੀਰੀ ਪੱਖ ਜੱਗ-ਜ਼ਾਹਿਰ ਕਰ ਦਿੱਤੇ ਜਾਣ ਕਰਕੇ ਜੀਨੀ ਤੋਂ ਬਾਹਰਲੇ ਪਿਆਰ ਦੀ ਦੁਨੀਆਂ ਵੀ ਉਜੜ ਗਈ ਸੀ। ਉਨ੍ਹਾਂ ਦਿਨਾਂ ਵਿਚ ਉਹਨੂੰ ਮਿਲਿਆ ਪੁਰਾਣਾ ਦੋਸਤ ਗੁਰਚਰਨ ਰਾਮਪੁਰੀ ਦਸਦਾ ਹੈ ਕਿ ਉਹ ਭਾਵੁਕ ਤੇ ਮਾਇਕ ਦੋਵਾਂ ਪੱਖਾਂ ਤੋਂ ਦੀਵਾਲਾ ਹੋਇਆ ਪਿਆ ਸੀ, ਮਾਨਸਿਕ ਪੱਖੋਂ ਬੇਵਸੀ ਦਾ ਸ਼ਿਕਾਰ ਸੀ ਅਤੇ ਨਿਰਾਸ਼ਾ ਦੇ ਉਸ ਆਲਮ ਵਿਚ ਕੁਛ ਵੀ ਲਿਖਣੋਂ ਜਾਂ ਕਰਨੋਂ ਅਸਮਰੱਥ ਸੀ।

ਪੰਜਾਬੀ ਪੱਖੋਂ ਉਹ ਆਪਣੇ ਆਪ ਨੂੰ ਬੇਝਿਜਕ ਹੋ ਕੇ 'ਅਨਪੜ੍ਹ' ਆਖਦਾ ਸੀ ਜਿਸ ਨੇ ਮਾਲਵੇ ਦੀ ਪੇਂਡੂ ਬੋਲੀ ਇਸ ਲਈ ਵਰਤੀ ਕਿ ਉਸ ਨੂੰ ਹੋਰ ਕੋਈ ਬੋਲੀ ਨਹੀਂ ਸੀ ਆਉਂਦੀ। ਜਦੋਂ ਉਹਨੇ ਮੁੱਢਲੀਆਂ ਕਹਾਣੀਆਂ ਤੇ ਪਹਿਲੇ ਨਾਟਕ 'ਲੋਹਾ ਕੁੱਟ' ਦੀ ਰਚਨਾ ਕੀਤੀ, ਉਹਨੇ ਸਵਾਏ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ ਕਿਸੇ ਪੰਜਾਬੀ ਲੇਖਕ ਦਾ ਨਾਂ ਨਹੀਂ ਸੀ ਸੁਣਿਆ, ਪੰਜਾਬੀ ਦੀ ਕੋਈ ਕਿਤਾਬ ਨਹੀਂ ਸੀ ਪੜ੍ਹੀ ਅਤੇ ਉਹਨੂੰ ਇਹ ਵੀ ਨਹੀਂ ਸੀ ਪਤਾ ਕਿ ਭਾਈ ਵੀਰ ਸਿੰਘ ਕੌਣ ਹੈ! ਇਸ ਭਾਸ਼ਾਈ ਸੱਚ ਸਾਹਮਣੇ ਜੇ ਉਹ ਅੰਗਰੇਜ਼ੀ ਵਿਚ ਲਿਖਣ ਲੱਗ ਪੈਂਦਾ, ਕੋਈ ਹੈਰਾਨੀ ਵਾਲੀ ਗੱਲ ਨਾ ਹੁੰਦੀ। ਪਰ ਉਸ ਸੂਰਤ ਵਿਚ ਪੰਜਾਬੀ ਆਪਣੀ ਭਰਪੂਰ ਸੰਭਾਵਨਾ ਤੇ ਅਲੋਕਾਰ ਸਮਰੱਥਾ ਦੇ ਕੇਹੇ ਪ੍ਰਕਾਸ਼ਕਾਰ ਤੋਂ ਵਿਰਵੀ ਰਹਿ ਗਈ ਹੁੰਦੀ ਅਤੇ ਪੰਜਾਬੀ ਨਾਟਕ ਹੁਣ ਨਾਲੋਂ ਕਿੰਨੇ ਪੈਰ ਪਿੱਛੇ ਰਹਿ ਗਿਆ ਹੁੰਦਾ? ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ।

'ਅਨਪੜ੍ਹ' ਗਾਰਗੀ ਨੇ ਪੰਜਾਬੀ ਦੀ ਏਨੀ ਮੁਹਾਰਤ ਹਾਸਲ ਕਰ ਲਈ ਜਿੰਨੀ ਪੰਜਾਬੀ 'ਪੜ੍ਹੇ-ਲਿਖੇ' ਲੇਖਕਾਂ ਵਿਚੋਂ ਵੀ ਵਿਰਲਿਆਂ ਨੂੰ ਹੀ ਨਸੀਬ ਹੋਈ ਹੈ। ਉਹਦੀ ਮਘਦੀ-ਦਗਦੀ ਪੰਜਾਬੀ ਨਿੱਘ ਵੀ ਦਿੰਦੀ ਹੈ ਤੇ ਚਾਨਣ ਵੀ ਕਰਦੀ ਹੈ। ਮਾਂ ਨੇ ਨਿਹੰਗ ਸਿੰਘਾਂ ਦੇ ਡੇਰੇ ਗੁਰਮੁਖੀ ਸਿੱਖਣ ਭੇਜਿਆ ਸੀ। ਨਿਹੰਗ ਸਿੰਘ ਨੇ ਰੇਤੇ ਉਤੇ ਡਾਂਗ ਨਾਲ 'ੳ' ਪਾ ਕੇ ਇਹਨੂੰ ਯਾਦ ਕਰਨ ਲਈ ਕਿਹਾ। ਭੁੰਜੇ ਬੈਠੇ ਗਾਰਗੀ ਨੇ ਸਿਰ ਚੁੱਕ ਕੇ ਲੰਮੇ-ਉਚੇ ਨਿਹੰਗ ਸਿੰਘ ਨੂੰ ਦੇਖਿਆ ਤਾਂ ਇਹਨੂੰ ਉਹਦੀ ਦਾੜ੍ਹੀ ਅਤੇ ਬਹੁਤ ਉਚਾ ਦੁਮਾਲਾ ਇਕ ਬਹੁਤ ਵੱਡਾ 'ੳ' ਜਾਪਿਆ। ਅਗਲੇ ਪਾਠ ਵਜੋਂ ਨਿਹੰਗ ਸਿੰਘ ਨੇ ਇਹਦੀ ਉਂਗਲ ਫੜ ਕੇ ਰੇਤੇ ਉਤੇ ਚਲਾਈ ਅਤੇ ਏਕਾ ਤੇ ਊੜਾ ਇਕਓਂਕਾਰ ਪਾ ਕੇ ਆਖਿਆ, "ਸਾਰੇ ਅੱਖਰ ਇਸ ਵਿਚੋਂ ਹੀ ਨਿਕਲੇ ਹਨ। ਇਸ ਨੂੰ ਯਾਦ ਕਰ ਲੈ ਤੇ ਸਾਰਾ ਕੁਸ਼ ਯਾਦ ਹੋ ਜੂ। ਸਾਡੇ ਬਚਨ ਬਲਾਸ ਯਾਦ ਰੱਖੀਂ। ਗੁਰੂ ਭਲੀ ਕਰੂ।" ਗੁਰੂ ਨੇ ਸੱਚਮੁੱਚ ਭਲੀ ਕੀਤੀ। ਇਹ ਪਾਠਾਂ-ਸਿਰ-ਪਾਠ ਪੜ੍ਹਨ ਮਗਰੋਂ ਉਹਨੂੰ ਅੱਗੇ ਹੋਰ ਗੁਰਮੁਖੀ ਜਾਂ ਪੰਜਾਬੀ ਪੜ੍ਹਨ ਦੀ ਕੋਈ ਲੋੜ ਹੀ ਨਾ ਰਹੀ! ਉਹਨੇ ਅੰਤ ਤੱਕ ਨਿਹੰਗ ਸਿੰਘ ਦਾ ਇਹ ਪਾਠ ਕਦੇ ਨਾ ਭੁਲਾਇਆ ਤੇ ਇਸੇ ਸਦਕਾ ਪੰਜਾਬੀ ਲੇਖਕਾਂ ਵਿਚ ਇਨੇ ਉਚੇ ਮਰਾਤਬੇ ਤੱਕ ਪਹੁੰਚਿਆ।

ਬਠਿੰਡੇ ਦੇ ਇਲਾਕੇ ਦੇ ਕੱਕੇ ਰੇਤੇ ਨਾਲ ਖੇਡਦਿਆਂ ਬਚਪਨ ਵਿਚ ਹੋਇਆ ਪਿਆਰ ਗਾਰਗੀ ਨੇ ਅੰਤਲੇ ਸਾਹ ਤੱਕ ਨਿਭਾਇਆ। ਇਸੇ ਕੱਕੇ ਰੇਤੇ ਉਤੇ ਪਹਿਲਾਂ ਡਾਂਗ ਨਾਲ 'ੳ' ਪਾ ਕੇ ਤੇ ਫੇਰ ਇਹਦੀ ਉਂਗਲ ਨਾਲ 'ਏਕਾ ਊੜਾ ਇਕਓਂਕਾਰ' ਪੁਆ ਕੇ ਨਿਹੰਗ ਸਿੰਘ ਨੇ ਇਹ ਪਿਆਰ-ਤੰਦਾਂ ਅਟੁੱਟ ਬਣਾ ਦਿੱਤੀਆਂ। ਇਸੇ ਮੋਹ ਸਦਕਾ ਹੀ ਤਾਂ ਉਹਨੇ ਆਪਣੇ ਪਹਿਲੇ ਨਾਵਲ ਦਾ ਨਾਂ 'ਕੱਕਾ ਰੇਤਾ' ਰੱਖਿਆ। ਭਾਵੇਂ ਉਹ ਦੁਨੀਆਂ ਦੇ ਕਿਸੇ ਕੋਨੇ ਵਿਚ ਹੁੰਦਾ ਤੇ ਭਾਵੇਂ ਉਹ ਕਿੰਨੇ ਸਾਲ ਬਠਿੰਡੇ ਦਾ ਗੇੜਾ ਨਾ ਮਾਰ ਸਕਦਾ, ਉਹਦੇ ਪੈਰ ਇਸੇ ਰੇਤੇ ਉਤੇ ਹੀ ਤੁਰਦੇ! ਵਾਸ਼ਿੰਗਟਨ, ਮਾਸਕੋ, ਪੈਰਿਸ ਤੇ ਲੰਡਨ ਦੀਆਂ ਸੜਕਾਂ ਉਤੇ ਘੁੰਮਦਿਆਂ ਉਹਨੂੰ ਪੈਰਾਂ ਹੇਠ ਇਹੋ ਰੇਤਾ ਵਿਛਿਆ ਮਹਿਸੂਸ ਹੁੰਦਾ! ਪੂਰਾ ਹੋਣ ਤੋਂ ਕੋਈ ਸਾਢੇ ਪੰਜ ਸਾਲ ਪਹਿਲਾਂ, 17 ਸਤੰਬਰ 1997 ਨੂੰ ਮੰਨੂ ਲਈ ਅੰਗਰੇਜ਼ੀ ਵਿਚ ਟਾਈਪ ਕੀਤੀਆਂ ਚਾਰ ਸਤਰਾਂ ਦੇ ਰੂਪ ਵਿਚ ਲਿਖੀ 'ਵਸੀਅਤ' ਅਨੁਸਾਰ ਉਹ ਆਪਣੀ ਅੰਤਿਮ ਠਾਹਰ ਇਸੇ ਕੱਕੇ ਰੇਤੇ ਨੂੰ ਥਾਪਦਾ ਹੈ, "ਮੇਰੀ ਮੌਤ ਮਗਰੋਂ ਕੋਈ ਰੋਣਾ-ਪਿੱਟਣਾ ਨਹੀਂ ਹੋਣਾ ਚਾਹੀਦਾ। ਉਸ ਮੌਕੇ ਸਕੇ-ਸਨੇਹੀ ਬੱਸ ਡਿਨਰ ਵਾਸਤੇ ਮਿਲ ਬੈਠਣ। ਮੇਰੀ ਰਾਖ ਮੇਰੀ ਜਨਮਭੂਮੀ ਬਠਿੰਡੇ ਦੀ ਸਰਹਿੰਦ ਨਹਿਰ ਵਿਚ ਪਾਈ ਜਾਵੇ, ਜਿਥੇ ਮੈਂ ਬਚਪਨ ਵਿਚ ਸੁਨਹਿਰੀ ਰੇਤੇ ਵਿਚ ਖੇਡਿਆ!"

ਨਿਹੰਗ ਦੇ ਡਾਂਗ ਨਾਲ ਰੇਤੇ ਉਤੇ ਪਾਏ 'ੳ' ਤੱਕ ਗੁਰਮੁਖੀ ਪੜ੍ਹੇ ਗਾਰਗੀ ਦਾ ਬਠਿੰਡੇ ਦੇ ਇਲਾਕੇ ਵਾਲਾ ਸ਼ਬਦ-ਭੰਡਾਰ ਦੰਗ ਕਰ ਦਿੰਦਾ ਹੈ। ਬਹੁਤੇ ਲੋਕਾਂ ਨੂੰ ਇਹ ਪਤਾ ਨਹੀਂ ਕਿ ਗਾਰਗੀ ਏਨੀ ਖ਼ੂਬਸੂਰਤ ਪੰਜਾਬੀ ਗੁਰਮੁਖੀ ਵਿਚ ਨਹੀਂ, ਫ਼ਾਰਸੀ ਅੱਖਰਾਂ ਵਿਚ ਲਿਖਦਾ ਸੀ ਅਤੇ ਫੇਰ ਉਰਦੂ ਤੇ ਪੰਜਾਬੀ, ਦੋਵੇਂ ਭਾਸ਼ਾਵਾਂ ਪੜ੍ਹੇ ਆਪਣੇ ਕਿਸੇ ਚੇਲੇ-ਚਾਟੜੇ ਤੋਂ ਗੁਰਮੁਖੀ ਵਿਚ ਉਤਾਰਾ ਕਰਵਾ ਲੈਂਦਾ ਸੀ। ਉਹਦਾ ਜਨਮ ਅੱਗੇ ਆ ਕੇ ਮੇਰੇ ਸ਼ਹਿਰ ਰਾਮਪੁਰਾ ਫੂਲ ਕੋਲੋਂ ਦੀ ਹੁੰਦੀ ਹੋਈ ਗਾਰਗੀ ਦੇ ਸ਼ਹਿਰ ਬਠਿੰਡਾ ਕੋਲੋਂ ਦੀ ਲੰਘਦੀ ਸਰਹਿੰਦ ਨਹਿਰ ਦੇ ਕਿਨਾਰੇ ਪਿੰਡ ਸ਼ਹਿਣਾ ਵਿਚ ਹੋਇਆ, ਜਿਥੇ ਉਹਦਾ ਪਿਤਾ, ਸ਼ਿਵ ਚੰਦ ਗਰਗ ਸਿੰਜਾਈ ਵਿਭਾਗ ਵਿਚ ਤਾਰ-ਬਾਬੂ ਸੀ। ਚੌਥੀ ਜਮਾਤ ਤੱਕ ਉਹ ਪੜ੍ਹਿਆ ਵੀ ਉਥੇ ਹੀ। ਫੇਰ ਉਹ ਦਸਵੀਂ ਤੱਕ ਬਠਿੰਡੇ ਰਿਹਾ-ਪੜ੍ਹਿਆ। ਉਸ ਪਿਛੋਂ ਉਹ ਲਾਹੌਰ, ਦਿੱਲੀ ਜਾਂ ਪਰਦੇਸੀਂ ਰਿਹਾ। ਕੱਚੀ ਉਮਰ ਦੇ ਗਿਣਵੇਂ ਸਾਲਾਂ ਵਿਚ ਉਹ ਕੰਜੂਸ ਬਾਣੀਏ ਵਾਂਗ ਪੰਜਾਬੀ ਸ਼ਬਦਾਂ ਦੀ ਕਿੰਨੀ ਵੱਡੀ ਪੂੰਜੀ ਜੋੜ ਲਿਆਇਆ, ਉਹਨੂੰ ਪੜ੍ਹਿਆਂ ਹੀ ਜਾਣਿਆ ਜਾ ਸਕਦਾ ਹੈ।

ਮਾਂ, ਜੋ ਆਪ ਸਕੂਲੀ ਪੱਖੋਂ ਅਨਪੜ੍ਹ ਸੀ, ਪਰ ਜੀਹਨੂੰ ਏਨੀ ਪੰਜਾਬੀ ਆਉਂਦੀ ਸੀ ਕਿ ਗਾਰਗੀ ਬੋਲੀ ਦੀਆਂ ਬਰੀਕੀਆਂ ਤੇ ਘੁੰਡੀਆਂ ਉਹਤੋਂ ਸਿੱਖ ਸਕੇ, ਬਲਵੰਤ ਦੀ ਥਾਂ ਉਹਨੂੰ ਸਾਰੀ ਉਮਰ ਬਲੰਤ ਆਖ ਕੇ ਹੀ ਬੁਲਾਉਂਦੀ ਰਹੀ। ਜੇ ਉਹ ਹੋਰ ਜਿਉਂਦੀ ਰਹਿੰਦੀ ਅਤੇ ਦੇਖਦੀ ਕਿ ਉਹਦਾ ਪੁੱਤ ਉਹਤੋਂ ਪੰਜਾਬੀ ਸਿੱਖ ਕੇ ਚਲੋ-ਚਾਲ ਚਲਦਾ ਚਲਦਾ ਬੜੀ ਚਲਾਕੀ ਤੇ ਚਤੁਰਾਈ ਨਾਲ ਕਿਥੋਂ ਦਾ ਕਿਥੇ ਪਹੁੰਚ ਗਿਆ ਹੈ, ਸ਼ਾਇਦ, ਉਹ ਬਲੰਤ ਨੂੰ ਚਲੰਤ ਕਹਿਣ ਵਿਚ ਮਾਣ ਮਹਿਸੂਸ ਕਰਦੀ। ਨਾਲੇ ਭਾਸ਼ਾ ਤਾਂ ਪੁਰਾਣਾ ਪਾਣੀ ਨਿਕਲਦੇ ਰਹਿਣ ਤੇ ਨਵਾਂ ਪਾਣੀ ਪੈਂਦੇ ਰਹਿਣ ਵਾਲੇ ਸਰੋਵਰ ਸਮਾਨ ਹੁੰਦੀ ਹੈ। ਕਿਸੇ ਦੇ ਸ਼ਬਦ-ਭੰਡਾਰ ਵਿਚੋਂ ਉਹ ਸ਼ਬਦ ਕਿਰਦੇ ਰਹਿੰਦੇ ਹਨ ਜਿਨ੍ਹਾਂ ਨਾਲ ਉਹਦਾ ਲੰਮੇ ਸਮੇਂ ਤੋਂ ਵਾਹ-ਵਾਸਤਾ ਨਾ ਰਹਿ ਗਿਆ ਹੋਵੇ, ਜਿਹੜੇ ਉਹਦੀ ਨਿਤ-ਵਰਤੋਂ ਵਿਚ ਨਾ ਆਉਂਦੇ ਹੋਣ। ਪਰ ਗਾਰਗੀ ਇਸ ਭਾਸ਼ਾਈ ਸਿਧਾਂਤ ਦੇ ਘੇਰੇ ਵਿਚ ਨਹੀਂ ਸੀ ਆਉਂਦਾ।

ਬੋਲੀ ਦੇ ਇਸ ਸਿਧਾਂਤ ਦੀ ਇਕ ਵਧੀਆ ਮਿਸਾਲ ਚੇਤੇ ਆ ਗਈ। ਨਵਯੁਗ ਪ੍ਰੈਸ ਤੋਂ ਛਪਦੇ ਦੂਤਾਵਾਸੀ ਪੱਤਰ 'ਸੋਵੀਅਤ ਦਰਪਨ' ਨੂੰ ਮੈਂ ਸ਼ੁੱਕਰਵਾਰ ਨੂੰ ਛੇਕੜਲੀ ਨਜ਼ਰ ਦੇਖ ਕੇ ਛਪਣਾ ਦੇਣਾ ਹੁੰਦਾ ਸੀ। ਭਾਪਾ ਜੀ ਦਾ ਕਹਿਣਾ ਸੀ, "ਕਿਥੇ ਮੁੰਡਾ ਪਰੂਫ ਲੈ ਕੇ ਆਊ, ਯਾਰ ਤੂੰ ਇਧਰੇ ਆ ਜਾਇਆ ਕਰ। ਨਾਲੇ ਮੇਲ-ਮੁਲਾਕਾਤ ਹੋ ਜਾਂਦੀ ਹੈ।" ਮੈਨੂੰ ਵੀ ਉਥੇ ਕੋਈ ਨਾ ਕੋਈ ਲੇਖਕ ਮਿਲ ਪੈਣ ਦਾ ਲਾਲਚ ਹੁੰਦਾ। ਸਤਿਆਰਥੀ ਜੀ ਤਾਂ ਉਥੇ ਅਕਸਰ ਮਿਲਦੇ, ਪਰ ਉਨ੍ਹਾਂ ਨੂੰ ਮੇਰੇ ਦਫ਼ਤਰੀ ਕੰਮ ਆਉਂਦੇ ਹੋਣ ਦਾ ਅਜੇ ਪਤਾ ਨਹੀਂ ਸੀ। ਇਕ ਦਿਨ ਪੁੱਛਣ ਲੱਗੇ, "ਭੁੱਲਰ ਜੀ, ਬੜੇ ਗੇੜੇ ਮਾਰਦੇ ਹੋ, ਥੋਡੀ ਕੋਈ ਕਿਤਾਬ ਛਪ ਰਹੀ ਐ?" ਮੈਂ ਕਿਹਾ, "ਨਹੀਂ, ਸਤਿਆਰਥੀ ਜੀ, ਜੇ ਕੁਛ ਦਿਨ ਨਾ ਆਈਏ, ਇਥੇ ਕੰਮ ਕਰਦੇ ਮਿੱਤਰ-ਦੋਸਤ ਰਿਹਾੜ ਕਰਨ ਲੱਗ ਜਾਂਦੇ ਨੇ, ਜ਼ਰੂਰ ਆਓ, ਜ਼ਰੂਰ ਆਓ!" ਸਤਿਆਰਥੀ ਜੀ ਬੋਲੇ, "ਰਿਹਾੜ! ਰਿਹਾੜ! ਭੁੱਲਰ ਜੀ, ਮੁੱਦਤਾਂ ਹੋ ਗਈਆਂ ਇਹ ਆਪਣਾ ਸ਼ਬਦ ਰਿਹਾੜ ਸੁਣਿਆਂ-ਵਰਤਿਆਂ।"



*ਅਭੀ ਤੋ ਮੈਂ ਜਵਾਨ ਹੂੰ...*

ਤੇ ਉਨ੍ਹਾਂ ਨੇ ਕੱਛੇ ਮਾਰੇ ਖਰੜੇ ਦੇ ਪਹਿਲੇ ਪੰਨੇ ਉਤੇ ਰਿਹਾੜ ਲਿਖ ਲਿਆ। ਅਜਿਹਾ ਜ਼ੋਰਾਵਰ ਹੈ ਬੋਲੀ ਦਾ ਉਪਰੋਕਤ ਦਸਤੂਰ ਕਿ ਇਹ ਸਤਿਆਰਥੀ ਜੀ ਵਰਗੇ ਲੋਕਧਾਰਾ ਦੇ ਮਹਾਂਗਿਆਨੀ ਉਤੇ ਵੀ ਬਰਾਬਰ ਲਾਗੂ ਹੁੰਦਾ ਸੀ।

ਇਸ ਸੂਰਤ ਵਿਚ 60-70 ਸਾਲ ਪਹਿਲਾਂ ਸੁਣੇ-ਬੋਲੇ ਸ਼ਬਦਾਂ ਨੂੰ ਸਹਿਜੇ ਹੀ ਵਰਤਦੇ ਰਹਿਣਾ ਗਾਰਗੀ ਦੀ ਹੀ ਕਰਾਮਾਤ ਹੋ ਸਕਦੀ ਹੈ। ਅਕਸਰ ਮਿੱਤਰ ਦਿੱਲੀ ਵਿਚ ਅੱਧੀ ਸਦੀ ਤੋਂ ਰਹਿੰਦੇ ਹੋਣ ਦੇ ਬਾਵਜੂਦ ਮੇਰੀ ਪੰਜਾਬੀ ਦੀ ਨਿਰਮਲਤਾ ਦੀ ਗੱਲ ਕਰਦੇ ਹਨ। ਪਰ ਸੱਚੀ ਗੱਲ ਹੈ, ਜਦੋਂ ਗਾਰਗੀ ਦੇ ਲਿਖੇ ਅਜਿਹੇ ਸ਼ਬਦ ਪੜ੍ਹਦਾ ਹਾਂ ਜੋ ਉਹਤੋਂ ਵੀਹ ਸਾਲ ਮਗਰੋਂ ਦਿੱਲੀ ਆ ਕੇ ਮੇਰੀ ਵਰਤੋਂ ਵਿਚੋਂ ਵੀ ਕਿਰ ਗਏ ਹਨ, ਮੈਂ ਕੱਚਾ ਜਿਹਾ ਹੋ ਜਾਂਦਾ ਹਾਂ। ਮੈਂ ਜਿਸ ਨੂੰ ਪਰਖਣਾ ਜਾਂ ਅਜਮਾਉਣਾ ਕਹਿਣ ਲੱਗ ਪਿਆ ਹਾਂ, ਉਹ ਪਰਤਿਆਉਣਾ ਲਿਖਦਾ ਹੈ। ਲੱਕੜ ਵਿਚ ਛੇਕ ਕਰਨ ਨੂੰ ਉਹ ਸੱਲ ਕੱਢਣਾ ਆਖਦਾ ਹੈ। ਉਹ ਵਸਤਰਾਂ ਨੂੰ ਭੋਛਣ, ਟੀਕੇ ਨੂੰ ਸੂਆ ਤੇ ਚੌਥਾ ਬੱਚਾ ਜੰਮਣ ਨੂੰ ਚੌਥਾ ਸੂਆ ਪੈਣਾ ਕਹਿੰਦਾ ਹੈ। ਇਕ ਪਾਠਕ ਦੇ ਸਵਾਲ "ਤੁਸੀਂ ਦਿੱਲੀ ਬੈਠੇ ਪਿੰਡਾਂ ਬਾਰੇ ਕਿਵੇਂ ਲਿਖਦੇ ਓ" ਦੇ ਜਵਾਬ ਵਿਚ ਉਹ ਕਹਿੰਦਾ ਹੈ, "ਪੰਜਾਬੀ ਖਾਣਾ, ਪੰਜਾਬੀ ਜੱਫੀਆਂ, ਪੰਜਾਬੀ ਗੀਤ। ਇਕ ਵਾਰ ਬੰਦਾ ਪਿੰਡ ਵਿਚ ਜੰਮਿਆ ਹੋਵੇ, ਫਿਰ ਭਾਵੇਂ ਉਸ ਨੂੰ ਜੇਲ੍ਹ ਭੇਜ ਦੇਵੋ ਭਾਵੇਂ ਅਮਰੀਕਾ, ਉਹ ਪੰਜਾਬੀ ਨਹੀਂ ਭੁੱਲ ਸਕਦਾ। ਪੰਜਾਬੀ ਸਾਡੇ ਬੁੱਲ੍ਹਾਂ 'ਤੇ ਨਹੀਂ, ਹੱਡਾਂ ਵਿਚ ਹੈ।"



*ਮੰਨੂ 1994 ਵਿਚ ਐਸ਼ਵਰਿਆ ਰਾਇ ਅਤੇ ਦੀਪਤੀ ਭਟਨਾਗਰ ਨਾਲ, ਇਕ ਇਸ਼ਤਿਹਾਰ ਦੀ ਸੂਟਿੰਗ ਸਮੇਂ।*

ਸ਼ਬਦਾਂ ਦਾ ਇਹ ਪਾਰਖੂ ਉਨ੍ਹਾਂ ਦੀ ਟੁਣਕਾਰ ਸੁਣ ਸਕਦਾ ਸੀ, ਉਨ੍ਹਾਂ ਨੂੰ ਰਗੜ ਕੇ ਚੰਗਿਆੜੇ ਕੱਢ ਸਕਦਾ ਸੀ ਅਤੇ ਉਨ੍ਹਾਂ ਦੀ ਸ਼ਕਤੀ ਨੂੰ ਮਹਿਸੂਸ ਕਰ ਵੀ ਸਕਦਾ ਸੀ ਤੇ ਕਰਵਾ ਵੀ ਸਕਦਾ ਸੀ। ਜਿਵੇਂ ਬਾਜ਼ੀਗਰ ਇਕ ਹਥੇਲੀ ਉਤੇ ਸਾਰੇ ਸਰੀਰ ਦਾ ਭਾਰ ਪਾ ਕੇ ਉਲਟੇ ਖੜ੍ਹੇ ਹੋ ਜਾਂਦੇ ਹਨ, ਉਹ ਇਕ ਸ਼ਬਦ ਉਤੇ ਸਾਰੀ ਕਹਾਣੀ ਖੜ੍ਹੀ ਕਰ ਸਕਦਾ ਸੀ। 'ਕੜਾਕਾ ਸਿੰਘ' ਕਹਾਣੀ ਪੂਰੀ ਦੀ ਪੂਰੀ ਸਿਰਫ ਇਕ ਸ਼ਬਦ 'ਸ਼ਰਨ' ਦੇ ਸਹਾਰੇ ਟਿਕੀ ਹੋਈ ਹੈ। ਪਿੰਡ ਦੇ ਖੇਤਾਂ ਵਿਚ ਸੁੱਤੀ ਛੱਡ ਕੇ ਭੱਜ ਗਏ ਡਰਾਕਲ ਆਸ਼ਕ ਨਾਲ ਉਧਲੀ ਰਤਨੀ ਘਰ-ਦਿਆਂ ਦੇ ਗੰਡਾਸਿਆਂ ਤੋਂ ਡਰਦੀ ਜਦੋਂ ਗੁਰਦੁਆਰੇ ਦੇ ਮਹੰਤ ਕੜਾਕਾ ਸਿੰਘ ਨਿਹੰਗ ਕੋਲ ਜਾ ਕੇ ਡੁਸਕਦੀ ਹੈ, ਉਹ ਕਰੋਧ ਵਿਚ ਆ ਕੇ ਗਜਦਾ ਹੈ, "ਤੁੜਵਾ ਆਈਂ ਐਂ ਮੋਰਚਾ?... ਚਾਲੇ ਪਾ ਏਥੋਂ, ਕੁੱਤੀ!...ਜਾ ਐਥੋਂ!" ਪਰ ਜਦੋਂ ਰਤਨੀ ਆਖਦੀ ਹੈ, "ਮੈਂ ਥੋਡੀ ਸ਼ਰਨ ਆਈ ਆਂ", 'ਅਤੇ ਸੋ ਭਤੇ, ਸ਼ਰਨ ਪਰੇ ਸੋ ਤਰੇ' ਦੀ ਅਟੱਲ-ਅਡੋਲ ਪਰੰਪਰਾ ਦਾ ਵਾਰਿਸ ਨਿਹੰਗ ਕੜਾਕਾ ਸਿੰਘ ਇਕਦਮ ਬਦਲ ਜਾਂਦਾ ਹੈ। ਉਹ ਗੁਰੂ ਘਰ ਦਾ ਸੱਚਾ ਸੇਵਕ ਹੋਣ ਦੇ ਬਾਵਜੂਦ ਇਕ ਮਨੁੱਖੀ ਜਾਨ ਬਚਾਉਣ ਵਾਸਤੇ ਝੂਠੀ ਕਹਾਣੀ ਘੜਨ-ਸੁਣਾਉਣ ਤੋਂ ਵੀ ਨਹੀਂ ਝਿਜਕਦਾ ਜਿਸ ਕਰਕੇ ਰਤਨੀ ਨੂੰ ਉਹਦੇ ਘਰ ਦੇ ਵੱਢਣ ਦੀ ਥਾਂ, ਇੱਜ਼ਤ-ਮਾਣ ਤੇ ਪਿਆਰ ਨਾਲ ਘਰ ਲੈ ਜਾਂਦੇ ਹਨ।

ਗਾਰਗੀ ਵਿਚ ਕਿਸੇ ਦੇ ਬੋਲਾਂ ਦੇ ਉਡਦੇ ਟਟਆਣੇ ਫੜਨ ਦੀ ਤੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਦੇ ਜਗਦੇ-ਬਲਦੇ ਦੀਵੇ ਬਣਾ ਕੇ ਪੇਸ਼ ਕਰਨ ਦੀ ਕਮਾਲ ਸਮਰੱਥਾ ਸੀ। ਮਿਸਾਲ ਵਜੋਂ, ਉਹ ਪੁਸਤਕ 'ਨਿੰਮ ਦੇ ਪੱਤੇ' ਵਿਚਲੇ ਲੇਖ 'ਕਵਿਤਾ ਦੀ ਕੁਠਾਲੀ' ਵਿਚ ਮੋਹਨ ਸਿੰਘ ਵੱਲੋਂ ਉਹਦੇ ਸਾਹਮਣੇ ਰਚੀਆਂ ਗਈਆਂ ਤਿੰਨ ਕਵਿਤਾਵਾਂ ਦੀ ਜੰਮਣ-ਕਿਰਿਆ ਦਾ ਜੋ ਵਰਣਨ ਕਰਦਾ ਹੈ, ਉਹ ਪੰਜਾਬੀ ਵਿਚ ਸਿਰਫ ਗਾਰਗੀ ਹੀ ਕਰ ਸਕਦਾ ਸੀ; 'ਬਹੁਤ ਅਲੌਕਿਕ ਅਨੰਦ' ਵਾਲੇ ਤਜਰਬੇ ਦੀ ਇਹ ਜਾਦੂਗਰੀ ਕਿਸੇ ਹੋਰ ਲੇਖਕ ਦੇ ਵੱਸ ਦੀ ਗੱਲ ਉਕਾ ਹੀ ਨਹੀਂ। ਇਸ ਲੇਖ ਵਿਚ ਉਹ ਲਿਖਦਾ ਹੈ, "ਜਦੋਂ ਤੀਵੀਂ ਬੱਚਾ ਜੰਮਦੀ ਹੈ ਤਾਂ ਉਹ ਰਤਾ ਕੁ ਉਹਲਾ ਚਾਹੁੰਦੀ ਹੈ। ਇਸੇ ਤਰ੍ਹਾਂ ਕਵੀ ਕਵਿਤਾ ਰਚਣ ਲਈ ਰਤਾ ਕੁ ਉਹਲਾ ਜ਼ਰੂਰ ਚਾਹੁੰਦਾ ਹੈ। ਕਿਸੇ ਦੇ ਸਾਹਮਣੇ ਕਵਿਤਾ ਰਚਣੀ ਬਹੁਤ ਔਖੀ ਗੱਲ ਹੈ। ਕੋਈ ਵੱਡਾ ਕਲਾਕਾਰ ਹੀ...ਇਹ ਜਿਗਰਾ ਕਰ ਸਕਦਾ ਹੈ।...ਪੰਜਾਬੀ ਕਵੀਆਂ ਵਿਚੋਂ ਮੈਂ ਪ੍ਰੋਫੈਸਰ ਮੋਹਨ ਸਿੰਘ ਨੂੰ ਕਵਿਤਾ ਰਚਦੇ ਵੇਖਿਆ ਹੈ।" ਮੈਂ ਇਥੇ ਇਹ ਜੋੜਨਾ ਚਾਹਾਂਗਾ ਕਿ ਮੋਹਨ ਸਿੰਘ ਵਰਗੇ ਵੱਡੇ ਕਵੀ ਦੀਆਂ ਕਵਿਤਾ ਰਚਣ ਵੇਲੇ ਦੀਆਂ ਜੰਮਣ-ਪੀੜਾਂ ਤੇ ਉਸ ਵੇਲੇ ਦੀਆਂ "ਔਟਲੀਆਂ ਖ਼ਿਆਲ-ਤੰਦਾਂ, ਟੁੱਟੇ-ਭੱਜੇ ਸ਼ਬਦ-ਚਿਤਰ ਤੇ ਅਧੂਰੇ ਬੰਦ" ਆਪਣੇ ਸ਼ਬਦਾਂ ਵਿਚ ਬੰਨ੍ਹ ਵੀ ਕੋਈ ਗਾਰਗੀ ਵਰਗਾ ਵੱਡਾ ਕਲਮਕਾਰ ਹੀ ਹੋ ਸਕਦਾ ਸੀ!

ਨਾਟਕ ਖੇਡਣ ਦੀ ਅਮਲੀ ਸਿੱਖਿਆ ਉਹਨੇ ਕਾਂਗੜਾ ਵਾਦੀ ਵਿਚ ਵਸੀ ਨੋਰਾ ਰਿਚਰਡਜ਼ ਤੋਂ ਲਈ ਜੋ ਸਹੀ ਅਰਥਾਂ ਵਿਚ ਆਧੁਨਿਕ ਪੰਜਾਬੀ ਨਾਟਕ ਦੀ ਜਨਮਦਾਤੀ ਸੀ। 1876 ਵਿਚ ਆਇਰਲੈਂਡ ਵਿਚ ਜੰਮੀ ਤੇ ਪੱਛਮੀ ਨਾਟ-ਪਰੰਪਰਾ ਤੇ ਨਾਟ-ਕਲਾ ਦੀ ਗਿਆਤਾ ਨੋਰਾ 1911 ਵਿਚ ਪਤੀ ਪ੍ਰੋਫੈਸਰ ਆਈ. ਰਿਚਰਡਜ਼ ਨਾਲ ਲਾਹੌਰ ਪਹੁੰਚੀ, ਜੋ ਦਿਆਲ ਸਿੰਘ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਣ ਆਇਆ ਸੀ। ਗਾਰਗੀ ਲਿਖਦਾ ਹੈ, "ਨੋਰਾ ਨੇ ਨੌਜਵਾਨ ਵਿਦਿਆਰਥੀਆਂ ਨੂੰ ਕਾਲਜਾਂ ਵਿਚ ਅੰਗਰੇਜ਼ੀ ਨਾਟਕ ਕਰਦੇ ਦੇਖਿਆ ਤਾਂ ਉਸ ਨੂੰ ਦੁੱਖ ਹੋਇਆ। ਉਸ ਦਾ ਵਿਸ਼ਵਾਸ ਸੀ ਕਿ ਪੰਜਾਬੀ ਲੋਕਾਂ ਨੂੰ ਅੰਗਰੇਜ਼ੀ ਵਿਚ ਨਹੀਂ, ਪੰਜਾਬੀ ਵਿਚ ਨਾਟਕ ਲਿਖਣੇ ਤੇ ਖੇਡਣੇ ਚਾਹੀਦੇ ਹਨ।" ਉਹਨੇ ਅੰਗਰੇਜ਼ੀ ਦੇ ਬੋਲਬਾਲੇ ਦੇ ਮਾਹੌਲ ਦੇ ਐਨ ਵਿਚਕਾਰ "ਪੰਜਾਬੀ ਵਲਵਲੇ ਤੇ ਬੋਲੀ ਦੇ

(ਬਾਕੀ ਅਗਲੇ ਸਫੇ 'ਤੇ)

# ਹਾੜ੍ਹ ਕਢਾਵੇ ਹਾੜੇ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬ ਵਿਚ ਹਾੜ੍ਹ ਦਾ ਮਹੀਨਾ ਸਭ ਤੋਂ ਗਰਮ ਮੰਨਿਆ ਜਾਂਦਾ ਹੈ। ਲੋਕ ਮਨ ਵਿਚ ਤਾਂ ਗਰਮੀ ਦੀ ਰੁੱਤ ਦਾ ਨਾਂ ਹੀ ਜੇਠ-ਹਾੜ੍ਹ ਹੈ। ਅਖਾਣ ਕਦੇ ਝੂਠ ਨਹੀਂ ਬੋਲਦੇ, ਇਸ ਲਈ "ਜੇਠ ਹਾੜ੍ਹ ਕੁੱਖੀਂ, ਸਾਉਣ ਭਾਦੋਂ ਰੁੱਖੀਂ" ਦੀ ਸੱਚਾਈ ਅੱਜ ਵੀ ਕਾਇਮ ਹੈ। ਭਾਵ ਇਨ੍ਹਾਂ ਮਹੀਨਿਆਂ ਵਿਚ ਘਰੋਂ ਬਾਹਰ ਏਨੀਆਂ ਲੋਆਂ ਵਗਦੀਆਂ ਹਨ ਕਿ ਲੋਕ ਸਿਆਣਪ ਬਾਹਰ ਨਿਕਲਣ ਤੋਂ ਵਰਜਦੀ ਹੈ। ਇਸ ਮਹੀਨੇ ਦੀ ਤਾਸੀਰ ਸਰਦੀ ਦੇ ਉਲਟ ਹੁੰਦਿਆਂ ਵੀ ਇਹ ਕੰਬਣੀ ਲਾ ਦਿੰਦਾ ਹੈ, "ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।" 'ਤੱਤੀ ਵਾਅ' ਮੁਹਾਵਰਾ ਇਸੇ ਅਨੁਭਵ 'ਚੋਂ ਹੀ ਉਤਪੰਨ ਹੋਇਆ। ਕਹਿੰਦੇ ਹਨ, ਹਾੜ੍ਹਾਂ ਵਿਚ ਤਾਂ ਕਾਂ ਦੀ ਵੀ ਅੱਖ ਨਿਕਲਦੀ ਜਾਂਦੀ ਹੈ। ਦਿਲਚਸਪ ਗੱਲ ਹੈ ਕਿ ਦੇਸੀ ਮਹੀਨਿਆਂ ਵਿਚੋਂ ਹਾੜ੍ਹ ਹੀ ਐਸਾ ਮਹੀਨਾ ਹੈ ਜਿਸ ਦਾ ਬਹੁਵਚਨ ਬਣਾਇਆ ਜਾ ਸਕਦਾ ਹੈ। ਕੀ ਇਸ ਨੂੰ ਇਸ ਮਹੀਨੇ ਪੈਂਦੀ ਸੌ ਭਠ ਗਰਮੀ ਪ੍ਰਗਟਾਉਣ ਦੀ ਲੋਕ-ਜੁਗਤ ਕਿਹਾ ਜਾ ਸਕਦਾ ਹੈ? ਗੁਰੂ ਨਾਨਕ ਦੇਵ ਜੀ ਨੇ ਇਸ ਮਹੀਨੇ ਦੀ ਅਤਿਤਾਈ ਦਾ ਸੁੰਦਰ ਵਰਣਨ ਕੀਤਾ ਹੈ,

ਆਸਾੜੁ ਭਲਾ ਸੂਰਜੁ ਗਗਨ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨ ਭਖੈ॥
ਅਗਨ ਰਸੁ ਸੋਖੈ ਮਰੀਐ
ਧੋਖੈ ਭੀ ਸੋ ਕਿਰਤੁ ਨ ਹਾਰੈ॥
ਰਥੁ ਫਿਰੈ ਛਾਇਆ ਧਨ ਤਾਕੈ
ਟੀਡੁ ਲਵੈ ਮੰਝਿ ਮਾਰੈ॥

ਆਖਰੀ ਤੁਕ ਦਾ ਭਾਵ ਹੈ ਕਿ ਆਸਾੜ (ਹਾੜ੍ਹ) ਮਹੀਨੇ ਸੂਰਜ ਦੇ ਰਥ ਰੂਪੀ ਤਪੇ ਹੋਏ ਗੋਲੇ ਦਾ ਇੰਨਾ ਕਹਿਰ ਹੁੰਦਾ ਹੈ ਕਿ ਇਸ ਤੋਂ ਬਚਣ ਲਈ ਮਾੜੇ-ਧੀੜੇ ਲੋਕ ਰੁੱਖਾਂ ਦੀ ਛਾਂ ਭਾਲਦੇ ਫਿਰਦੇ ਹਨ। ਬੀਂਡੇ ਵੀ ਰੁੱਖਾਂ ਦੀ ਛਾਂ ਹੇਠ ਗਰਮੀ ਦੇ ਸਤੇ ਹੋਏ ਟੀਂ-ਟੀਂ ਕਰਦੇ ਹਨ। ਹਾੜ੍ਹ ਮਹੀਨੇ ਕੀਟ-ਪਤੰਗਿਆਂ ਦੀਆਂ ਅਜਿਹੀਆਂ ਅਵਾਜ਼ਾਂ ਕਾਰਨ ਹੀ ਸ਼ਾਇਦ ਹਾੜ੍ਹ ਬੋਲਦਾ ਮੁਹਾਵਰਾ ਬਣਿਆ ਹੈ। ਗੁਰੂ ਨਾਨਕ ਦੇਵ ਜੀ ਦੀਆਂ ਉਪਰੋਕਤ ਸਤਰਾਂ ਨੂੰ ਮੈਂ ਵਾਰ ਵਾਰ ਪਾਠ ਦੀ ਤਰ੍ਹਾਂ ਪੜ੍ਹਦਾ ਅਕਸਰ ਹੀ ਮੰਤਰ ਮੁਗਧ ਹੋ ਜਾਂਦਾ ਹਾਂ। ਭਾਰਤ ਵਿਚ ਸੂਰਜ ਨੂੰ ਪ੍ਰਾਚੀਨ ਸਮੇਂ ਤੋਂ ਰਥ ਦੇ ਰੂਪ ਵਿਚ ਕਲਪਿਆ ਗਿਆ ਹੈ। ਭਾਰਤੀ ਮਿਥਾਂ ਵਿਚ ਸੂਰਜ ਨੂੰ ਸੱਤ ਘੋੜਿਆਂ ਦੁਆਰਾ ਖਿਚਿਆ ਜਾਣ ਵਾਲਾ ਰਥ ਦਰਸਾਇਆ ਗਿਆ ਹੈ। ਉੜੀਸਾ ਵਿਚ ਕੋਨਾਰਕ ਵਿਖੇ ਸਥਾਪਤ ਪ੍ਰਾਚੀਨ ਸੂਰਜ ਮੰਦਰ ਵਿਚ ਸੂਰਜ ਨੂੰ ਇਕ ਰਥ ਦੇ ਰੂਪ ਵਿਚ ਹੀ ਤਰਾਸ਼ਿਆ ਗਿਆ ਹੈ। ਪਰ ਇਸ ਨੂੰ ਕਹਿਰਵਾਨ ਰੂਪ ਵਿਚ ਪੇਸ਼ ਕਰਨਾ ਬਾਬੇ ਨਾਨਕ ਦੀ ਕਾਵਿ-ਕੌਸ਼ਲਤਾ ਦਾ ਹੀ ਕਮਾਲ ਹੈ। ਮੈਨੂੰ ਜਗਨ ਨਾਥ ਪੁਰੀ ਦੇ ਰਥ ਦੀ ਯਾਦ ਆਉਂਦੀ ਹੈ। ਇਥੇ ਹਰ ਸਾਲ ਜਗਨ ਨਾਥ, ਉਸ ਦੇ ਵੱਡੇ ਭਰਾ ਬਲਭਦਰ ਅਤੇ ਭੈਣ ਸੁਭਦਰਾ ਦੀਆਂ ਮੂਰਤੀਆਂ ਨੂੰ ਇਕ ਵੱਡੇ ਰੱਥ ਵਿਚ ਬਰਾਜਮਾਨ ਕਰਕੇ ਸ਼ਹਿਰ ਵਿਚ ਜਲੂਸ ਕੱਢਿਆ ਜਾਂਦਾ ਹੈ। ਭਾਰੀ ਭਰਕਮ ਰਥ ਨੂੰ ਇਸ ਦੇ ਭਗਤ ਆਪਣੇ ਹੱਥਾਂ ਨਾਲ ਖਿਚਦੇ ਹਨ। ਉਨ੍ਹਾਂ ਵਿਚ ਇੰਨੀ ਸ਼ਰਧਾ ਹੁੰਦੀ ਹੈ ਕਿ ਕਈ ਇਸ ਦੇ ਪਹੀਆਂ ਹੇਠ ਦਰੜੇ ਜਾਂਦੇ ਹਨ। ਅੰਗਰੇਜ਼ਾਂ ਨੇ ਇਸੇ ਤੋਂ car of juggernaut ਮੁਹਾਵਰਾ ਬਣਾਇਆ। ਇਥੇ ਜਗਰਨੌਟ ਜਗਨ ਨਾਥ (ਜਗਤ



ਦਾ ਰਖਵਾਲਾ, ਵਿਸ਼ਨੂੰ) ਨੂੰ ਕਿਹਾ ਗਿਆ ਹੈ ਜਿਸ ਦਾ ਅਵਤਾਰ ਕ੍ਰਿਸ਼ਨ ਸੀ। ਇਹ ਮੁਹਾਵਰਾ ਕਿਸੇ ਅਜਿਹੇ ਵਰਤਾਰੇ, ਵਿਅਕਤੀ ਜਾਂ ਵਿਚਾਰ ਵੱਲ ਸੰਕੇਤ ਕਰਦਾ ਹੈ ਜੋ ਆਪਣੀ ਜ਼ਬਰਦਸਤ ਸ਼ਕਤੀ ਨਾਲ ਜ਼ਿੰਦਗੀ ਦੇ ਕਿਸੇ ਖੇਤਰ ਵਿਚ ਵਿਆਪਕ ਅਤੇ ਹੂੰਝਾ-ਫੇਰੂ ਪ੍ਰਭਾਵ ਪਾਉਂਦੇ ਹੋਣ। ਇਹ ਪ੍ਰਭਾਵ ਨਾਕਾਰਾਤਮਕ ਅਤੇ ਸਾਕਾਰਾਤਮਕ-ਦੋਵੇਂ ਤਰ੍ਹਾਂ ਦੇ ਹੋ ਸਕਦੇ ਹਨ। ਕਾਰਲ ਮਾਰਕਸ ਨੇ ਪੂੰਜੀਵਾਦੀ ਪ੍ਰਬੰਧ ਦੀ ਜਕੜਬੰਦ ਦੇ ਕਠੋਰ ਅਤੇ ਦੂਰ-ਰਸ ਪਰਿਣਾਮ ਦਰਸਾਉਣ ਲਈ ਇਸ ਮੁਹਾਵਰੇ ਦੀ ਦੋ ਵਾਰੀ ਵਰਤੋਂ ਕੀਤੀ ਹੈ। ਖੁਦ ਮਾਰਕਸਵਾਦ ਦਾ ਦੁਨੀਆਂ ਭਰ ਵਿਚ ਜਗਨਨਾਥ ਦੇ ਰਥ ਦੀ ਤਰ੍ਹਾਂ ਹੀ ਗਲਬਾ ਰਿਹਾ ਹੈ। ਦਰਅਸਲ 14ਵੀਂ ਸਦੀ ਦੇ ਇਕ ਸਫਰਨਾਮੇ "ਸਰ ਜੌਨ ਮੈਂਡਵਿਲ ਦੀਆਂ ਯਾਤਰਾਵਾਂ" ਵਿਚ ਪੁਰੀ ਦੀ ਰਥ ਯਾਤਰਾ ਦਾ ਜ਼ਿਕਰ ਹੋਇਆ ਹੈ। ਇਸ ਵਿਚ ਹਿੰਦੂਆਂ ਨੂੰ ਇਕ ਧਾਰਮਿਕ ਬਲਿਦਾਨ ਦੇ ਰੂਪ ਵਿਚ ਦਰਸਾਇਆ ਗਿਆ ਹੈ ਜੋ ਆਪਣੇ ਆਪ ਨੂੰ ਇਸ ਵਿਸ਼ਾਲ ਰਥ ਦੇ ਪਹੀਆਂ ਹੇਠ ਅਰਪਣ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਉਸ ਤੋਂ ਕੋਈ ਸੌ ਕੁ ਸਾਲ ਬਾਅਦ ਵਿਚ ਹੋਏ।

ਗੁਰਬਾਣੀ ਵਿਚ ਹਾੜ੍ਹ ਮਹੀਨੇ ਲਈ ਅਸਾੜ ਸ਼ਬਦ ਦੀ ਵਰਤੋਂ ਹੈ। ਹਾੜ੍ਹ ਦੇ ਮਹੀਨੇ ਤਾਈਂ ਹਾੜ੍ਹੀ ਦੀ ਫਸਲ ਜਿਸ ਨੂੰ ਹਾੜੂ ਵੀ ਕਿਹਾ ਜਾਂਦਾ ਹੈ, ਵੱਢੀ ਜਾ ਚੁੱਕੀ ਹੁੰਦੀ ਹੈ ਤੇ ਸਾਉਣੀ ਬੀਜ ਲਈ ਜਾਂਦੀ ਹੈ। ਇਸ ਨੂੰ ਜੱਟ ਬੁਧੀ ਹੀ ਕਿਹਾ ਜਾਵੇਗਾ ਕਿ ਹਾੜ ਵਿਚ ਸਮੇਟੀ ਜਾਣ ਵਾਲੀ ਫਸਲ ਨੂੰ ਹਾੜ੍ਹੀ ਕਿਹਾ ਜਾਂਦਾ ਹੈ ਜਦ ਕਿ ਤੁਰੰਤ ਬਾਅਦ ਆਉਂਦੇ ਮਹੀਨੇ ਸਾਵਣ ਵਿਚ ਬੀਜੀ ਜਾਣ ਵਾਲੀ ਫਸਲ ਨੂੰ ਸਾਉਣੀ ਕਿਹਾ ਜਾਂਦਾ ਹੈ। ਇਉਂ ਲਗਦਾ ਹੈ ਕਿ ਰਬੀ ਸਮੇਟਣ ਅਤੇ ਖਰੀਫ ਬੀਜਣ ਦੀਆਂ ਸਰਗਰਮੀਆਂ ਨਾਲੋ ਨਾਲ ਹੋਣ ਕਾਰਨ ਇਨ੍ਹਾਂ ਨੂੰ ਹਾੜੀ-ਸਾਉਣੀ ਕਿਹਾ ਜਾਣ ਲੱਗਾ ਜੋ ਬਾਅਦ ਵਿਚ ਜਾ ਕੇ ਦੋ ਅਲੱਗ ਅਲੱਗ ਤੌਰ 'ਤੇ ਰਬੀ ਤੇ ਖਰੀਫ਼ ਦੇ ਅਰਥਾਂ ਵਜੋਂ ਰੂੜ ਹੋ ਗਏ। ਉਂਜ ਜੇਠ-ਹਾੜ ਦੀ ਤਰ੍ਹਾਂ ਹਾੜ੍ਹ-ਸੌਣ ਕੋਈ ਸ਼ਬਦ ਜੁੱਟ ਨਹੀਂ ਕਿਉਂਕਿ ਹਾੜ੍ਹ ਦੀ ਗਰਮੀ ਤੋਂ ਬਾਅਦ ਸੌਣ ਦਾ ਸੁਹਾਵਣਾ ਮੌਸਮ ਸ਼ੁਰੂ ਹੋ ਜਾਂਦਾ ਹੈ। ਪਰ ਫਸਲਾਂ ਦੇ ਪ੍ਰਸੰਗ ਵਿਚ ਅਸੀਂ ਹਾੜੀ-ਸਾਉਣੀ ਕਹਿੰਦੇ ਹਾਂ। "ਨਾ ਹਾੜ ਸੁੱਕੇ ਨਾ ਸਾਉਣ ਹਰੇ" ਵਿਚ ਦੋਨੋਂ ਲਾਗਲੇ ਮਹੀਨੇ ਟਕਰਾਵੇਂ ਰੂਪ ਵਿਚ ਆਉਂਦੇ ਹਨ। ਹਾੜ ਮਹੀਨੇ ਧਰਤੀ ਰੱਕੜ ਬਣ ਜਾਂਦੀ ਹੈ, ਸ਼ਿਵਚਰਨ ਜੱਗੀ ਦੀ ਤਸ਼ਬੀਹ ਦੇਖੋ, "ਦਾਹੜੀ ਵਿਚ ਪਏ ਡੱਬ ਹਾੜ ਮਹੀਨੇ ਖੇਤ ਖੜ੍ਹੀ ਇੱਟਸਿੱਟ ਵਰਗੇ ਲੱਗਦੇ ਸਨ।"

ਹਲ ਵਾਹੁਣਾ ਸੌਖਾ ਕੰਮ ਨਹੀਂ ਪਰ ਰੱਕੜ ਭੋਇੰ ਨੂੰ ਤੋੜ ਕੇ ਬੀਜ ਪੁੰਗਰਾਉਣ ਲਈ ਇਸ ਦੀ ਜ਼ਰੂਰਤ ਹੈ। ਇਸ ਲਈ ਇਸ ਮਹੀਨੇ ਇਕ ਵਾਰੀ ਵੀ ਹਲ ਵਾਹੁਣਾ ਅੱਸੂ ਮਹੀਨੇ ਵਿਚ ਸੌ ਵਾਰੀ ਵਾਹੇ ਦੇ ਬਰਾਬਰ ਹੈ, "ਹਾੜ ਦਾ ਇਕ, ਸਾਵਣ ਦੇ ਦੋ, ਭਾਦੋਂ ਦੇ ਤ੍ਰੈ ਤੇ ਅੱਸੂ ਦਾ ਸੌ।" "ਹਾੜ ਨਾ ਵਾਹੀ ਹਾੜੀ, ਫਿਟ ਭੜੂਏ ਦੀ ਦਾਅੜੀ" ਭਾਵ ਜਿਸ ਕਿਸਾਨ ਨੇ ਹਾੜ ਵਿਚ ਪੈਲੀ ਨਹੀਂ ਵਾਹੀ, ਉਹ ਵਧੀਆ ਝਾੜ ਹਾਸਲ ਨਹੀਂ ਕਰ ਸਕੇਗਾ। ਹਾੜ ਤੋਂ ਹੀ ਹਾੜੀ ਸ਼ਬਦ ਰਬੀ ਦੀ ਫਸਲ ਲਈ ਵਰਤਿਆ ਜਾਂਦਾ ਹੈ ਅਰਥਾਤ ਜੋ ਫਸਲ ਅੱਸੂ ਕੱਤਕ ਵਿਚ ਬੀਜੀ ਜਾਏ। ਹਾੜੀ ਦੀ ਫਸਲ ਦੇ ਹਾਲੇ ਨੂੰ ਵੀ ਹਾੜੀ ਕਹਿੰਦੇ ਹਨ। ਜੇਠ ਤੇ ਹਾੜ ਦੇ ਕਹਿਰ ਬਾਰੇ ਲੋਕ ਗੀਤਾਂ ਤੇ ਸਾਹਿਤ 'ਚ ਬਹੁਤ ਕੁਝ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਕਵੀਸ਼ਰੀ ਦੇ ਧਨੀ ਬਾਬੂ ਰਜਬ ਅਲੀ ਦਾ ਕਲਾਮ ਹੈ,

ਅੜੇ ਅੰਗਰੇਜ, ਲਾਉਣ ਨਾ ਮੇਜ਼।
ਗੇਟਾਂ ਨੂੰ ਜੰਦਰੇ, ਹਾੜ ਨੂੰ ਅੰਦਰੇ।

ਸ਼ਿਵ ਕੁਮਾਰ ਨੇ 'ਲੂਣਾ' ਦਾ ਸੰਤਾਪ ਬਿਆਨਣ ਲਈ ਕਿੱਡਾ ਅਨੋਖਾ ਅਤੇ ਇੰਦਰਾਵੀ ਬਿੰਬ ਵਰਤਿਆ ਹੈ,

ਇਕ ਛਾਤੀ ਮੇਰਾ ਹਾੜ ਤਪੰਦਾ,
ਇਕ ਤਪੰਦਾ ਜੇਠ।
ਮੈਂ ਅੱਗ ਤੁਰੀ ਪਰਦੇਸ,
ਨੀ ਮੈਂ ਅੱਗ ਤੁਰੀ ਪਰਦੇਸ।

ਪੰਜਾਬੀ ਦੇ ਇਸ ਹਾਇਕੂ ਯੁਗ ਵਿਚ ਹੋਰ ਪ੍ਰਾਕ੍ਰਿਤਕ ਵਰਤਾਰਿਆਂ ਦੇ ਨਾਲ ਨਾਲ ਹਾੜ ਬਾਰੇ ਵੀ ਕਾਫੀ ਰਚਨਾ ਹੋਈ ਹੈ, ਦਵਿੰਦਰ ਕੌਰ ਸਿੱਧੂ ਦਾ ਕਲਾਮ ਦੇਖੋ,

ਹਾੜ ਹਠੀਲਾ
ਆ ਵੇ ਸਾਉਣ ਵੀਰਾ
ਅਰਜ਼ ਕਰਾਂ।
---
ਅੱਗ ਵਰ੍ਹਦੀ
ਰੁਖ ਹਰਿਆ ਨਾਹੀਂ
ਛਾਂਵਾਂ ਗੁੰਮੀਆਂ।
---
ਧਰਤ ਤ੍ਰੇਹੀ
ਝੋਲੀ ਖਾਲੀ ਕਾਮੇ ਦੀ
ਰੱਬਾ ਮੀਂਹ ਦੇ।

ਲੋਕ ਰਾਜ ਹਾੜ ਦੀਆਂ ਰਾਤਾਂ ਦਾ ਚਿਤਰ ਖਿਚਦਾ ਹੈ,

ਹਾੜ੍ਹਾਂ ਦੀ ਰਾਤ
ਛੱਤ ਤੇ ਚਾੜ੍ਹੇ ਮੰਜੇ
ਬਿਜਲੀ ਕੱਟ।

ਉਂਜ ਹਾੜ੍ਹ ਜਦੋਂ ਅੱਧਾ ਕੁ ਟੱਪ ਜਾਂਦਾ ਹੈ ਤਾਂ ਅਸੀਂ ਰਾਤਾਂ ਨੂੰ ਕੋਠੇ ਭੁੰਨੇ ਹੀ ਹੁੰਦੇ ਰਹਿੰਦੇ ਹਾਂ। ਅਸਲ ਵਿਚ ਤਾਂ ਇਸ ਨੂੰ ਬਰਸਾਤ ਦਾ ਵੀ ਪਹਿਲਾ ਮਹੀਨਾ ਮੰਨਿਆ ਜਾਂਦਾ ਹੈ। ਹਿੰਦੀ ਲੇਖਕ ਮੋਹਨ ਰਾਕੇਸ਼ ਦੀ ਪ੍ਰਸਿਧ ਰਚਨਾ, "ਅਸ਼ਾੜ ਕਾ ਏਕ ਦਿਨ" ਵਿਚ ਹਾੜ ਨੂੰ ਬਰਸਾਤ ਦਾ ਸ਼ੁਰੂਆਤੀ ਮਹੀਨਾ ਮੰਨਣ ਕਾਰਨ ਹੀ ਇਹ ਨਾਂ ਰੱਖਿਆ ਗਿਆ ਹੈ। ਇਹ ਨਾਟਕ ਕਾਲੀਦਾਸ ਦੇ ਨਾਟਕ "ਮੇਘਦੂਤ" ਦੀਆਂ ਅਰੰਭਲੀਆਂ ਸਤਰਾਂ ਨਾਲ ਸ਼ੁਰੂ ਹੁੰਦਾ ਹੈ।

ਹਾੜ੍ਹ ਦੀ ਪੁੰਨਿਆ ਨੂੰ ਪਵਿਤਰ ਮੰਨਿਆ ਜਾਂਦਾ ਹੈ। ਪੁੰਨਿਆ ਉਤਰ ਆਸ਼ਾੜ ਨਛੱਤਰ ਦੌਰਾਨ ਆਵੇ ਤਾਂ ਪੂਜਾ ਅਰਚਨਾ ਦਾ ਵਿਸ਼ੇਸ਼ ਵਿਧਾਨ ਹੈ। ਖਾਣ-ਪੀਣ ਵਾਲੀਆਂ ਵਸਤਾਂ ਦਾ ਦਾਨ ਕਰਨ ਨਾਲ ਬੁਧੀ ਬਲ ਮਿਲਦਾ ਹੈ। ਵਿਸ਼ਵਾਸ ਮੁਤਾਬਕ ਹਿੰਦੂ ਦੇਵਤਾ ਹਾੜ੍ਹ ਦੇ ਮਹੀਨੇ ਤੋਂ ਚਾਰ ਮਹੀਨਿਆਂ ਲਈ ਵਿਸ਼ਰਾਮ ਕਰਨ ਚਲੇ ਜਾਂਦੇ ਹਨ। ਇਸ ਨੂੰ ਚਤੁਰਮਾਸ ਕਿਹਾ ਜਾਂਦਾ ਹੈ। ਸਪਸ਼ਟ ਹੈ ਇਨ੍ਹਾਂ ਮਹੀਨਿਆਂ ਵਿਚ ਦੇਵਤਿਆਂ ਨੂੰ ਵੀ ਗਰਮੀ ਲਗਦੀ ਹੈ। ਇਸ ਸਮੇਂ ਦੌਰਾਨ ਮੰਗਲ ਕਾਰਜ ਵਿਵਰਜਿਤ ਹਨ।

ਗੁਰਬਾਣੀ ਵਿਚ ਹਾੜ੍ਹ ਸ਼ਬਦ ਦੇ ਅਖਾੜ, ਅਸਾੜ ਅਤੇ ਅਹਾੜ ਰੂਪ ਮਿਲਦੇ ਹਨ, "ਫਸਲ ਅਹਾੜੀ ਏਕ ਨਾਮੁ ਸਾਵਣੀ ਸਚੁ ਨਾਉ" (ਗੁਰੂ ਨਾਨਕ ਦੇਵ)। ਭਾਵ ਮੈਂ ਤਾਂ ਨਾਮ ਨੂੰ ਹੀ ਹਾੜੀ ਸਾਉਣੀ ਦੀ ਫਸਲ ਬਣਾ ਲਿਆ ਹੈ। ਗੁਰੂ ਅਰਜਨ ਦੇਵ ਨੇ ਅਸਾੜ ਸ਼ਬਦ ਵਰਤਿਆ ਹੈ, "ਅਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰ ਚਰਣ ਨਿਵਾਸ" ਅਰਥਾਤ ਜਿਸ ਦਾ ਹਿਰਦਾ ਪਰਮਾਤਮਾ ਦੇ ਨਾਂ ਨਾਲ ਜੁੜਿਆ ਹੋਇਆ ਹੈ ਉਸ ਨੂੰ ਹਾੜ ਦੀ ਤਪਸ਼ ਵੀ ਸੁਹਾਵਣੀ ਲਗਦੀ ਹੈ। ਹਾੜ ਸ਼ਬਦ ਦਾ ਸੰਸਕ੍ਰਿਤ ਰੂਪ ਹੈ 'ਅਸਾਢ।' ਇਸ ਮਹੀਨੇ ਦੀ ਪੁੰਨਿਆ ਨੂੰ ਚੰਦਰਮਾ ਇਸੇ ਨਾਂ ਦੇ ਨਛੱਤਰ ਕੋਲ ਹੁੰਦਾ ਹੈ। ਇਸ ਸ਼ਬਦ ਦਾ ਪ੍ਰਾਕ੍ਰਿਤ ਰੂਪ ਆਸਾੜ ਹੈ। ਭਾਰਤ ਦੀਆਂ ਬਹੁਤ ਸਾਰੀਆਂ ਆਰਿਆਈ ਭਾਸ਼ਾਵਾਂ ਵਿਚ ਥੋੜੇ ਬਹੁਤੇ ਫਰਕ ਨਾਲ ਪੰਜਾਬੀ ਵਾਲੇ ਰੂਪ ਹੀ ਮਿਲਦੇ ਹਨ। ਪਾਲੀ ਵਿਚ ਅਸਾਲ੍ਹਾ ਹੈ। ਡੋਗਰੀ ਵਿਚ ਆੜ ਰੂਪ ਵੀ ਹੈ। ਕੁਝ ਭਾਸ਼ਾਵਾਂ ਵਿਚ ਇਸ ਮੌਸਮ ਵਿਚ ਹੁੰਦੇ ਪੌਦਿਆਂ ਦੇ ਨਾਂ ਵੀ ਇਸ ਪ੍ਰਕਾਰ ਦੇ ਹਨ। ਮਿਸਾਲ ਵਜੋਂ ਲਹਿੰਦਾ ਵਿਚ 'ਸਾਰੀ' ਸ਼ਬਦ ਖੁਰਮਾਨੀ ਲਈ ਵਰਤਿਆ ਜਾਂਦਾ ਹੈ। ਇਸ ਸ਼ਬਦ ਦੇ ਮੈਨੂੰ ਹੋਰ ਭਾਸ਼ਾਵਾਂ ਵਿਚ ਬਹੁਤੇ ਸੁਜਾਤੀ ਸ਼ਬਦ ਨਹੀਂ ਮਿਲੇ। ਅਜਿਹਾ ਵੀ ਹੁੰਦਾ ਹੈ। ਅਜੇ ਇਕ ਵਾਰੀ ਹੋਰ ਭਾਸ਼ਾ-ਸਮੁੰਦਰ ਹੰਘਾਲਾਂਗਾ।

# ਪੰਜਾਬੀ ਦਾ 'ਅਨਪੜ੍ਹ' ਮਹਾਂ-ਗਿਆਨੀ!

(ਪਿਛਲੇ ਸਫੇ ਦੀ ਬਾਕੀ)

ਗੁਣਾਂ ਨੂੰ ਸਲਾਹਿਆ।" ਉਹਨੇ ਵਿਦਿਆਰਥੀਆਂ ਨੂੰ ਨਾਟਕ ਲਿਖਣ ਤੇ ਖੇਡਣ ਦੀ ਕਲਾ ਸਿਖਾਉਣੀ ਸ਼ੁਰੂ ਕਰ ਦਿੱਤੀ।

ਉਹਨੇ ਆਪਣੇ ਸ਼ਿਸ਼ਾਂ ਲਈ ਦੇਸੀ ਵਿਸ਼ਾ, ਬੋਲੀ ਤੇ ਮਾਹੌਲ ਲੈ ਕੇ ਇਕ ਗਿੰਨੀ ਇਨਾਮ ਨਾਲ ਮੌਲਿਕ ਨਾਟਕ ਲਿਖਣ ਦਾ ਮੁਕਾਬਲਾ ਰੱਖਿਆ। ਇਹ ਇਨਾਮ ਅੱਗੇ ਚੱਲ ਕੇ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਬਣੇ ਆਈ. ਸੀ. ਨੰਦਾ ਨੇ 'ਦੁਲਹਨ' ਲਿਖ ਕੇ ਹਾਸਲ ਕੀਤਾ। ਅਗਲੇ ਸਾਲ ਦੇ ਮੁਕਾਬਲੇ ਵਿਚ ਨੰਦਾ ਨੇ 'ਬੇਬੇ ਰਾਮ ਭਜਨੀ' ਲਿਖ ਕੇ ਦੂਜਾ ਇਨਾਮ ਹਾਸਲ ਕੀਤਾ। 1914 ਵਿਚ ਨੋਰਾ ਨੇ 'ਦੁਲਹਨ' ਆਪ ਨਿਰਦੇਸ਼ਨ ਦੇ ਕੇ ਖੇਡਿਆ ਅਤੇ ਆਧੁਨਿਕ ਪੰਜਾਬੀ ਨਾਟ-ਮੰਚ ਦੀ ਬੁਨਿਆਦ ਰੱਖੀ। 1920 ਵਿਚ ਚੁਤਾਲੀ ਸਾਲ ਦੀ ਉਮਰ ਵਿਚ ਵਿਧਵਾ ਹੋਈ ਨੋਰਾ ਨੇ ਕੁਛ ਸਮੇਂ ਦੀ ਇੰਗਲੈਂਡ ਫੇਰੀ ਮਗਰੋਂ ਕਾਂਗੜਾ ਵਾਦੀ ਦੇ ਪਿੰਡ ਅੰਦਰੇਟਾ ਵਿਚ 15 ਏਕੜ ਜ਼ਮੀਨ ਵਲਾਇਤ ਮੁੜਦੇ ਇਕ ਅੰਗਰੇਜ਼ ਤੋਂ ਖ਼ਰੀਦੀ ਅਤੇ ਉਸ ਵਿਚ ਛੱਪਰ ਦੀ ਛੱਤ ਵਾਲਾ ਕੱਚਾ ਘਰ, ਖੁੱਲ੍ਹਾ ਕੱਚਾ ਮੰਚ ਤੇ ਸ਼ਿਸ਼ਾਂ ਲਈ ਕੱਚੀਆਂ ਕੁੱਲੀਆਂ ਉਸਾਰ ਕੇ ਪੰਜਾਬੀ ਨਾਟਕ ਦੇ ਵਿਕਾਸ ਵਾਸਤੇ ਅਡੋਲ ਤਪੱਸਿਆ ਕਰਨ ਲੱਗ ਪਈ। ਉਹ ਪੇਂਡੂਆਂ ਵਿਚਕਾਰ ਪੇਂਡੂ ਬਣ ਕੇ ਖੱਦਰ ਪਾਉਂਦੀ ਤੇ ਮਿੱਟੀ ਦੇ ਭਾਂਡਿਆਂ ਵਿਚ ਪਕਾਉਂਦੀ-ਖਾਂਦੀ। 1911 ਤੋਂ 1971 ਤੱਕ ਦੇ ਸੱਠ ਸਾਲ ਪੰਜਾਬੀ ਨਾਟਕ ਦੇ ਲੇਖੇ ਲਾ ਕੇ ਇਹ ਮੰਚ-ਤਪੱਸਵੀ 3 ਮਾਰਚ 1971 ਨੂੰ ਪੂਰੀ ਹੋ ਗਈ। ਇਹ ਗੱਲ ਚੰਗੀ ਹੋਈ ਕਿ ਪੰਜਾਬੀ ਯੂਨੀਵਰਸਿਟੀ ਨੇ ਉਹਦੇ ਜਿਉਂਦੇ-ਜੀਅ 1970 ਵਿਚ ਡੀ. ਲਿਟ. ਦੀ ਡਿਗਰੀ ਭੇਟ ਕਰ ਕੇ ਉਸ ਦਾ ਸਨਮਾਨ ਕਰ ਦਿੱਤਾ।

ਇਉਂ ਆਧੁਨਿਕ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਨੰਦਾ ਨੂੰ ਮੋਢੀ ਨਾਟਕਕਾਰ, 'ਦੁਲਹਨ' ਨੂੰ ਮੋਢੀ ਨਾਟਕ ਅਤੇ ਨੋਰਾ ਨੂੰ ਮੋਢੀ ਨਿਰਮਾਤਾ-ਨਿਰਦੇਸ਼ਕ ਬਣਨ ਦਾ ਮਾਣ ਮਿਲਿਆ। ਗਾਰਗੀ ਨੋਰਾ ਨੂੰ ਗੁਰੂ ਮੰਨਦਾ ਸੀ ਅਤੇ 'ਪੰਜਾਬੀ ਨਾਟਕ ਦੀ ਨਕੜਦਾਦੀ' ਆਖਦਾ ਸੀ। ਉਹਨੇ ਦਾਦੀ-ਪੜਦਾਦੀ ਤੋਂ ਇਕ ਪੀੜ੍ਹੀ ਹੋਰ ਪਿੱਛੇ ਜਾ ਕੇ ਨੋਰਾ ਨੂੰ ਨਕੜਦਾਦੀ ਐਵੇਂ ਭਾਸ਼ਾਈ ਟੁਣਕਾਰ ਪੈਦਾ ਕਰਨ ਲਈ ਹੀ ਨਹੀਂ ਸੀ ਲਿਖ ਦਿੱਤਾ, ਉਹ ਸੀ ਹੀ ਪੰਜਾਬੀ ਨਾਟਕ ਦੀ ਨਕੜਦਾਦੀ। ਉਹਦੇ ਸ਼ਿਸ਼ਾਂ ਵਿਚੋਂ ਇਕ ਪ੍ਰੋਫੈਸਰ ਜੈ ਦਿਆਲ ਸੀ ਤੇ ਅੱਗੇ ਉਹਦਾ ਸ਼ਿਸ਼ ਪ੍ਰਿਥਵੀ ਰਾਜ ਕਪੂਰ ਨੋਰਾ ਦਾ ਪੋਤਰਾ-ਸ਼ਿਸ਼ ਹੋਇਆ। ਪ੍ਰਿਥਵੀ ਰਾਜ ਕਪੂਰ ਦੇ ਪੁੱਤਰ ਰਾਜ ਕਪੂਰ ਵਾਂਗ ਅਗਲੀ ਪੀੜ੍ਹੀ ਵਿਚੋਂ ਪੋਤਰਾ ਰਣਧੀਰ ਕਪੂਰ ਵੀ ਪ੍ਰਿਥਵੀ ਥੀਏਟਰ ਦਾ ਅੰਗ ਬਣਿਆ। ਨੋਰਾ ਇਉਂ ਗਾਰਗੀ ਦੇ ਇਹ ਲੇਖ ਲਿਖਣ ਦੇ ਜ਼ਮਾਨੇ ਦੀ ਨਾਟ-ਐਕਟਰਾਂ ਦੀ ਪੀੜ੍ਹੀ ਦੇ ਰਣਧੀਰ ਕਪੂਰ ਦੇ ਦਾਦੇ ਦੀ ਦਾਦੀ, ਭਾਵ ਨਕੜਦਾਦੀ ਹੀ ਤਾਂ ਹੋਈ!

ਗਾਰਗੀ ਮੰਚ, ਬੋਲੀ ਤੇ ਫਾਟ ਦੇ ਪੱਖੋਂ ਸਫਲ ਨਾਟਕਾਂ ਦਾ ਲੇਖਕ ਅਤੇ ਹੁਨਰਮੰਦ ਨਿਰਦੇਸ਼ਕ ਸੀ। ਨਾਟਕ ਦੇ ਪਿੜ ਵਿਚ ਉਹਨੇ ਘਾਲਨਾ ਵੀ ਬਹੁਤ ਘਾਲੀ। ਉਹਨੇ ਆਪਣੇ ਵਿਸ਼ਿਆਂ ਵਾਸਤੇ ਵਿਸ਼ਾਲ ਖੇਤਰ ਚੁਣਿਆ ਜਿਸ ਵਿਚ ਸਮਕਾਲੀ ਸਮਾਜ ਦੇ ਨਾਲ ਨਾਲ ਲੋਕਧਾਰਾ, ਇਤਿਹਾਸ ਤੇ ਮਿਥਿਹਾਸ ਵੀ ਸ਼ਾਮਲ ਸਨ। ਆਪਣੇ ਨਾਟਕਾਂ ਵਿਚ ਸਮਾਜਕ ਯਥਾਰਥ ਤੋਂ ਇਤਿਹਾਸ-ਮਿਥਿਹਾਸ ਵੱਲ ਜਾਣ ਦਾ ਕਾਰਨ ਉਹਦਾ ਹੌਲੀ ਹੌਲੀ ਇਸ ਸਿੱਟੇ ਉਤੇ ਪੁੱਜਣਾ ਸੀ ਕਿ ਨਾਟਕ ਦੀ ਸੌਖੀ ਸਫਤਾ ਲਈ ਕਾਮ ਨਾਲ ਹਿੰਸਾ ਤੇ ਮ੍ਰਿਤੂ ਦੇ ਮੇਲ ਦੀ ਪੱਛਮੀ ਜੁਗਤ ਬੜੀ ਕੰਮ ਦੀ ਚੀਜ਼ ਹੈ। ਇਤਿਹਾਸ-ਮਿਥਿਹਾਸ ਵਿਚੋਂ ਇਨ੍ਹਾਂ ਤਿੰਨਾਂ ਨੂੰ ਸਮੋਣ ਵਾਲੇ ਵਿਸ਼ੇ ਸੌਖਿਆਂ ਹੀ ਮਿਲ ਜਾਂਦੇ ਹਨ। 'ਸੁਲਤਾਨ ਰਜ਼ੀਆ', 'ਸੌਕਣ', 'ਅਭਿਸਾਰਕਾ', ਆਦਿ ਨਾਟਕ ਉਹਦੀ ਇਸੇ ਸੋਚ ਦੀ ਉਪਜ ਸਨ। ਨਾਟਕਾਂ ਦੇ ਰੂਪ ਅਤੇ ਮੰਚ ਦੀ ਤਕਨੀਕ ਲਈ ਉਹਦਾ ਆਧਾਰ ਇਕ ਪਾਸੇ ਬੜੀ ਨਿੱਗਰ ਪਰੰਪਰਾ ਵਾਲਾ ਸੰਸਕ੍ਰਿਤ ਨਾਟ-ਸੰਸਾਰ ਸੀ ਅਤੇ ਦੂਜੇ ਪਾਸੇ ਸੰਸਾਰ-ਪ੍ਰਸਿੱਧ ਆਧੁਨਿਕ ਨਾਟਕਕਾਰਾਂ ਦੇ ਮੰਚ-ਤਜਰਬੇ ਸਨ।

ਆਪਣੇ ਨਾਟਕੀ ਆਧਾਰ, ਉਸਾਰ ਤੇ ਅਨੁਭਵ ਨੂੰ ਲੈ ਕੇ ਉਹਨੇ ਦੋ ਪੁਸਤਕਾਂ 'ਰੰਗ ਮੰਚ' ਤੇ 'ਲੋਕ ਨਾਟਕ' ਲਿਖੀਆਂ। 'ਰੰਗ ਮੰਚ' ਸਦਕਾ ਉਹਨੂੰ 1962 ਵਿਚ ਸਾਹਿਤ ਅਕਾਦਮੀ ਨੇ ਪੁਰਸਕਾਰਿਆ। 'ਸੰਗੀਤ ਨਾਟਕ ਅਕਾਦਮੀ' ਨੇ ਵੀ ਉਹਨੂੰ ਨਾਟ-ਕਲਾ ਦੇ ਨਿਰਦੇਸ਼ਨ ਜਿਹੇ ਕਿਸੇ ਹੋਰ ਪੱਖ ਦੀ ਥਾਂ 1998 ਵਿਚ ਨਾਟ-ਲੇਖਕ ਵਜੋਂ ਹੀ ਸਨਮਾਨਿਆ। ਨਾਟ-ਲੇਖਕ ਵਜੋਂ ਤਾਂ ਗੁਰਸ਼ਰਨ ਸਿੰਘ ਸੰਗੀਤ ਨਾਟਕ ਅਕਾਦਮੀ ਦਾ ਪੁਰਸਕਾਰ ਉਹਤੋਂ ਪਹਿਲਾਂ, 1993 ਵਿਚ ਹੀ ਪ੍ਰਾਪਤ ਕਰ ਚੁਕਾ ਸੀ ਪਰ ਉਹਨੂੰ ਸਾਹਿਤ ਅਕਾਦਮੀ ਪੁਰਸਕਾਰ ਨਹੀਂ ਸੀ ਮਿਲ ਸਕਿਆ। ਗਾਰਗੀ ਤੋਂ ਬਿਨਾਂ ਪੰਜਾਬੀ ਦੇ ਅਜਿਹੇ ਸਿਰਫ 2 ਹੋਰ ਨਾਟਕਕਾਰ ਅਜਮੇਰ ਸਿੰਘ ਔਲਖ ਤੇ ਆਤਮਜੀਤ ਹਨ ਜਿਨ੍ਹਾਂ ਨੂੰ ਨਾਟ-ਲੇਖਕਾਂ ਵਜੋਂ 2006 ਤੇ 2009 'ਚ ਸਾਹਿਤ ਅਕਾਦਮੀ ਪੁਰਸਕਾਰ ਅਤੇ ਨਾਟ-ਲੇਖਕਾਂ ਵਜੋਂ ਹੀ 2005 ਤੇ 2010 ਵਿਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਮਿਲੇ ਹਨ। ਗਾਰਗੀ ਨੂੰ 1972 ਵਿਚ ਪਦਮਸ਼੍ਰੀ ਸਨਮਾਨ ਵੀ ਦਿਤਾ ਗਿਆ। ਉਹਦੀ ਕਲਾ ਨੂੰ ਅਨੇਕ ਦੇਸੀ-ਪਰਦੇਸੀ ਸਨਮਾਨ ਮਿਲੇ।

ਇਹ ਸਿਹਰਾ ਇਕੱਲੇ ਗਾਰਗੀ ਦੇ ਸਿਰ ਬਝਦਾ ਹੈ ਕਿ ਉਹਨੇ ਪੰਜਾਬੀ ਨਾਟਕ ਨੂੰ ਸਹੀ ਅਰਥਾਂ ਵਿਚ ਕੌਮਾਂਤਰੀ ਪਛਾਣ ਦੁਆਈ। ਅਜੋਕੇ ਸਵੈਪ੍ਰਸ਼ੰਸਕ ਦੌਰ ਵਿਚ ਅੰਗਰੇਜ਼ੀ ਅਨੁਵਾਦ ਹੋ ਕੇ ਛਪੀ ਇਕ ਕਿਤਾਬ ਦਾ ਲੇਖਕ ਆਪਣੇ ਆਪ ਨੂੰ 'ਕੌਮਾਂਤਰੀ ਪ੍ਰਸਿੱਧੀ ਵਾਲਾ ਲੇਖਕ' ਕਹਿਣ-ਕਹਾਉਣ ਲੱਗ ਪੈਂਦਾ ਹੈ, ਕਿਤਾਬ ਉਹਦੀ ਭਾਵੇਂ ਪਟਿਆਲੇ-ਚੰਡੀਗੜ੍ਹ ਦੀਆਂ ਹੱਦਾਂ ਨਾ ਲੰਘ ਸਕੀ ਹੋਵੇ। ਇਹ ਗਾਰਗੀ ਦੇ ਨਾਟਕ ਹੀ ਸਨ ਜੋ ਕਈ ਭਾਸ਼ਾਵਾਂ ਵਿਚ ਅਨੁਵਾਦੇ ਗਏ ਅਤੇ ਦੇਸ ਦੇ ਅਨੇਕ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਰੂਸ, ਜਰਮਨੀ, ਪੋਲੈਂਡ, ਆਦਿ ਦੇਸ਼ਾਂ ਵਿਚ ਵੀ ਖੇਡੇ ਤੇ ਸਲਾਹੇ ਗਏ। ਉਹ ਨਾਟਕਕਾਰ ਹੀ ਨਹੀਂ ਸੀ, ਨਾਟਕ ਦਾ ਚਿੰਤਕ ਤੇ ਸਿਧਾਂਤਕਾਰ ਵੀ ਸੀ। ਉਹਨੇ 1966-67 ਵਿਚ ਯੂਨੀਵਰਸਿਟੀ ਆਫ ਵਾਸ਼ਿੰਗਟਨ ਵਿਚ ਨਾਟਕ ਪੜ੍ਹਾਇਆ। ਇਥੇ ਹੀ ਉਹਨੂੰ ਭਵਿੱਖੀ ਪਤਨੀ ਜੀਨੀ ਮਿਲੀ। ਉਹਨੇ ਕੋਈ ਇਕ ਦਰਜਨ ਪੱਛਮੀ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਸਾਡੇ ਨਾਟਕ, ਨਾਟ-ਚਿੰਤਨ ਤੇ ਨਾਟ-ਸ਼ਾਸਤਰ ਬਾਰੇ ਭਾਸ਼ਨ ਦੇ ਕੇ ਪੰਜਾਬੀ ਨਾਟਕ ਦਾ ਪਰਚਮ ਝੁਲਾਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਉਹਨੇ ਥੀਏਟਰ ਵਿਭਾਗ ਦਾ ਮੁੱਢ ਬੰਨ੍ਹਿਆ ਅਤੇ ਬਾਨੀ ਨਿਰਦੇਸ਼ਕ ਵਜੋਂ ਕੰਮ ਕੀਤਾ। ਉਹਦੇ ਪੜ੍ਹਾਏ-ਸਿਖਾਏ ਹੋਏ ਅਨੂਪਮ ਤੇ ਕਿਰਨ ਦੀ ਖੇਰ ਜੋੜੀ, ਪੂਨਮ ਢਿੱਲੋਂ, ਸਤੀਸ਼ ਕੌਸ਼ਿਕ, ਅਮਰੀਕ ਗਿੱਲ ਜਿਹੇ ਕਈ ਸ਼ਿਸ਼ਾਂ ਨੇ ਮੰਚ ਅਤੇ ਫਿਲਮਾਂ ਦੀ ਦੁਨੀਆਂ ਵਿਚ ਚੰਗਾ ਨਾਮਣਾ ਖੱਟਿਆ ਹੈ।

(ਚਲਦਾ)

# ਬੁੱਲਟ ਫਾਰ ਬੁੱਲਟ

(ਸਫਾ 25 ਦੀ ਬਾਕੀ)

11 ਅਪਰੈਲ ਤੋਂ ਬਾਅਦ ਹਰ ਅਖਬਾਰ 'ਬੁੱਲਟ ਫਾਰ ਬੁੱਲਟ' ਦੀ ਮੁਹਾਰਨੀ ਪੜ੍ਹਨ ਲੱਗ ਪਿਆ ਕਿਉਂਕਿ ਇਹ ਉਨ੍ਹਾਂ ਨੂੰ ਸੂਤ ਬੈਠਦੀ ਸੀ, ਖਾਸ ਕਰ ਕੇ ਹਿੰਦੂਆਂ ਨੂੰ; ਕਿਉਂਜੁ ਉਨ੍ਹਾਂ ਨੂੰ ਅਕਾਰਨ ਨਿਸ਼ਾਨਾ ਬਣਨਾ ਪੈ ਰਿਹਾ ਸੀ। ਗੋਲੀ ਬਦਲੇ ਗੋਲੀ ਲਫਜ਼ ਉਨ੍ਹਾਂ ਨੂੰ ਹੌਸਲਾ ਦਿੰਦੇ ਸਨ, ਆਸ ਦੀ ਕਿਰਨ ਸਨ। ਇਕ ਅਖਬਾਰ ਦੀ ਸੁਰਖੀ ਸੀ- "ਰਿਬੇਰੋ ਦੇ ਸਟੈਂਡ ਕਾਰਨ ਅਕਾਲੀ ਬੇਚੈਨ।" ਮੇਰੇ ਇਸ ਬਿਆਨ ਦੀ ਸਖਤ ਆਲੋਚਨਾ ਅਜੀਤ ਸਿੰਘ ਬੈਂਸ ਵਲੋਂ ਹੋਈ ਜੋ ਪੰਜਾਬ ਹਰਿਆਣਾ ਹਾਈਕੋਰਟ ਦਾ ਰਿਟਾਇਰਡ ਜੱਜ ਸੀ ਤੇ ਮਨੁੱਖੀ ਅਧਿਕਾਰ ਸੰਗਠਨ ਪੰਜਾਬ ਦਾ ਆਪੇ ਬਣਿਆ ਪ੍ਰਧਾਨ ਸੀ। ਜੇ ਖਾੜਕੂਆਂ ਕੋਲ ਹਿੱਟ ਲਿਸਟ ਹੈ ਤਾਂ ਪੁਲਿਸ ਕੋਲ ਵੀ ਹੈ, ਇਸ ਕਥਨ ਦਾ ਗੰਭੀਰ ਨੋਟਿਸ ਲੈਂਦਿਆਂ ਉਸ ਨੇ ਕਿਹਾ ਕਿ ਇਹ ਸਟੇਟ ਟੈਰਰਿਜ਼ਮ ਹੈ ਤੇ ਕਾਨੂੰਨ ਦਾ ਭੋਗ ਪੈ ਗਿਆ ਹੈ। ਮੁੱਖ ਮੰਤਰੀ ਨੇ ਬੈਂਸ ਦੀ ਡਿਊਟੀ ਲਾਈ ਸੀ ਕਿ ਨਜ਼ਰਬੰਦਾਂ ਦੇ ਕੇਸ ਰੀਵਿਊ ਕਰੇ ਤੇ ਦੱਸੇ ਕਿ ਬੇਕਸੂਰ ਕਿਹੜੇ ਕਿਹੜੇ ਹਨ। ਬੈਂਸ ਨੇ ਬਹੁਤ ਸਾਰੇ ਬੇਕਸੂਰ ਸਿੱਖ ਨਜ਼ਰਬੰਦਾਂ ਦੀ ਸੂਚੀ ਮੁੱਖ ਮੰਤਰੀ ਨੂੰ ਦਿੱਤੀ ਜਿਹੜੇ ਉਸ ਦੀ ਸਿਫਾਰਸ਼ ਉਪਰ ਰਿਹਾ ਕਰ ਦਿੱਤੇ ਗਏ। ਅਜਿਹੀਆਂ ਖਬਰਾਂ ਮਿਲਦੀਆਂ ਰਹੀਆਂ ਕਿ ਰਿਹਾ ਕੀਤੇ ਗਏ ਬੰਦੀਆਂ ਨੇ ਮੁੜ ਹਥਿਆਰ ਚੁੱਕ ਲਏ ਹਨ। ਮੁੱਖ ਮੰਤਰੀ 'ਬੁੱਲਟ ਫਾਰ ਬੁੱਲਟ' ਮੁਹਾਵਰੇ ਤੋਂ ਪ੍ਰੇਸ਼ਾਨ! ਮੈਂ ਬਥੇਰਾ ਸਮਝਾਇਆ ਕਿ ਇਹ ਮੇਰੇ ਬੋਲ ਨਹੀਂ, ਮੇਰੀ ਪਾਲਿਸੀ ਨਹੀਂ।

(ਚੱਲਦਾ)

ਕਹਾਣੀ

# ਨਿੱਕੀਆਂ ਵੱਡੀਆਂ ਧਰਤੀਆਂ

***ਕੈਨੇਡਾ ਵੱਸਦੇ ਪੰਜਾਬੀ ਅਦੀਬ ਇਕਬਾਲ ਰਾਮੂਵਾਲੀਆ ਨੇ ਬਾਪ-ਬੇਟੀ ਦੀ ਆਪਸੀ ਗੱਲਬਾਤ ਉਤੇ ਆਪਣੀ ਇਹ ਕਹਾਣੀ 'ਨਿੱਕੀਆਂ ਵੱਡੀਆਂ ਧਰਤੀਆਂ' ਉਸਾਰੀ ਹੈ। ਦੋਹਾਂ ਵਿਚਕਾਰ ਗੱਲਬਾਤ ਜਿੰਨੀ ਸਾਧਾਰਨ ਹੈ, ਇਸ ਦਾ ਸੁਨੇਹਾ ਉਤਨਾ ਹੀ ਅਸਾਧਾਰਨ ਹੈ। ਇਹ ਕਹਾਣੀ ਅਸਲ ਵਿਚ ਬੰਦੇ ਨਾਲ ਜੁੜੇ ਸਰੋਕਾਰਾਂ ਨੂੰ ਇਕ ਤਰਤੀਬ ਵਿਚ ਬੰਨ੍ਹਣ ਦੀ ਕਵਾਇਦ ਹੈ। ਪੰਛੀਆਂ ਅਤੇ ਪੌਣ-ਪਾਣੀ ਲਈ ਫਿਕਰ ਤੋਂ ਭਲਾ ਕੌਣ ਇਨਕਾਰੀ ਹੋ ਸਕਦਾ ਹੈ, ਪਰ ਇਸ ਦਾ ਕੀ ਕੋਈ ਮਤਲਬ ਹੈ, ਜੇ ਇਸ ਫਿਕਰ ਵਿਚ ਮਾਰੇ ਤੇ ਬਰਬਾਦ ਕੀਤੇ ਜਾ ਰਹੇ ਬੰਦੇ ਦਾ ਫਿਕਰ ਸ਼ਾਮਲ ਨਹੀਂ? ਇਕਬਾਲ ਨੇ ਇਹ ਸਵਾਲ ਬਹੁਤ ਸਹਿਜ ਨਾਲ ਆਪਣੀ ਇਸ ਕਹਾਣੀ ਦੇ ਜ਼ਰੀਏ ਕੀਤਾ ਹੈ। ਉਂਜ, ਪਾਠਕ ਦੇ ਜ਼ਿਹਨ ਉਪਰ ਇਹ ਸਵਾਲ ਐਨ ਉਸੇ ਤਰ੍ਹਾਂ ਡਿਗਦਾ ਹੈ ਜਿਸ ਤਰ੍ਹਾਂ ਕਹਾਣੀ ਵਿਚ ਬਗਦਾਦ ਉਤੇ ਬਾਰੂਦ ਡਿਗ ਰਿਹਾ ਹੈ। -ਸੰਪਾਦਕ***

ਛੇ ਮਹੀਨਿਆਂ ਤੋਂ ਕਿੰਨੂੰ ਬਹੁਤ ਸਵਖ਼ਤੇ ਉਠਨ ਲੱਗ ਪਈ ਸੀ। ਉਸ ਦੀ ਅੱਠਵੀਂ ਵਾਲੀ ਟੀਚਰ ਮਿਜ਼ ਹਾਲੈਂਡ ਨੇ ਬੱਜੀ ਬਰਡਜ਼ (ਨਿੱਕ-ਅਕਾਰੀ ਤੋਤਿਆਂ) ਦਾ ਜੋੜਾ ਕਿੰਨੂੰ ਦੇ ਹਵਾਲੇ ਕਰਨ ਵੇਲ਼ੇ ਹਦਾਇਤ ਕੀਤੀ ਸੀ, ਸਕੂਲ ਆਉਣ ਤੋਂ ਪਹਿਲਾਂ, ਵਿੱਠਾਂ ਨੂੰ ਤੇ ਰਾਤ ਨੂੰ ਗਿਰ ਗਏ ਖੰਭਾਂ ਨੂੰ ਪਿੰਜਰੇ 'ਚੋਂ ਬਾਹਰ ਕੱਢਣੈਂ, ਕਿੰਨੂੰ ਅਤੇ ਪਿੰਜਰੇ ਦੀਆਂ ਤਾਰਾਂ ਨੂੰ ਗਿੱਲੀ ਲੀਰ ਨਾਲ ਰਗੜ-ਰਗੜ ਕੇ ਸਾਫ਼ ਕਰਨੈਂ। ਪਿੰਜਰੇ ਦੇ ਅੰਦਰ ਤਾਰਾਂ 'ਚ ਫਸਾ ਕੇ ਲਟਕਾਈ ਪਾਣੀ ਵਾਲੀ ਪਿਆਲੀ ਨੂੰ

**ਇਕਬਾਲ ਰਾਮੂਵਾਲੀਆ, ਟੋਰਾਂਟੋ**
**ਫੋਨ: 905-792-7357**

ਤੇ ਪਿੰਜਰੇ ਦੇ ਫ਼ਰਸ਼ ਉਤੇ ਰੱਖੀ ਬਰਡ-ਫ਼ੀਡ ਵਾਲੀ ਕੌਲੀ ਨੂੰ ਦੁਬਾਰਾ ਭਰਨ ਤੋਂ ਪਹਿਲਾਂ ਡਿਟੋਲ ਨਾਲ ਧੋਣੈਂ: ਇਨਫ਼ੈਕਸ਼ਨ ਪੰਛੀਆਂ ਦੇ ਅੰਦਰ ਇਨ੍ਹਾਂ ਬਰਤਨਾਂ 'ਚੋਂ ਈ ਪਹੁੰਚਦੀ ਹੈ। ਪਿੰਜਰੇ ਅੰਦਰ ਲਟਕਾਏ ਸ਼ੀਸ਼ੇ ਉਪਰ ਬੱਜੀਆਂ ਵੱਲੋਂ ਮਾਰੀਆਂ ਚੁੰਝਾਂ ਕਾਰਨ ਜਿਹੜਾ ਮੁਆਦ (ਤਰਲ ਰਸ) ਨਿੱਕਲ਼ਦੈ, ਉਹ ਜੇ ਸਾਫ਼ ਨਾ ਕਰੀਏ ਤਾਂ ਪਿੰਜਰੇ 'ਚ ਮੁਸ਼ਕ ਉਭਰ ਆਉਂਦੈ ਤੇ ਪੰਛੀਆਂ ਦੇ ਬੀਮਾਰ ਹੋਣ ਦਾ ਖ਼ਤਰਾ ਵਧ ਜਾਂਦੈ।

ਮੰਮੀ ਜੀ, ਡੈਡੀ ਨੂੰ ਕਹਿੰਦੇ ਸਨ, ਮਿਜ਼ ਹਾਲੈਂਡ ਦਾ ਧੰਨਵਾਦ ਕਰੋ ਕਿਸੇ ਦਿਨ; ਹੁਣ ਤਾਂ ਬੱਜੀਆਂ ਨਾਲ ਖੇਡਦੀ ਰਹਿੰਦੀ ਐ ਕਿੰਨੂੰ ਸਵੇਰੇ ਤੇ ਆਥਣੇ; ਜੀ ਪਰਚਿਆ ਰਹਿੰਦੈ ਏਹਦਾ!

ਪਰ ਹਾਲੇ ਤਾਂ ਦੋ ਹਫ਼ਤੇ ਵੀ ਨਹੀਂ ਸੀ ਹੋਏ ਬੱਜੀ ਆਇਆਂ ਨੂੰ ਕਿ ਕਿੰਨੂੰ ਆਖ ਰਹੀ ਸੀ: ਮੰਮੀ, ਇਨ੍ਹਾਂ ਨੂੰ ਵਾਪਿਸ ਕਰ ਦੀਏ, ਮਿਜ਼ ਹਾਲੈਂਡ ਨੂੰ!

ਹੈਂਅ? ਮੰਮੀ ਦੇ ਹੱਥੋਂ ਚਾਹ ਦਾ ਪਿਆਲਾ ਡਗਮਗਾ ਗਿਆ ਸੀ।

ਕਿੰਨੂੰ ਦੇ ਨੱਕ ਵਿਚੋਂ ਸੰਘਣੀ ਨਮੀ ਸਿੰਮਣ ਲੱਗ ਪਈ ਸੀ।

ਮੈਂ ਤਾਂ ਇਨ੍ਹਾਂ ਦੇ ਉਦਾਲ਼ੇ ਈ ਘੁੰਮਦੀ ਰਹਿੰਦੀ ਆਂ ਸਵੇਰੇ-ਆਥਣੇ! ਉਹ ਢਿਲ਼ਕੇ ਹੋਏ ਬੁੱਲ੍ਹਾਂ ਨਾਲ ਆਪਣੇ ਸਿਰ ਨੂੰ ਸੱਜੇ-ਖੱਬੇ ਫੇਰਨ ਲੱਗ ਪਈ ਸੀ। ਇਨ੍ਹਾਂ ਨੂੰ ਲੋਰੀਆਂ ਦਿੰਦੀ ਆਂ; ਪਿੰਜਰੇ ਦੀ ਸਫ਼ਾਈ ਕਰਦੀ ਆਂ; ਇਨ੍ਹਾਂ ਨੂੰ ਤਾਜ਼ੇ ਪਾਲਕ ਦੇ ਪੱਤੇ ਖੁਆਉਂਦੀ ਆਂ ਬੈਕਯਾਰਡ 'ਚੋਂ ਤੋੜ ਕੇ; ਇਨ੍ਹਾਂ ਨੂੰ ਗਾਣੇ ਸੁਣਾਉਂਦੀ ਆਂ।

ਉਹ ਤਾਂ ਮੈਂ ਦੇਖਦੀ ਈ ਆਂ ਹਰ ਰੋਜ਼।

ਪਰ... ਤੇ ਕਿੰਨੂੰ ਦਾ ਸਿਰ ਖੱਬੇ-ਸੱਜੇ ਹਿੱਲਣ ਲੱਗ ਪਿਆ ਸੀ।

ਕਿੰਨੂੰ ਦੇ 'ਪਰ...' ਬਾਰੇ ਸੋਚਦੀ ਹੋਈ ਮੰਮੀ ਆਪਣੀਆਂ ਅੱਖਾਂ ਨੂੰ ਸੁੰਗੇੜ ਕੇ ਉਸ ਦੇ ਚਿਹਰੇ ਵੱਲ ਝਾਕਣ ਲੱਗੀ ਸੀ: ਦਿਲ ਭਰ ਗਿਆ ਬੱਜੀਆਂ ਤੋਂ ਐਡੀ ਛੇਤੀ, ਕਿੰਨੂੰ?

ਦਿਲ ਨੀ ਭਰਿਆ, ਮਾਮ!

ਹੋਰ ਕੀ ਹੋ ਗਿਆ ਫ਼ਿਰ ਦਸਾਂ ਦਿਨਾਂ 'ਚ ਈ?

ਜਦੋਂ ਮੈਂ ਪਿੰਜਰੇ ਦੇ ਅੰਦਰ ਹੱਥ ਲਿਜਾਂਦੀ ਆਂ ਮਾਮ, ਇਹ ਤਾਂ 'ਫੁਰਕ' ਦੇਣੇ ਪਰਲੇ ਪਾਸੇ ਵੱਲ ਨੂੰ ਉਡ ਜਾਂਦੇ ਐ, ਨਹੁੰਦਰਾਂ ਫਸਾ ਕੇ ਬੈਠ ਜਾਂਦੇ ਐ ਤਾਰਾਂ 'ਚ, ਜਿਵੇਂ ਮੈਂ ਇਨ੍ਹਾਂ ਨੂੰ ਮਾਰਨ ਲੱਗੀ ਹੋਵਾਂ!

ਅੱਛਾ? ਮੰਮੀ ਦਾ ਚਿਹਰਾ ਲਮਕ ਗਿਆ ਸੀ। ਪਰ ਐਨੀ ਛੇਤੀ ਇਨ੍ਹਾਂ ਨੂੰ ਵਾਪਿਸ ਕਰਨਾ ਵੀ ਠੀਕ ਨੀ ਲਗਦਾ, ਕਿੰਨੂੰ।

ਇੱਕ ਹੋਰ ਗੱਲ ਆਉਂਦੀ ਐ ਮੇਰੇ ਦਿਮਾਗ਼ 'ਚ, ਮਾਮ!

ਮੰਮੀ ਨੇ ਚਾਹ ਦੀ ਘੁੱਟ ਅੰਦਰ ਲੰਘਾ ਕੇ ਆਪਣੀਆਂ ਅੱਖਾਂ ਕਿੰਨੂੰ ਦੇ ਚਿਹਰੇ ਵੱਲ ਮੋੜ ਲਈਆਂ ਸਨ।

ਇਹ ਸਾਰੀ ਦਿਹਾੜੀ ਇਕੱਲੇ ਈ ਰਹਿ ਜਾਂਦੇ ਐ, ਮੇਰੇ ਕਮਰੇ 'ਚ। ਦਿਨ ਵੇਲੇ ਤੁਸੀਂ ਇਨ੍ਹਾਂ ਦੇ ਪਿੰਜਰੇ ਨੂੰ ਐਥੇ ਲੈ ਆਇਆ ਕਰੋ, ਫ਼ੈਮਿਲੀ ਰੂਮ 'ਚ। ਔਥੇ ਟੀ ਵੀ ਦੇ ਲਾਗੇ ਰੱਖ ਦਿਆ ਕਰੋ ਪਿੰਜਰੇ ਨੂੰ ਤੇ ਹਲਕੇ ਹਲਕੇ ਮਿਊਜ਼ਕ ਵਾਲਾ ਕੋਈ ਚੈਨਲ ਲਾ ਦਿਆ ਕਰੋ।

ਛੇ ਕੁ ਹਫ਼ਤੇ ਹੋ ਗਏ ਸਨ ਬੱਜੀਆਂ ਨੂੰ ਕਿੰਨੂੰ ਦੇ ਬੈਡਰੂਮ 'ਚ ਆਇਆਂ, ਤੇ ਹੁਣ ਬਹੁਤ ਕੁਝ ਪਹਿਲੇ ਹਫ਼ਤੇ ਨਾਲ਼ੋਂ ਵੱਖਰੀ ਤਰ੍ਹਾਂ ਵਾਪਰਨ ਲੱਗ ਪਿਆ ਸੀ: ਸਕੂਲ ਖ਼ਤਮ ਕਰ ਕੇ, ਕਿੰਨੂੰ ਜਿਉਂ ਹੀ ਘਰ 'ਚ ਦਾਖ਼ਲ ਹੋਣ ਲਈ ਦਰਵਾਜ਼ਾ ਖੋਲ੍ਹਦੀ, ਲਿਵਿੰਗ ਰੂਮ 'ਚ ਟੀ ਵੀ ਦੇ ਲਾਗੇ ਟਿਕਾਏ ਪਿੰਜਰੇ 'ਚ ਕਿਚਰ-ਕੂੰ, ਕਿਚਰ-ਕੂੰ ਤੇ ਚਿਰੜ-ਚਿਰੜ ਦਾ ਸ਼ੋਰ ਮੱਚ ਉਠਦਾ ਹੈ ਜਿਵੇਂ ਕਈ ਨਿਆਣੇ ਨਿੱਕੀਆਂ ਨਿੱਕੀਆਂ ਤੂੰਬੀਆਂ ਦੀਆਂ ਤਾਰਾਂ ਉਪਰ ਚਮਚੇ ਮਾਰ ਰਹੇ ਹੋਣ।

ਇਨ੍ਹਾਂ ਸ਼ਰਾਰਤੀਆਂ ਨੂੰ ਮੇਰੀ ਸਮੈਲ ਆ ਜਾਂਦੀ ਐ ਅੰਦਰ ਵੜਦੀ ਦੀ, ਤੇਜ਼-ਕਦਮੀਂ ਫ਼ੈਮਿਲੀ ਰੂਮ ਵੱਲ ਨੂੰ ਜਾਂਦਿਆਂ ਕਿੰਨੂੰ ਸੋਚਣ ਲੱਗਦੀ।

ਫ਼ੈਮਿਲੀ ਰੂਮ 'ਚ ਵੜਦਿਆਂ ਕਿੰਨੂੰ ਆਪਣਾ ਬੈਕਪੈਕ ਸੋਫ਼ੇ ਉਪਰ ਸੁੱਟਦੀ, ਦੋਵੇਂ ਬੱਜੀ ਚਿਕਣ-ਚਿਕਣ, ਗਟੂੰ-ਗਟੂੰ ਨਾਲ ਪਿੰਜਰੇ ਨੂੰ ਹਿੱਲਣ ਲਾ ਦਿੰਦੇ: ਉਹ ਕਦੇ ਪਿੰਜਰੇ ਦੀ ਐਸ ਕੰਧ ਵੱਲੀਂ ਉਡਦੇ ਤੇ ਕਦੀ ਔਸ ਵੱਲੀਂ। ਅਗਲੇ ਪਲੀਂ ਉਹ ਪਿੰਜਰੇ 'ਚ ਟੰਗੇ ਸ਼ੀਸ਼ੇ ਉਪਰ ਚੁੰਝਾਂ ਘਸਾਉਂਦੇ ਹੋਏ ਖੰਭ ਫੜਕਾ ਰਹੇ ਹੁੰਦੇ। ਡੰਡਿਆਂ ਤੋਂ ਉਠ ਕੇ ਤਾਰਾਂ ਵੱਲ ਨੂੰ; ਤਾਰਾਂ ਤੋਂ ਪਿੰਜਰੇ ਦੇ ਫ਼ਰਸ਼ ਵੱਲ ਨੂੰ; ਤੇ ਫਰਸ਼ ਤੋਂ ਸ਼ੀਸ਼ੇ ਵੱਲ ਨੂੰ-ਜਿਵੇਂ ਬਾਹਰ ਨਿਕਲਣ ਲਈ ਤਾਰਾਂ ਨੂੰ ਤੋੜ ਦੇਣਾ ਚਾਹੁੰਦੇ ਹੋਣ।

'ਓ ਮਾਈ ਬੇਬੀਜ਼' ਆਖ ਕੇ ਕਿੰਨੂੰ ਪਿੰਜਰੇ ਦਾ ਬੂਹਾ ਖੋਲ੍ਹਦੀ ਤਾਂ ਇੱਕ ਦੂਜੇ ਨੂੰ ਧੱਕੇ ਮਾਰਦੇ ਹੋਏ ਦੋਵੇਂ ਪੰਛੀ ਕਿੰਨੂੰ ਦੇ ਹੱਥਾਂ ਉਤੇ ਬੈਠੇ ਹੁੰਦੇ, ਲਗਾਤਾਰ ਖੰਭ ਫ਼ੜਕਾਉਂਦੇ ਹੋਏ, ਕਾਹ਼ਲੀ ਕਾਹ਼ਲੀ ਧੌਣਾਂ ਤੇ ਚੁੰਝਾਂ ਨੂੰ ਖੱਬੇ-ਸੱਜੇ, ਉਪਰ-ਨੀਚੇ ਘੁੰਮਾਉਂਦੇ ਹੋਏ, ਅਤੇ ਵਾਰ-ਵਾਰ ਭੁੜਕਦੇ ਹੋਏ, ਜੀਕਣ ਹੁਣ ਉਹ ਆਪਣੇ ਹੀ ਅੰਦਰੋਂ ਬਾਹਰ ਨਿਕਲਣ ਲਈ ਬੇਚੈਨ ਹੋਵਣ।

ਰਿਲੈਕਸ, ਮਾਈ ਬੇਬੀਜ਼; ਰਿਲੈਕਸ ਨਾਓ! ਕਿੰਨੂੰ ਆਪਣੀਆਂ ਅੱਖਾਂ ਨੂੰ ਤਿੱਖੀਆਂ ਕਰ ਲੈਂਦੀ। ਚੁੱਪ ਕਰਜੋ ਹੁਣ! ਓ ਕੇ? ਉਹ ਬੁੱਲ੍ਹਾਂ ਨੂੰ ਕੰਨਾਂ ਵੱਲ ਨੂੰ ਵਧਾ ਕੇ ਦੰਦ ਕਿਰਚਦੀ।

ਫ਼ਿਰ ਉਹ ਪਿੰਜਰੇ ਨੂੰ ਚੁੱਕ ਕੇ ਆਪਣੇ ਬੈਡਰੂਮ ਵੱਲ ਨੂੰ ਜਾਂਦੀਆਂ ਪੌੜੀਆਂ ਚੜ੍ਹ ਜਾਂਦੀ। ਪਿੰਜਰੇ ਨੂੰ ਟੇਬਲ ਉਪਰ ਟਿਕਾ ਕੇ ਉਹ ਉਸ ਦੇ ਦਰਵਾਜ਼ੇ ਦੀ ਕੁੰਡੀ ਨੂੰ ਉਸ ਦੇ ਲੂਪ ਤੋਂ ਵੱਖ ਕਰਦੀ: ਦੋਵੇਂ ਬੱਜੀ ਛਾਲ਼ ਮਾਰ ਕੇ ਕਿੰਨੂੰ ਦੀਆਂ ਮੂਹਰਲੀਆਂ ਉਂਗਲ਼ਾਂ ਉਪਰ ਜਾ ਬੈਠਦੇ। ਕਿੰਨੂੰ ਆਪਣਾ ਮੂੰਹ ਉਨ੍ਹਾਂ ਦੇ ਨੇੜੇ ਲਿਜਾ ਕੇ, 'ਓ ਮੇਰੇ ਬੱਚੇ! ਓ ਮੇਰੇ ਮਿਠੂ' ਗੁਣ-ਗੁਣਾਉਂਦੀ। ਦੋਵੇਂ ਪੰਛੀ ਆਪਣੀਆਂ ਚੁੰਝਾਂ ਨੂੰ ਕਿੰਨੂੰ ਦੇ ਬੁੱਲ੍ਹਾਂ ਵੱਲ ਵਧਾ ਦਿੰਦੇ। ਕਿੰਨੂੰ ਦੀ 'ਮੂਅਚ, ਮੂਅਚ' ਸੁਣ ਕੇ ਅਗਲੇ ਹੀ ਪਲ ਕਿੰਨੂੰ ਦੀਆਂ ਕਲ਼ਾਈਆਂ ਵੱਲ ਛਾਲ਼ਾਂ ਮਾਰਦੇ ਹੋਏ, ਉਹ ਉਸ ਦੇ ਮੋਢਿਆਂ ਅਤੇ ਸਿਰ ਉਪਰ ਚੜ੍ਹ ਕੇ ਕਿਚਰ-ਕਿਚਰ, ਚੁਰੜ-ਚੁਰੜ 'ਚ ਮਸਤ ਹੋ ਜਾਂਦੇ।



ਬੀਤੇ ਤਿੰਨ ਹਫ਼ਤਿਆਂ ਤੋਂ ਕਿੰਨੂੰ ਆਪਣਾ ਹੋਮਵਰਕ ਡਾਈਨਿੰਗ ਟੇਬਲ ਉਪਰ ਬੈਠ ਕੇ ਕਰਨ ਤੋਂ ਹਟ ਗਈ ਹੈ। ਉਹਨੇ ਮੰਮੀ ਨੂੰ ਕਹਿ ਕੇ ਆਪਣੇ ਲਈ ਇੱਕ ਸਟਡੀ-ਡੈਸਕ ਆਪਣੇ ਬੈਡਰੂਮ ਵਿਚ ਹੀ ਲਗਵਾ ਲਿਆ ਹੈ। ਡੈਡੀ ਨੇ ਕੰਮ ਤੋਂ ਚਾਰ-ਸਾਢੇ ਚਾਰ ਵਜੇ ਪਰਤਣਾ ਹੁੰਦਾ ਹੈ। ਕਿੰਨੂੰ ਆਪਣੇ ਕਮਰੇ ਦਾ ਬੂਹਾ ਸਾਢੇ ਤਿੰਨ ਵਜੇ ਹੀ ਭੇੜ ਲੈਂਦੀ ਹੈ। ਜਦੋਂ ਤੀਕ ਡੈਡੀ ਆਪਣੇ ਬੈਡ ਰੂਮ ਵਿਚ ਨਹੀਂ ਚਲੇ ਜਾਂਦੇ, ਕਿੰਨੂੰ ਵਾਸ਼ਰੂਮ ਜਾਣ ਲਈ ਵੀ ਬੂਹਾ ਨਹੀਂ ਖੋਲ੍ਹਦੀ। ਡੈਡੀ ਨਾਲ ਅਚਾਨਕ ਮੇਲ ਕਿਤੇ ਹੋ ਵੀ ਜਾਵੇ ਤਾਂ 'ਹਾਏ ਡੈਡ' ਕਹਿ ਕੇ ਉਹ ਪੌੜੀਆ ਚੜ੍ਹ ਜਾਂਦੀ ਹੈ।

ਪੰਜ ਸਾਲ ਪਹਿਲਾਂ ਜਦੋਂ ਕਿੰਨੂੰ ਤੀਜੀ ਜਮਾਤ ਦੇ ਆਖ਼ਰੀ ਡੰਡੇ ਉਪਰ ਸੀ, ਤਾਂ ਘਰ 'ਚ ਵਾਪਰ ਰਿਹਾ ਸਭ ਹੁਣ ਨਾਲ਼ੋਂ ਬਹੁਤ ਹੀ ਵੱਖਰਾ ਸੀ: ਸਟੀਅਰਿੰਗ ਦੇ ਪਿਛਾੜੀ ਬੈਠੇ ਡੈਡ ਹੁਣ ਵਾਂਗੂੰ ਹੀ ਸਾਰੀ ਦਿਹਾੜੀ ਟੋਰਾਂਟੋ ਦੀਆਂ ਸੜਕਾਂ ਨੂੰ ਆਪਣੀ ਟੈਕਸੀ ਦੇ ਟਾਇਰਾਂ ਉਦਾਲ਼ੇ ਲਪੇਟਦੇ। ਸਵਾਰੀ ਚੁੱਕਣ ਦਾ ਆਰਡਰ ਮਗਰੋਂ ਮਿਲ਼ਦਾ, ਗੀਅਰ ਸ਼ਾਫ਼ਟ ਵੱਲ ਉਨ੍ਹਾਂ ਦਾ ਹੱਥ ਪਹਿਲਾਂ ਵਧਿਆ ਹੁੰਦਾ। ਹਾਈਵੇ ਉਪਰ ਭੁੱਖੀ ਮੱਛੀ ਵਾਂਗ ਕਦੇ ਸੱਜੀ ਲੇਨ 'ਚ ਤੇ ਕਦੀ ਖੱਬੀ 'ਚ ਝਕਾਨੀਆਂ ਦਿੰਦੀ ਹੋਈ ਡੈਡੀ ਦੀ ਟੈਕਸੀ, ਮਾਰੋ-ਮਾਰ ਭਜਦੀਆਂ ਬਾਕੀ ਕਾਰਾਂ, ਵੈਨਾਂ ਤੇ ਟਰੱਕਾਂ ਨੂੰ ਖਿੱਚ-ਖਿੱਚ ਕੇ ਪਿੱਛੇ ਧਕਦੀ ਜਾਂਦੀ। ਸ਼ਾਮੀ ਚਾਰ ਵਜੇ ਤੋਂ ਪਹਿਲਾਂ ਉਹ ਉਨ੍ਹਾਂ ਦੇ ਘਰ ਦੇ ਨੇੜੇ ਆ ਕੇ ਧੀਮੀ ਚਾਲ 'ਚ ਹੋ ਜਾਂਦੀ-ਟਿਕਾਣੇ ਦੇ ਐਨ ਨੇੜੇ ਪਹੁੰਚ ਰਹੇ, ਥੱਕੇ ਹੋਏ ਘੋੜੇ ਵਾਂਗੂੰ।

ਗੱਡੀ 'ਚੋਂ ਉਤਰਨ ਸਾਰ ਹੀ ਉਨ੍ਹਾਂ ਦੇ ਬੂਟਾਂ ਵਿਚ ਘਰ ਅੰਦਰ ਦਾਖ਼ਲ ਹੋਣ ਦੀ ਕਾਹ਼ਲ ਭਰ ਜਾਂਦੀ: ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਫ਼ੈਮਿਲੀ ਰੂਮ ਵਿਚ, ਜੱਤਲ਼ ਕੁੱਤੇ ਨਾਲ ਖੇਡ ਰਹੀ ਕਿੰਨੂੰ ਉਨ੍ਹਾਂ ਤੋਂ ਪੁੱਛਣ ਲਈ, ਕਿੰਨੇ ਹੀ ਸਵਾਲ ਤਿਆਰ ਕਰੀ ਬੈਠੀ ਹੋਵੇਗੀ। ਇਸੇ ਲਈ ਉਹ ਆਪਣੀਆਂ ਚਾਬੀਆਂ ਨੂੰ ਫ਼ਰਿੱਜ ਦੇ ਨਜ਼ਦੀਕ, ਥਮਲੇ ਉਪਰ ਜੜੇ ਕੀ-ਹੋਲਡਰ ਉਤੇ ਟੂੰਗ ਕੇ, ਲਿਵਿੰਗ ਰੂਮ 'ਚ ਸੋਫ਼ੇ ਉਪਰ ਜਾ ਬੈਠਦੇ।

'ਹਾਏ, ਡੈਡ' ਆਖ ਕੇ ਕਿੰਨੂੰ ਆਪਣਾ ਬਾਲੜਾ ਜਿਹਾ ਅੰਗੂਠਾ ਟੀ ਵੀ ਰੀਮੋਟ ਦੇ 'ਪਾਵਰ ਆਫ਼' ਬਟਨ ਉਪਰ ਦਬਾ ਦਿੰਦੀ।

ਉਸ ਦਿਨ ਵੀ ਉਹ ਉਸੇ ਜੱਤਲ਼ ਕੁੱਤੇ ਦੇ ਕੰਨਾਂ ਨੂੰ ਸੱਜੇ-ਖੱਬੇ ਖਿਚਦੀ ਹੋਈ ਕਹਿ ਰਹੀ ਸੀ: ਹਾਏ, ਮਾਈ ਟਾਮੀ! ਆਰ ਯੂ ਹੰਗਰੀ, ਸਵੀਟੀ? ਫ਼ਿਰ ਉਸ ਨੇ ਕੁੱਤੇ ਦੀ ਠੋਡੀ ਨੂੰ ਆਪਣੇ ਹੱਥ ਨਾਲ ਉਪਰੋਂ ਹੇਠਾਂ ਵੱਲ ਹਿਲਾ ਕੇ ਉਸ ਤੋਂ 'ਹਾਂ' ਅਖਵਾ ਲਿਆ। ਪਰ ਹੁਣ ਤੋਂ ਬਾਅਦ ਤੈਨੂੰ ਹੱਡੀਆਂ ਨੀ ਮਿਲਣੀਆਂ, ਟਾਮੀ! ਉਹ ਆਪਣੀ ਪਹਿਲੀ ਉਂਗਲ਼ ਨੂੰ ਮੁੱਠੀ ਵਿਚੋਂ ਸਿੱਧੀ ਕਰ ਕੇ ਜੱਤਲ਼ ਨੂੰ ਤਾੜਨ ਲੱਗੀ। ਮੀਟ ਨੀ ਖਾਈਦਾ! ਓ ਕੇ?

ਹੁਣ ਉਹ ਕੁੱਤੇ ਦੀ ਬੂਥੀ ਨੂੰ ਆਪਣੇ ਮੂੰਹ ਨਾਲ ਸੱਜੇ-ਖੱਬੇ ਥਪੇੜਨ ਲੱਗੀ, ਤੇ ਉਸ ਦੀ ਜੱਤ ਨੂੰ ਆਪਣੀਆਂ ਪਤਲੀਆਂ-ਪਤਲੀਆਂ ਉਂਗਲ਼ਾਂ ਨਾਲ ਕੰਘੀ ਕਰਨ ਲੱਗੀ ਸੀ। ਫ਼ਿਰ ਅਚਾਨਕ ਹੀ ਉਸ ਨੇ ਆਪਣੇ ਬੁੱਲ੍ਹਾਂ ਨੂੰ ਮਰੋੜ ਕੇ ਉਨ੍ਹਾਂ ਨੂੰ ਹੇਠਾਂ ਵੱਲ ਨੂੰ ਲਟਕਾ ਲਿਆ ਸੀ।

ਆਈ ਵਾਨ ਅ ਰੀਅਲ ਡਾਗੀ, ਡੈਡ!

ਮੈਨੂੰ ਤਾਂ ਹਾ ਵੀ ਸੱਚੀਂ-ਮੁੱਚੀਂ ਦਾ ਈ ਲਗਦੈ, ਕਿੰਨੂੰ! ਡੈਡੀ ਆਪਣੀਆਂ ਮੁੱਛਾਂ ਉਪਰ ਉਂਗਲ਼ਾਂ ਫੇਰਦੇ ਬੋਲੇ। ਪਤਾ ਤੈਨੂੰ ਕੀ ਹੋਇਆ ਸੀ ਜਦੋਂ ਮੈਂ ਐਸ ਡਾਗੀ ਨੂੰ ਪਹਿਲੀ ਵਾਰ ਦੇਖਿਆ ਸੀ?

ਨਹੀਂ, ਡੈਡ! ਕਿੰਨੂੰ ਨੇ ਆਪਣੇ ਸਿਰ ਨੂੰ ਖੱਬੇ ਸੱਜੇ ਝਟਕਿਆ।

ਲੈ ਸੁਣ ਲੈ ਫ਼ੇ, ਡੈਡੀ ਆਪਣੇ ਬੁੱਲ੍ਹਾਂ ਨੂੰ ਬਾਹਰ ਵੱਲ ਨੂੰ ਖਿਲਾਰਦਿਆਂ ਬੋਲੇ। ਓਦੇਂ ਵੀ ਮੈਂ ਕੰਮ ਤੋਂ ਸਿੱਧਾ ਕਿਚਨ 'ਚ ਆਇਆ, ਕਿੰਨੂੰ। ਥਰਮੋਸ ਬੋਤਲ ਨੂੰ ਸਿੰਕ 'ਚ ਰੱਖ ਕੇ ਜਦੋਂ ਮੈਂ ਐਧਰ ਫ਼ੈਮਿਲੀ ਰੂਮ ਵੱਲ ਝਾਕਿਆ ਤਾਂ ਹਾ ਤੇਰਾ ਜੱਤਲ਼ ਸੋਫ਼ੇ ਦੀ ਲਵ ਸੀਟ ਉਪਰ ਬੈਠਾ ਸੀ। ਇਹਨੂੰ ਦੇਖ ਕੇ ਮੈਂ ਤ੍ਰਭਕ ਗਿਆ। ਮੈਂ ਤੇਰੀ ਮੰਮੀ ਨੂੰ ਪੁੱਛਿਆ ਪਈ ਆਹ ਕਿੱਥੋਂ ਲਿਆਂਦਾ? ਉਹ ਕਹਿਣ ਲੱਗੀ, ਗਵਾਂਢੀਆਂ ਦੇ ਘਰੋਂ ਆ ਵੜਿਆ ਆਪਣੇ ਘਰ! ਮੈਂ ਕਿਹਾ ਸੋਫ਼ੇ ਉਪਰ ਕਿਤੇ ਪਿਸ਼ਾਬ ਨਾ ਕਰ ਦੇਵੇ? ਤੇਰੀ ਮੰਮੀ ਦਾ ਹਾਸਾ ਨਿੱਕਲ਼ ਗਿਆ: ਕਹਿੰਦੀ ਨੇੜੇ ਹੋ ਕੇ ਦੇਖੋ ਜ਼ਰਾ!

ਪਰ ਮੈਂ ਚਾਹੁੰਨੀ ਆਂ ਪਈ ਜੀਂਦਾ ਕੁੱਤਾ ਹੋਵੇ, ਡੈਡ, ਕਿੰਨੂੰ ਜੱਤਲ਼ ਦੀ ਪਿੱਠ ਉਪਰ ਪੋਲੀਆਂ ਪੋਲੀਆਂ ਮੁੱਕੀਆਂ ਮਾਰਦਿਆਂ ਬੋਲੀ। ਬੈਕਯਾਰਡ 'ਚ ਦੌੜ ਕੇ ਗੇਂਦ ਚੁੱਕਣ ਜਾਵੇ ਗਗਨ ਤੇ ਰਮਨ ਦੇ ਕੁੱਤੇ ਵਾਂਗੂੰ।

ਜੱਤਲ਼ ਨੂੰ ਫ਼ਰਸ਼ ਉਪਰ ਟਿਕਾ ਕੇ ਉਹ ਡੈਡੀ ਵੱਲ ਨੂੰ ਖਿਸਕ ਗਈ ਸੀ, ਤੇ ਆਪਣੇ ਸਿਰ ਨੂੰ ਉਸ ਨੇ ਡੈਡੀ ਦੇ ਮੋਢੇ ਨਾਲ ਜੋੜ ਦਿੱਤਾ ਸੀ। ਡੈਡੀ ਨੇ ਕਿੰਨੂੰ ਦੇ ਗ਼ਲ਼ ਉਦਾਲ਼ੇ ਆਪਣੀ ਬਾਂਹ ਵਗ਼ਲ਼ ਲਈ, ਪਰ ਕਿੰਨੂੰ ਨੇ ਆਪਣਾ ਸਿਰ ਇੱਕ ਦਮ ਪਰ੍ਹੇ ਨੂੰ ਖਿੱਚ ਲਿਆ ਸੀ।

ਥੋਨੂੰ ਗੱਲ ਕਹਾਂ ਇੱਕ, ਡੈਡ? ਉਹ ਨੱਕ ਨੂੰ ਸੁੰਗੇੜ ਕੇ ਬੋਲੀ ਸੀ।

ਕੀ ਹੋ ਗਿਆ, ਕਿੰਨੂੰਆਂ!

ਕੰਮ ਤੋਂ ਆ ਕੇ ਪਹਿਲਾਂ ਸ਼ਾਵਰ ਲਿਆ ਕਰੋ!

ਪਰ ਅੰਦਰ ਵੜਨ ਸਾਰ ਤਾਂ ਪਹਿਲਾਂ ਮੈਂ ਤੇਰੀਆਂ ਗੱਲਾਂ ਸੁਣਨੀਆਂ ਹੁੰਦੀਐਂ, ਕਿੰਨੂੰ?

ਬੋਅ ਆਉਂਦੀ ਹੁੰਦੀ ਐ ਤੁਹਾਡੇ ਕੱਪੜਿਆਂ 'ਚੋਂ ਹਰ ਰੋਜ਼ ਈ, ਡੈਡ!

ਸ਼ਰਾਬੀ ਢੋਈਦੇ ਐ ਰਾਤ ਨੂੰ ਰੈਸਟੋਰੈਂਟਾਂ 'ਚੋਂ, ਕਿੰਨੂੰ! ਡੈਡੀ ਨੇ ਆਪਣੇ ਨੱਕ ਨੂੰ ਆਪਣੇ ਖੱਬੇ ਮੋਢੇ ਵੱਲੀਂ ਗੇੜ ਕੇ ਆਪਣੀ ਕਮੀਜ਼ ਨੂੰ ਸੁੰਘਿਆ। ਸਾਲ਼ੇ ਬੈਠਣ ਸਾਰ ਪਹਿਲਾਂ ਜੇਬ 'ਚੋਂ ਡੱਬੀ ਤੇ ਲਾਈਟਰ ਕੱਢਦੇ ਐ!

ਕਿੰਨੂੰ ਫ਼ਰਸ਼ ਉਪਰ ਪਏ ਜੱਤਲ਼ ਵੱਲ ਝਾਕਣ ਲੱਗ ਪਈ ਸੀ।

ਦੇਖ ਲੋ, ਡੈਡ, ਬੰਦਿਆਂ ਨਾਲੋਂ ਤਾਂ ਕੁੱਤੇ ਬਿੱਲੀਆਂ ਈ ਸਿਆਣੇ ਐਂ: ਗਗਨ ਦੇ ਕੁੱਤੇ ਨੂੰ ਬੱਸ ਇੱਕ ਵਾਰ ਵਰਜਣ ਦੀ ਲੋੜ ਐ... ਹਿਊਮਨਜ਼ ਕਿਉਂ ਨੀ ਹਟਦੇ ਸਿਗਰਟਾਂ ਪੀਣੋਂ ਡੈਡ?

ਡੈਡੀ ਹੁਣ ਆਪਣੀਆਂ ਜੁਰਾਬਾਂ ਉਤਾਰਨ ਲੱਗ ਪਏ ਸਨ।

ਕਿੰਨੂੰ ਨੇ ਜੱਤਲ਼ ਨੂੰ ਫ਼ਰਸ਼ ਤੋਂ ਉਠਾਇਆ ਤੇ ਆਪਣੀ ਗੋਦ ਵਿਚ ਬਿਠਾ ਲਿਆ।

ਕਿੰਨੇ ਵਜੇ ਉਠਦੇ ਹੁੰਨੇ ਐਂ, ਡੈਡੀ?

ਪਗੜੀ ਨੂੰ ਉਤਾਰ ਕੇ ਕਾਫ਼ੀ-ਟੇਬਲ ਉਪਰ ਧਰਦਿਆਂ ਡੈਡੀ ਮੁਸਕਰਾਉਣ ਲੱਗ ਪਏ ਸਨ: ਇਹ ਸਵਾਲ ਤਾਂ ਕਿੰਨੂੰ ਹਰ ਚੌਥੇ ਕੁ ਦਿਨ ਈ ਪੁੱਛ ਲੈਂਦੀ ਐਂ!

ਵਿੰਟਰ ਹੋਵੇ ਜਾਂ ਸਮਰ, ਕਿੰਨੂੰ; ਮੈਂ ਤਾਂ ਤੜਕਸਾਰ ਸਾਢੇ ਤਿੰਨ ਵਜੇ ਚਾਹ ਦੀ ਪਤੀਲੀ ਸਟੋਵ 'ਤੇ ਰੱਖ ਦਿੰਨਾਂ, ਤੇ ਥਰਮੋਸ ਬੋਤਲ ਨੂੰ ਟਰੇਅ 'ਚੋਂ ਉਠਾਲ਼ ਕੇ ਸਟੋਵ ਦੇ ਨੇੜੇ ਕਰ ਦਿੰਨਾਂ!

ਆਪਣੀ ਉਬਾਸੀ ਨੂੰ ਸੱਜੇ ਹੱਥ ਦੀਆਂ ਉਂਗਲ਼ਾਂ ਨਾਲ ਪਿੱਛੇ ਨੂੰ ਝੱਲ ਕੇ ਡੈਡੀ ਅਗਾੜੀ ਭੰਨਣ ਲੱਗ ਪਏ ਸਨ।

ਐਨੀ ਸਵਖ਼ਤੇ, ਡੈਡ?

ਚਾਰ ਵਜੇ ਆਡਰ ਚੁੱਕਣਾ ਹੁੰਦੈ, ਕਿਰਨਪਾਲ ਜੀ! ਪੱਕਾ ਰਨ ਐ ਏਅਰਪੋਰਟ ਦਾ!

ਕਿੰਨੂੰ ਆਪਣੇ ਮੂੰਹ ਦੀ ਟੂਟੀ ਬਣਾ ਕੇ ਜੱਤਲ਼ ਨੂੰ ਕੁਤਕੁਤਾੜੀਆਂ ਕੱਢਣ ਲੱਗ ਪਈ ਸੀ।

ਕਿੰਨੇ ਡਾਲਰ ਬਣ'ਗੇ ਅੱਜ, ਡੈਡ? ਉਹ ਅਚਾਨਕ ਹੀ ਬੋਲ ਉਠੀ ਸੀ।

ਜਿੰਨੇ ਤੈਨੂੰ ਕਲ੍ਹ ਦੱਸਿਆ ਸੀ, ਉਨ੍ਹਾਂ 'ਚ ਪੰਦਰਾਂ ਜੋੜ ਲਾ!

ਪਤਾ ਕੀ, ਡੈਡੀ ਜੀ?

ਦੱਸੋ ਜੀ, ਕਿੰਨੂੰ ਜੀ!

ਅੱਜ ਸਕੂਲ 'ਚ ਪਤਾ ਅਸੀਂ ਕੀ ਕੀਤਾ?

ਕੋਈ ਸ਼ਰਾਰਤ ਤਾਂ ਨੀ ਕਰ'ਤੀ ਟੀਚਰ ਨਾ਼ਲ? ਡੈਡੀ ਆਪਣੇ ਮੱਥੇ ਉਪਰਲੀ ਚਮੜੀ ਨੂੰ ਸੁੰਗੇੜ ਕੇ, ਟੇਢੀ ਨਜ਼ਰੇ ਕਿੰਨੂੰ ਵੱਲ ਦੇਖਣ ਲੱਗ ਪਏ ਸਨ।

ਨੋਅਪ! ਕਿੰਨੂੰ ਆਪਣੇ ਸਿਰ ਨੂੰ ਸੱਜੇ-ਖੱਬੇ ਗੇੜਨ ਲੱਗੀ ਸੀ।

ਜਾਂ ਫ਼ਿਰ... ਅਵਾਰਡ ਜਿੱਤਿਆ ਹੋਊ!

ਨੋਅਪ!

ਹੋਰ ਫ਼ਿਰ ਕੀ ਕੀਤਾ ਸਕੂਲ 'ਚ ਤੁਸੀਂ?

ਝੰਡੇ ਬਣਾਏ ਸਾਰੇ ਬੱਚਿਆਂ ਨੇ!

ਝੰਡੇ?

ਹਾਂ, ਡੈਡ, ਆਪੋ-ਆਪਣੇ ਦੇਸ਼ਾਂ ਦੇ ਝੰਡੇ!

ਅੱਛਾ? ਡੈਡੀ ਨੇ ਕਾਫ਼ੀ-ਟੇਬਲ ਉਪਰ ਪਏ ਅਖ਼ਬਾਰ ਨੂੰ ਉਠਾ ਲਿਆ ਸੀ।

ਮੈਂ ਪਤਾ ਕੀ ਕੀਤਾ, ਡੈਡ?

ਦੱਸੋ ਜੀ? ਡੈਡੀ, ਅੱਖਾਂ ਨਾਲ, ਅਖ਼ਬਾਰ ਦੀਆਂ ਹੈਡਲਾਈਨਾਂ ਨੂੰ ਸੱਜੇ-ਖੱਬੇ ਗੇੜਦਿਆਂ ਬੋਲੇ ਸਨ।

ਮੈਂ ਤੁਹਾਡੀ ਪਿਕਚਰ ਬਣਾ ਦਿੱਤੀ, ਵੱਡੀ ਸਾਰੀ ਸ਼ੀਟ 'ਤੇ!

ਸੱਚੀਂ, ਕਿੰਨੂੰ?

ਹਾਂ, ਡੈਡ, ਤੁਹਾਡੀ ਪਿਕਚਰ!

ਵਾਹ ਓ ਤੇਰੇ, ਕਿੰਨੂੰਆਂ!

ਹੋਰ ਪਤਾ ਕੀ ਕੀਤਾ ਮੈਂ, ਡੈਡ?

ਉਹ ਵੀ ਦਸ ਦਿਓ ਜੀ!

ਪੱਗ ਬੰਨ੍ਹ'ਤੀ ਤੁਹਾਡੇ ਸਿਰ 'ਤੇ!

ਸੱਚੀਂ, ਕਿੰਨੂੰ?

ਤੇ ਹੱਥ 'ਚ ਤੁਹਾਡੇ ਪਤਾ ਕੀ ਫੜਾ'ਤਾ?

ਤੂੰ ਫੜਾਇਆ ਹੋਊ... ਫੜਾਇਆ ਹੋਊ... ਪਤਾ ਨੀ, ਕਿੰਨੂੰ, ਕੀ ਫੜਾ'ਤਾ ਹੋਊ!

ਮੈਂ ਤੁਹਾਡੇ ਹੱਥ 'ਚ ਫੜਾ'ਤਾ ਤਿਰੰਗਾ ਝੰਡਾ!

ਤਿਰੰਗਾ? ਪਰ ਤੂੰ ਤਾਂ, ਕਮਲੀਏ, ਕੈਨੇਡਾ 'ਚ ਜੰਮੀ ਐਂ!

ਪਰ ਮੈਂ ਇੰਡੀਅਨ ਵੀ ਆਂ ਡੈਡ, ਇੰਡੀਅਨ!

ਡੈਡੀ ਨੇ ਅਖ਼ਬਾਰ ਦਾ ਸਫ਼ਾ ਪਲ਼ਟ ਲਿਆ ਸੀ।

ਮਿਜ਼ ਹਾਲੈਂਡ ਨੇ ਪਤਾ ਕੀ ਕੀਤਾ ਡੈਡ?

ਗੁੱਸੇ ਹੋਗੀ ਹੋਊ, ਹੋਰ ਕੀ!

ਨਾਅ!

ਡੈਡੀ ਨੈਪਕਿਨ ਨਾਲ ਐਨਕਾਂ ਨੂੰ ਸਾਫ਼ ਕਰਨ ਲੱਗੇ।

ਕਹਿੰਦੀ ਹੋਊ ਦੋਬਾਰਾ ਬਣਾ ਇਕੱਲੇ ਝੰਡੇ ਦੀ ਪਿਕਚਰ!

ਉਹ ਪਿਕਚਰ ਉਹਨੇ ਚਾਕ-ਬੋਰਡ ਉਪਰ ਚਿਪਕਾ'ਤੀ, ਡੈਡ! ਕਿੰਨੂੰ ਦੀਆਂ ਗੱਲ੍ਹਾਂ 'ਚ ਲਾਲ ਰੰਗ ਦੀ ਹਵਾ ਭਰ ਗਈ ਸੀ।

ਵਾਹ ਬਈ ਵਾਹ!

ਫੇਰ ਪਤਾ ਕੀ ਕਿਹਾ ਮਿਸ ਹਾਲੈਂਡ ਨੇ?

ਉਹ ਵੀ ਦੱਸ ਦਿਓ ਜੀ!

ਕਹਿੰਦੀ, 'ਦ ਫ਼ੰਨੀਐਸਟ ਪਿਕਚਰ, ਐਂਡ ਵੈਰੀ ਆਰਟਿਸਟਿਕ!'

ਤੂੰ ਤਾਂ ਫਿਰ ਆਰਟਿਸਟ ਬਣਗੀ, ਕਿੰਨੂਆਂ?

ਹੋਰ ਦੱਸਾਂ, ਡੈਡ?

ਉਹ ਵੀ ਦੱਸ ਲਾ ਹੁਣ ਲਗਦੇ ਹੱਥ!

ਕਲ੍ਹ ਨੂੰ ਸਾਡੀ ਕਲਾਸ ਨੇ ਕਿਤੇ ਜਾਣੈ!

ਅੱਛਾ? ਡੈਡੀ ਅਖ਼ਬਾਰ ਦੇ ਪਿਛਲੇ ਪਾਸੇ ਛਪੇ ਸੇਲ ਦੇ ਇਸ਼ਤਿਹਾਰ ਦੇ ਮੋਟੇ-ਮੋਟੇ ਅੱਖਰਾਂ ਵਿਚ ਖੁੱਭੇ ਹੋਏ ਸਨ, "ਸ਼ਾਨੇ-ਦਰਬਾਰ ਰੈਸਟੋਰੈਂਟ, ਇੱਕ ਪੌਂਡ ਮੱਛੀ ਨਾਲ ਇੱਕ ਪੌਂਡ ਮੁਫ਼ਤ ਲਵੋ!"

ਪਤੈ ਕਿੱਥੇ ਜਾਣੈ ਅਸੀਂ ਕੱਲ੍ਹ ਨੂੰ ਡੈਡ?

ਤੂੰ ਈ ਦੱਸ ਦੇ ਕਿੰਨੂੰ! ਡੈਡੀ ਆਪਣੇ ਢਿਲਕੇ ਹੋਏ ਜੂੜੇ ਨੂੰ ਗੰਢ ਦੇਣ ਲੱਗ ਪਏ ਸਨ।

ਕੱਲ ਨੂੰ ਸਾਡੀ ਕਲਾਸ ਨੇ ਜਾਣੈ... ਜ਼ੂ ਦੇਖਣ! ਜਾਨਵਰ ਤੇ ਪੰਛੀ ਤੇ ਮੱਛੀਆਂ ਦੇਖਾਂਗੇ ਓਥੇ!

ਹੈਂ? ਅਖ਼ਬਾਰ ਤੋਂ ਨਿਗਾਹ ਪੱਟ ਕੇ ਡੈਡ, ਐਨਕਾਂ ਦੇ ਸ਼ੀਸ਼ਿਆਂ ਦੇ ਉਪਰੋਂ ਦੀ ਕਿੰਨੂੰ ਵੱਲੀਂ ਝਾਕਣ ਲੱਗੇ। ਮੱਛੀਆਂ ਵੀ ਹੁੰਦੀਆਂ ਜ਼ੂ 'ਚ, ਕਿੰਨੂੰ?

ਹਾਂ, ਡੈਡ! ਯੂ ਨੋ ਡਾਲਫ਼ਿਨ? ਕਿੰਨੂੰ ਨੇ ਆਪਣੇ ਪੰਜਿਆਂ ਨੂੰ ਫੈਲਾ ਕੇ, ਆਪਣੀਆਂ ਬਾਹਾਂ ਨੂੰ ਪਾਸਿਆਂ ਵੱਲ ਨੂੰ ਖੋਲ੍ਹ ਲਿਆ ਸੀ। ਐਨੀ ਵੱਡੀ ਹੁੰਦੀ ਐ, ਡੈਡ!

ਉਹ ਜਿਹੜੀ ਪਾਣੀ 'ਚੋਂ ਉਪਰ ਵੱਲ ਨੂੰ ਜੰਪ ਕਰਦੀ ਹੁੰਦੀ ਐ?

ਹਾਂ, ਡੈਡ, ਕਿੰਨੂੰ ਨੇ ਆਪਣੀਆਂ ਅੱਖਾਂ ਚੌੜੀਆਂ ਕਰ ਲਈਆਂ। ਆਪਣੀ ਥੁਥੀ ਉਤੇ ਬਾਲ ਰੱਖ ਕੇ ਘੁੰਮਾ ਲੈਂਦੀ ਐ!

ਫੇਰ ਨੀ ਮੈਂ ਜਾਣ ਦੇਣਾ ਤੈਨੂੰ ਜ਼ੂ 'ਚ, ਕਿੰਨੂੰ! ਡੈਡੀ ਦਾ ਸਿਰ ਸੱਜੇ-ਖੱਬੇ ਗਿੜਿਆ। ਨਾਟ ਐਟ ਆਲ!

ਕਿਉਂ, ਡੈਡ? ਜੱਤਲ ਕੁੱਤਾ ਕਿੰਨੂੰ ਦੇ ਹੱਥਾਂ 'ਚੋਂ ਖਿਸਕ ਕੇ ਫ਼ਰਸ਼ ਉਪਰ ਜਾ ਡਿੱਗਾ ਸੀ। ਕਿਉਂ ਨੀ ਜਾਣ ਦੇਣਾ?

ਤੂੰ ਰੋਣ ਲੱਗ ਜਾਣੈ ਡਾਲਫ਼ਿਨ ਨੂੰ ਦੇਖ ਕੇ!

ਵੱਟ, ਡੈਡ? ਕਿੰਨੂੰ ਦੇ ਭਰਵੱਟੇ ਅੰਦਰ ਵੱਲ ਨੂੰ ਇਕੱਠੇ ਹੋ ਗਏ ਸਨ। ਰੋਣ ਕਿਉਂ ਲੱਗਜੂੰ ਮੈਂ?

ਯਾਦ ਐ ਤੈਨੂੰ ਜਦੋਂ ਤੂੰ ਹਾਲੇ ਕਿੰਡਰਗਾਰਡਨ 'ਚ ਪੜ੍ਹਦੀ ਹੁੰਦੀ ਸੀ?

ਡੈਡੀ ਨੇ ਹੁਣ ਆਪਣੀ ਦਾਹੜੀ ਦੀ ਗੁੱਟੀ ਖੋਲ੍ਹ ਲਈ ਸੀ।

ਥੋੜਾ, ਥੋੜਾ ਯਾਦ ਐ ਡੈਡੀ! ਕਿੰਨੂੰ ਦੇ ਬੁੱਲ੍ਹ ਪਾਸਿਆਂ ਵੱਲ ਨੂੰ ਫੈਲ ਗਏ। ਤੁਸੀਂ ਮੈਨੂੰ ਪਾਰਕ 'ਚ ਲਿਜਾਂਦੇ ਹੁੰਦੇ ਸੀ ਡਕਸ (ਬੱਤਖਾਂ) ਦਿਖਾਉਣ ਤੇ ਮੈਂ ਉਨ੍ਹਾਂ ਨੂੰ ਬਰੈਡ ਦੇ ਟੁਕੜੇ ਖਵਾਉਂਦੀ ਹੁੰਦੀ ਸੀ!

ਉਨ੍ਹੀਂ ਦਿਨੀਂ ਟੀ ਵੀ ਉਤੇ ਇੱਕ ਐਡ ਆਉਂਦੀ ਹੁੰਦੀ ਸੀ, ਕਿੰਨੂੰ: ਵੱਡੀ ਸਾਰੀ ਡਾਲਫ਼ਿਨ, ਤਕੜੇ ਸੂਰ ਜਿੱਡੀ! ਆਪਣੀ ਚੁੰਝ ਨੂੰ ਪਾਣੀ 'ਚੋਂ ਬਾਹਰ ਕੱਢਦੀ ਤੇ ਫ਼ਿਰ ਸਾਰੇ ਜ਼ੋਰ ਨਾਲ ਉਪਰ ਨੂੰ ਉਛਲਦੀ ਹੁੰਦੀ ਸੀ।

ਓ ਹਾਂ, ਡੈਡ! ਕਿੰਨੂੰ ਦੇ ਚਿਹਰੇ 'ਚ ਪੋਸਤ ਦੇ ਫੁੱਲ ਖਿੜ ਉਠੇ ਸਨ।

ਪਰ ਉਹਨੂੰ ਦੇਖਦਿਆਂ ਈ ਤੂੰ ਉਚੀ ਉਚੀ ਰੋਣ ਲੱਗ ਜਾਂਦੀ ਸੀ, ਕਿੰਨੂੰ! ਯਾਦ ਹੋਣੈ ਤੈਨੂੰ!

ਹਾਂ, ਡੈਡ! ਕਿੰਨੂੰ ਦਾ ਚਿਹਰਾ ਇੱਕ ਦਮ ਢਿਲਕ ਗਿਆ ਸੀ। ਮੇਰਾ ਜੀਅ ਕਰਦਾ ਹੁੰਦਾ ਸੀ ਡਾਲਫ਼ਿਨ ਨੂੰ ਘੁੱਟ ਕੇ ਗਲਵਕੜੀ 'ਚ ਲੈ ਲਵਾਂ! ਪੂਅਰ ਡਾਲਫ਼ਿਨ!

ਕਿੰਨੂੰ ਨੇ ਜੱਤਲ ਕੁੱਤੇ ਨੂੰ ਫ਼ਰਸ਼ ਤੋਂ ਚੁੱਕ ਕੇ ਹਿੱਕ ਨਾਲ ਲਾ ਲਿਆ ਸੀ।

ਮੈਂ ਥੋਨੂੰ ਇੱਕ ਗੱਲ ਪੁੱਛਣੀ ਆ, ਡੈਡ!

ਬੱਸ ਇੱਕ ਈ ਪੁੱਛੀਂ ਕਿੰਨੂੰ!

ਕਿਉਂ ਡੈਡ?

ਅੱਜ ਦੀਆਂ ਗੱਲਾਂ ਲਈ ਤੇਰਾ ਕੋਟਾ ਪੂਰਾ ਹੋ ਗਿਐ ਕਿੰਨੂੰ! ਬਾਕੀ ਕੱਲ੍ਹ ਨੂੰ! ਓ ਕੇ?

ਓ ਕੇ, ਇੱਕ ਈ ਪੁਛਦੀ ਆਂ: ਥੋਨੂੰ ਪਤੈ ਵਿੰਟਰ 'ਚ ਸਨੋਅ ਪੈ ਜਾਂਦੀ ਐ?

ਉਹ ਤਾਂ ਪੈਂਦੀ ਆ ਹਰ ਸਾਲ ਈ!

ਪਤਾ ਕਿੰਨੀ ਠੰਢ ਹੋ ਜਾਂਦੀ ਐ, ਡੈਡ? ਕਿੰਨੂੰ ਦਾ ਹੇਠਲਾ ਬੁੱਲ੍ਹ ਲਮਕਣ ਲੱਗ ਪਿਆ ਸੀ। ਖਿੜਕੀਆਂ ਦੇ ਸ਼ੀਸ਼ਿਆਂ ਦੇ ਅੰਦਰ-ਬਾਹਰ ਆਈਸ ਜੰਮਗੀ ਸੀ ਮੋਟੀ-ਮੋਟੀ ਪਿਛਲੀ ਵਿੰਟਰ 'ਚ!

ਪਰ ਠੰਢ ਬਾਰੇ ਹੁਣੇ ਈ ਫ਼ਿਕਰਮੰਦ ਕਿਉਂ ਹੋਈ ਜਾਨੀਂ ਐਂ, ਕਿੰਨੂੰ?

ਠੰਢ ਬਾਰੇ ਸੋਚ ਕੇ ਮੈਨੂੰ ਬਰਡਜ਼ ਯਾਦ ਆ ਜਾਂਦੇ ਐ, ਡੈਡ!

ਅੱਛਾ?

ਜਦੋਂ ਫ਼ਰੀਜ਼ਿੰਗ ਰੇਨ ਪੈਂਦੀ ਐ, ਡੈਡ...!

ਹਾਂ ਕਿੰਨੂੰ, ਫ਼ਰੀਜ਼ਿੰਗ ਰੇਨ! ਡੈਡੀ ਨੇ ਕਿੰਨੂੰ ਦੇ ਵਾਕ ਨੂੰ ਕੱਟ ਕੇ ਆਪਣੇ ਬੁੱਲ੍ਹਾਂ 'ਚ ਫੜ



ਲਿਆ ਸੀ। ਡਰਾਇਵਰਾਂ ਦੀ ਵੈਰਨ! ਸੜਕਾਂ 'ਤੇ ਆਈਸ... ਟਾਹਣੀਆਂ ਉਦਾਲੇ ਖੰਭਿਆਂ ਉਦਾਲੇ ਆਈਸ ਦੀ ਤਹਿ, ਜਿਵੇਂ ਸ਼ੀਸ਼ੇ ਦਾ ਮੋਟਾ ਲੇਪ ਕੀਤਾ ਹੋਵੇ!

ਆਈਸ ਤਾਂ ਫਿਰ ਬਰਡਜ਼ ਦੇ ਆਹਲਣਿਆਂ 'ਚ ਵੀ ਜੰਮ ਜਾਂਦੀ ਹੋਊ, ਡੈਡ?

ਕਿਸੇ ਦਾ ਲਿਹਾਜ਼ ਨੀ ਕਰਦੀ ਆਈਸ ਕਿੰਨੂੰ!

ਠਰ ਜਾਂਦੇ ਹੋਣਗੇ ਵਿੰਟਰ 'ਚ ਵਿਚਾਰੇ ਪੰਛੀ, ਸੀਤ ਹਵਾ ਦੇ ਫਰਾਟਿਆਂ 'ਚ!

ਸ਼ਾਇਦ!

ਸ਼ਾਇਦ ਨੀ, ਡੈਅਡ; ਸੱਚੀਂ ਠਰਦੇ ਹੋਣਗੇ ਵਿਚਾਰੇ! ਕਿੰਨੂੰ ਦਾ ਚਿਹਰਾ ਕੰਬਣ ਲੱਗ ਪਿਆ ਸੀ। ਉਨ੍ਹਾਂ ਕੋਲ ਕਿਹੜਾ ਆਪਣੇ ਵਾਂਙੂ ਘਰ ਹੁੰਦੇ ਐ ਡੈਡ!

ਇਹ ਗੱਲ ਤਾਂ ਤੇਰੀ ਸੱਚੀ ਐ ਕਿੰਨੂੰ!

ਉਨ੍ਹਾਂ ਦੇ ਬੱਚੇ ਵੀ ਠਰ ਜਾਂਦੇ ਹੋਣਗੇ! ਪੂਅਰ ਬਰਡਜ਼!

ਪਰ ਕਈ ਸਾਲਾਂ ਬਾਅਦ ਇਹ ਸਭ ਕੁਝ ਇੰਝ ਨਹੀਂ ਰਿਹਾ ਸੀ: ਡੈਡੀ ਹੁਣ ਕੰਮ ਤੋਂ ਪਰਤਦੇ; ਥਰਮੋਸ ਬੋਤਲ ਸਮੇਤ ਕਿਚਨ ਸਿੰਕ ਵੱਲੀਂ ਜਾਣ ਤੋਂ ਪਹਿਲਾਂ ਫ਼ੈਮਿਲੀ ਰੂਮ ਵੱਲ ਨਿਗਾਹ ਫੇਰਦੇ। ਉਨ੍ਹਾਂ ਦਾ ਲਮਕਵਾਂ ਹਉਕਾ, ਫੈਮਿਲੀ ਰੂਮ ਦੀ ਸੁੰਨਸਾਨ ਵਿਚਦੀ ਹੁੰਦਾ ਹੋਇਆ, ਕਿੰਨੂੰ ਦੇ ਕਮਰੇ ਵੱਲ ਨੂੰ ਜਾਂਦੀਆਂ ਪੌੜੀਆਂ ਤੀਕ ਫੈਲ ਜਾਂਦਾ। ਕਿੰਨੂੰ ਦੇ ਕਮਰੇ ਦੇ ਦਰਵਾਜ਼ੇ ਦੀ ਵਿਰਲ ਵਿਚੋਂ ਬੱਜੀਆਂ ਦੀ ਚਿਰੜ-ਚਿਰੜ, ਕੁਰੜ-ਕੁਰੜ ਪੌੜੀਆਂ ਉਤਰਨ ਲਗਦੀ। ਡੈਡੀ ਥਰਮੋਸ ਬੋਤਲ ਨੂੰ ਖੋਲ੍ਹਦੇ ਤੇ ਉਸ ਨੂੰ ਪਾਣੀ ਦੀ ਟੂਟੀ ਹੇਠ ਕਰ ਕੇ, ਕਈ ਕਈ ਮਿੰਟ ਉਹਦੇ ਵੱਲ ਬੇਧਿਆਨ ਤਕਦੇ ਰਹਿੰਦੇ!

ਚੰਗੀ-ਭਲੀ ਹੁੰਦੀ ਸੀ ਸਾਲ, ਡੇਢ ਸਾਲ ਪਹਿਲਾਂ, ਡੈਡੀ ਹੁਣ ਬੇਸਮੈਂਟ ਵਾਲੇ ਸੋਫ਼ੇ ਉਪਰ ਬੈਠੇ ਸੋਚਦੇ ਰਹਿੰਦੇ। ਛੇਵੀਂ ਜਮਾਤ ਵਾਲੀ ਆਪਣੀ ਟੀਚਰ ਦਾ ਰਟਨ ਕਰਦੀ ਰਹਿੰਦੀ ਸੀ, ਆਹ ਦੇਖੋ, ਮਾਮ! ਉਹ ਰੰਗਦਾਰ ਪੈਨਸਿਲਾਂ ਨਾਲ ਬਣਾਈ, ਮਿਜ਼ ਗਿਲੀਜ਼ ਦੀ ਤਸਵੀਰ ਮੰਮੀ ਦੇ ਸਾਹਮਣੇ ਕਰ ਦਿੰਦੀ।

ਮਿਜ਼ ਗਿਲੀਜ਼ ਨੇ ਨਵੀਂ ਕਾਰ ਖ਼ਰੀਦੀ ਐ, ਮਾਮ!

ਅੱਛਾ!

ਅੱਜ ਮੈਂ ਮਿਜ਼ ਗਿਲੀਜ਼ ਨੂੰ ਡੈਂਡੀਲਾਇਨ ਦਾ ਫੁੱਲ ਤੋੜ ਕੇ ਭੇਟ ਕੀਤਾ, ਮਾਮ!

ਓ ਹੋ, ਕਿੰਨੂੰ! ਮਾਮ ਮੱਥੇ ਨੂੰ ਸੁੰਗੇੜ ਕੇ ਹੱਸ ਪੈਂਦੇ। ਪਰ ਡੈਂਡੀਲਾਇਨ ਦਾ ਫੁੱਲ ਤਾਂ ਘਾਹ ਵਾਂਗੂੰ ਥਾਂ ਥਾਂ ਉਗਿਆ ਹੁੰਦੈ!

ਖੁਸ਼ ਹੋਗੀ ਮਿਜ਼ ਗਿਲੀਜ਼, ਮਾਮ!

ਕੋਈ ਚੱਜ ਦਾ ਫੁੱਲ ਦੇਣਾ ਸੀ ਸਟੋਰੋਂ ਲਿਆ ਕੇ!

ਮਿਜ਼ ਗਿਲੀਜ਼ ਨੇ ਹੇਅਰਸਟਾਇਲ ਬਦਲ ਲਿਐ, ਮਾਮ!

ਕਿਹੋ ਜਿਹਾ ਬਣਾ ਲਿਆ?

ਡੈਡ ਜੀ, ਕਿੰਨੂੰ ਹੁਣ ਆਪਣਾ ਚਿਹਰਾ ਡੈਡ ਵੱਲੀਂ ਗੇੜ ਲੈਂਦੀ। ਮਿਜ਼ ਗਿਲੀਜ਼ ਲਈ ਗਿਫ਼ਟ ਲੈ ਕੇ ਆਉਣੈ ਮੈਂ!

ਲੈ ਆ, ਕਿੰਨੂੰ!

ਮਿਜ਼ ਗਿਲੀਜ਼ ਪਿਆਨੋ ਵਜਾਉਂਦੇ ਹੁੰਦੇ ਐ ਡੈਡ!

ਪਰ ਕਿੱਥੇ ਹੁਣ ਵਾਲੀ ਕਿੰਨੂੰ ਤੇ ਕਿੱਥੇ ਪਹਿਲਾਂ ਵਾਲੀ: ਆਹਾ ਈ ਟੈਕਸੀ ਹੁੰਦੀ ਸੀ ਸਵੇਰੇ ਸਕੂਲ ਜਾਣ ਦੇ ਵੇਲੇ ਵੀ! ਡੈਡੀ ਹੋਰਨ ਦੀ 'ਪੀਂ-ਪੀਂ' ਕਰਾਉਂਦੇ ਤਾਂ ਉਹ ਬੈਕ-ਪੈਕ (ਕਿਤਾਬਾਂ ਵਾਲਾ ਬੈਗ) ਨੂੰ ਮੋਢੇ 'ਤੇ ਲਟਕਾ ਕੇ ਦੌੜ ਪੈਂਦੀ ਸੀ ਟੈਕਸੀ ਵੱਲ ਨੂੰ! ਪਤਲੀਆਂ ਪਤਲੀਆਂ ਉਂਗਲਾਂ ਦੀ ਮਾਸੂਮੀਅਤ ਨਾਲ ਟੈਕਸੀ ਦਾ ਦਰਵਾਜ਼ਾ ਖੋਲ੍ਹਦੀ ਤੇ ਆਖਦੀ, 'ਡੈਡੀ ਜੀ, ਸੀਟ ਬੈਲਟ ਲਾ ਦਿਓ!'

ਸਿਗਰਟਾਂ ਦਾ ਧੂੰਆਂ ਤਾਂ ਓਦੋਂ ਵੀ ਡੈਸ਼ਬੋਰਡ, ਸੀਟਾਂ ਤੇ ਵਿੰਡਸ਼ੀਲਡ ਨੂੰ ਚਿੰਬੜਿਆ ਹੁੰਦਾ ਸੀ। ਓਦੋਂ ਵੀ ਸਨਿਚਰਵਾਰ ਦੀ ਸਾਰੀ ਰਾਤ, ਡੈਡੀ ਰੈਸਟੋਰੈਂਟਾਂ ਵਿਚੋਂ ਸ਼ਰਾਬੀ ਹੋਇਆ ਕਾਲਾ-ਚਿੱਟਾ ਹਨੇਰਾ ਢੋ ਕੇ ਸਵੇਰੇ ਸੱਤ ਵਜੇ ਤੋਂ ਪਹਿਲਾਂ ਘਰ ਨੂੰ ਮੁੜਦੇ। ਉਨ੍ਹਾਂ ਦੇ ਮੁੜਨ ਤੋਂ ਪਹਿਲਾਂ ਹੀ ਕਿੰਨੂੰ ਫਟੇ-ਪੁਰਾਣੇ ਤੌਲੀਆਂ ਤੇ ਬੁਨੈਣਾਂ ਨੂੰ ਅਤੇ ਸਪਰੇਅ ਵਾਲੀਆਂ ਬੋਤਲਾਂ ਨੂੰ ਨਿੱਕੀਆਂ ਨਿੱਕੀਆਂ ਉਂਗਲਾਂ 'ਚ ਫੜੀ, ਲਿਵਿੰਗ ਰੂਮ ਦੇ ਸੋਫ਼ੇ ਉਪਰ ਬੈਠੀ ਹੁੰਦੀ ਸੀ। ਡਰਾਈਵ ਵੇਅ ਵੱਲ ਦੀ ਖਿੜਕੀ ਦੇ ਸ਼ੀਸ਼ੇ ਰਾਹੀਂ ਨਜ਼ਰਾਂ ਨੂੰ ਬਾਹਰ ਵੱਲੀਂ ਲਮਕਾ ਕੇ ਉਹ ਵਾਰ ਵਾਰ ਸੜਕ ਨੂੰ ਟੋਂਹਦੀ। ਡੈਡੀ ਜਿਓਂ ਹੀ ਟੈਕਸੀ 'ਚੋਂ ਨਿਕਲਦੇ, ਕਿੰਨੂੰ ਝੱਟ-ਪੱਟ ਡਰਾਇਵਰ ਵਾਲੀ ਸੀਟ ਉਪਰ ਬੈਠ ਜਾਂਦੀ। ਉਹ ਐਸ਼ ਟਰੇਅ ਨੂੰ ਡੈਸ਼ਬੋਰਡ ਤੋਂ ਖਿਚਦੀ ਤੇ ਅੱਧ-ਜਲੇ ਟੋਟਿਆਂ ਨੂੰ ਗਾਰਬੇਜ ਬੈਗ ਵਿਚ ਝਾੜ ਦਿੰਦੀ। ਫਿਰ ਉਹ ਸਪਰੇਅ ਦਾ ਫਰਾਟਾ ਲੀਰ ਉਤੇ ਮਾਰਦੀ ਤੇ ਐਸ਼ ਟਰੇਅ 'ਚ ਜੰਮੀ ਸੁਆਹ ਦੀ ਐਸੀ-ਤੈਸੀ ਫੇਰਨ ਲਗਦੀ।



ਪਰ ਅੱਠਵੀਂ ਜਮਾਤ 'ਚ ਆ ਕੇ ਜਦੋਂ ਉਹ ਮਿਜ਼ ਹਾਲੈਂਡ ਦੀ ਵਿਦਿਆਰਥਣ ਬਣ ਗਈ ਤਾਂ ਇਹ ਸਭ ਕੁਝ ਬਦਲ ਗਿਆ ਸੀ: ਟੈਕਸੀ ਦੀ ਸਫ਼ਾਈ ਵਾਲੀ ਸਵੇਰ, ਟੈਕਸੀ ਦੇ ਘਰ ਅਪੜਨ ਤੋਂ ਪਹਿਲਾਂ ਹੀ, ਹੁਣ ਉਹ ਆਪਣੇ ਕਲਾਜ਼ਿਟ ਵਿਚੋਂ ਨੱਕ ਉਪਰ ਲਪੇਟਣ ਲਈ ਸਕਾਰਫ਼ ਲੱਭਣ ਲੱਗ ਜਾਂਦੀ। ਸੱਜੇ ਹੱਥ ਉਪਰ ਰਬੜ ਦੇ ਦਸਤਾਨੇ ਚਾੜ੍ਹ ਕੇ, ਐਸ਼ ਟਰੇਅ ਨੂੰ ਕਾਰ ਦੇ ਡੈਸ਼ਬੋਰਡ 'ਚੋਂ ਖਿਚਦੀ ਅਤੇ ਅੰਗੂਠੇ ਤੇ ਮੂਹਰਲੀ ਉਂਗਲ 'ਚ ਪਕੜ ਕੇ ਆਪਣੀ ਬਾਂਹ ਨੂੰ ਦੂਰ ਤੀਕਰ ਵਧਾ ਦਿੰਦੀ, ਜਿਵੇਂ ਉਹਦੇ ਹੱਥ 'ਚ ਮਰਿਆ ਹੋਇਆ ਚੂਹਾ ਪਕੜਿਆ ਹੋਵੇ। ਫਿਰ ਉਹ ਆਪਣੇ ਮੂੰਹ ਨੂੰ ਖੱਬੇ ਪਾਸੇ ਵੱਲ ਨੂੰ ਘੁੰਮਾ ਕੇ ਆਪਣੀਆਂ ਅੱਖਾਂ, ਬੁੱਲ੍ਹਾਂ ਅਤੇ ਮੱਥੇ ਨੂੰ ਸੁੰਗੇੜ ਲੈਂਦੀ: ਯੱਕ! ਉਹ ਘੁੱਟੇ ਹੋਏ ਦੰਦਾਂ ਨਾਲ ਆਪਣੀਆਂ ਵਰਾਛਾਂ ਨੂੰ ਹੇਠਾਂ ਵੱਲ ਨੂੰ ਖਿੱਚ ਲੈਂਦੀ।

ਅੱਠਵੀਂ 'ਚ ਕਾਹਦੀ ਹੋਈ ਸੀ ਉਹ ਪਿਛਲੇ ਸਾਲ, ਉਸ ਦੀ ਜੀਭ ਉਪਰ ਸਵਾਲ ਹੀ ਸਵਾਲ ਉਗ ਆਏ ਸਨ: ਡੈਡ! ਪਤੈ ਤੁਹਾਨੂੰ ਅਲਕੋਹਲ ਕਿੰਨੀ ਮਾੜੀ ਹੁੰਦੀ ਐ ਸਿਹਤ ਲਈ? ਸ਼ਾਮ ਨੂੰ ਡੈਡੀ ਦੇ ਹੱਥ 'ਚ ਗਲਾਸੀ ਦੇਖ ਕੇ ਉਹ ਸ਼ੁਰੂ ਹੋ ਜਾਂਦੀ। ਲਿਵਰ ਨੂੰ ਤਬਾਹ ਕਰ ਦਿੰਦੀ ਐ! ਕਿਡਨੀਆਂ ਨੂੰ ਡੈਮੇਜ ਕਰ ਸੁਟਦੀ ਐ!

ਡੈਡ ਆਖਦੇ: ਸ਼ਾਮ ਨੂੰ ਦੋ ਗਲਾਸੀਆਂ ਨਾਲ ਨੀਂਦ ਚੰਗੀ ਆ ਜਾਂਦੀ ਐ, ਕਿੰਨੂੰ!

ਨੋ, ਡੈਡ! ਕਿੰਨੂੰ ਆਪਣੇ ਭਰਵੱਟਿਆਂ ਨੂੰ ਅੰਦਰ ਵੱਲ ਨੂੰ ਖਿਚਦੀ। ਸਭ ਬਹਾਨੇ ਹਨ!

ਦੂਜੇ ਤੀਜੇ ਦਿਨ ਮੰਮੀ ਦੇ ਵਾਸ਼ਰੂਮ 'ਚ ਜਾ ਕੇ ਮੱਥਾ ਸੁੰਗੇੜ ਲੈਂਦੀ: ਪਾਣੀ ਵੇਸਟ ਹੋ ਰਿਹੈ, ਮਾਮ! ਦੰਦਾਂ ਉਪਰ ਬੁਰਸ਼ ਘਸਾਉਣ ਵੇਲੇ ਟੂਟੀ ਬੰਦ ਕਿਉਂ ਨੀਂ ਕਰਦੇ ਤੁਸੀਂ?

ਇੱਕ ਦਿਨ ਐਤਵਾਰ ਸੀ: ਡੈਡੀ ਬੈਕਯਾਰਡ 'ਚ ਸਪਰੇਅ ਪੰਪ ਨੂੰ ਸਾਫ਼ ਕਰ ਰਹੇ ਸਨ। ਕਿੰਨੂੰ ਅੰਦਰੋਂ ਦੌੜੀ ਆਈ: ਦੋਨੋਂ ਹੱਥ ਢਾਕਾਂ ਉਪਰ ਤੇ ਮੱਥੇ ਦੀ ਚਮੜੀ ਅੰਦਰ ਵੱਲ ਨੂੰ ਖਿੱਚੀ ਹੋਈ!

ਐਸ ਬੋਤਲ 'ਚ ਕੀ ਐ, ਡੈਡ!

ਇਹਨੂੰ ਕਹਿੰਦੇ ਐ... ਵੀਡ-ਕਿੱਲਰ! (ਨਦੀਨ-ਨਾਸ਼ਕ)

ਸਪਰੇਅ ਕਰੋਗੇ ਏਹਨੂੰ ਘਾਹ 'ਤੇ?

ਡੈਡੀ ਸਪਰੇਅ-ਪੰਪ ਨੂੰ ਛੱਡ ਕੇ ਬੈਠ ਗਏ।

ਇਹ ਸਪਰੇਅ ਤਾਂ ਕਰਨਾ ਈ ਪੈਣੈ, ਬੇਟੀ ਜੀ! ਮੀਟੀਆਂ ਅੱਖਾਂ ਨਾਲ ਭਰਵੱਟਿਆਂ ਨੂੰ ਉਤਾਹਾਂ ਖਿੱਚ ਕੇ ਡੈਡੀ ਨੇ ਇੱਕ ਲੰਮਾ ਸਾਹ ਅੰਦਰ ਵੱਲ ਨੂੰ ਖਿੱਚ ਲਿਆ ਸੀ।

ਨੋ ਡੈਡ! ਨਹੀਂ ਕਰਨਾ!

ਕਿਉਂ ਨੀ ਕਰਨਾ, ਕਿੰਨੂੰ?

ਜ਼ਹਿਰ ਐ ਡੈਡ, ਜ਼ਹਿਰ ਏਹ ਵੀਡ-ਕਿੱਲਰ!

ਓ ਏਨੀ ਕਰੜੀ ਜ਼ਹਿਰ ਨੀਂ ਹੁੰਦੀ ਇਹਦੇ 'ਚ ਕਿੰਨੂੰ, ਜਿੰਨੀ ਤੂੰ ਸਮਝਦੀ ਐਂ!

ਓ, ਡੈਅਡ! ਕਿੰਨੂੰ ਆਪਣੇ ਸਿਰ ਨੂੰ ਸੱਜੇ-ਖੱਬੇ ਗੇੜਨ ਲੱਗ ਪਈ ਸੀ। ਵਿਚਾਰੇ ਗੰਡੋਇਆਂ ਨੂੰ ਵੀ ਮਾਰ ਸੁਟਦੀ ਐ ਹਾ ਵੀਡ-ਕਿੱਲਰ, ਤੇ ਤਿਤਲੀਆਂ ਨੂੰ ਵੀ, ਤੇ ਚਿੜੀਆਂ ਨੂੰ ਵੀ!

ਓ ਨਹੀਂ ਕਿੰਨੂੰ!

ਨੋ ਡੈਡ! ਇਹਦਾ ਅਸਰ ਤਾਂ ਮੇਰੇ ਬੈਡ ਰੂਮ ਤੀਕ ਵੀ ਜਾ ਸਕਦੈ; ਮੇਰੇ ਬੱਜੀ ਵੀ ਮਰ ਸਕਦੇ ਐ ਇਸ ਨਾਲ!

ਤੇ ਫਿਰ ਆ ਗਿਆ ਸੀ ਉਹ ਚੰਦਰਾ ਦਿਨ: ਡੈਡੀ ਦੇ ਕੰਮ ਤੋਂ ਪਰਤਣ ਦਾ ਵੇਲਾ ਹੋ ਗਿਆ ਸੀ! ਸ਼ੁੱਕਰਵਾਰ ਐ ਅੱਜ! ਬੱਜੀਆਂ ਨਾਲ ਖੇਡਦੀ ਖੇਡਦੀ ਕਿੰਨੂੰ ਸੋਚਣ ਲੱਗੀ ਸੀ। ਅੱਜ ਹਟਾ ਕੇ ਈ ਹਟੂੰ, ਡੈਡ ਨੂੰ!

ਤੇ ਉਹ ਝੱਟ-ਪੱਟ ਆਪਣੇ ਬੈਡ ਰੂਮ 'ਚੋਂ ਉਠ ਕੇ ਪੌੜੀਆਂ ਕੋਲ਼ ਆ ਗਈ ਸੀ। ਦਰਵਾਜ਼ੇ ਦੀ ਕੀ-ਹੋਲ 'ਚ ਚਾਬੀ ਦੀ ਕੜਿੱਕ-ਕੜਿੱਕ ਹੋਈ ਤੇ ਅਗਲੇ ਪਲੀਂ ਬੂਹੇ ਦਾ ਤਖ਼ਤਾ ਅੰਦਰ ਵੱਲ ਨੂੰ ਧੱਕਿਆ ਗਿਆ।

ਹਾਏ ਡੈਡ! ਕਿੰਨੂੰ ਪੌੜੀ ਦੇ ਸਿਖ਼ਰ ਤੋਂ ਬੋਲੀ ਸੀ।

'ਹਾਏ ਕਿੰਨੂੰ,' ਆਖ ਕੇ ਡੈਡੀ ਉਪਰ ਵੱਲ ਨੂੰ ਝਾਕੇ ਸਨ! ਖੱਬੇ ਹੱਥ 'ਚ ਫੜੇ ਪੋਲੀਥੀਨ ਦੇ ਬੈਗ ਨੂੰ ਪੱਟ ਦੇ ਓਹਲੇ ਲੁਕਾਉਣ ਦਾ ਯਤਨ ਕਰਦੇ ਹੋਏ ਉਹ ਕਿਚਨ ਵੱਲ ਨੂੰ ਵਗ ਤੁਰੇ।

ਪੌੜੀਆਂ ਤੋਂ ਦਗੜ ਦਗੜ ਦੀ ਅਵਾਜ਼ ਹੇਠਾਂ ਵੱਲ ਨੂੰ ਉਤਰੀ ਤੇ ਠੱਕ ਠੱਕ 'ਚ ਬਦਲ ਕੇ ਡੈਡੀ ਦੇ ਪਿੱਛੇ ਪਿੱਛੇ ਕਿਚਨ ਵੱਲ ਨੂੰ ਵਹਿ ਗਈ ਸੀ।

ਕੀ ਐ ਹੈਸ ਬੈਗ 'ਚ, ਡੈਡ! ਕਿੰਨੂੰ ਦੇ ਤਣੇ ਹੋਏ ਭਰਵੱਟੇ ਫਰਕਣ ਲੱਗੇ ਸਨ।

'ਕੁੱਛ ਨੀ ਕਿੰਨੂੰ,' ਕਹਿ ਕੇ ਡੈਡੀ ਨੇ ਆਪਣੀਆਂ ਮੁੱਛਾਂ ਨੂੰ ਪਾਸਿਆਂ ਵੱਲ ਨੂੰ ਫ਼ੈਲਾ ਲਿਆ ਸੀ।

ਦੱਸੋ ਮੈਨੂੰ ਡੈਡ, ਕੀ ਐ ਹੈਸ ਬੈਗ ਵਿਚ!

ਡੈਡ ਦਾ ਲੰਮਾ ਹਉਕਾ ਉਨ੍ਹਾਂ ਦੇ ਫੇਫੜਿਆਂ ਵਿਚ ਹੀ ਗੁੱਛੀਮੁੱਛੀ ਹੋ ਗਿਆ ਸੀ।

ਫੇਰ ਲਿਆਂਦਾ ਅੱਜ ਉਹੀ, ਡੈਡ? ਕਿੰਨੂੰ ਦੇ ਬੁੱਲ੍ਹ ਕੰਬਣ ਲੱਗੇ ਸਨ। ਕੀ ਕਿਹਾ ਸੀ ਮੈਂ ਤੁਹਾਨੂੰ ਪਿਛਲੇ ਹਫ਼ਤੇ?

ਉਏ ਕਿੰਨੂੰ, ਡੈਡ ਦਾ ਸਿਰ ਸੱਜੇ-ਖੱਬੇ ਘੁੰਮਿਆ ਸੀ। ਫ਼ਰਾਈਡੇ ਨੂੰ ਤਾਂ ਖਾ ਲੈਣ ਦਿਆ ਕਰ!

ਨੋ, ਡੈਡ! ਕਿੰਨੂੰ ਦੀਆਂ ਅੱਖਾਂ ਲਗਾਤਾਰ ਝਮਕਣ ਲੱਗ ਪਈਆਂ ਸਨ। ਇਨ੍ਹਾਂ 'ਚ ਵੀ ਜਾਨ ਹੁੰਦੀ ਐ, ਪਤੈ?

ਉਹਦੇ ਕੋਇਆਂ 'ਚ ਉਭਰ ਆਈ ਨਮੀਂ ਉਸ ਦੀ ਨੱਕ ਦੀ ਕੋਂਪਲ ਵੱਲ ਨੂੰ ਵਧਣ ਲੱਗ ਪਈ ਸੀ।

ਬੱਕਰਿਆਂ ਦੀਆਂ ਵੀ ਮਾਂਵਾਂ ਹੁੰਦੀਆਂ, ਡੈਡ! ਕਿੰਨੂੰ ਦੀ ਆਵਾਜ਼ ਘੁੱਟੀ ਗਈ ਸੀ। ਜੇ ਕੋਈ ਮੈਨੂੰ ਵੱਢ ਕੇ ਖਾਵੇ, ਫ਼ੇਰ?

ਡੈਡੀ ਦੇ ਸੱਜੇ ਹੱਥ 'ਚ ਪਕੜਿਆ ਅਖ਼ਬਾਰ ਫ਼ਰਸ਼ ਉਪਰ ਜਾ ਡਿੱਗਿਆ ਸੀ।

ਕਿੰਨੇ ਚਿਰ ਤੋਂ ਰੋਕ ਰਹੀ ਆਂ ਥੋਨੂੰ, ਡੈਡ! ਉਹਨੇ ਆਪਣੇ ਦੰਦ ਮੁੱਠੀ ਵਾਂਗਣ ਕੱਸ ਲਏ ਸਨ। ਅੱਜ ਤੋਂ ਬਾਅਦ ਨੀਂ ਮੈਂ ਹਟਾਉਣਾ ਥੋਨੂੰ; ਬੱਸ ਘਰੋਂ ਦੌੜ ਜਾਣੈ ਮੈਂ!

ਸਿਰ ਨੂੰ ਹਿਲਾਉਂਦੀ ਹੋਈ ਕਿੰਨੂੰ ਦੇ ਮੋਢਿਆਂ ਤੀਕਰ ਕੱਟੇ ਵਾਲ਼ ਜ਼ੋਰ ਨਾਲ ਸੱਜੇ-ਖੱਬੇ ਝੂਲਣ ਲੱਗ ਪਏ ਸਨ, ਤੇ ਉਹ ਦਗੜ-ਦਗੜ ਪੌੜੀਆਂ ਚੜ੍ਹ ਗਈ ਸੀ।

ਡੈਡੀ ਨੇ ਟੀ ਵੀ ਦਾ ਬਟਨ ਆਨ ਕਰ ਦਿੱਤਾ। ਸੀ ਐਨ ਐਨ ਨੇ ਅੱਖਾਂ ਪੱਟ ਲਈਆਂ। ਬਗ਼ਦਾਦ ਦੇ ਸਿਰ ਉਪਰ ਤੇਜ਼ ਰਫ਼ਤਾਰ ਉਡਦੇ ਜੰਗੀ ਜਹਾਜ਼ਾਂ ਦੀ ਘੂੰਐਂ ਘੂੰਐਂ! ਗੜਤੜ; ਜਿਵੇਂ ਅਸਮਾਨ ਵਿਚ ਪਹਾੜ ਫਟ ਰਹੇ ਹੋਣ! ਗੜ-ਗੜ-ਗੜ-ਗੜ! ਫ਼ਿਰ ਫਟ ਰਹੇ ਬੰਬਾਂ ਦੇ ਲਿਸ਼ਕਾਰੇ ਤੇ ਧਮਾਕੇ: ਡੰਮਮ! ਡੰਮਮ! ਅੱਗੇ ਦਿਸਣ ਲੱਗੀ, ਪਿੱਠ 'ਚੋਂ ਧੂੰਆਂ ਛਡਦੀਆਂ ਮਿਜ਼ਾਇਲਾਂ ਦੀ ਸ਼ੂੰਅੰਅੰ ਸ਼ੂੰਅੰਅੰ! ਅਗਲੇ ਪਲੀਂ, ਲੋਹੇ ਦੀਆਂ ਚੌੜੀਆਂ ਚੇਨਾਂ ਉਪਰ ਦੌੜਦੇ ਹੋਏ ਮਧਰੇ ਕੱਦ ਦੇ ਹਾਥੀਆਂ ਵਰਗੇ ਟੈਂਕ ਤੇ ਅਸਮਾਨ ਵੱਲ ਸੇਧੀਆਂ ਹੋਈਆਂ ਉਨ੍ਹਾਂ ਦੀਆਂ ਲੰਬੂਤਰੀਆਂ ਚੁੰਝਾਂ,: ਠਾਅ! ਠਾਅ! ਠਾਅ!... ਟੀ ਵੀ ਦੇ ਉਪਰਲੇ ਪਾਸੇ ਗੱਤੇ ਦੇ ਫ਼ਰੇਮ 'ਚ ਖਲੋਤਾ ਕਿੰਨੂੰ ਦਾ ਪੋਰਟਰੇਟ ਕੰਬਣ ਲੱਗਾ। ਪੋਰਟਰੇਟ ਦੇ ਨਾਲ ਹੀ ਟਿਕਾਇਆ ਲੱਕੜ ਦਾ ਬੱਜੀ ਕੰਬਦਾ ਕੰਬਦਾ ਹੇਠਾਂ ਫ਼ਰਸ਼ ਉਤੇ ਆ ਗਿਰਿਆ।

ਪੌੜੀਆਂ 'ਚ ਦਗੜ-ਦਗੜ ਹੇਠਾਂ ਵੱਲ ਨੂੰ ਰੁੜ੍ਹਨ ਲੱਗੀ।

ਡੈਅਡ! ਕਿੰਨੂੰ ਦੇ ਘੁੱਟੇ ਹੋਏ ਬੁੱਲ੍ਹਾਂ 'ਚੋਂ ਜੀਕਣ ਤੋਪ ਦਾ ਗੋਲਾ ਨਿੱਕਲ ਆਇਆ।

ਡੈਡ ਤ੍ਰਭਕ ਕੇ ਕਿੰਨੂੰ ਵੱਲ ਝਾਕੇ।

ਬੰਦ ਕਰੋ ਟੀ ਵੀ, ਡੈਡ! ਰਾਇਟ ਅਵੇਅ!!

ਮ... ਮੈਂ ਇਰਾਨ ਦੀ ਜੰਗ ਦੇਖ ਰਿਹਾਂ ਕਿੰਨੂੰ। ਲਾਈਵ ਆ ਰਹੀ ਐ!

ਥੋਨੂੰ ਪਤਾ ਨੀ ਮੇਰੇ ਕਮਰੇ 'ਚ ਬੱਜੀ ਬਰਡ ਨੇ ਦੋ ਆਂਡੇ ਦਿੱਤੇ ਹੋਏ ਐ?

ਦੱਸਿਆ ਸੀ ਤੇਰੀ ਮੰਮੀ ਨੇ ਕਿੰਨੂੰ!

ਬੰਬਾਂ ਦਾ ਤੇ ਟੈਂਕਾਂ ਦਾ ਐਨਾ ਖੜਕਾ? ਕਿੰਨੂੰ ਦੇ ਕੱਸੇ ਹੋਏ ਮੱਥੇ 'ਚੋਂ ਕਿਰਤ-ਕਿਰਤ ਕਿਰਨ ਲੱਗੀ। ਠਾਹ-ਠਾਹ! ਸਾਰਾ ਹਾਉਸ ਹਿੱਲਣ ਲੱਗ ਪਿਐ ਡੈਡ!

ਖ... ਖੜਕਾ? ਡੈਡੀ ਕਦੇ ਟੀ ਵੀ ਵੱਲੀਂ ਤੇ ਕਦੇ ਕਿੰਨੂੰ ਵੱਲੀਂ ਝਾਕਣ ਲੱਗੇ।

ਇਹ ਜਿਹੜੀ ਠਾਹ-ਠਾਹ ਸੁਣੀਂ ਜਾਣੇ ਓ ਤੁਸੀਂ ਟੀ ਵੀ ਉਤੇ ਡੈਡ, ਇਨ੍ਹੇ ਪਿੰਜਰੇ 'ਚ ਪਏ ਆਂਡਿਆਂ 'ਚ ਤ੍ਰੇੜਾਂ ਪਾ ਦੇਣੀਐਂ!

ਕਿੰਨੂੰ ਨੇ ਰੀਮੋਟ ਦੇ 'ਆਫ਼' ਵਾਲ਼ੇ ਬਟਨ ਉਪਰ ਅੰਗੂਠਾ ਦਬਾ ਦਿੱਤਾ।

# ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਬਦਲ ਕਿੰਨੀ ਦੂਰ?

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕਿਸੇ ਵਿਕਸਿਤ ਜਾਂ ਵਿਕਾਸ ਕਰ ਰਹੇ ਦੇਸ਼ ਦੇ ਮੁਖੀ ਦੀ ਹਸਤੀ ਨੂੰ ਚਮਕਾਉਣ ਲਈ ਸਿਆਸਤ ਤੇ ਅਰਥ ਸ਼ਾਸਤਰ ਦਾ ਗਿਆਨ ਹੀ ਕਾਫੀ ਨਹੀਂ ਬਾਹਰੀ ਘਟਨਾਵਾਂ ਦਾ ਸੁਮੇਲ ਵੀ ਜ਼ਰੂਰੀ ਹੈ। ਇਸ ਉਤੇ ਭਾਰਤੀ ਰਾਜਨੀਤੀ ਦੇ ਵਰਤਮਾਨ ਘਟਨਾਕ੍ਰਮ ਨੇ ਮੋਹਰ ਲਾ ਦਿੱਤੀ ਹੈ। ਕੱਲ ਤੱਕ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਡਿਕੌਡੋਲੇ ਖਾਂਦੀ ਕਿਸ਼ਤੀ ਨੂੰ ਭਾਜਪਾ ਵੱਲੋਂ ਨਰਿੰਦਰ ਮੋਦੀ ਨੂੰ ਦਿੱਤੇ ਸੱਜਰੇ ਮਹੱਤਵ ਨੇ ਰਵਾਂ ਕਰ ਦਿੱਤਾ ਹੈ। ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਇਸ ਦਾ ਕਿਹੋ ਜਿਹਾ ਲਾਭ ਮਿਲਦਾ ਹੈ, ਇਹ ਤਾਂ ਸਮਾਂ ਦੱਸੇਗਾ ਪਰ ਭਾਜਪਾ ਦੇ ਇਸ ਇਕੱਲੇ ਫੈਸਲੇ ਨੇ ਡਾ. ਮਨਮੋਹਨ ਸਿੰਘ ਦੀ ਵਰਤਮਾਨ ਅਨਿਸ਼ਚਤਤਾ ਉਤੇ ਢਕਣ ਦੇ ਛੱਡਿਆ ਹੈ।

ਅਗਲੀ ਲੋਕ ਸਭਾ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਦੇਸ਼ ਦੀ ਵਾਗਡੋਰ ਉਨ੍ਹਾਂ ਦੇ ਹੱਥ ਰਹਿੰਦੀ ਹੈ ਜਾਂ ਨਹੀਂ, ਚੋਣਾਂ ਤੱਕ ਟਿੱਕੇ ਰਹਿਣਾ ਤੈਅ ਹੋ ਗਿਆ ਜਾਪਦਾ ਹੈ। ਕਹਿਣ ਵਾਲੇ ਇਸ ਦਾ ਸਿਹਰਾ ਡਾ. ਮਨਮੋਹਨ ਸਿੰਘ ਦੀ ਕਿਸਮਤ ਦੇ ਮੱਥੇ ਬੰਨ੍ਹਣਗੇ ਪਰ ਇਸ ਦੀ ਸਹੀ ਹੱਕਦਾਰ ਭਾਜਪਾ ਦੀ ਸੰਘੀ ਪਹੁੰਚ ਹੈ ਜਿਸ ਨੂੰ ਸਾਡੇ ਦੇਸ਼ ਵਾਸੀ ਕਈ ਵਾਰ ਨਕਾਰ ਚੁੱਕੇ ਹਨ। ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਥਾਂ ਸ੍ਰੀ ਅਟੱਲ ਬਿਹਾਰ ਵਾਜਪਾਈ ਦਾ ਪ੍ਰਧਾਨ ਮੰਤਰੀ ਦੀ ਕੁਰਸੀ ਲਈ ਚੁਣਿਆ ਜਾਣਾ ਇਸ ਦਾ ਵੱਡਾ ਸਬੂਤ ਸੀ। ਜੇ ਦੇਸ਼ ਦੇ ਵੋਟਰਾਂ ਨੇ ਇਸ ਅਹੁਦੇ ਲਈ ਸ੍ਰੀ ਅਡਵਾਨੀ ਨੂੰ ਨਹੀਂ ਉਭਰਨ ਦਿੱਤਾ ਤਾਂ ਨਰਿੰਦਰ ਮੋਦੀ ਕਿਸ ਦਾ ਪਾਣੀਹਾਰ ਹੈ। ਉਸ ਦੀ ਈਮਾਨਦਾਰੀ ਅਤੇ ਧੁੱਸ ਨੂੰ ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗੇ ਅਜਿਹਾ ਦਾਗ਼ ਲਾ ਚੁੱਕੇ ਹਨ ਜਿਹੜਾ ਇਕ ਉਮਰ ਵਿਚ ਧੁਪਣਾ ਸੰਭਵ ਨਹੀਂ। ਕਹਿੰਦੇ ਹਨ ਕਿ ਕਿਸੇ ਦੇ ਭਾਗਾਂ ਨੂੰ ਕਿਸੇ ਦੀ ਆਪਣੀ ਸਿਆਣਪ ਹੀ ਨਹੀਂ ਚਮਕਾਉਂਦੀ, ਵਿਰੋਧੀਆਂ ਦੀ ਕਮਅਕਲੀ ਦਾ ਵੀ ਇਸ ਵਿਚ ਹੱਥ ਹੁੰਦਾ ਹੈ। ਸੱਜਰੇ ਵਰਤਾਰੇ ਤੋਂ



ਡਾ. ਮਨਮੋਹਨ ਸਿੰਘ

ਹੋਣ ਵਾਲਾ ਲਾਭ ਡਾ. ਮਨਮੋਹਨ ਸਿੰਘ ਦੀ ਝੋਲੀ ਵਿਚ ਅੱਜ ਤੋਂ ਪਿੱਛੋਂ ਤੱਕ ਵੀ ਪਿਆ ਰਹਿੰਦਾ ਹੈ ਜਾਂ ਨਹੀਂ ਵੇਖਣ ਵਾਲੀ ਗੱਲ ਹੈ।

### ਖਾਪ ਪੰਚਾਇਤਾਂ ਦੀ ਰਾਜਨੀਤੀ

ਜਾਟ ਬਰਾਦਰੀ ਦੀਆਂ ਖਾਪ ਪੰਚਾਇਤਾਂ ਦੀ ਸੌੜੀ ਰਾਜਨੀਤੀ ਦਾ ਘਾਤਕ ਪ੍ਰਭਾਵ ਬਰਾਦਰੀ ਤੱਕ ਹੀ ਸੀਮਤ ਨਹੀਂ, ਇਸ ਦਾ ਉਛਾਲਾ ਗੁਆਂਢੀਆਂ ਉਤੇ ਵੀ ਪੈਣਾ ਅਰੰਭ ਹੋ ਗਿਆ ਹੈ। ਹਰਿਆਣਾ ਦੇ ਜ਼ਿਲ੍ਹਾ ਸੋਨੀਪਤ ਵਿਚ ਪੈਂਦੇ ਪਿੰਡ ਗੋਰੜ ਦੇ ਤੋਮਰ ਗੋਤ ਦੇ ਪ੍ਰੇਮੀ ਜੋੜੇ ਬਸੰਤ ਕੁਮਾਰ ਬੰਟੀ ਤੇ ਸਰਿਤਾ ਦੇ 2007 ਤੋਂ ਚਲੇ ਆ ਰਹੇ ਪ੍ਰੇਮ ਸਬੰਧਾਂ ਨੇ ਉਸ ਦੀ ਚੁੰਨੀ ਨਾਲ ਬੱਧੇ ਕੱਚੇ ਧਾਗੇ ਦੀ ਗੰਢ ਵਾਲੇ ਪਤੀ ਸੰਦੀਪ ਕੁਮਾਰ ਤੇ ਉਸ ਦੀ ਮਾਂ ਦੀ ਜਾਨ ਹੀ ਨਹੀਂ ਲੈ ਲਈ, ਗੁਆਂਢੀ ਰਾਜ ਦੇ ਸਿੱਖ ਇੰਸਪੈਕਟਰ ਸੁੱਚਾ ਸਿੰਘ ਦੀ ਜਾਨ ਵੀ ਲੈ ਲਈ ਹੈ। ਇਹ ਜੋੜਾ ਇਸ ਤੋਂ ਪਹਿਲਾਂ ਚੰਡੀਗੜ੍ਹ ਦੀ ਅਦਾਲਤ ਵਿਚ ਪੱਕਾ ਵਿਆਹ ਰਚਾ ਚੁਕਾ ਸੀ। ਸੰਦੀਪ-ਸਰਿਤਾ ਦੇ ਕੱਚੇ ਗਠਬੰਧਨ ਲਈ ਉਨ੍ਹਾਂ ਦੇ ਮਾਪੇ ਜ਼ਿੰਮੇਵਾਰ ਸਨ, ਮਾਮੇ ਮਾਸੀਆਂ ਜਾਂ ਪਿੰਡ ਦੀ ਪੰਚਾਇਤ, ਇਸ ਦਾ ਨਿਤਾਰਾ ਤਾਂ ਅਦਾਲਤ ਕਰੇਗੀ ਪਰ ਇਸ ਦੀਆਂ ਜੜ੍ਹਾਂ ਖਾਪ ਨਿਯਮਾਵਲੀ ਵਿਚ ਹਨ, ਇਹਦੇ ਬਾਰੇ ਕੋਈ ਰੌਲਾ ਨਹੀਂ। ਖਾਪ ਨੀਤੀ ਇੱਕੋ ਪਿੰਡ ਤੇ ਇਕ ਗੋਤ ਦੇ ਪ੍ਰੇਮੀ ਪ੍ਰੇਮਿਕਾ ਨੂੰ ਵਿਆਹ ਦੇ ਬੰਧਨ ਵਿਚ ਬੱਝਣ ਨਹੀਂ ਦਿੰਦੀ। ਇਸ ਦੇ ਮਾੜੇ ਨਤੀਜਿਆਂ ਦਾ ਅਹਿਸਾਸ ਮਲਿਕ ਬਰਾਦਰੀ ਦੀ ਗਠਵਾਲਾ ਖਾਪ ਨੂੰ ਇਸ ਦੁਖਦਾਈ ਘਟਨਾ ਦੇ ਵਾਪਰਨ ਤੋਂ ਅੱਠ ਮਹੀਨੇ ਪਿੱਛੋਂ ਹੋਇਆ ਹੈ।

ਮੀਡੀਆ ਅਨੁਸਾਰ ਬਰਾਦਰੀ ਦੀ ਰਾਜ ਪੱਧਰੀ ਮਹਾਂਪੰਚਾਇਤ ਨੇ ਸੋਨੀਪਤ ਦੇ ਕਸਬਾ ਗੋਹਾਨਾ ਨੇੜੇ ਪੈਂਦੇ ਪਿੰਡ ਅਹੁਲਾਣਾ ਵਿਚ ਜੁੜ ਕੇ ਇਸ ਨਿਯਮਾਵਲੀ ਨੂੰ ਸਰਲ ਕਰਨ ਦਾ ਫੈਸਲਾ ਲਿਆ ਹੈ। ਉਹ ਇਹ ਕਿ ਕੋਈ ਵੀ ਮੁੰਡਾ ਤੇ ਕੁੜੀ ਆਪਣੇ ਮਾਪਿਆਂ ਦੇ ਗੋਤ ਤੋਂ ਬਾਹਰ ਕਿਸੇ ਨਾਲ ਵੀ ਵਿਆਹ ਕਰ ਸਕਦੇ ਹਨ। ਫੈਸਲਾ ਲੈਣ ਸਮੇਂ ਹਰਿਆਣਾ ਤੋਂ ਬਿਨਾਂ ਰਾਜਸਥਾਨ, ਪੰਜਾਬ, ਦਿੱਲੀ ਤੇ ਉਤਰਾਖੰਡ ਦੇ ਮਲਿਕ ਪ੍ਰਤੀਨਿਧ ਵੀ ਸ਼ਾਮਲ ਸਨ। ਇਸ ਦਾ ਸਵਾਗਤ ਕਰਨਾ ਬਣਦਾ ਹੈ। ਨਿਸ਼ਚੇ ਹੀ ਇੰਸਪੈਕਟਰ ਸੁੱਚਾ ਸਿੰਘ, ਸੰਦੀਪ ਕੁਮਾਰ ਤੇ ਉਸ ਦੀ ਮਾਤਾ ਨਿਰਦੋਸ਼ੇ ਸਨ ਤੇ ਉਨ੍ਹਾਂ ਦੀਆਂ ਜਾਨਾਂ ਅਜਾਈਂ ਗਈਆਂ ਹਨ। ਇਨ੍ਹਾਂ ਬੇਨਿਯਮੇ ਕਾਨੂੰਨਾਂ ਨੂੰ ਨੱਥ ਪਾਉਣ ਲਈ ਮਲਿਕ ਬਰਾਦਰੀ ਦਾ ਫੁਸਫੁਸਾ ਫੈਸਲਾ ਕਾਫੀ ਨਹੀਂ। ਭਾਰਤ ਸਰਕਾਰ ਨੂੰ ਵੱਡਾ ਫੈਸਲਾ ਲੈ ਕੇ ਅਜਿਹੀ ਨੀਤੀ ਨੂੰ ਉਸੇ ਤਰ੍ਹਾਂ ਖਤਮ ਕਰਨਾ ਚਾਹੀਦਾ ਹੈ ਜਿਵੇਂ ਭਲੇ ਦਿਨਾਂ ਵਿਚ ਫਰੰਗੀ ਹਾਕਮਾਂ ਨੇ ਸਤੀ ਵਰਗੀ ਘਿਨਾਉਣੀ ਤੇ ਗੰਭੀਰ ਸਮੱਸਿਆ ਨੂੰ ਖਤਮ ਕੀਤਾ ਸੀ। ਜੇ ਦੱਖਣੀ ਭਾਰਤ ਦੇ ਜਾਟ ਆਪਣੀ ਧੀ ਦਾ ਵਿਆਹ ਉਸ ਦੇ ਮਾਮੇ ਨਾਲ ਰਚਾ ਸਕਦੇ ਹਨ ਤਾਂ ਉਸੇ ਦੇਸ਼ ਦੇ ਹੋਰ ਜਾਟ ਅਜਿਹਾ ਜਾਂ ਇਸ ਨਾਲ ਮਿਲਦਾ-ਜੁਲਦਾ ਕੰਮ ਕਿਉਂ ਨਹੀਂ ਕਰ ਸਕਦੇ? ਜਾਪਦਾ ਹੈ ਕਿ ਹੁਣ ਖਾਪ ਮਹਾਂਪੰਚਾਇਤਾਂ ਦੀ ਸੌੜੀ ਨੀਤੀ ਦਾ ਵਿਰੋਧ ਕੇਵਲ ਜਾਟ ਬਰਾਦਰੀ ਤੱਕ ਹੀ ਸੀਮਤ ਨਹੀਂ ਰਹਿਣ ਲੱਗਾ। ਤਿੰਨ ਮਾਸੂਮ ਜਿੰਦੜੀਆਂ ਦੀ ਕੁਰਬਾਨੀ ਤੇ ਬੰਟੀ-ਸਰਿਤਾ ਦਾ ਉਬਾਲ ਸਰਲ ਨੀਤੀ ਦੀ ਮੰਗ ਕਰਦੇ ਹਨ।

### ਭਾਰਤੀਆਂ ਦੀ ਕਿਰਪਾਨ ਤੇ ਫਰੰਗੀਆਂ ਦੀ ਮਸ਼ੀਨੀ ਆਰੀ

ਇਸ ਵਰ੍ਹੇ ਆਈ ਵਰਖਾ ਦੀ ਤਬਾਹੀ ਅਤੇ ਸੜਕੀ ਆਵਾਜਾਈ ਵਿਚ ਪਏ ਵਿਘਨਾਂ ਨੇ ਮੈਨੂੰ ਇਕ 35 ਸਾਲ ਪੁਰਾਣੀ ਘਟਨਾ ਚੇਤੇ ਕਰਵਾ ਦਿੱਤੀ ਹੈ। 1978 ਵਿਚ ਖੇਤੀ ਯੂਨੀਵਰਸਿਟੀ, ਲੁਧਿਆਣਾ ਵਿਚ ਕੰਮ ਕਰਦੇ ਸਮੇਂ ਮੇਰੇ ਲੁਧਿਆਣਾ ਤੋਂ ਦਿੱਲੀ ਦੇ ਇਕ ਸਫ਼ਰ ਸਮੇਂ ਅੰਬਾਲਾ ਨੇੜੇ ਭਾਰੀ ਵਰਖਾ ਤੇ ਹਨੇਰੀ ਕਾਰਨ ਜਰਨੈਲੀ ਸੜਕ ਉਤੇ ਸਫੈਦੇ ਦੇ ਰੁੱਖ ਟੁੱਟਣ ਨਾਲ ਦੋਵਾਂ ਪਾਸਿਆਂ ਤੋਂ ਆ ਰਹੇ ਵਾਹਨ ਥਾਂਏਂ ਰੁਕ ਗਏ। ਜਿਸ ਬੱਸ ਵਿਚ ਮੈਂ ਸਫ਼ਰ ਕਰ ਰਿਹਾ ਸਾਂ, ਉਸ ਦਾ ਇਕ ਸਿੱਖ ਯਾਤਰੀ ਆਪਣੀ ਕਿਰਪਾਨ ਲੈ ਕੇ ਰਸਤੇ ਉਤੇ ਵਿਛੀਆਂ ਟਹਿਣੀਆਂ ਕੱਟਣ ਗਿਆ ਤਾਂ ਉਸ ਦੀ ਕਿਰਪਾਨ ਦੇ ਦੋ ਟੁਕੜੇ ਹੋ ਗਏ। ਬਾਕੀ ਯਾਤਰੀ ਉਹਦੇ ਨਾਲ ਹਮਦਰਦੀ ਜਤਾ ਰਹੇ ਸਨ ਤਾਂ ਕੀ ਦੇਖਦੇ ਹਨ ਕਿ ਅਗਿਉਂ ਕੋਈ ਜੀਪ ਰਸਤਾ ਬਣਾਉਂਦੀ ਆ ਰਹੀ ਹੈ ਤੇ ਉਹਦੇ ਪਿੱਛੇ ਅਨੇਕਾਂ ਵਾਹਨ ਵਿੰਗ ਵਲੇਵਿਆਂ ਵਾਲੇ ਨਵੇਂ ਬਣੇ ਮਾਰਗ ਉਤੇ ਅੱਗੇ ਵਧ ਰਹੇ ਹਨ। ਮੈਂ ਥੱਲੇ ਉਤਰ ਕੇ ਉਸ ਵਾਹਨ ਦਾ ਕ੍ਰਿਸ਼ਮਾ ਦੇਖਣ ਗਿਆ ਤਾਂ ਪਤਾ ਲੱਗਿਆ ਕਿ ਉਸ ਵਾਹਨ ਵਿਚ ਗੋਰੇ ਯਾਤਰੀ ਸਨ ਜਿਹੜੇ, ਸ਼ਾਇਦ ਆਪਣੇ ਦੇਸ਼ ਤੋਂ ਆਪਣੇ ਨਾਲ ਅਜਿਹੀ ਮਸ਼ੀਨੀ ਆਰੀ ਲੈ ਕੇ ਤੁਰੇ ਸਨ ਜਿਸ ਨੂੰ ਵਾਹਨ ਦੀ ਬੈਟਰੀ ਨਾਲ ਜੋੜ ਕੇ ਉਸ ਤੋਂ ਕੱਟਣ ਯੋਗ ਟਹਿਣੀਆਂ ਨੂੰ ਘਰੱਰ ਘਰੱਰ ਕਟਣ ਦਾ ਕੰਮ ਲਿਆ ਜਾ ਸਕਦਾ ਸੀ। ਜੇ ਕਿਧਰੇ ਸਫੈਦੇ ਦੇ ਰੁੱਖਾਂ ਦਾ ਮੋਟਾ ਤਣਾ ਵੀ ਤਾਂ ਨਾ ਕਟਿਆ ਜਾਣ ਵਾਲਾ ਤਣਾ ਸਮੁੱਚੀ ਪੱਕੀ ਸੜਕ ਮੱਲੀ ਬੈਠਾ ਸੀ ਤਾਂ ਉਨ੍ਹਾਂ ਦੀ ਜੀਪ ਕੱਚੀ ਸੜਕ ਵਲ ਦੀਆਂ ਟਹਿਣੀਆਂ ਕੱਟ ਕੇ ਅੱਗੇ ਵਧਦੀ ਬਾਕੀ ਸਾਰੇ ਵਾਹਨ ਆਪਣੇ ਪਿੱਛੇ ਲਾ ਕੇ ਲੰਘਦੀ ਆ ਰਹੀ ਸੀ।

ਗੋਰਿਆਂ ਦੀ ਇਸ ਜੁਗਤ ਦਾ ਹਾਲੋਂ ਬੇਹਾਲ ਹੋਏ ਯਾਤਰੂਆਂ ਵਲੋਂ ਤਾਲੀਆਂ ਦੀ ਗੂੰਜ ਨਾਲ ਜਿਹੜਾ ਸਵਾਗਤ ਹੋਇਆ, ਉਹਦੇ ਵਰਗੀ ਗੂੰਜ ਮੈਂ ਵੱਡੀ ਤੋਂ ਵੱਡੀ ਜਿੱਤ ਸਮੇਂ ਨਹੀਂ ਦੇਖੀ ਤੇ ਸੁਣੀ।

**ਅੰਤਿਕਾ:** (ਸਰਦਾਰ ਅੰਜੁਮ)
ਲੋਕਾਂ ਨੇ ਜੋ ਪਿਆਰ ਦੇ ਰਸਤੇ ਖੋਲ੍ਹੇ ਨੇ,
ਦੱਬੇ ਹੋਏ ਜਜ਼ਬਾਤ ਦਿਲਾਂ ਦੇ ਖੋਲ੍ਹੇ ਨੇ।
ਇਨ੍ਹਾਂ ਵਲ ਬੰਦੂਕ ਨਾ ਕੋਈ ਹੋਣ ਦਿਓ,
ਬਾਗਾਂ ਵਿਚ ਜੋ ਮੋਹ ਦੇ ਪੰਛੀ ਬੋਲੇ ਨੇ।

# ਚੁਰਾਸੀ ਦੇ ਸ਼ਹੀਦਾਂ ਦਾ ਮੁੱਲ ਵੱਟਣ ਦੀ ਤਿਆਰੀ

## ਦੁਖਦੀ ਰਗ

ਉਨੱਤੀ ਸਾਲ ਹੋ ਗਏ ਹਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਨ ਦੇ ਖੂਨੀ ਸਾਕੇ ਨੂੰ ਵਾਪਰਿਆਂ। ਫਿਰ ਇੰਦਰਾ ਗਾਂਧੀ ਦੀ ਮੌਤ ਤੋਂ ਮਗਰੋਂ ਜੋ ਤਾਂਡਵ ਨਾਚ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਹੋਇਆ, ਉਸ ਨੂੰ ਵੇਖ ਕੇ ਦੁਨੀਆਂ ਦਹਿਲ ਉਠੀ। ਇਹ ਉਜੜੇ-ਪੁਜੜੇ ਪਰਿਵਾਰ ਅੱਜ ਵੀ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ, ਪਰ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਕਿਸੇ ਨੇ ਵੀ ਉਨ੍ਹਾਂ ਦੀ ਫਰਿਆਦ ਨਾ ਸੁਣੀ। ਅਕਾਲੀ ਸਰਕਾਰ ਦੇ ਕੁੱਲ ਰਾਜ ਭਾਗ ਦੇ ਇੱਕੀ ਸਾਲ ਪੂਰੇ ਹੋ ਗਏ ਹਨ ਅਤੇ ਬਾਈਵਾਂ ਸਾਲ ਚੜ੍ਹ ਪਿਆ ਹੈ। ਇਨ੍ਹਾਂ ਗੁਜ਼ਰ ਚੁੱਕੇ ਇੱਕੀ ਸਾਲਾਂ ਵਿਚ ਅਕਾਲੀ ਸਰਕਾਰ ਨੂੰ ਕਦੀ ਵੀ ਚੇਤਾ ਨਹੀਂ ਆਇਆ ਕਿ ਚੁਰਾਸੀ ਵਿਚ ਕੀ ਭਾਣੇ ਵਰਤੇ ਸਨ? ਕਿੰਨੇ ਲੋਕ ਮਰੇ ਸਨ? ਕਿੰਨੇ ਘਰ ਪਰਿਵਾਰ ਉਜੜੇ ਸਨ? ਤੇ ਕਿੰਨੇ ਅੱਜ ਵੀ ਰੁਲਦੇ ਫਿਰ ਰਹੇ ਹਨ? ਪਿੱਛੇ ਜਿਹੇ ਇਨਸਾਫ ਮੰਗਣ ਆਏ ਉਜੜੇ ਹੋਏ ਪਰਿਵਾਰਾਂ ਨੂੰ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਥੋਂ ਤੱਕ ਆਖ ਛੱਡਿਆ ਸੀ ਕਿ ਹੁਣ ਇੰਨੀਆਂ ਪੁਰਾਣੀਆਂ ਗੱਲਾਂ ਨੂੰ ਭੁੱਲ ਜਾਵੋ! ਵਕਤ ਬਹੁਤ ਬੀਤ ਚੁੱਕਾ ਹੈ, ਪਿਛਲੀਆਂ ਗੱਲਾਂ ਭੁਲਾ ਕੇ ਆਉਣ ਵਾਲੇ ਸਮੇਂ ਦੀ ਸੋਚੋ!! ਜਿਵੇਂ ਦਾ ਸਮਾਂ ਹੈ, ਉਸ ਵਿਚ ਜੀਣਾ ਸਿੱਖੋ! ਮੁੱਖ ਮੰਤਰੀ ਦੇ ਇਸ ਬਿਆਨ ਦੀ ਕਾਫੀ ਚਰਚਾ ਹੋਈ ਸੀ, ਪਰ ਫਰਕ ਕੋਈ ਵੀ ਨਾ ਪਿਆ। ਪੂਰੇ 29 ਸਾਲਾਂ ਬਾਅਦ ਅਕਾਲੀ ਸਰਕਾਰ ਇਕ ਦਮ ਹੀ ਜੋਸ਼ 'ਚ ਆ ਗਈ ਹੈ ਜਿਸ 'ਤੇ ਸਿੱਖ ਜਗਤ ਹੈਰਾਨ ਹੈ।

ਦੂਜੇ ਪਾਸੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੂਰੇ ਇੱਕੀ ਸਾਲਾਂ ਬਾਅਦ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਇਆ ਅਤੇ ਤਾਕਤ ਦੇ ਜ਼ੋਰ ਨਾਲ ਆਪਣੇ ਕਬਜ਼ੇ ਹੇਠ ਕਰ ਲਿਆ। ਫਿਰ ਸੋਚਿਆ ਕਿ ਜਿੱਤਣ ਤੋਂ ਬਾਅਦ ਕੁਝ ਐਸਾ ਕੀਤਾ ਜਾਵੇ ਜੋ ਚਰਚਾ ਦਾ ਵਿਸ਼ਾ ਵੀ ਬਣੇ ਅਤੇ ਤਾਕਤ ਦਾ ਮੁਜ਼ਾਹਰਾ ਵੀ ਹੋ ਜਾਵੇ। ਸੋ, ਕੱਲ੍ਹ ਜਿਹੜੇ ਆਖ ਰਹੇ ਸਨ, ਛੱਡੋ ਪਰ੍ਹਾਂ ਪੁਰਾਣੀਆਂ ਗੱਲਾਂ ਨੂੰ, ਉਨ੍ਹਾਂ ਨੂੰ ਅਚਾਨਕ ਹੀ ਸ਼ਹੀਦਾਂ ਦੀ ਯਾਦਗਾਰ ਦਾ ਚੇਤਾ ਵੀ ਆ ਗਿਆ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਵਨ ਸਥਾਨ ਗੁਰਦੁਆਰਾ ਰਕਾਬਗੰਜ ਦੇ ਵਿਹੜੇ ਵਿਚ ਹੀ ਸ਼ਹੀਦੀ ਯਾਦਗਾਰ ਦਾ ਨੀਂਹ ਪੱਥਰ ਵੀ ਰੱਖ ਦਿੱਤਾ ਗਿਆ। ਜਦ ਪਹਿਲੀ ਕਮੇਟੀ ਵਾਲਿਆਂ ਅਤੇ ਸੰਗਤ ਨੇ ਆਵਾਜ਼ ਉਠਾਈ ਕਿ ਸ਼ਹੀਦੀ ਯਾਦਗਾਰ ਨੂੰ ਗੁਰੂਘਰ ਵਿਚ ਨਾ ਬਨਾ ਕੇ, ਕਿਸੇ ਵੱਖਰੀ ਥਾਂ 'ਤੇ ਬਣਾਇਆ ਜਾਵੇ ਤਾਂ ਸੁਖਬੀਰ ਸਿੰਘ ਨੇ ਉਨ੍ਹਾਂ ਨੂੰ ਧਰਮ ਅਤੇ ਕੌਮ ਦੇ ਗੱਦਾਰ ਗਰਦਾਨ ਦਿੱਤਾ। ਕਹਿੰਦੇ ਨੇ ਤਕੜੇ ਦਾ ਸੱਤੀਂ ਵੀਹੀਂ ਸੌ ਬਣ ਜਾਂਦਾ ਹੈ, ਪਰ ਇੱਥੇ ਤਾਂ ਅੱਠੀਂ ਵੀਹੀਂ ਸੌ ਬਣ ਜਾਣਾ ਵੀ ਸੁਭਾਵਿਕ ਹੀ ਹੈ। ਸੋਚਣ ਅਤੇ ਵਿਚਾਰਨ ਵਾਲੇ ਲੋਕ ਜਾਣਦੇ ਹਨ ਕਿ ਇਹ ਸਾਰੇ ਅਡੰਬਰ ਕਿਉਂ ਰਚੇ ਜਾ ਰਹੇ ਹਨ?

ਹੁਣ ਗੁਰਦੁਆਰੇ ਆਪਣੇ ਕਬਜ਼ੇ ਵਿਚ, ਗੋਲਕਾਂ ਆਪਣੇ ਕਬਜ਼ੇ ਵਿਚ, ਜਥੇਦਾਰ ਆਪਣੇ ਕਬਜ਼ੇ ਵਿਚ, ਸਿਆਸਤ ਆਪਣੇ ਕਬਜ਼ੇ ਵਿਚ ਤੇ ਰਾਜ ਭਾਗ ਵੀ ਆਪਣੇ ਕਬਜ਼ੇ ਵਿਚ! ਇਹਨੂੰ ਆਖਦੇ ਹਨ ਰਾਜਨੀਤੀ ਦਾ ਖੇਡ ਤਮਾਸ਼ਾ!! ਪਹਿਲਾਂ ਪੈਸੇ ਅਤੇ ਤਾਕਤ ਨਾਲ ਦਿੱਲੀ ਗਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਕੜ ਵਿਚ ਕੀਤਾ, ਫਿਰ ਸ਼ਹੀਦੀ ਯਾਦਗਾਰ ਦਾ ਨੀਂਹ ਪੱਥਰ ਰੱਖ ਕੇ ਪਰਮਜੀਤ ਸਿੰਘ ਸਰਨਾ ਨੂੰ ਗੱਦਾਰ ਗਰਦਾਨਿਆ ਅਤੇ ਨਾਲ ਹੀ ਜਥੇਦਾਰ ਵੱਲੋਂ ਹੁਕਮਨਾਮਾ ਜਾਰੀ ਕਰਵਾ ਕੇ ਸਰਨਾ ਨੂੰ ਤਲਬ ਵੀ ਕਰਵਾ ਲਿਆ। ਇਹ ਸਾਰਾ ਤਮਾਸ਼ਾ ਸਿੱਖ ਧਰਮ ਅਤੇ ਸਿੱਖ ਕੌਮ ਦੇ ਗੱਦਾਰ ਅਤੇ ਗੁਰੂਘਰ ਦੇ ਦੋਖੀ ਬੀ.ਜੇ.ਪੀ. ਦੇ ਆਕਾਵਾਂ ਨੂੰ ਖੁਸ਼ ਕਰਨ ਲਈ ਕੀਤਾ ਜਾ ਰਿਹਾ ਹੈ, ਕਿਉਂਕਿ ਅਗਲੇ ਸਾਲ 2014 ਵਿਚ ਬੀ.ਜੇ.ਪੀ. ਵੱਲੋਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਤੇ ਵੱਡੇ ਬਾਦਲ ਨੂੰ ਰਾਸ਼ਟਰਪਤੀ ਬਣਾਏ ਜਾਣ ਲਈ ਅੰਦਰਖਾਤੇ ਸਾਰੀ ਗੰਢ-ਤੁਪ ਹੋ ਚੁੱਕੀ ਜਾਪਦੀ ਹੈ। ਉਹ ਬੀ.ਜੇ.ਪੀ. ਜੋ ਕੱਟੜਤਾ ਤੋਂ ਬਿਨਾਂ ਗੱਲ ਨਹੀਂ ਕਰਦੀ, ਉਹ ਬੀ.ਜੇ.ਪੀ. ਜੋ ਸ਼ਰ੍ਹੇਆਮ ਆਪ ਮੰਨਦੀ ਹੈ ਕਿ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਨ ਜਾਂ ਕਰਵਾਉਣ ਵਿਚ ਉਹ ਸਭ ਤੋਂ ਮੂਹਰੇ ਸਨ, ਉਹ ਬੀ.ਜੇ.ਪੀ. ਅੱਜ ਅਕਾਲੀ ਸਰਕਾਰ ਦੇ ਦਿਲੋ-ਦਿਮਾਗ ਉਤੇ ਰਾਜ ਕਰ ਰਹੀ ਹੈ ਅਤੇ ਸਿੱਖਾਂ ਤੇ ਪੰਜਾਬ ਦਾ ਬੇੜਾ ਗਰਕ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੀ। ਸਿੱਖਾਂ ਦੇ ਹਰ ਕੰਮ ਵਿਚ ਘੁਸਪੈਠ ਕੀਤੀ ਜਾ ਰਹੀ ਹੈ, ਪੰਜਾਬ ਦੀ ਆਉਣ ਵਾਲੀ ਪੀੜ੍ਹੀ ਦੇ ਬੱਚਿਆਂ ਦੀਆਂ ਸਕੂਲ ਦੀਆਂ ਕਿਤਾਬਾਂ ਵਿਚ ਜੋ ਗੰਦ ਅਤੇ ਲੱਚਰਤਾ ਘੋਲੀ ਗਈ ਹੈ, ਉਹ ਜੱਗ ਜ਼ਾਹਿਰ ਹੋ ਚੁੱਕੀ ਹੈ।

ਇਸ ਦੇ ਨਾਲ ਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੇ ਦਰਿਆ ਵਿਚ ਡੁੱਬ ਕੇ ਦਮ ਤੋੜ ਰਹੀ ਹੈ। ਨਸ਼ਿਆਂ ਵਿਚ ਅੰਨ੍ਹੇ ਹੋਏ ਨੌਜਵਾਨ ਦੋ ਸਾਲ ਦੀਆਂ ਬੱਚੀਆਂ ਤੋਂ ਲੈ ਕੇ ਦਾਦੀਆਂ-ਨਾਨੀਆਂ ਨਾਲ ਜਬਰਜਨਾਹ ਕਰ ਰਹੇ ਹਨ। ਸ਼ਹਿਰਾਂ ਵਿਚ ਥਾਂ-ਥਾਂ ਤੋਂ ਹੁੱਕਾ ਬਾਰਾਂ ਫੜੀਆਂ ਜਾ ਰਹੀਆਂ ਹਨ, ਨਾਲ ਹੀ ਸਾਡੀ ਪੰਥਕ ਸਰਕਾਰ ਨੇ ਪੰਜਾਬ ਦੀਆਂ ਜਵਾਨ ਧੀਆਂ ਅਤੇ ਨੂੰਹਾਂ ਲਈ ਠੇਕਿਆਂ ਤੇ ਬਾਰਾਂ ਵਿਚ ਬੈਠ ਕੇ ਸ਼ਰਾਬ ਪੀਣ ਦੀ ਖੁੱਲ੍ਹ ਦੇ ਕੇ ਬਰਬਾਦੀ ਦੇ ਬੂਹੇ ਖੋਲ੍ਹ ਦਿੱਤੇ ਹਨ। ਜੋ ਥੋੜ੍ਹੀ ਬਹੁਤ ਕਸਰ ਰਹਿ ਗਈ ਸੀ, ਉਹ ਲੁਧਿਆਣੇ ਨੇੜੇ 1200 ਏਕੜ ਵਿਚ ਘੋੜਾ ਰੇਸ ਕੋਰਸ ਕਲੱਬ ਖੋਲ੍ਹਣ ਦੇ ਐਲਾਨ ਨੇ ਪੂਰੀ ਕਰ ਦਿੱਤੀ ਹੈ। ਇਸ ਜ਼ਮੀਨ ਦੇ ਵਿਹੜੇ ਵਿਚ ਜਿੱਥੇ ਲੋਕੀਂ ਘੋੜਿਆਂ 'ਤੇ ਸੱਟੇ ਲਾਉਣਗੇ, ਉਥੇ ਨਾਲ ਹੀ ਵੱਡੇ ਵੱਡੇ ਕੈਸੀਨੋ ਤੇ ਜੂਆ ਘਰ ਵੀ ਖੋਲ੍ਹੇ ਜਾਣਗੇ।

ਕੁਝ ਸਾਲ ਪਹਿਲਾਂ ਬਾਦਲ ਪਰਿਵਾਰ ਨੇ ਸੁਪਨਾ ਲਿਆ ਸੀ ਕਿ ਪੰਜਾਬ ਨੂੰ ਕੈਲੀਫੋਰਨੀਆ ਬਣਾ ਦੇਣਾ ਹੈ। ਉਹ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਪੰਜਾਬ ਜਾਵੇ ਢੱਠੇ ਖੂਹ ਵਿਚ, ਪਰ ਪੰਜਾਬ ਦੀ ਸਰਕਾਰ ਪੰਜਾਬ ਨੂੰ ਉਜਾੜਨ ਤੇ ਨਰਕ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਪੰਜਾਬ ਦੇ ਲੋਕੋ! ਇਨ੍ਹਾਂ ਲੋਕਾਂ ਨੇ ਤੁਹਾਨੂੰ ਰੱਜ ਕੇ ਲੁੱਟਿਆ ਹੈ ਅਤੇ ਰੱਜ ਕੇ ਲੁੱਟਣਗੇ, ਹੋਸ਼ ਵਿਚ ਆਓ! ਤੁਹਾਡੀਆਂ ਸਸਤੇ ਰੇਟ 'ਤੇ ਲਈਆਂ ਜ਼ਮੀਨਾਂ ਹੁਣ ਸੋਨੇ ਸਾਵੀਆਂ ਤੋਲ ਕੇ ਵੇਚੀਆਂ ਜਾਣਗੀਆਂ ਤੇ ਸ਼ਰਾਬ ਅਤੇ ਜੂਏ ਦੇ ਅੱਡੇ ਬਣਾ ਕੇ ਤੁਹਾਡੀ ਜ਼ਮੀਰ ਨੂੰ ਵੀ ਮਾਰਿਆ ਜਾਵੇਗਾ। ਬਰਬਾਦੀ ਦੇ ਦੈਂਤ ਤੁਹਾਡੇ ਘਰਾਂ ਦੇ ਅੱਗੇ ਕਹਿ-ਕਹੇ ਲਾਉਣਗੇ! ਇਸ ਲਈ ਜਾਗ ਪਵੋ! ਆਪਣੇ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਵਿਕਣ ਨਾ ਦਿਓ!! ਇਨ੍ਹਾਂ ਲੀਡਰਾਂ ਦੀਆਂ ਲੂੰਬੜ ਚਾਲਾਂ ਨੂੰ ਸਮਝੋ ਅਤੇ ਆਪਣੇ ਹੱਕਾਂ ਦੀ ਰਾਖੀ ਕਰ ਕੇ ਪੰਜਾਬ ਨੂੰ ਬਚਾ ਲਓ!!

# ਔਰਤਾਂ ਨੂੰ ਅਜੋਕੇ ਸਮਾਜ ਵਿਚ ਚੁਣੌਤੀਆਂ

## ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਅਖਬਾਰ ਪੰਜਾਬ ਟਾਈਮਜ਼ ਵਿਚ ਬੀਬੀ ਗੁਰਨਾਮ ਕੌਰ ਕੈਨੇਡਾ ਦੇ ਲੇਖ ਪੜ੍ਹਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। 22 ਜੂਨ ਦੇ ਅੰਕ ਵਿਚ ਬੀਬੀ ਜੀ ਨੇ ਸਿੱਖ ਔਰਤਾਂ ਅਤੇ ਉਨ੍ਹਾਂ ਨੂੰ ਮੌਜੂਦਾ ਸਮੇਂ ਵਿਚ ਦਰਪੇਸ਼ ਚੁਣੌਤੀਆਂ ਦੀ ਗੱਲ ਕੀਤੀ ਹੈ। ਲੇਖ ਵਧੀਆ ਹੈ ਅਤੇ ਇਸ ਲਈ ਉਹ ਸ਼ਲਾਘਾ ਦੇ ਹੱਕਦਾਰ ਵੀ ਹਨ। ਬਿਨਾ ਸ਼ੱਕ ਔਰਤਾਂ ਨੇ ਹਰ ਖੇਤਰ ਵਿਚ ਤਾਰੀਫਯੋਗ ਤਰੱਕੀਆਂ ਕੀਤੀਆਂ ਹਨ। ਪਰ ਸੱਚਾਈ ਇਹ ਵੀ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨੂੰ ਨੀਵਾਂ ਹੀ ਸਮਝਿਆ ਜਾਂਦਾ ਸੀ ਤੇ ਔਰਤਾਂ ਪ੍ਰਤੀ ਇਹ ਵਿਹਾਰ ਹੁਣ ਵੀ ਜਾਰੀ ਹੈ। ਜਿਵੇਂ ਕਿ ਬੀਬੀ ਜੀ ਦੇ ਪਿਛਲੇ ਲੇਖਾਂ ਅਨੁਸਾਰ ਸਿੱਖ ਧਰਮ ਵਿਚ ਔਰਤਾਂ ਦਾ ਆਦਰ ਸਨਮਾਨ ਰਿਹਾ ਹੈ। ਗੁਰੂ ਕਾਲ ਦੇ ਸਮੇਂ ਵਿਚ ਨੇਕ, ਸੱਚੀਆਂ, ਦਲੇਰ ਤੇ ਕਹਿਣੀ ਤੇ ਕਰਨੀ ਦੀਆਂ ਪੱਕੀਆਂ ਬੀਬੀਆਂ ਦਾ ਆਪਣਾ ਇਤਿਹਾਸ ਹੈ।

ਮੇਰੀ ਆਪਣੀ ਰਾਏ ਹੈ, ਸਮਾਜ ਵਿਚ ਔਰਤਾਂ ਦੀ ਕਦਰ ਨਾ ਹੋਣੀ ਜਾਂ ਉਨ੍ਹਾਂ ਨੂੰ ਬਣਦਾ ਸਨਮਾਨ ਨਾ ਮਿਲਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਆਪਣੇ ਧਰਮ ਤੋਂ ਦੂਰ ਹੋ ਰਹੀਆਂ ਹਨ ਤੇ ਆਜ਼ਾਦੀ ਦੀ ਆੜ ਵਿਚ ਫੈਸ਼ਨ ਦੀਆਂ ਇੰਨੀਆਂ ਗੁਲਾਮ ਹੋ ਗਈਆਂ ਹਨ ਕਿ ਉਹ ਆਪਣੀ ਇੱਜ਼ਤ ਆਪ ਗੰਵਾਉਂਦੀਆਂ ਜਾ ਰਹੀਆਂ ਹਨ। ਉਂਜ ਮੇਰੀ ਇਹ ਰਾਏ ਸਭ ਬੀਬੀਆਂ, ਭੈਣਾਂ ਪ੍ਰਤੀ ਨਹੀਂ, ਉਨ੍ਹਾਂ ਪ੍ਰਤੀ ਜ਼ਰੂਰ ਹੈ ਜੋ ਸ਼ਾਇਦ ਔਝੜੇ ਰਾਹੀਂ ਪੈ ਗਈਆਂ ਹਨ। ਨੌਜਵਾਨ ਕੁੜੀਆਂ ਨੂੰ ਮੇਰੀ ਇਹੋ ਸਲਾਹ ਹੈ ਕਿ ਉਹ ਸਮਾਜਿਕ ਕੁਰੀਤੀਆਂ ਤੋਂ ਬਚਣ ਅਤੇ ਆਪਣੇ ਸਵੈਮਾਨ 'ਤੇ ਡਟ ਕੇ ਪਹਿਰਾ ਦੇਣ।

ਬੀਬੀ ਜੀ ਨੇ ਸਮਾਜ ਵਲੋਂ ਗਾਹੇ-ਬਗਾਹੇ ਜਾਂ ਜਾਣੇ-ਅਣਜਾਣੇ ਔਰਤਾਂ ਪ੍ਰਤੀ ਕੀਤੇ ਜਾ ਰਹੇ ਅੱਤਿਆਚਾਰ ਦੀ ਵੀ ਗੱਲ ਕੀਤੀ ਹੈ। ਸੰਪਾਦਕ ਜੀ, ਤੁਸੀਂ ਸੋਚਦੇ ਹੋਵੋਗੇ ਕਿ ਮੈਂ ਮਰਦ ਪ੍ਰਧਾਨ ਸਮਾਜ ਦਾ ਇਕ ਹਿੱਸਾ ਹੋ ਕੇ ਔਰਤਾਂ ਦੀ ਤਰਫਦਾਰੀ ਕਿਉਂ ਕਰਨ ਲੱਗਾ ਹਾਂ? ਗੁਰੂ ਨਾਨਕ ਦੇਵ ਸਾਹਿਬ ਨੇ ਔਰਤ ਦੇ ਸਨਮਾਨ ਹਿੱਤ "ਸੋ ਕਿਉ ਮੰਦਾ ਆਖੀਐ..." ਸ਼ਬਦ ਉਚਾਰੇ ਹਨ। ਬੀਬੀ ਗੁਰਨਾਮ ਕੌਰ ਦੇ ਨਾਲ ਮੈਂ ਸਹਿਮਤ ਹਾਂ ਕਿਉਂਕਿ ਮੇਰੇ ਨਾਲ ਇਕ ਔਰਤ ਦਾ ਰਿਸ਼ਤਾ ਇਕ ਮਾਂ, ਚਾਚੀ-ਤਾਈ, ਇਕ ਭੈਣ, ਭਾਬੀ, ਪਤਨੀ ਅਤੇ ਇਕ ਧੀ ਦਾ ਵੀ ਹੈ। ਇਸ ਗੱਲ ਦਾ ਦੁੱਖ ਵੀ ਹੈ ਕਿ ਔਰਤ ਨੂੰ ਸਮਾਜ ਵਿਚ ਹਰ ਪਾਸਿਓਂ ਜ਼ਲੀਲ ਕੀਤਾ ਜਾ ਰਿਹਾ ਹੈ। ਸਕੂਲਾਂ-ਕਾਲਜਾਂ 'ਚ, ਬਜ਼ਾਰਾਂ 'ਚ, ਕੰਮ ਵਾਲੀਆਂ ਥਾਂਵਾਂ 'ਤੇ, ਇਥੋਂ ਤੱਕ 'ਤੇ ਆਂਢ-ਗੁਆਂਢ 'ਚ ਵੀ ਕੋਈ ਧੀ-ਭੈਣ ਗੰਦੀਆਂ ਨਜ਼ਰਾਂ ਤੋਂ ਬੱਚ ਨਹੀਂ ਰਹੀ।

ਰਹਿੰਦੀ ਕਸਰ ਗਾਇਕਾਂ-ਗੀਤਕਾਰਾਂ-ਲੇਖਕਾਂ ਨੇ ਕੱਢ ਦਿੱਤੀ ਹੈ। ਨਿਜੀ ਮੁਨਾਫੇ ਲਈ ਜਾਂ ਪੈਸੇ ਤੇ ਸ਼ੋਹਰਤ ਲਈ ਇਨ੍ਹਾਂ ਨੇ ਪੰਜਾਬੀ ਗੀਤ-ਸੰਗੀਤ ਨੂੰ ਸਭਿਆਚਾਰ ਦੀ ਲੀਹੋਂ ਲਾਹ ਕੇ ਐਸੇ ਕੁਰਾਹੇ ਪਾਇਆ ਕਿ ਦੁੱਧ 'ਚ ਕਾਂਜੀ ਘੁਲੀ ਪਈ ਹੈ। ਇਸ ਸਾਰੇ ਵਰਤਾਰੇ ਲਈ ਅਸੀਂ ਹੀ ਜ਼ਿੰਮੇਵਾਰ ਹਾਂ। ਚੈਨਲਾਂ 'ਤੇ ਵੱਜ ਰਹੇ ਅਸ਼ਲੀਲ ਗੀਤ ਸਭਿਆਚਾਰ ਨੂੰ ਢਾਹ ਲਾ ਰਹੇ ਹਨ। ਕੋਈ ਰੋਕ-ਟੋਕ ਨਹੀਂ। ਸਰਕਾਰਾਂ ਦਾ ਆਵਾ ਹੀ ਊਤਿਆ ਪਿਆ ਹੈ। ਕੋਈ ਜ਼ਿੰਮੇਵਾਰੀ ਦਾ ਅਹਿਸਾਸ ਹੀ ਨਹੀਂ। ਮੁੱਛਫੁੱਟ ਮੁੰਡੀਰ ਫਿਰ ਕੁੜੀਆਂ ਨੂੰ ਛੇੜਨ, ਉਨ੍ਹਾਂ ਨੂੰ ਉਧਾਲਣ ਤੋਂ ਵੀ ਨਹੀਂ ਡਰਦੀ, ਗੁੰਡਿਆਂ ਨੂੰ ਸਰਕਾਰੀ ਸ਼ਹਿ ਜੋ ਹੋਈ। ਇਸ ਹੋਣੀ ਨੂੰ ਰੋਕਣ ਲਈ ਕੋਈ ਅੱਗੇ ਕਿਉਂ ਨਹੀਂ ਆ ਰਿਹਾ? ਮੇਰੇ ਹਿਸਾਬ ਤਾਂ ਇਹੋ ਕਲਜੁਗ ਹੈ। ਮੈਂ ਨਿਮਾਣੇ ਦੀ ਇਹੋ ਅਰਦਾਸ ਹੈ ਕਿ ਦੁਨੀਆਂ ਨੂੰ ਤਾਰਨ ਵਾਲੇ ਧੰਨ ਧੰਨ ਗੁਰੂ ਨਾਨਕ ਦੇਵ ਸਾਰਿਆਂ ਨੂੰ ਸੁਮੱਤ ਬਖ਼ਸ਼ਣ ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਬਹੁੜੀ ਕਰਨ ਤੇ ਸਭ ਪਾਪੀਆਂ ਦਾ ਨਾਸ਼ ਕਰਨ।

-ਬਲਜਿੰਦਰ ਸਿੰਘ ਖਾਲਸਾ

# ਉਮਰ ਦੀਆਂ ਤਰਕਾਲਾਂ ਚੀਸਾਂ ਬਣ ਗਈਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਇਹ ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੈਂ 'ਪੰਜਾਬ ਟਾਈਮਜ਼' ਦੇ ਕਾਫ਼ਲੇ ਵਿਚ ਨਵਾਂ ਨਵਾਂ ਸ਼ਾਮਲ ਹੋਇਆ ਸੀ ਤੇ 'ਪੰਜਾਬ ਟਾਈਮਜ਼' ਦੇ ਸੰਪਾਦਕ ਬਾਈ ਅਮਲੋਕ ਸਿੰਘ ਜੰਮੂ ਨੇ ਮੇਰੀਆਂ ਲਿਖਤਾਂ ਨੂੰ ਪਿਆਰ ਦਿੰਦਿਆਂ 'ਮੂੰਹ ਆਈ ਬਾਤ' ਨਾਂ ਦਾ ਕਾਲਮ ਮੇਰੀ ਝੋਲੀ ਵਿਚ ਪਾਇਆ ਸੀ। ਕਾਲਮ ਨੂੰ ਸ਼ਗਨਾਂ ਦੇ ਗਾਨੇ ਵਾਂਗ ਮੈਂ ਵੀ ਦਿਲ ਵਿਚ ਬੰਨ੍ਹਿਆ ਹੀ ਨਹੀਂ, ਸਗੋਂ ਸਾਂਭ ਕੇ ਰੱਖ ਲਿਆ ਸੀ। ਇਸ ਕਾਲਮ ਦਾ ਪਹਿਲਾ ਲੇਖ ਛਪਿਆ ਦੇਖ ਕੇ ਮੈਨੂੰ ਬੇਅੰਤ ਖੁਸ਼ੀ ਹੋਈ। ਮੇਰੀ ਬਚਪਨ ਦੀ ਤਮੰਨਾ ਨੂੰ ਬੂਰ ਹੀ ਨਹੀਂ ਸੀ ਪਿਆ, ਸਗੋਂ ਫਲ ਲੱਗਣਾ ਸ਼ੁਰੂ ਹੋ ਗਿਆ ਸੀ। ਇਸ ਲੇਖ ਦਾ ਸਿਰਲੇਖ ਸੀ 'ਇਕ ਨੇ ਪੰਜ ਪਾਲੇ, ਪੰਜਾਂ ਤੋਂ ਇਕ ਨਾ ਪਲਿਆ।' ਇਸ ਲੇਖ ਨੂੰ ਪਾਠਕਾਂ ਨੇ ਅਥਾਹ ਪਿਆਰ ਬਖ਼ਸ਼ਿਆ। ਇਕ ਬਾਬਾ ਜੀ ਤਾਂ ਛੇ ਮੀਲ ਸਾਇਕਲ ਚਲਾ ਕੇ ਮੈਨੂੰ ਪੰਜਾਹ ਡਾਲਰ ਦਾ ਚੈਕ ਵੀ ਦੇ ਕੇ ਗਏ। ਉਹ ਚੈਕ ਅੱਜ ਵੀ ਮੈਂ ਸੋਨੇ ਦੇ ਗਹਿਣਿਆਂ ਵਾਂਗ ਸਾਂਭ ਕੇ ਰੱਖਿਆ ਹੋਇਆ ਹੈ। ਇਹ ਬਾਬਾ ਜੀ ਸਾਬਕਾ ਫੌਜੀ ਸਨ ਅਤੇ ਮੇਰੇ ਪਿੰਡ ਵਿਚ ਦੀ ਲੰਘ ਕੇ ਆਪਣੇ ਨਾਨਕੇ ਪਿੰਡ ਜਾਂਦੇ ਸਨ। ਇਸ ਦੇ ਨਾਲ ਹੀ ਸਾਡੇ ਵਿਚਕਾਰ ਬੜੀ ਪੀਡੀ ਸਾਂਝ ਪੈ ਗਈ। ਬਾਬਾ ਜੀ ਲੇਖ ਪੜ੍ਹ ਕੇ ਸ਼ਾਬਾਸ਼ੇ ਦਿੰਦੇ ਤੇ ਨਾਲ ਕਹਿ ਛੱਡਦੇ, "ਹੁਣ ਤਾਂ ਚੈਕ ਕੈਸ਼ ਕਰਵਾ ਲੈ।" ਮੈਂ ਕਹਿ ਛੱਡਦਾ, "ਬਾਬਾ ਜੀ, ਇਹ ਚੈਕ ਨਹੀਂ, ਮੇਰੇ ਲਈ ਸਨਮਾਨ ਚਿੰਨ੍ਹ ਹੈ ਜੋ ਕਦੇ ਕੈਸ਼ ਨਹੀਂ ਕਰਵਾਏ ਜਾਂਦੇ।" ਇਸ ਚੈਕ ਦਾ ਜ਼ਿਕਰ ਮੈਂ ਅਪਰੈਲ 2012 ਦੀ 'ਪੰਜਾਬ ਟਾਈਮਜ਼ ਨਾਈਟ' ਮੌਕੇ ਸਟੇਜ ਤੋਂ ਬੋਲਦਿਆਂ ਵੀ ਕੀਤਾ ਸੀ। ਇਸ ਯਾਦ ਨੂੰ ਦੁਬਾਰਾ ਇਸ ਲਈ ਖੋਲ੍ਹ ਲਿਆ ਕਿਉਂਕਿ ਪਿਛਲੇ ਛੇ ਮਹੀਨਿਆਂ ਤੋਂ ਬਾਬਾ ਜੀ ਦਾ ਕੋਈ ਫੋਨ ਨਹੀਂ ਆਇਆ। ਮੈਨੂੰ ਇੰਜ ਲੱਗੇ ਜਿਵੇਂ ਕੋਈ ਮੇਰਾ ਆਪਣਾ ਮੈਥੋਂ ਬਹੁਤ ਦੂਰ ਚਲਾ ਗਿਆ ਹੋਵੇ। ਫੋਨ ਨੰਬਰ ਵੀ ਕੱਟਿਆ ਗਿਆ ਸੀ, ਫਿਰ ਚੈਕ 'ਤੇ ਦਿੱਤਾ ਐਡਰੈਸ ਗੂਗਲ 'ਤੇ ਪਾ ਕੇ ਸਰਚ ਕੀਤੀ।

ਐਡਰੈਸ ਕਿਸੇ ਅਪਾਰਟਮੈਂਟ ਦਾ ਸੀ। ਡੋਰ ਬੈਲ ਵਜਾਈ ਤਾਂ ਕੋਈ ਮੈਕਸੀਕਨ ਬਾਹਰ ਆਇਆ। ਉਸ ਨੇ ਦੱਸਿਆ ਕਿ ਉਹ ਉਥੇ ਚਾਰ ਮਹੀਨਿਆਂ ਤੋਂ ਰਹਿ ਰਿਹਾ ਹੈ। ਉਸ ਤੋਂ ਪਹਿਲਾਂ ਕੋਈ ਸਿੰਘ ਰਹਿੰਦਾ ਸੀ। ਉਸ ਨੇ ਮੇਰੇ ਪੁੱਛਣ ਤੋਂ ਪਹਿਲਾਂ ਹੀ ਦੱਸ ਦਿੱਤਾ।

"ਉਸ ਦੇ ਨਾਂ ਦਾ ਕੋਈ ਲੈਟਰ ਹੈ ਤੇਰੇ ਕੋਲੇ ਜੋ ਇਸ ਪਤੇ 'ਤੇ ਆਇਆ ਹੋਵੇ।" ਮੈਂ ਬਾਬਾ ਜੀ ਦਾ ਟਿਕਾਣਾ ਪੱਕਾ ਸਮਝਦਿਆਂ ਪੁੱਛਿਆ। ਉਸ ਨੇ ਮੈਨੂੰ ਇਕ ਲੈਟਰ ਦਿੱਤਾ ਜਿਸ ਨਾਲ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਬਾਬਾ ਜੀ ਇਥੇ ਹੀ ਰਹਿੰਦੇ ਸੀ। ਉਸ ਦਿਨ ਤਾਂ ਕੁਝ ਪੱਲੇ ਨਾ ਪਿਆ, ਮੈਂ ਅਗਲੇ ਐਤਵਾਰ ਫਿਰ ਅਪਾਰਟਮੈਂਟ ਵਿਚ ਗੇੜਾ ਦਿੱਤਾ। ਪਾਰਕ ਕੀਤੀਆਂ ਕਾਰਾਂ ਤੋਂ ਪਤਾ ਲੱਗਿਆ ਕਿ ਉਥੇ ਹੋਰ ਪੰਜਾਬੀ ਵੀ ਰਹਿੰਦੇ ਹਨ। ਗੁਰਦੁਆਰਿਆਂ ਵਿਚ ਝੂਲਦੇ ਝੰਡੇ ਤੇ ਕਾਰਾਂ ਵਿਚ ਲਮਕਦੇ ਖੰਡੇ ਪੰਜਾਬੀਆਂ ਦੀ ਰਿਹਾਇਸ਼ ਦਾ ਪੱਕਾ ਸਬੂਤ ਹਨ। ਤੀਜੇ ਗੇੜੇ ਇਕ ਮਾਤਾ ਜੀ ਨੂੰ ਜਾ ਫਤਿਹ ਬੁਲਾਈ। ਪਹਿਲਾਂ ਤਾਂ ਮਾਤਾ ਜੀ ਇੰਜ ਡਰ ਗਏ ਜਿਵੇਂ ਪੰਜਾਬ ਵਿਚ ਪੰਜਾਬ ਪੁਲਿਸ ਕਿਸੇ ਤੋਂ ਕਿਸੇ ਦਾ ਘਰ ਪੁੱਛਦੀ ਹੁੰਦੀ ਹੈ ਤੇ ਬੰਦਾ ਦੱਸਣ ਲੱਗਿਆ ਡਰ ਜਾਂਦਾ ਹੈ। ਫਿਰ ਹੌਲੀ ਹੌਲੀ ਮਾਤਾ ਜੀ ਨੇ ਦੱਸਿਆ ਕਿ ਪੁੱਤ ਜਿਹੜੇ ਬਾਬੇ ਦੀ ਤੂੰ ਗੱਲ ਕਰਦਾ ਏਂ, ਉਹ ਤਾਂ ਪਿੰਡ ਗਿਆ ਸੁਰਗਵਾਸ ਹੋ ਗਿਆ ਹੈ। ਮਾਤਾ ਜੀ ਦੀ ਗੱਲ ਸੁਣ ਕੇ ਮੈਂ ਜਿਵੇਂ ਸੁੰਨ ਹੀ ਹੋ ਗਿਆ ਹੋਵਾਂ। ਮੈਨੂੰ ਲੱਗਿਆ ਜਿਵੇਂ ਦਾਦਾ ਜੀ ਅੱਜ ਫਿਰ ਸੁਰਗਵਾਸ ਹੋ ਗਏ ਹੋਣ। ਹੋਸ਼ ਗਵਾਚਣ ਤੋਂ ਬਚਾਉਂਦਾ ਹੋਇਆ ਮੈਂ ਫਿਰ ਮਾਤਾ ਜੀ ਤੋਂ ਪੁੱਛਿਆ, "ਤੁਸੀਂ ਬਾਬਾ ਜੀ ਬਾਰੇ ਕੀ ਜਾਣਦੇ ਹੋ, ਮੈਨੂੰ ਜ਼ਰੂਰ ਦੱਸੋ?" ਫਿਰ ਮਾਤਾ ਜੀ ਨੇ ਮੈਨੂੰ ਇੰਜ ਦੱਸਿਆ, "ਪੁੱਤ! ਬਾਬੇ ਦੇ ਇਥੇ ਤਿੰਨ ਪੁੱਤ ਹਨ ਤੇ ਦੋ ਧੀਆਂ। ਸਾਰੇ ਆਪੋ-ਆਪਣੀ ਥਾਈਂ ਰੰਗੀਂ ਵੱਸਦੇ ਹਨ। ਬਾਬਾ ਪੁਰਾਣਾ (ਸਾਬਕਾ) ਫੌਜੀ ਸੀ। ਇਕ ਤਾਂ ਇਸ ਦੀ ਆਪਣੀ ਜਨਾਨੀ ਸੀ, ਦੂਜੀ ਇਸ ਦੇ ਭਰਾ ਦੀ ਜਨਾਨੀ ਵੀ ਇਸ ਦੇ ਸਿਰ ਧਰ ਦਿੱਤੀ ਗਈ ਸੀ।

ਬਾਬਾ ਦੱਸਦਾ ਹੁੰਦਾ ਸੀ ਕਿ ਜਦੋਂ ਉਹ ਫੌਜ ਵਿਚ ਸੀ ਤਾਂ ਉਸ ਦਾ ਵਿਆਹ ਹੋ ਗਿਆ। ਛੋਟਾ ਭਰਾ ਥੋੜ੍ਹਾ ਜਿਹਾ ਝੱਲਾ ਸੀ, ਵਿਆਹ ਦੇ ਲਾਇਕ ਤਾਂ ਨਹੀਂ ਸੀ ਪਰ ਬੇਬੇ-ਬਾਪੂ ਨੇ ਧੱਕੇ ਨਾਲ ਹੀ ਕਿਸੇ ਗਰੀਬ ਘਰ ਦੀ ਧੀ ਵਿਆਹ ਲਿਆਂਦੀ। ਕੁੜੀ ਉਹ ਬਹੁਤ ਸੁਨੱਖੀ ਸੀ। ਰੱਬ ਦੀ ਮਰਜ਼ੀ ਸਾਲ ਪਿੱਛੋਂ ਭਰਾ ਖੂਹ ਵਿਚ ਡੁੱਬ ਕੇ ਮਰ ਗਿਆ ਤੇ ਉਸ ਦੀ ਘਰ ਵਾਲੀ ਉਸ (ਬਾਬੇ) ਸਿਰ ਬਿਠਾ ਦਿੱਤੀ। ਦੋਹਾਂ ਜਨਾਨੀਆਂ ਤੋਂ ਪੰਜ ਨਿਆਣੇ ਹੋਏ। ਉਸ ਫੌਜ ਦੀ ਨੌਕਰੀ ਪੂਰੀ ਵੀ ਨਾ ਕੀਤੀ ਤੇ ਪਿੰਡ ਆ ਕੇ ਵਾਹੀ ਕਰਨ ਲੱਗ ਪਿਆ। ਘਰ ਦੇ ਸਿਆੜਾਂ ਨਾਲ ਮਾਮਲੇ 'ਤੇ ਲੈ ਕੇ ਗੱਡੀ ਤੋਰੀ ਗਿਆ। ਪੰਜ ਨਿਆਣੇ, ਦੋ ਤੀਵੀਆਂ! ਗੁਜ਼ਾਰਾ ਕਰਨ ਨੂੰ ਇਕੱਲੀ ਖੇਤੀ। ਹਾੜ੍ਹੀ-ਸਾਉਣੀ ਹਿਸਾਬ ਬਰਾਬਰ ਹੀ ਰਹਿੰਦਾ। ਸੋਚਦਾ, ਨਿਆਣੇ ਪਾਲ ਕੇ ਪੜ੍ਹਾ ਲਈਏ, ਫਿਰ ਆਪੇ ਸੁੱਖ ਦਾ ਸਾਹ ਦਿਵਾਉਣਗੇ। ਬੇਬੇ-ਬਾਪੂ ਥੋੜ੍ਹੇ ਸਮੇਂ ਵਿਚ ਹੀ ਪੂਰੇ ਹੋ ਗਏ। ਭੈਣਾਂ ਨੇ ਧੱਕੇ ਨਾਲ ਜਲੇਬੀਆਂ ਕਢਵਾਈਆਂ। ਸਵਾ ਸਵਾ ਕਿਲੋ ਜਲੇਬੀ, ਜੋ ਵੀ ਭੋਗ 'ਤੇ ਆਇਆ, ਹਰ ਇਕ ਬੰਦੇ ਨੂੰ ਦਿੱਤੀ। ਭੈਣਾਂ ਨੇ ਤਾਂ ਸ਼ਰੀਕੇ ਵਿਚ ਆਪਣਾ ਨੱਕ ਰੱਖ ਲਿਆ, ਪਰ ਉਸ ਦਾ ਖਰਚੇ ਨੇ ਲੱਕ ਤੋੜ ਦਿੱਤਾ। ਉਲਟਾ ਕਹਿੰਦੀਆਂ ਅਸੀਂ ਕਿਹੜਾ ਬੇਬੇ-ਬਾਪੂ ਦੀ ਜ਼ਮੀਨ ਵੰਡਾ ਲਈ ਐ! ਫਿਰ ਭੈਣਾਂ ਦੇ ਜੰਮਣੇ-ਮਰਨੇ ਪੂਰਦਾ ਰਿਹਾ ਤਾਂ ਆਪਣੀ ਕਬੀਲਦਾਰੀ ਕੰਧਾਂ ਨਾਲੋਂ ਉਚੀ ਹੋ ਗਈ। ਵੱਡੇ ਪੁੱਤ ਸ਼ਿੰਦੇ ਨੂੰ ਕਿਹਾ-ਪੜ੍ਹ ਲੈ, ਕੋਈ ਅਫ਼ਸਰ ਲੱਗ ਜਾਈਂ। ਉਹ ਦਸ ਨਾ ਟੱਪਿਆ। ਆਖੇ-ਬਾਹਰ ਭੇਜੋ। ਫਿਰ ਦਿਲ 'ਤੇ ਪੱਥਰ ਰੱਖ ਕੇ ਇਕ ਕਿੱਲੇ 'ਤੇ ਕਾਟੀ ਫੇਰ ਦਿੱਤੀ ਤੇ ਸ਼ਿੰਦਾ ਇਥੇ ਆ ਗਿਆ। ਇਸ ਨੂੰ ਕਿਹਾ ਕਿ ਭਾਈ, ਆਪਣੇ ਸਾਰੇ ਛੋਟੇ ਭੈਣ ਭਰਾਵਾਂ ਨੂੰ ਆਪਣੇ ਕੋਲ ਸੱਦ ਲੈ। ਸ਼ਿੰਦਾ ਪਹਿਲਾਂ ਆਪ ਪੱਕਾ ਹੋਇਆ, ਫਿਰ ਇਥੇ ਹੀ ਵਿਆਹ ਕਰਵਾ ਲਿਆ। ਫਿਰ ਦੋਵੇਂ ਛੋਟੇ ਪੁੱਤ ਗੋਰਾ ਤੇ ਰਾਜੂ ਵੀ ਇਥੇ ਆ ਗਏ। ਦੋਵਾਂ ਧੀਆਂ ਦਾ ਵਿਆਹ ਉਥੇ ਕਰ ਦਿੱਤਾ। ਅਜੇ ਸ਼ਗਨਾਂ ਦੀਆਂ ਸ਼ਹਿਨਾਈਆਂ ਵੱਜਣ ਹੀ ਲੱਗੀਆਂ ਸਨ ਕਿ ਉਸ ਦੀ ਘਰ ਵਾਲੀ, ਦੂਜੀ ਨੂੰ ਕਬੀਲਦਾਰੀ ਦੀ ਕੁੰਜੀ ਸੰਭਾਲ ਕੇ 'ਹੈ' ਤੋਂ 'ਸੀ' ਹੋ ਗਈ। ਨਿਆਣਿਆਂ ਨੇ ਪਹਿਲਾਂ ਤਾਂ ਕਦੇ ਨਹੀਂ ਸੀ ਕਿਹਾ ਕਿ ਤੇਰੀ ਬੀਬੀ, ਮੇਰੀ ਬੀਬੀ ਪਰ ਵੱਡੀ ਬੀਬੀ ਦੇ ਜਾਣ ਤੋਂ ਬਾਅਦ ਨਿਆਣਿਆਂ ਵਿਚਾਲੇ ਜਿਵੇਂ ਚੰਡੀਗੜ੍ਹ ਦਾ ਮਸਲਾ ਖੜ੍ਹਾ ਹੋ ਗਿਆ ਸੀ। ਖ਼ੈਰ! ਥੋੜ੍ਹਾ ਬਹੁਤਾ ਤਾਂ ਘਰਾਂ ਵਿਚ ਚੱਲਦਾ ਹੀ ਹੈ। ਵੱਡੇ ਸ਼ਿੰਦੇ ਨੂੰ ਕਹਿ ਕੇ ਕੁੜੀਆਂ ਦੇ ਕਾਗ਼ਜ਼ ਵੀ ਭਰਾ ਦਿੱਤੇ। ਦੋਵੇਂ ਛੋਟੇ ਵੀ ਵਿਆਹ ਲਏ।

ਉਸ ਦੱਸਿਆ ਕਿ ਬਾਬੇ ਨੂੰ ਇੰਜ ਲੱਗਣ ਲੱਗਿਆ ਮੈਂ 65 ਤੇ 71 ਦੀਆਂ-ਦੋਵੇਂ ਲੜਾਈਆਂ ਹੀ ਜਿੱਤ ਗਿਆ ਹਾਂ। ਲੱਗੇ ਵੀ ਕਿਉਂ ਨਾ? ਤਿੰਨ ਪੁੱਤ ਅਮਰੀਕਾ ਵਿਚ ਤੇ ਦੋ ਧੀਆਂ ਅਮਰੀਕਾ ਆਉਣ ਲਈ ਪੂਰੀ ਤਿਆਰੀ ਵਿਚ ਬੈਠੀਆਂ ਸਨ। ਸ਼ਿੰਦੇ ਨੇ ਕਈ ਵਾਰ ਆਖਿਆ ਸੀ ਕਿ ਬਾਪੂ ਆ ਜਾ...ਪੋਤੇ, ਪੋਤੀਆਂ ਦੇਖ ਜਾ। ਉਹ ਕਹਿ ਦਿੰਦਾ-ਦੋਹਤੇ, ਦੋਹਤੀਆਂ ਭੇਜ ਕੇ ਫਿਰ ਆਊਂਗਾ। ਫਿਰ ਬਾਬਾ ਜੀ ਨੇ ਸਾਰੀ ਕਬੀਲਦਾਰੀ ਅਮਰੀਕਾ ਭੇਜ ਦਿੱਤੀ ਤੇ ਦੋਵੇਂ ਜਣੇ ਇਥੇ ਆ ਗਏ। ਥੋੜ੍ਹਾ ਸਮਾਂ ਤਾਂ ਨਿਆਣਿਆਂ ਨੇ ਚੰਗਾ ਸਾਂਭੇ; ਫਿਰ ਵਿਚਾਰੇ ਬੋਰੀ-ਬਿਸਤਰਾ ਚੁੱਕ ਕੇ ਕਦੇ ਸ਼ਿੰਦੇ ਵੱਲ, ਤੇ ਕਦੇ ਗੋਰੇ ਵੱਲ ਤੁਰੇ ਰਹਿੰਦੇ। ਧੀਆਂ ਨੇ ਤਾਂ ਆਖ ਦਿੱਤਾ ਸੀ ਕਿ ਜਿਨ੍ਹਾਂ ਨੇ ਜ਼ਮੀਨ ਲੈਣੀ ਹੈ, ਉਹ ਆਪੇ ਸਾਂਭਣ ਮਾਪੇ। ਬਾਬੇ ਦੀ ਘਰ ਵਾਲੀ ਤਾਂ ਬਹੁਤਾ ਸਮਾਂ ਨਾ ਕੱਢ ਸਕੀ; ਉਹ ਤਾਂ ਵਿਚਾਰੀ ਇਥੇ ਹੀ ਪੂਰੀ ਹੋ ਗਈ।" ਮਾਤਾ ਜੀ ਨੇ ਅੱਖਾਂ ਪੂੰਝਦਿਆਂ ਮੈਨੂੰ ਚਾਹ ਦਾ ਕੱਪ ਫੜਾਇਆ।

"ਮਾਤਾ ਜੀ! ਬਾਬਾ ਜੀ, ਫਿਰ ਇਥੇ ਕਦੋਂ ਤੋਂ ਰਹਿੰਦੇ ਸੀ।" ਮੈਂ ਮਾਤਾ ਜੀ ਤੋਂ ਅਗਲੀ ਕਹਾਣੀ ਸੁਣਨ ਲਈ ਕਾਹਲਾ ਪੈਂਦਿਆਂ ਪੁੱਛਿਆ।

"ਆਥਣੇ ਬਾਬਾ ਜੀ ਇੱਥੇ ਸਾਡੇ ਕੋਲ ਆ ਕੇ ਦੁੱਖ-ਸੁੱਖ ਸਾਂਝਾ ਕਰ ਲੈਂਦੇ ਸਨ। ਘਰਵਾਲੀ ਦੀ ਮੌਤ ਨੇ ਬਾਬਾ ਜੀ ਨੂੰ ਜਿਵੇਂ ਮਾਰ ਹੀ ਸੁੱਟਿਆ ਹੋਵੇ। ਇਕ ਉਹ ਹੀ ਤਾਂ ਵਿਚਾਰੀ ਉਸ ਨਾਲ ਹਰ ਦੁੱਖ-ਸੁੱਖ ਵਿਚ ਨਾਲ ਖੜ੍ਹਦੀ ਰਹੀ। ਪੁੱਤਾਂ ਦੇ ਬੁਰੇ ਵਿਹਾਰ ਤੋਂ ਤੰਗ ਆ ਕੇ ਉਹ ਵੀ ਛੇਤੀ ਹੀ ਹੱਡ ਛੁਡਾ ਗਈ। ਜੇ ਉਹ ਸ਼ਿੰਦੇ ਘਰ ਰਹਿੰਦਾ ਤਾਂ ਉਸ ਦੇ ਬੱਚੇ ਕਹਿ ਦਿੰਦੇ, "ਓਲਡਮੈਨ ਬਹੁਤ ਖੰਘਦਾ ਹੈ।" ਉਸ ਦੀ ਘਰਵਾਲੀ ਕਹਿ ਦਿੰਦੀ, "ਸ਼ਿੰਦੇ ਦੇ ਡੈਡ ਵਿਚੋਂ ਬੜੀ ਗੰਦੀ 'ਸਮੈਲ' ਆਉਂਦੀ ਹੈ।" ਫਿਰ ਉਹ ਕਸੀਸ ਜਿਹੀ ਵੱਟ ਕੇ ਗੋਰੇ ਦੇ ਘਰ ਜਾਂਦਾ। ਉਸ ਦੇ ਬੱਚੇ ਕਹਿ ਦਿੰਦੇ ਕਿ 'ਓਲਡਮੈਨ' ਤੋਂ ਅਸੀਂ ਡਰਦੇ ਹਾਂ, ਇਹ ਪਤਾ ਨਹੀਂ ਮੂੰਹ ਵਿਚ ਕੀ ਪੜ੍ਹਦਾ ਰਹਿੰਦਾ ਹੈ? ਉਸ ਦੀ ਘਰਵਾਲੀ ਕਹਿ ਦਿੰਦੀ ਗੋਰੇ ਨੂੰ-ਜਾਂ ਤਾਂ ਬਾਪੂ ਰੱਖ ਲੈ, ਜਾਂ ਫਿਰ ਸਾਨੂੰ? ਗੋਰਾ ਬਾਪੂ ਵੱਲ ਪਿੱਠ ਕਰ ਲੈਂਦਾ। ਰਾਜੂ ਨੂੰ ਕਹਿੰਦਾ-ਪੁੱਤਰਾ! ਤੂੰ ਤਾਂ ਖਿਆਲ ਰੱਖ ਮੇਰਾ। ਉਹ ਅੱਗਿਓਂ ਕਹਿੰਦਾ-ਬਾਪੂ! ਇਹ ਅਮਰੀਕਾ ਹੈ। ਇੱਥੇ ਆਪ ਦਾ ਖਿਆਲ ਨਹੀਂ ਰੱਖ ਹੁੰਦਾ। ਪਤਾ ਨਹੀਂ ਲੱਗਦਾ ਕਦੋਂ ਸੰਡੇ ਲੰਘ ਗਿਆ ਤੇ ਕਦੋਂ ਫਰਾਈਡੇ ਆ ਗਿਆ। ਪੁੱਤਰਾਂ ਦੇ ਘਰਾਂ ਦੇ ਦਰਾਂ ਤੋਂ ਉਹ ਕੁੱਤਿਆਂ ਵਾਂਗ ਫਿਟਕਾਰਿਆਂ ਜਾਂਦਾ ਰਿਹਾ। ਕਿਸੇ ਸੱਜਣ ਦੀ ਮੱਦਦ ਨਾਲ ਉਹ ਸਿਟੀਜ਼ਨ ਹੋ ਗਿਆ ਤੇ ਉਹਨੂੰ ਥੋੜ੍ਹੇ ਬਹੁਤੇ ਪੈਸੇ ਮਿਲਣ ਲੱਗ ਗਏ। ਸਾਇਕਲ 'ਤੇ ਹੀ ਹਰ ਥਾਂ ਜਾ ਆਉਂਦਾ। ਪਾਰਕ ਵਿਚ ਬੈਠ ਕੇ, ਤੇ ਘਰ ਵਿਚ ਅਖ਼ਬਾਰਾਂ ਪੜ੍ਹ ਕੇ ਦਿਨ ਲੰਘਾਉਂਦਾ ਰਹਿੰਦਾ। ਜ਼ਮੀਨ ਦੇ ਮਾਮਲੇ ਨਾਲ ਪਿੰਡ ਗੇੜਾ ਕੱਢ ਆਉਂਦਾ। ਸਾਇਕਲ 'ਤੇ ਹੀ ਜਾ ਕੇ ਪੁੱਤ-ਧੀਆਂ ਨੂੰ ਦੇਖ ਆਉਂਦਾ ਤਾਂ ਮਨ ਟਿਕਿਆ ਰਹਿੰਦਾ। ਮਾਲੀ ਨੇ ਕਦੇ ਫੁੱਲਾਂ ਨਾਲ ਕੰਡਿਆਂ ਨੂੰ ਦੋਸ਼ੀ ਨਹੀਂ ਠਹਿਰਾਇਆ। ਬਜ਼ੁਰਗਾਂ ਨੇ ਪੁੱਤਾਂ ਨਾਲ ਨੂੰਹਾਂ ਨੂੰ ਵੀ ਧੀਆਂ ਸਮਝਿਆ ਹੈ ਪਰ ਨੂੰਹ ਧੀ ਬਣ ਹੀ ਨਾ ਸਕੀ। ਤਾਹੀਓਂ ਤਾਂ ਪੂਰੇ ਅਮਰੀਕਾ ਵਿਚ ਰਿਵਾਜ਼ ਹੀ ਪੈ ਗਿਆ, ਨੂੰਹ ਆਪਣੀ ਸੱਸ ਸਹੁਰਾ ਨਾਲ ਨਹੀਂ ਰੱਖਦੀ ਅਤੇ ਆਪਣੇ ਮਾਤਾ-ਪਿਤਾ ਨੂੰ ਅੱਖੋਂ ਪਰ੍ਹੇ ਨਹੀਂ ਕਰਨ ਦਿੰਦੀ। ਪਤਾ ਨਹੀਂ ਕਿਹੋ ਜਿਹਾ ਸਮਾਂ ਆ ਗਿਆ, ਜਿਵੇਂ ਆਪ ਬੁੱਢੇ ਨਾ ਹੋਣਾ ਹੋਵੇ।..." ਮਾਤਾ ਜੀ ਨੇ ਸਾਹ ਲੈਂਦਿਆਂ ਲੰਮਾ ਹਉਕਾ ਭਰਿਆ।

ਮਾਤਾ ਕਹਿਣ ਲੱਗੀ, ਬਾਬਾ ਜੀ ਦੱਸਦੇ ਸੀ..."ਜਦੋਂ ਉਹ 75 ਸਾਲ ਦਾ ਹੋਇਆ ਤਾਂ ਸਾਰੇ ਪੁੱਤਾਂ ਦੇ ਫੋਨ ਆਏ ਕਿ ਬਾਪੂ ਜੀ ਤੁਹਾਡਾ ਜਨਮ ਦਿਨ ਮਨਾਉਣਾ ਹੈ, ਅਸੀਂ ਸਾਰਿਆਂ ਨੇ ਰਲ ਕੇ। ਤੁਸੀਂ ਤਿਆਰ ਰਹਿਣਾ। ਉਸ ਨੂੰ ਕੀ ਪਤਾ ਸੀ, 20 ਡਾਲਰ ਦੇ ਕੇਕ ਵਿਚ ਜ਼ਹਿਰ ਭਰੀ ਹੋਈ ਹੈ, ਜਿਹੜੀ ਉਸ ਦੀ ਜਿੰਦ ਜਾਨ ਜ਼ਮੀਨ ਨੂੰ ਖ਼ਤਮ ਕਰ ਦੇਵੇਗੀ। ਤਿੰਨਾਂ ਭਰਾਵਾਂ ਨੇ ਉਸ ਕੋਲੋਂ ਜ਼ਮੀਨ ਦੇ ਕਾਗਜ਼ਾਂ 'ਤੇ ਦਸਤਖ਼ਤ ਕਰਵਾ ਲਏ। ਖਾਲੀ ਲਿਫ਼ਾਫੇ ਵਾਂਗ ਉਹ ਖੂੰਜਿਆਂ ਵਿਚ ਵੱਜਦਾ, ਉਥੇ ਪਹੁੰਚਿਆ ਜਿਥੇ ਉਹ ਇਕ ਫਿਜ਼ੀ ਦੇ ਪਰਿਵਾਰ ਨਾਲ ਰਹਿੰਦਾ ਸੀ। ਜਦੋਂ ਉਨ੍ਹਾਂ ਨੂੰ ਪੁੱਤਾਂ ਦੀ ਕਰਤੂਤ ਦੱਸੀ ਤਾਂ ਉਹ ਵੀ ਮੂੰਹ ਘੁੰਮਾ ਗਏ ਤੇ ਉਸ ਫਿਰ ਆਹ 'ਲੋ-ਇਨਕਮ' ਵਾਲੀ ਅਪਾਰਟਮੈਂਟ ਲੈ ਲਈ।" ਮਾਤਾ ਜੀ ਨੇ ਦੱਸਦਿਆਂ ਚੁੰਨੀ ਦਾ ਪੱਲਾ ਜਿਵੇਂ ਪਾਣੀ ਵਿਚ ਡੁੱਬੋ ਲਿਆ ਹੋਵੇ।

"ਮਾਤਾ ਜੀ, ਫਿਰ ਬਾਬਾ ਜੀ ਪਿੰਡ ਕਦੋਂ ਗਏ ਤੇ ਉਥੇ ਕੀ ਭਾਣਾ ਵਾਪਰਿਆ।" ਮੈਂ ਬਾਬਾ ਜੀ ਦੇ ਅੰਤਮ ਦਰਸ਼ਨਾਂ ਵਿਚ ਸ਼ਰੀਕ ਹੋਣਾ ਚਾਹੁੰਦਾ ਸੀ।

"ਪੁੱਤ! ਜਿਵੇਂ ਅਸੀਂ ਸੁਣਿਆ ਹੈ ਕਿ ਜਦੋਂ ਤੋਂ ਪੁੱਤਾਂ ਨੇ ਜ਼ਮੀਨ ਲਿਖਵਾ ਲਈ ਸੀ, ਉਦੋਂ ਤੋਂ ਹੀ ਮਰਨ ਦੇ ਰਾਹ ਤੁਰ ਪਿਆ ਸੀ। ਪਹਿਲਾਂ ਵਾਂਗ ਕੁਝ ਵੀ ਨਾ ਰਿਹਾ। ਪਾਰਕ ਜਾਣੋਂ ਹਟ ਗਿਆ ਅਖ਼ਬਾਰ ਲੈ ਆਉਂਦਾ ਤੇ ਪੜ੍ਹਦਾ ਰਹਿੰਦਾ। ਫਿਰ ਪਤਾ ਨਹੀਂ, ਦਿਲ ਵਿਚੋਂ ਕੀ ਉਬਾਲ ਉਠਿਆ, ਟਿਕਟ ਕਟਾ ਲਈ ਤੇ ਜਾਂਦਾ ਹੋਇਆ ਕਹਿ ਗਿਆ ਕਿ ਹੁਣ ਦੁਬਾਰਾ ਮੇਲੇ ਨਹੀਂ ਹੋਣਗੇ। ਮੈਂ ਆਪਣੀ ਮਿੱਟੀ ਵਿਚ ਹੀ ਮਿੱਟੀ ਹੋ ਜਾਣਾ ਹੈ। ਬੱਸ ਪੁੱਤ! ਦੋ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਰਾਤ ਨੂੰ ਸੁੱਤਾ ਤੇ ਫਿਰ ਉਠਿਆ ਨਹੀਂ। ਇਨ੍ਹਾਂ 'ਚੋਂ ਤਾਂ ਕੋਈ ਨਹੀਂ ਗਿਆ ਸਸਕਾਰ 'ਤੇ। ਭੋਗ 'ਤੇ ਇਕ ਪੁੱਤ ਤੇ ਧੀ ਗਏ ਜਿਹੜੇ ਦੂਜੀ ਜਨਾਨੀ ਵਿਚੋਂ ਸਨ। ਫਿਰ ਇਕ ਦਿਨ ਬਾਬਾ ਜੀ ਦਾ ਪੁੱਤ ਅਪਾਰਟਮੈਂਟ ਵਿਚੋਂ ਸਾਮਾਨ ਚੁੱਕਣ ਆਇਆ। ਮੈਂ ਅਫਸੋਸ ਕਰਨ ਅੱਗੇ ਵਧੀ ਤਾਂ ਉਹ ਹੋਰ ਪਿੱਛੇ ਹਟ ਗਿਆ।" ਮਾਤਾ ਜੀ ਦਾ ਰੋਣ ਰੁਕ ਨਹੀਂ ਰਿਹਾ ਸੀ।

ਮੈਨੂੰ ਫਿਰ ਸਮਝ ਆਈ ਕਿ ਬਾਬਾ ਜੀ ਨੂੰ ਉਹ ਲੇਖ ਕਿਉਂ ਜ਼ਿਆਦਾ ਪਸੰਦ ਸੀ, ਕਿਉਂਕਿ ਜੋ ਕੁਝ ਬਾਬਾ ਜੀ ਨਾਲ ਵਾਪਰ ਰਿਹਾ ਸੀ, ਉਹੋ ਕੁਝ ਉਸ ਲੇਖ ਵਿਚ ਲਿਖਿਆ ਹੋਇਆ ਸੀ। ਮਾਤਾ ਜੀ ਤੋਂ ਆਗਿਆ ਲੈ ਕੇ ਉਠਣ ਲੱਗਿਆ ਤਾਂ ਮੂੰਹੋਂ ਅਚਾਨਕ ਨਿਕਲ ਗਿਆ, "ਮਾਤਾ ਜੀ, ਤੁਸੀਂ ਵੀ ਇੱਥੇ ਇਕੱਲੇ ਰਹਿੰਦੇ ਹੋ?"

"ਨਹੀਂ ਪੁੱਤ, ਉਹ ਦੇਖ ਮੇਰੇ ਸਿਰ ਦਾ ਸਾਈਂ ਅੰਦਰ ਪਿਆ।" ਅੰਦਰ ਸੱਤਰ ਸਾਲ ਦਾ ਬਜ਼ੁਰਗ ਬਿਸਤਰੇ ਉਤੇ 'ਕੱਠਾ ਹੋਇਆ ਪਿਆ ਸੀ। ਮੈਨੂੰ ਸਮਝ ਹੀ ਨਹੀਂ, ਪੱਕਾ ਯਕੀਨ ਹੋ ਗਿਆ ਕਿ ਇਹ ਬੇਬੇ-ਬਾਪੂ ਵੀ ਬਾਬਾ ਜੀ ਵਾਲੀ ਧੁਰ ਦੀ ਟਿਕਟ ਦੀ ਉਡੀਕ ਵਿਚ ਦਿਨ ਕਟੀ ਕਰ ਰਹੇ ਹਨ। ਮਾਤਾ ਜੀ ਨੂੰ ਫਿਰ ਮਿਲਣ ਦਾ ਵਾਅਦਾ ਕਰ ਕੇ ਮੁੜਦਿਆਂ ਮੈਨੂੰ ਆਪਣੀ ਮਾਂ ਦੀ ਗੋਦੀ ਤੇ ਪਿਉ ਦਾ ਮੋਢਾ ਯਾਦ ਆ ਗਿਆ, ਜਿਨ੍ਹਾਂ ਨੇ ਮੇਰੇ ਲਈ ਸੰਘਰਸ਼ਮਈ ਜ਼ਿੰਦਗੀ ਨੂੰ ਪਿੱਠ ਨਹੀਂ ਦਿਖਾਈ। ਆਪਣੇ ਮਾਪਿਆਂ ਦਾ ਕਰਜ਼ ਉਤਾਰਨ ਲਈ ਸਾਨੂੰ ਕਈ ਜਨਮ ਲੈਣੇ ਪੈਣਗੇ।

---

# ਚਿਟੇ ਜਿਨ ਕੇ ਕਪੜੇ

ਰਾਜਿੰਦਰ ਸਿੰਘ ਖਹਿਰਾ
ਫੋਨ: 530-635-4321

ਆਮ ਮਨੁੱਖ ਗੁਰਬਾਣੀ ਨੂੰ ਨਿਰਾ ਅਧਿਆਤਮਕ ਨਜ਼ਰੀਏ ਤੋਂ ਹੀ ਵੇਖਦਾ ਹੈ। ਬਹੁਤੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕਣ, ਧੂਫ-ਬੱਤੀ ਕਰਨ ਅਤੇ ਰੁਮਾਲੇ ਚੜ੍ਹਾਉਣ ਆਦਿ ਕਰਮ-ਕਾਂਡ ਤੱਕ ਹੀ ਸੀਮਤ ਹਨ। ਗੁਰਬਾਣੀ ਮਨੁੱਖ ਦੀ ਜਿੰਦਗੀ ਦੇ ਹਰ ਮੋੜ 'ਤੇ ਅਗਵਾਈ ਕਰਦੀ ਹੈ। ਗੁਰਬਾਣੀ ਵਿਚ ਕਈ ਅਜਿਹੇ ਸ਼ਬਦ ਆਉਂਦੇ ਹਨ ਜਿਨ੍ਹਾਂ ਦਾ ਸਾਡੇ ਸਮਾਜਿਕ ਜੀਵਨ ਨਾਲ ਗਹਿਰਾ ਸਬੰਧ ਹੈ। 'ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥' ਸ਼ਬਦ ਮਨੁੱਖ ਦੇ ਸਮਾਜਿਕ ਜੀਵਨ ਨਾਲ ਸਬੰਧਤ ਹਨ। ਬਾਹਰੀ ਸੁੰਦਰਤਾ, ਬਾਹਰੀ ਦਿੱਖ ਅਤੇ ਦੁੱਧ ਚਿੱਟੇ ਕੱਪੜੇ ਪਹਿਨੇ ਵਿਅਕਤੀ ਨੂੰ ਵੇਖ ਕੇ ਦੁਨੀਆਂ ਦੇ ਬਹੁਤੇ ਲੋਕ ਚਿੱਟ ਕੱਪੜੀਏ ਵਿਅਕਤੀ ਨੂੰ ਭਲਾ ਮੰਨ ਸਕਦੇ ਹਨ ਪਰ ਪਰਖ ਕਰਨ 'ਤੇ ਹੀ ਪਤਾ ਲਗਦਾ ਹੈ ਕਿ ਇਸ ਦੇ ਚਿੱਟੇ ਕੱਪੜਿਆਂ ਦੀ ਸਫੈਦੀ ਕੀ ਕਹਿੰਦੀ ਹੈ ਅਤੇ ਕਿੰਨੀ ਕੁ ਹੈ?

ਅਸੀਂ ਸਕੂਲੀ ਪੜ੍ਹਾਈ ਵਿਚ ਅੰਗਰੇਜਾਂ ਸਮੇਂ ਸਰਕਾਰੀ ਪਾਲਤੂ ਝੋਲੀਚੁੱਕਾਂ ਬਾਰੇ ਆਮ ਪੜ੍ਹਦੇ ਆਏ ਹਾਂ, ਜਿਨ੍ਹਾਂ ਨੂੰ ਸਫੈਦਪੋਸ਼ ਕਿਹਾ ਜਾਂਦਾ ਸੀ। ਸਫੈਦਪੋਸ਼ਾਂ ਦਾ ਕੰਮ ਅਜ਼ਾਦੀ ਦੇ ਪਰਵਾਨੇ ਦੇਸ਼ ਭਗਤਾਂ ਨੂੰ ਮੁਖਬਰੀ ਕਰਕੇ ਪੁਲਿਸ ਨੂੰ ਫੜਾ ਕੇ ਅਜ਼ਾਦੀ ਦੀ ਲਹਿਰ ਨੂੰ ਕਮਜੋਰ ਕਰਨਾ ਸੀ। ਉਨ੍ਹਾਂ ਸਫੈਦਪੋਸ਼ਾਂ ਬਾਰੇ ਹਰ ਕਿਸੇ ਦੇ ਮਨ ਵਿਚ ਨਫਰਤ ਭਰੀ ਪਈ ਹੈ। ਸਮੇਂ ਨਾਲ ਉਨ੍ਹਾਂ ਦਾ ਯੁੱਗ ਖਤਮ ਹੋ ਗਿਆ ਪਰ ਚੇਤੰਨ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਦਾ ਉਸਰਿਆ ਕਿਰਦਾਰ ਉਸੇ ਤਰ੍ਹਾਂ ਖੜ੍ਹਾ ਹੈ। ਚਿੱਟੇ ਕੱਪੜੇ ਪਹਿਨਣਾ ਹਿੰਦੋਸਤਾਨ, ਪੰਜਾਬ ਵਿਚ ਇੱਕ ਫੈਸ਼ਨ ਜਿਹਾ ਬਣ ਗਿਆ ਹੈ। ਰੰਗ ਕੋਈ ਵੀ ਪਹਿਨਿਆ ਜਾ ਸਕਦਾ ਹੈ, ਇਸ ਵਿਚ ਕੋਈ ਬੁਰਾਈ ਨਹੀਂ ਪਰ ਜਦੋਂ ਕੋਈ ਵਿਸ਼ੇਸ਼ ਰੰਗ ਲੋਕਾਈ ਨੂੰ ਮੂਰਖ ਬਣਾਉਣ ਲਈ ਹੀ ਪਹਿਨਿਆ ਜਾਵੇ ਤਾਂ ਰੜਕੇਗਾ। ਪਿਛਲੇ ਕਈ ਦਹਾਕਿਆ ਤੋਂ ਦੰਭੀ ਪਖੰਡੀ ਕੁਕਰਮੀ ਦੇਸ਼ ਧਰੋਹੀਆਂ ਨੇ ਚਿੱਟੇ ਰੰਗ ਦੇ ਲਿਬਾਸ ਪਹਿਨ ਕੇ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਕਰਕੇ ਆਮ ਹਿੰਦੋਸਤਾਨੀ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜਤ ਹੀ ਨਹੀਂ ਲੁੱਟੀ ਸਗੋਂ ਰਾਸ਼ਟਰੀ ਧਨ ਦੌਲਤ ਲੁੱਟ ਕੇ ਹਿੰਦੋਸਤਾਨ ਦੀਆਂ ਜੜ੍ਹਾਂ ਖੋਖਲੀਆਂ ਕੀਤੀਆਂ ਹਨ। ਹਿੰਦੋਸਤਾਨ ਦੀ ਧਰਤੀ 'ਤੇ ਇਨ੍ਹਾਂ ਨੂੰ ਵੱਖ ਵੱਖ ਖੇਤਰਾਂ ਵਿਚ ਵਿਚਰਦਿਆਂ ਵੇਖਿਆ ਜਾ ਸਕਦਾ ਹੈ। ਇਨ੍ਹਾਂ ਦੀਆਂ ਕੁਝ ਕਿਸਮਾਂ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਅਖੌਤੀ ਸਾਧ ਸੰਤ ਬਾਬੇ ਚਿੱਟੇ ਪਹਿਨੀ ਕਾਲੀਆਂ ਕਰਤੂਤਾਂ ਕਰਦੇ ਨਜ਼ਰ ਪੈਣਗੇ, ਪੰਜਾਬ ਵਿਚ ਅਖੌਤੀ ਧਾਰਮਕ ਆਗੂ, ਵਿਹਲੜ ਸਾਧ ਬਾਬੇ, ਧਰਮ ਦੇ ਨਾਂ 'ਤੇ ਵਪਾਰ ਕਰਨ ਵਾਲਿਆਂ ਨੇ ਅਕਸਰ ਚਿੱਟੇ ਕੱਪੜੇ ਪਹਿਨੇ ਹੁੰਦੇ ਹਨ, ਚਿੱਟੇ ਕੱਪੜਿਆਂ ਹੇਠਾਂ ਇਹ ਕਾਲੇ ਕਰਮ ਛਪਾਉਂਦੇ ਫਿਰਦੇ ਹਨ, ਪਿਛਲੇ ਕੁਝ ਦਹਾਕਿਆ ਦੇ ਸਮੇਂ ਵਿਚ ਇਨ੍ਹਾਂ ਦੇ ਕਾਰਨਾਮਿਆਂ ਨੂੰ ਵਾਚਣ 'ਤੇ ਪਤਾ ਲੱਗ ਜਾਵੇਗਾ ਕਿ ਇਨ੍ਹਾਂ ਦੇ ਆਪਣੇ ਚਿੱਟੇ ਚੋਲੇ ਕਿੰਨੇ ਦਾਗਦਾਰ ਹਨ। ਕਿਸੇ ਨੇ ਆਪਣੀ ਘਰਵਾਲੀ ਨੂੰ ਨਹਿਰ ਵਿਚ ਧੱਕਾ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ, ਪੁਲਿਸ ਕੇਸ ਬਣਿਆ, ਰਾਜਸੀ ਚਿੱਟੇ ਕੱਪੜੇ ਵਾਲਿਆਂ ਦੀ ਮਦਦ ਨਾਲ ਸਾਫ ਬਚ ਨਿਕਲੇ। ਕਿਸੇ ਨੇ ਮਾਸੂਮ ਲੜਕੀਆਂ ਦੀ ਇੱਜਤ ਲੁੱਟੀ, ਉਨ੍ਹਾਂ ਦੇ ਪਰਦੇ ਫਾਸ਼ ਕਰਨ ਵਾਲਿਆਂ ਨੂੰ ਰਾਜਨੀਤਕ ਚਿਟਿਆਂ ਨਾਲ ਮਿਲ ਕੇ ਝੂਠੇ ਕੇਸ ਬਣਾ ਜੇਲਾਂ ਵਿਚ ਹੀ ਨਹੀਂ ਡੱਕਿਆਂ ਸਗੋਂ ਜਾਨੋਂ ਮਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਲਗਭਗ ਅੱਸੀ ਪ੍ਰਤੀਸ਼ਤ ਚਿੱਟੇ ਬਾਬਿਆਂ ਨੇ ਪੰਚਾਇਤੀ, ਸਾਂਝੀਆਂ ਸ਼ਾਮਲਾਟਾਂ ਜ਼ਮੀਨਾਂ 'ਤੇ ਕਬਜੇ ਕੀਤੇ ਹੋਏ ਹਨ, ਇਨ੍ਹਾਂ ਦਾ ਮੁੱਖ ਧੰਦਾ ਝਗੜੇ ਵਾਲੀਆਂ ਜ਼ਮੀਨਾਂ ਦੇ ਕਬਜੇ ਲੈਣੇ ਅਤੇ ਦਿਵਾਉਣੇ ਹਨ, ਆਮ ਲੋਕਾਈ ਸਹਿਮੀ ਇਨ੍ਹਾਂ ਵਿਰੁਧ ਅਵਾਜ਼ ਤੱਕ ਨਹੀਂ ਕੱਢਦੀ। ਕਈ ਚਿੱਟੇ ਚੋਲਿਆਂ ਵਾਲੇ ਅਖੌਤੀ ਨੀਵੀਂ ਜਾਤੀ ਦੇ ਲੋਕਾਂ ਨੂੰ ਆਪਣੇ ਡੇਰਿਆਂ ਵਿਚ ਵੜਨ ਤੱਕ ਨਹੀਂ ਦਿੰਦੇ, ਅਖੌਤੀ ਧਾਰਮਿਕ ਚਿੱਟ ਕੱਪੜੀਆਂ ਦੇ ਕਾਲੇ



ਕਾਰਨਾਮਿਆਂ ਦੀ ਲੰਮੀ ਲਿਸਟ ਹੈ। ਹੁਣ ਦੂਜੀ ਅਹਿਮ ਚਿੱਟ ਕੱਪੜੀਆਂ ਦੀ ਸ਼੍ਰੇਣੀ ਵਿਚ ਉਹ ਰਾਜਨੀਤਿਕ ਆਗੂ ਹਨ ਜੋ ਦੁੱਧ ਚਿੱਟੇ ਕੁੜਤੇ ਪਜਾਮੇ, ਧੋਤੀਆਂ, ਜਾਕਟਾਂ ਪਹਿਨ ਕੇ ਹਿੰਦੋਸਤਾਨ ਦੀ ਗਰੀਬ ਜਨਤਾ ਦੇ ਪੈਸੇ ਲੱਖਾਂ ਨਹੀਂ ਕਰੋੜਾਂ ਅਰਬਾਂ ਵਿਚ ਖਾ ਕੇ ਡੱਕਾਰ ਮਾਰ ਜਾਂਦੇ ਹਨ। ਛੋਟੇ ਤੋਂ ਵੱਡੇ ਨੇਤਾ ਜਿਸ ਦਾ ਜਿੰਨਾ ਹੱਥ ਪਿਆ ਮਾਲ ਖਾ ਗਿਆ। ਹੁਣੇ ਜਿਹੇ ਇੱਕ ਚਿੱਟ ਕੱਪੜੀਏ ਮਾਮੇ ਦੇ ਭਾਣਜੇ ਵਲੋਂ ਰੇਲਵੇ ਦੇ ਅਫਸਰਾਂ ਦੀ ਨਿਯੁਕਤੀ ਕਰਾਉਣ ਬਦਲੇ ਕਰੋੜਾਂ ਦੇ ਲੈਣ ਦੇਣ ਦਾ ਮਾਮਲਾ ਸੁਰਖੀਆਂ ਵਿਚ ਆਇਆ ਹੈ। ਬੋਫੋਰਸ ਤੋਪ ਘੋਟਾਲੇ ਤੋਂ ਲੈ ਕੇ ਪਸ਼ੂ ਚਾਰਾ ਘੋਟਾਲਾ, ਕੋਲਾ ਘੋਟਾਲਾ, ਟੈਲੀਫੋਨ ਘੋਟਾਲਾ, ਗਰੀਬਾਂ ਦੇ ਮਕਾਨਾਂ ਦਾ ਘੋਟਾਲਾ, ਗੰਗਾ ਨਦੀ ਸਫਾਈ ਘੋਟਾਲਾ, ਤਾਜ ਮਹਿਲ ਸੁੰਦਰੀਕਰਨ ਘੋਟਾਲਾ, ਸਰਕਾਰੀ ਗਰਾਂਟ ਘੋਟਾਲਾ-ਗੱਲ ਕੀ ਹਾਥੀ, ਪੰਜਾਂ, ਕਮਲ, ਤੱਕੜੀ, ਸਾਈਕਲ ਆਦਿ ਨੇ ਪਿਉ-ਪੁੱਤਰਾਂ, ਮਾਮੇ-ਭਾਣਜਿਆਂ, ਪਤੀ-ਪਤਨੀਆਂ, ਚਾਚੇ-ਤਾਇਆਂ ਨਾਲ ਮਿਲ ਕੇ ਆਰਥਕ ਘਪਲੇ ਹੀ ਨਹੀਂ ਕੀਤੇ, ਅਨੈਤਿਕਤਾ ਦੇ ਕੰਮਾਂ ਵਿਚ ਵੀ ਪਿਛੇ ਨਹੀਂ।

ਕ੍ਰਿਕਟ ਖਿਡਾਰੀ ਟੀ ਵੀ ਚੈਨਲਾਂ 'ਤੇ ਛਾਏ ਪਏ ਹਨ, ਚਿੱਟ ਕੱਪੜੀਏ ਸਿਆਸਤਦਾਨਾਂ ਦੀ ਮਿਲੀਭੁਗਤ, ਮੀਡੀਆ ਅਤੇ ਕਾਰਪੋਰੇਟ ਜਗਤ ਦੀ ਮਿਹਰਬਾਨੀ ਸਦਕਾ ਵਿਰਸੇ ਦੀਆਂ ਪੁਰਾਤਨ ਖੇਡਾਂ ਨੂੰ ਲਤਾੜ ਕੇ ਕੀ ਗਰੀਬ, ਕੀ ਅਮੀਰ ਬੱਚੇ ਬੱਚੇ ਦੀ ਪਸੰਦ ਬਣੀ ਕ੍ਰਿਕਟ ਦੀ ਖੇਡ ਦੇ ਖਿਡਾਰੀ ਲੱਖਾਂ ਦੇ ਸੱਟੇ ਲਾ ਕੇ ਹਿੰਦੋਸਤਾਨ ਦੀ ਜਨਤਾ ਨੂੰ ਉਲੂ ਬਣਾ ਰਹੇ ਹਨ। ਕਾਰਪੋਰੇਟ ਜਗਤ ਤੇ ਚਿੱਟ ਕੱਪੜੀਏ ਸਿਆਸਤਦਾਨ ਗਰੀਬਾਂ ਦਾ ਧਿਆਨ ਰੋਟੀ, ਕੱਪੜਾ, ਮਕਾਨ ਤੋਂ ਹਟਾ ਕੇ ਧਰਮ, ਕ੍ਰਿਕਟ, ਕਦੇ ਰਾਮ ਮੰਦਰ, ਕਦੇ ਮੰਡਲ ਕਮਿਸ਼ਨ ਆਦਿ ਵੱਲ ਜੋੜ ਕੇ ਕਾਲ ਧਨ ਇੱਕਠਾ ਕਰਨ ਲੱਗੇ ਹੋਏ ਹਨ। ਜਦੋਂ ਕਦੇ ਪਾਕਿਸਤਾਨ ਅਤੇ ਹਿੰਦੋਸਤਾਨ ਦਾ ਕ੍ਰਿਕਟ ਮੈਚ ਹੋਣਾ ਹੋਵੇ ਕੀ ਸਰਕਾਰੀ ਮੁਲਾਜ਼ਮ, ਮਿਸਤਰੀ, ਮਜਦੂਰ-ਸਭ ਕੰਮ ਛੱਡ ਕੇ ਇਸ ਤਰ੍ਹਾਂ ਮੈਚ ਦੇਖਦੇ ਹਨ ਜਿਵੇਂ ਭਾਰਤ ਤੇ ਪਾਕਿਸਤਾਨ ਦੀ ਜੰਗ ਲੱਗੀ ਹੋਵੇ। ਕ੍ਰਿਕਟ ਖਿਡਾਰੀ, ਖਿਡਾਉਣ ਵਾਲੇ ਤੇ ਮੀਡੀਆ ਸੱਟਾ ਲਾ ਕੇ ਮੋਟੀਆਂ ਕਮਾਈਆਂ ਕਰਦੇ ਹਨ। ਜਨਤਾ ਮੂਰਖ ਬਣ ਆਪਣੇ ਕੰਮ ਛੱਡ ਸਾਰਾ ਸਾਰਾ ਦਿਨ ਟੀ ਵੀ ਅੱਗੇ ਬੈਠ ਤਾੜੀਆਂ ਮਾਰਨ ਜੋਗੀ ਰਹਿ ਜਾਂਦੀ ਹੈ। ਮੈਚ ਪਹਿਲਾਂ ਹੀ ਫਿਕਸ ਹੋ ਜਾਂਦਾ ਹੈ। ਹੈ ਨਾ ਚਿੱਟ ਕੱਪੜੀਆਂ ਦਾ ਕਮਾਲ! ਜਨਤਾ ਪਤਾ ਨਹੀਂ ਕਦੋਂ ਚਿੱਟ ਕੱਪੜੀਆਂ ਦੀ ਦਿੱਤੀ ਸਮੋਹਿਕ ਨੀਂਦ ਵਿਚੋਂ ਉਠੇਗੀ?

# ਦੁਖੁ ਦਾਰੂ ਸੁਖੁ ਰੋਗੁ ਭਇਆ

ਕੋਈ ਭਾਵੇਂ ਇਸ ਗੱਲ ਨਾਲ ਸਹਿਮਤ ਹੋਵੇ ਜਾਂ ਨਾ ਹੋਵੇ ਪਰ ਤਜ਼ਰਬਾ ਇਹੀ ਕਹਿੰਦਾ ਹੈ ਕਿ ਗੁਰਬਾਣੀ ਵਿਗਿਆਨਕ ਤੱਥਾਂ ਦਾ ਖਜ਼ਾਨਾ ਹੈ। ਹਾਂ, ਕਈ ਕਾਰਨਾਂ ਕਰਕੇ ਕਈ ਵਾਰ ਅਸੀਂ ਅਸਲੀਅਤ ਤੋਂ ਦੂਰ ਚਲੇ ਜਾਂਦੇ ਹਾਂ ਤੇ ਵਡੇ ਤੋਂ ਵਡੇ ਮਹਾਂ ਵਾਕ ਦੇ ਅਰਥ ਵੀ ਸੌਖੇ ਜਿਹੇ ਕੱਢ ਲੈਂਦੇ ਹਾਂ। "ਦੁਖੁ ਦਾਰੂ ਸੁਖੁ ਰੋਗੁ ਭਇਆ" ਵਾਲੀ ਤੁਕ ਨੂੰ ਹੀ ਲੈ ਲਓ। ਧਾਰਮਿਕ ਭਾਵ ਵਾਲੇ ਸਭ ਵਿਅਕਤੀ ਇਸ ਦਾ ਅਰਥ ਇਹੀ ਦਸਦੇ ਹਨ ਕਿ ਪ੍ਰਭੂ-ਭਗਤੀ ਲਈ ਦੁੱਖ ਦਵਾ ਦਾ ਕੰਮ ਕਰਦਾ ਹੈ ਕਿਉਂਕਿ ਦੁੱਖ ਵਿਚ ਹੀ ਮਨੁੱਖ ਪਰਮਾਤਮਾ ਨੂੰ ਯਾਦ ਕਰਦਾ ਹੈ। ਦੂਜੇ ਪਾਸੇ ਸੁਖ ਇਕ ਰੋਗ ਹੈ ਕਿਉਂਕਿ ਸੁਖ ਵਿਚ ਪਰਮਾਤਮਾ ਵਿੱਸਰ ਜਾਂਦਾ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-991-4249

ਹੈ। ਤਾਂ ਫਿਰ ਇਸ ਦਾ ਮਤਲਬ ਇਹ ਹੋਇਆ ਕਿ ਗੁਰਬਾਣੀ ਅਨੁਸਾਰ ਮਨੁੱਖਤਾ ਦੀ ਹੋਣੀ ਦੁੱਖ ਤਕਲੀਫ਼ ਦੇ ਸਾਗਰ ਵਿਚ ਡੁੱਬੇ ਰਹਿਣਾ ਹੀ ਹੈ। ਭਾਵ ਦੁਖੀ ਅਵਸਥਾ ਤੋਂ ਬਿਨਾ ਨਾਮ ਕਮਾਉਣਾ ਸੰਭਵ ਨਹੀਂ ਤੇ ਜੇ ਅਜਿਹਾ ਕਰਦਿਆਂ ਸੁਖ ਦੀ ਕਾਮਨਾ ਕੀਤੀ ਜਾਵੇ ਤਾਂ ਉਹ ਵੀ ਰੋਗ ਬਣ ਕੇ ਹੀ ਟਕਰਦਾ ਹੈ। ਅਰਥਾਤ ਪਰਮਾਤਮਾ ਤੋਂ ਬੇਮੁਖ ਹੋਏ ਬਿਨਾਂ ਮਨੁੱਖ ਸੁਖ ਦਾ ਸੁਪਨਾ ਵੀ ਨਹੀਂ ਲੈ ਸਕਦਾ। ਪਰ ਇਹ ਅਰਥ ਸਹੀ ਨਹੀਂ ਹਨ ਕਿਉਂਕਿ ਗੁਰੂ ਸਾਹਿਬ ਤਾਂ ਸਹਿਜ ਧਾਰਨਾ ਤੇ ਚੜ੍ਹਦੀ ਕਲਾ ਦੇ ਸਮਰਥਕ ਸਨ। ਇਸ ਲਈ ਉਹ ਕਸ਼ਟ ਤੇ ਰੋਗ ਦੀ ਅਵਸਥਾ ਵਿਚ ਪੈ ਕੇ ਕਿਸੇ ਕੰਮ ਨੂੰ ਸੰਪੰਨ ਕਰਨ ਦੀ ਤਾਂ ਕਲਪਨਾ ਵੀ ਨਹੀਂ ਸਨ ਕਰ ਸਕਦੇ।

ਇਸ ਤੁਕ ਦੇ ਸਹੀ ਅਰਥ ਇਹੀ ਹਨ ਕਿ ਜੇ ਦੁੱਖ ਨੂੰ ਦਵਾ ਦੇ ਤੌਰ 'ਤੇ ਵਰਤਿਆ ਜਾਵੇ ਤਾਂ ਦੁੱਖ ਸੁਖ ਵਿਚ ਤਬਦੀਲ ਹੋ ਜਾਂਦਾ ਹੈ। ਭਾਵ ਰੋਗ ਦਾ ਇਲਾਜ ਰੋਗ ਨਾਲ ਕੀਤਿਆਂ ਹੀ ਮਰਜ਼ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਸੱਚ ਇੰਨਾ ਵਿਗਿਆਨਕ ਹੈ ਕਿ ਇਸ ਨੂੰ ਕਈ ਆਧੁਨਿਕ ਡਾਕਟਰੀ ਪ੍ਰਣਾਲੀਆਂ ਨੇ ਅਪਨਾਇਆ ਹੋਇਆ ਹੈ। ਚੇਚਕ ਦੇ ਜਰਮਾਂ ਦੇ ਟੀਕਿਆਂ ਰਾਹੀਂ ਮਾਤਾ ਤੋਂ ਮੁਕਤੀ ਇਸੇ ਵਿਗਿਆਨਕ ਸੱਚਾਈ ਅਨੁਸਾਰ ਪ੍ਰਾਪਤ ਹੋਈ ਹੈ। ਇਹ ਵੀ ਸਭ ਜਾਣਦੇ ਹਨ ਕਿ ਅੱਗ ਨਾਲ ਸੜਨ ਵਾਲੇ ਅੰਗ ਨੂੰ ਗਰਮ ਸੇਕ ਦੇਣ ਨਾਲ ਆਰਾਮ ਆਉਂਦਾ ਹੈ ਤੇ ਕਾਂਬੇ ਦੀ ਠੰਡ ਵਿਚ ਠੰਡੇ ਪਾਣੀ ਦਾ ਗਿਲਾਸ ਪੀਣ ਨਾਲ ਗਰਮੀ ਦੇ ਪਸੀਨੇ ਛੁੱਟ ਜਾਂਦੇ ਹਨ। ਇਸ ਸਿਧਾਂਤ ਦਾ ਘੇਰਾ ਇਨ੍ਹਾਂ ਟੋਟਕਿਆਂ ਤੀਕਰ ਹੀ ਸੀਮਤ ਨਹੀਂ ਸਗੋਂ ਸਮੁਚੀ ਹੋਮਿਓਪੈਥਿਕ ਪੱਧਤੀ ਇਸੇ ਸਿਧਾਂਤ 'ਤੇ ਉਸਰੀ ਹੋਈ ਹੈ। ਇਸੇ ਲਈ ਇਹ ਇਲਾਜ ਮਨੁੱਖੀ ਸਿਹਤ ਦੀਆਂ ਜਟਿਲ ਤੋਂ ਜਟਿਲ ਗੁੰਝਲਾਂ ਨੂੰ ਵੀ ਸਹਿਜੇ ਹੀ ਸੁਲਝਾ ਦੇਣ ਦੇ ਸਮਰੱਥ ਹੈ। ਇਸ ਕਥਨ ਦੇ ਸਮਰਥਨ ਵਿਚ ਇਕ ਸੱਚੀ ਘਟਨਾ ਬਿਆਨ ਕਰਨੀ ਬਣਦੀ ਹੈ, ਜਿਸ ਵਿਚ ਮਰਿਆਦਾ ਦੇ ਬੰਧੇਜ ਕਾਰਨ ਕੇਵਲ ਨਾਮ ਤੇ ਸਥਾਨ ਬਦਲੇ ਗਏ ਹਨ।

ਸੰਨ 2007 ਦੇ ਸਤੰਬਰ ਦੀ ਇਕ ਸ਼ਾਮ ਮੈਂ ਪਟਿਆਲੇ ਆਪਣੀ ਕਲੀਨਿਕ ਵਿਚ ਬੈਠਾ ਸਾਂ ਕਿ ਬਾਹਰ ਇਕ ਕਾਰ ਆ ਕੇ ਰੁਕੀ। ਉਸ ਵਿਚੋਂ ਇਕ ਅੱਧਖੜ ਉਮਰ ਦਾ ਮਨੁੱਖ, ਇਕ ਔਰਤ ਤੇ ਇਕ ਨੌਜਵਾਨ ਲੜਕੀ ਉਤਰ ਕੇ ਅਗਾਂਹ ਵਲ ਵਧੇ। ਪੁਰਸ਼ ਤਾਂ ਔਰਤਾਂ ਨੂੰ ਦਵਾਈ ਲੈਣ ਲਈ ਕਹਿ ਕੇ ਗੇਟ ਤੋਂ ਹੀ ਵਾਪਸ ਪਰਤ ਗਿਆ ਪਰ ਤ੍ਰੀਮਤਾਂ ਅੰਦਰ ਆ ਗਈਆਂ। ਮੈਂ ਸਮਝ ਗਿਆ ਕਿ ਮਸਲਾ ਇਨ੍ਹਾਂ ਦੋਹਾਂ ਵਿਚੋਂ ਇਕ ਦੀ, ਖਾਸ ਕਰਕੇ ਲੜਕੀ ਦੀ, ਕਿਸੇ ਜਨਾਨਾ ਸਮਸਿਆ ਦਾ ਹੈ, ਤਦੇ ਪਿਓ ਅੰਦਰ ਨਹੀਂ ਆਇਆ। ਉਹੀ ਗੱਲ ਨਿਕਲੀ। ਜਦੋਂ ਮੈਂ ਕੰਪਿਊਟਰ ਅੱਗੇ ਬੈਠ ਕੇ ਉਨ੍ਹਾਂ ਨੂੰ ਆਉਣ ਦਾ ਸਬੱਬ ਪੁਛਿਆ ਤਾਂ ਔਰਤ ਬੋਲੀ, "ਜੀ ਇਹ ਮੇਰੀ ਲੜਕੀ ਹੈ, ਇਸ ਦੀ ਦਵਾਈ ਲੈਣੀ ਐ। ਇਸ ਨੂੰ ਮਹਾਵਾਰੀ ਨਹੀਂ ਆਉਂਦੀ। ਇਸ ਦਾ ਰੰਗ ਵੀ ਕਾਲਾ ਪੈ ਗਿਆ ਹੈ।" "ਕੀ ਨਾਂ ਹੈ ਬੇਟੀ ਦਾ?" ਮੈਂ ਪੁੱਛਿਆ। "ਜੀ, ਸਪਨਦੀਪ" ਔਰਤ ਨੇ ਦੱਸਿਆ। ਉਸ ਬਾਰੇ ਹੋਰ ਪ੍ਰਸ਼ਨ ਪੁੱਛਣ ਤੋਂ ਪਹਿਲਾਂ ਮੈਂ ਲੜਕੀ ਨੂੰ ਨਿਹਾਰਿਆ। ਕੋਈ 17-18 ਸਾਲਾਂ ਦੀ ਸਾਂਵਲੇ ਜਿਹੇ ਰੰਗ ਤੇ ਇਕਹਿਰੇ ਸਰੀਰ ਦੀ ਲੜਕੀ ਸੀ ਉਹ ਜੋ ਸਾਡੀ ਗੱਲਬਾਤ ਵਲ ਵਧੇਰੇ ਧਿਆਨ ਨਹੀਂ ਸੀ ਦੇ ਰਹੀ। ਉਸ ਦਾ ਨੱਕ ਇੰਜ ਚੜ੍ਹਿਆ ਹੋਇਆ ਸੀ ਜਿਵੇਂ ਉਹ ਨਫ਼ਰਤ ਦੀ ਭਰੀ ਹੋਵੇ। ਇਹੀ ਕਾਰਨ ਸੀ ਕਿ ਉਹ ਚੰਗੀ ਸ਼ਕਲ ਹੋਣ ਦੇ ਬਾਵਜੂਦ ਚੰਗੀ ਨਹੀਂ ਸੀ ਲਗ ਰਹੀ। "ਪੜ੍ਹਦੀ ਐਂ, ਸਪਨਦੀਪ?" ਮੈਂ ਪੁੱਛਿਆ। ਉਸ ਨੇ ਹਾਂ ਵਿਚ ਸਿਰ ਹਿਲਾਇਆ। "ਕੌਨ ਸੀ ਕਲਾਸ ਮੇਂ?" ਮੈਂ ਉਸ ਦੇ ਮਿਆਰ ਤੇ ਉਤਰ ਕੇ ਪੁੱਛਿਆ। ਕੁੜੀ ਟੱਸ ਤੋਂ ਮੱਸ ਨਾ ਹੋਈ ਪਰ ਉਸ ਦੀ ਮਾਂ ਨੇ ਉਸ ਦੀ ਜਮਾਤ ਪਲੱਸ ਟੂ ਦੱਸੀ।

ਲੜਕੀ ਨੂੰ ਮੈਂ ਉਸ ਦੀ ਤਕਲੀਫ਼ ਸਬੰਧੀ ਕਈ ਸਵਾਲ ਪੁੱਛੇ। ਪਰ ਉਸ ਦੇ ਨਾ-ਮਿਲਵਰਤਣ ਕਾਰਨ ਕਿਸੇ ਸਿੱਟੇ 'ਤੇ ਨਾ ਪਹੁੰਚ ਸਕਿਆ। ਉਸ ਦੀ ਮਾਂ ਤੋਂ ਬੱਸ ਇੰਨਾ ਹੀ ਪਤਾ ਲੱਗਾ ਕਿ ਉਸ ਨੂੰ ਪਿਛਲੇ ਦੋ ਕੁ ਸਾਲਾਂ ਤੋਂ ਹਰ ਵੇਲੇ ਸਿਰ-ਦਰਦ ਹੁੰਦਾ ਰਹਿੰਦਾ ਸੀ ਜੋ ਉਸ ਵੇਲੇ ਵੀ ਹੋ ਰਿਹਾ ਸੀ। ਇਸੇ ਕਰਕੇ ਉਹ ਪੜ੍ਹਾਈ ਵਿਚ ਵੀ ਪਿੱਛੇ ਰਹਿ ਗਈ ਸੀ ਤੇ ਉਸ ਦਾ ਰੰਗ ਵੀ ਕਾਲਾ ਪੈ ਗਿਆ ਸੀ। ਮਹਾਵਾਰੀ ਦੀ ਰੁਕਾਵਟ ਬਾਰੇ ਮਾਂ-ਧੀ ਕਿਸੇ ਨੇ ਵੀ ਖੁਲ੍ਹ ਕੇ ਕੁਝ ਨਹੀਂ ਦੱਸਿਆ। ਇੰਨਾ ਹੀ ਪਤਾ ਚਲਿਆ ਕਿ ਕਈ ਮਹੀਨਿਆਂ ਬਾਦ ਹੀ ਦਾਗ਼ ਲਗਦਾ ਸੀ। ਕਈ ਆਧੁਨਿਕ ਹੋਮਿਓਪੈਥਿਕ ਵਿਦਵਾਨ ਤਾਂ ਅਜਿਹੇ ਗੁੰਮ ਸੁੰਮ ਕੇਸਾਂ ਵਿਚ ਵੀ ਵਾਲ ਦੀ ਖੱਲ ਉਤਾਰਨ ਵਾਂਗ ਮਾਨਸਿਕ ਅਲਾਮਤਾਂ ਲੱਭਣ ਦਾ ਹੀ ਸੁਝਾਅ ਦਿੰਦੇ ਹਨ ਪਰ ਮੈਂ ਉਨ੍ਹਾਂ ਨਾਲ ਕਦੇ ਬਹੁਤਾ ਸਹਿਮਤ ਨਹੀਂ ਹੋਇਆ ਕਿਉਂਕਿ ਮੈਂ ਕੇਸ ਨੂੰ ਕਈ ਪਹਿਲੂਆਂ ਤੋਂ ਵੇਖਣ ਦਾ ਮੁੱਦਈ ਹਾਂ।

ਮੁਢਲੇ ਵਿਸ਼ਲੇਸ਼ਣ ਤੋਂ ਮੈਨੂੰ ਉਸ ਦੀਆਂ ਸਭ ਸਮਸਿਆਵਾਂ ਦਾ ਕਾਰਨ ਉਸ ਦੀ ਪੜ੍ਹਾਈ ਦਾ ਬੋਝ ਲਗਿਆ। ਹੋਮਿਓਪੈਥੀ ਵਿਚ ਕੁਝ ਦਵਾਈਆਂ ਮਰੀਜ਼ਾਂ ਦੇ ਕਿੱਤਿਆਂ ਅਨੁਸਾਰ ਮਸ਼ਹੂਰ ਹਨ ਜਿਵੇਂ ਸਟੋਵ ਤੇ ਖਾਣਾ ਬਣਾਉਣ ਵਾਲੀ ਔਰਤ ਦੀ ਦਵਾਈ, ਕਪੜੇ ਪ੍ਰੈਸ ਕਰਨ ਵਾਲੀ ਦੀ ਦਵਾਈ, ਕਪੜੇ ਧੋਣ ਵਾਲੀ (ਧੋਬਣ) ਦੀ ਦਵਾਈ, ਕਸੀਦਾ ਕੱਢਣ ਵਾਲੀ ਦੀ ਦਵਾਈ, ਕਲਰਕ ਦੀ ਦਵਾਈ, ਅਧਿਆਪਕਾ ਦੀ ਦਵਾਈ ਤੇ ਸਕੂਲ-ਗਰਲ ਦੀ ਦਵਾਈ ਆਦਿ। ਮੈਂ ਆਪਣੀ ਪ੍ਰੈਕਟਿਸ ਵਿਚ ਇਨ੍ਹਾਂ ਕਿੱਤਾ ਦਵਾਈਆਂ ਦੇ ਸੱਚ ਨੂੰ ਕਈ ਵਾਰ ਅਜ਼ਮਾ ਚੁਕਾ ਸਾਂ। ਮੈਨੂੰ ਯਾਦ ਹੈ, 1986 ਵਿਚ ਮੇਰੇ ਕੋਲ ਪਟਿਆਲਾ ਸਥਿਤ ਸੈਂਟਰਲ ਗੌਰਮਿੰਟ ਹੋਮਿਓਪੈਥਿਕ ਰਿਸਰਚ ਸੈਂਟਰ ਦਾ ਇੰਚਾਰਜ ਆਇਆ ਤੇ ਕਹਿਣ ਲੱਗਾ, "ਮੈਨੂੰ ਤੁਹਾਡੇ ਕੋਲੋਂ ਇਕ ਅੜੇ ਹੋਏ ਕੇਸ ਬਾਰੇ ਮਦਦ ਚਾਹੀਦੀ ਹੈ।" ਮੈਂ ਕਿਹਾ, "ਦਸੋ।" ਕਹਿਣ ਲਗਿਆ, "ਇਕ ਸਾਧ ਦਾ ਜ਼ੁਕਾਮ ਤੇ ਲਤਾਂ ਦਾ ਸੋਜ਼ਾ ਠੀਕ ਨਹੀਂ ਹੋ ਰਿਹਾ। ਕਈ ਦਵਾਈਆਂ ਦੇ ਕੇ ਦੇਖ ਲਈਆਂ ਹਨ।" ਮੈਂ ਕਿਹਾ, "ਸਾਧ ਬਾਰੇ ਕੁਝ ਦੱਸੋ।" ਉਹ ਬੋਲਿਆ, "ਉਹ ਪੰਜਾਹ ਕੁ ਸਾਲ ਦਾ ਭਰਵੀਂ ਗਲੇਟ ਦਾ ਮਹਾਂਪੁਰਸ਼ ਹੈ ਤੇ ਸਵੇਰੇ ਚਾਰ ਵਜੇ ਉਠ ਕੇ ਦੋ ਘੰਟੇ ਲਈ ਚਲਦੀ ਨਦੀ ਵਿਚ ਖਲੋ ਕੇ ਤੱਪਸਿਆ ਕਰਦਾ ਹੈ।" ਮੈਂ ਉਸ ਨੂੰ ਟੋਕਦਿਆਂ ਬੋਲਿਆ, "ਡਾਕਟਰ ਸਾਹਿਬ, ਦਵਾਈ ਐਚ ਸੀ ਐਲਨ ਦੇ ਕੀ-ਨੋਟਸ ਵਿਚ ਮੋਟੇ ਅੱਖਰਾਂ ਵਿਚ ਦਰਜ ਹੈ। ਜਾਓ ਲੱਭ ਕੇ ਦੇ ਦਿਓ।" ਕਹਿਣ ਲੱਗਾ, "ਜੇ ਦੱਸ ਹੀ ਦਿੰਦੇ ਤਾਂ ਠੀਕ ਸੀ।" "ਮੈਂ ਉਸ ਨੂੰ ਕਿਹਾ, "ਮੇਰਾ ਅਸੂਲ ਨਾ ਤੁੜਵਾਓ। ਤੁਹਾਨੂੰ ਜ਼ਿਆਦਾ ਮਿਹਨਤ ਨਹੀਂ ਕਰਨੀ ਪਵੇਗੀ। ਜੇ ਨਾ ਪਤਾ ਲੱਗਾ ਫਿਰ ਦੱਸ ਵੀ ਦਿਆਂਗਾ।"

ਉਹ ਚਲਾ ਗਿਆ ਤੇ ਤੀਜੇ ਦਿਨ ਫਿਰ ਆ ਕੇ ਕਹਿਣ ਲਗਿਆ, "ਪ੍ਰੋਫੈਸਰ ਸਾਹਿਬ, ਮੈਂ ਸਾਰਾ 'ਐਲਨ' ਛਾਣ ਮਾਰਿਆ ਹੈ, ਸਾਧ ਦੇ ਸੋਜੇ ਤੇ ਜ਼ੁਕਾਮ ਨੂੰ ਕਵਰ ਕਰਦੀ ਮੈਨੂੰ ਤਾਂ ਕੋਈ ਦਵਾਈ ਨਹੀਂ ਮਿਲੀ।" ਮੈਂ ਉਸ ਨੂੰ ਕਿਹਾ, "ਜਨਾਬ, ਸਾਧ ਤੇ ਧੋਬਣ ਵਿਚ ਕੀ ਫਰਕ ਹੈ। ਦੋਵੇਂ ਸਵੇਰੇ ਸਵੇਰੇ ਪਾਣੀ ਵਿਚ ਹੀ ਤਾਂ ਖੜਦੇ ਹਨ। ਜਾਓ ਉਸ ਨੂੰ 'ਵਾਸ਼ਰ-ਵੋਮੈਨ ਰੈਮੇਡੀ' ਦਿਓ।" ਇਹ ਸੁਣ ਕੇ ਡਾਕਟਰ ਗਦ ਗਦ ਹੋ ਉਠਿਆ ਤੇ ਵਿਸਮਾਦ ਨਾਲ ਪੁਕਾਰਿਆ, 'ਸੀਪੀਆ!' ਸੀਪੀਆ ਦਵਾਈ ਦੀ ਪੋਟੈਂਸੀ ਡੂੰਘੇ ਸਮੁੰਦਰ ਵਿਚ ਰਹਿੰਦੀ ਤਾਰਾ-ਮੱਛੀ ਦੇ ਢਿੱਡ ਵਿਚ ਬਣਦੇ ਨੀਲੇ ਰੰਗ ਦੇ ਜ਼ਹਿਰ ਤੋਂ ਤਿਆਰ ਹੁੰਦੀ ਹੈ। ਇਸ ਦੀ ਇਕ ਖੁਰਾਕ ਨਾਲ ਸਾਧ ਹਮੇਸ਼ਾ ਲਈ ਜ਼ੁਕਾਮ ਤੇ ਸੋਜੇ ਤੋਂ ਮੁਕਤ ਹੋ ਗਿਆ। ਅਜਿਹੇ ਹੀ ਕਈ ਹੋਰ ਕੇਸਾਂ ਵਲ ਧਿਆਨ ਧਰ ਕੇ ਮੈਂ ਲੜਕੀ ਨੂੰ 'ਸਕੂਲ ਗਰਲਜ਼' ਰੈਮੇਡੀ ਦੀ ਇਕ ਖੁਰਾਕ ਤੇ ਕੁਝ ਪਲੈਸੀਬੋ ਪੁੜੀਆਂ ਦੇ ਕੇ ਹਫਤੇ ਬਾਅਦ ਆਉਣ ਲਈ ਕਿਹਾ।

ਹਫਤੇ ਬਾਦ ਦੋਵੇਂ ਮਾਂਵਾਂ ਧੀਆਂ ਫੇਰ ਆਈਆਂ। ਮਾਂ ਨੇ ਦੱਸਿਆ ਕਿ ਲੜਕੀ ਨੂੰ ਕਿਸੇ ਪੱਖੋਂ ਵੀ ਕੋਈ ਆਰਾਮ ਨਹੀਂ ਆਇਆ। ਲੜਕੀ ਪਹਿਲਾਂ ਵਾਂਗ ਹੀ ਗੁਸੈਲੀ ਜਿਹੀ ਮੁਦਰਾ ਵਿਚ ਬੈਠੀ ਹੋਈ ਸੀ। ਮੈਂ ਫਾਈਲ ਦੇਖ ਕੇ ਕਿਹਾ, "ਮੈਨੂੰ ਕੇਸ ਬਾਰੇ ਹੋਰ ਜਾਣਕਾਰੀ ਦੀ ਲੋੜ ਜਾਪਦੀ ਹੈ। ਇਹ ਦੱਸੋ ਕਿ ਇਸ ਨੂੰ ਇਹ ਤਕਲੀਫ਼ ਕਿਸ ਕਾਰਨ ਸ਼ੁਰੂ ਹੋਈ?" ਮੇਰਾ ਸਵਾਲ ਸੁਣ ਕੇ ਲੜਕੀ ਦੀ ਮਾਂ ਉਤਾਂਹ ਵਲ ਅੱਖਾਂ ਘੁਮਾ ਕੇ ਸੋਚਣ ਲੱਗੀ। ਫਿਰ ਥੋੜੀ ਦੇਰ ਬਾਦ ਬੋਲੀ, "ਜੀ ਇਹ ਬੀਮਾਰ ਹੋਈ ਸੀ ਪਰ ਪਤਾ ਨਹੀਂ ਉਸ ਬੀਮਾਰੀ ਦਾ ਇਸ ਤਕਲੀਫ਼ ਨਾਲ ਕੋਈ ਤਾਅਲੁਕ ਹੈ ਜਾਂ ਨਹੀਂ।" ਮੈਂ ਪੁੱਛਿਆ, "ਕੀ ਉਸ ਤੋਂ ਪਹਿਲਾਂ ਇਹ ਠੀਕ ਠਾਕ ਸੀ?" ਜਵਾਬ ਵਿਚ ਉਸ ਦੀ ਮਾਂ ਨੇ ਹਾਂ ਪੱਖੀ ਹੁੰਗਾਰਾ ਭਰਿਆ। "ਬੀਮਾਰ ਕਿਵੇਂ ਹੋਈ ਸੀ?" ਮੈਂ ਕਿਹਾ। ਇਸ ਪ੍ਰਸ਼ਨ ਦੇ ਉਤਰ ਵਿਚ ਉਸ ਨੇ ਇਹ ਵਾਰਤਾ ਸੁਣਾਈ।

"ਅੱਜ ਤੋਂ ਤਿੰਨ ਸਾਲ ਪਹਿਲਾਂ ਇਸ ਨੂੰ ਅਪੈਂਡੇਸਾਈਟਿਸ ਦਾ ਅਟੈਕ ਹੋਇਆ ਸੀ। ਦਵਾਈ ਦਵਾਉਣ ਨਾਲ ਉਹ ਟਲ ਗਿਆ ਸੀ ਪਰ ਦਰਦ ਪੂਰੀ ਤਰ੍ਹਾਂ ਠੀਕ ਨਹੀਂ ਸੀ ਹੋਇਆ। ਸਮਾਂ ਪਾ ਕੇ ਫਿਰ ਉਸ ਤੋਂ ਵੀ ਵੱਡਾ ਅਟੈਕ ਹੋ ਗਿਆ। ਉਦੋਂ ਇਸ ਦੇ ਪਿਤਾ ਜੀ ਸਾਨੂੰ ਪਿੰਡ ਛੱਡ ਕੇ ਦੋ ਦਿਨਾਂ ਲਈ ਬਾਹਰ ਗਏ ਹੋਏ ਸਨ। ਅਸੀਂ ਇਸ ਨੂੰ ਹਸਪਤਾਲ ਨਾ ਲਿਜਾ ਸਕੇ। ਬੱਸ ਪਿੰਡ ਦੇ ਡਾਕਟਰ ਤੋਂ ਹੀ ਦਰਦ ਦੀ ਦਵਾਈ ਲੈ ਕੇ ਦੇਈ ਗਏ। ਸਰਦਾਰ ਜੀ ਦੇ ਆਉਂਦਿਆਂ ਤੀਕਰ ਬੁਖਾਰ ਤੇ ਪੀੜਾਂ ਨਾਲ ਇਸ ਦਾ ਬੁਰਾ ਹਾਲ ਹੋ ਚੁੱਕਾ ਸੀ। ਹਸਪਤਾਲ ਲੈ ਕੇ ਗਏ ਤਾਂ ਐਮਰਜੈਂਸੀ ਵਿਚ ਡਾਕਟਰਾਂ ਨੇ ਤੁਰੰਤ ਅਪ੍ਰੇਸ਼ਨ ਕਰਨ ਦੀ ਸਲਾਹ ਦਿਤੀ ਤੇ ਅੰਦਰ ਲੈ ਗਏ। ਅਸੀਂ ਬਾਹਰ ਬੈਠ ਕੇ ਉਡੀਕਣ ਲੱਗੇ। ਅਪ੍ਰੇਸ਼ਨ ਤੋਂ ਬਾਦ ਡਾਕਟਰ ਨੇ ਆ ਕੇ ਦੱਸਿਆ ਕਿ ਭਰਤੀ ਕਰਾਉਣ ਤੋਂ ਪਹਿਲਾਂ ਹੀ ਇਸ ਦਾ ਅਪੈਂਡਿਕਸ ਫੋੜਾ ਅੰਦਰ ਫੱਟ ਚੁੱਕਾ ਸੀ ਜਿਸ ਦਾ ਜ਼ਹਿਰ ਉਸ ਦੇ ਸਰੀਰ ਵਿਚ ਚਲਾ ਗਿਆ ਸੀ। ਉਨ੍ਹਾਂ ਕਿਹਾ ਕੇ ਅਪ੍ਰੇਸ਼ਨ ਤਾਂ ਕਰ ਦਿਤਾ ਹੈ ਪਰ ਲੜਕੀ ਬੇਹੋਸ਼ੀ ਵਿਚ ਚਲੀ ਗਈ ਹੈ। ਅਸੀਂ ਆਪਣੀ ਵਾਹ ਲਾ ਰਹੇ ਹਾਂ ਪਰ ਕਹਿ ਕੁਝ ਨਹੀਂ ਸਕਦੇ। ਜੇ ਤਿੰਨ ਦਿਨਾਂ ਤਕ ਹੋਸ਼ ਨਾ ਆਈ ਤਾਂ ਫਿਰ ਇਸ ਦੀ ਕੋਈ ਆਸ ਨਹੀਂ।" ਉਸ ਵੇਲੇ ਨੂੰ ਯਾਦ ਕਰ ਕੇ ਤ੍ਰੀਮਤ ਦੇ ਗਲੇਡੂ ਭਰ ਆਏ। ਫਿਰ ਰੁਕ ਕੇ ਬੋਲੀ, "ਸਰਦਾਰ ਜੀ ਨੂੰ ਹਸਪਤਾਲ ਛੱਡ ਮੈਂ ਘਰ ਆ ਕੇ ਬਾਬਾ ਜੀ ਦੀ ਬੀੜ ਅੱਗੇ ਰੋਂਦੀ ਪੂਰੇ 72 ਘੰਟੇ ਲਗਾਤਾਰ ਅਰਦਾਸ ਕਰਦੀ ਰਹੀ। ਮੇਰੀ ਨੀਂਦ-ਭੁੱਖ ਸਭ ਚਲੀ ਗਈ। ਤੀਜੇ ਦਿਨ ਇਨ੍ਹਾਂ ਦਾ ਫੋਨ ਆਇਆ ਕਿ ਸਪਨਾ ਨੂੰ ਹੋਸ਼ ਆ ਗਈ ਹੈ। ਸਤਿਗੁਰ ਦੇ ਸ਼ੁਕਰਾਨੇ ਨਾਲ ਭਰੀ ਮੈਂ ਹਸਪਤਾਲ ਜਾ ਕੇ ਆਪਣੀ ਬੱਚੀ ਨੂੰ ਮਿਲੀ। ਦੋ ਕੁ ਦਿਨਾਂ ਬਾਦ ਅਸੀਂ ਇਸ ਨੂੰ ਘਰ ਲੈ ਆਏ। ਇਸ ਨੂੰ ਨਵੀਂ ਜਿੰਦਗੀ ਤਾਂ ਮਿਲ ਗਈ ਸੀ ਪਰ ਉਸ ਤੋਂ ਬਾਦ ਇਹ ਕਦੇ ਵੀ ਤੰਦਰੁਸਤ ਨਾ ਰਹੀ।"

ਜਦੋਂ ਬੀਬੀ ਚੁੱਪ ਹੋਈ ਮੈਂ ਅਪੈਂਡਿਕਸ ਦੇ ਜ਼ਹਿਰ ਬਾਰੇ ਸੋਚ ਰਿਹਾ ਸਾਂ। ਅਸਲ ਵਿਚ ਸਰੀਰ ਦਾ ਕੋਈ ਗਲਿਆ ਸੜਿਆ ਮਾਦਾ (putrefied animal matter) ਜਾਂ ਪੀਕ ਆਦਿ ਪ੍ਰਦਾਹ ਜੇ ਕਿਸੇ ਅਰੋਗ ਵਿਅਕਤੀ ਦੇ ਸਰੀਰ ਵਿਚ ਚਲਾ ਜਾਵੇ ਤਾਂ ਇਹ ਇਕ ਘਾਤਕ ਜ਼ਹਿਰ ਦਾ ਕੰਮ ਕਰਦਾ ਹੈ ਤੇ ਤੜਫਾ ਕੇ ਮਾਰਦਾ ਹੈ। ਸੰਨ 1963 ਵਿਚ ਮੈਂ ਰੂਸੀ ਨਾਵਲਕਾਰ ਈਵਾਨ ਤੁਰਗਨੇਵ ਦਾ ਇਕ ਨਾਵਲ ਪੜ੍ਹਿਆ ਸੀ। ਬਾਦ ਵਿਚ ਨਾਨਕ ਸਿੰਘ ਨੇ ਵੀ ਇਸ ਦੀ ਕਹਾਣੀ 'ਤੇ ਆਧਾਰਤ 'ਪੱਥਰ ਕਾਂਬਾ' ਨਾਂ ਦਾ ਨਾਵਲ ਲਿਖਿਆ। ਇਹ ਇਕ ਨੌਜਵਾਨ ਡਾਕਟਰ ਲੜਕੇ ਦੀ ਦਰਦਨਾਕ ਮੌਤ ਦੀ ਕਹਾਣੀ ਹੈ ਜਿਸ ਦੇ ਹੱਥ 'ਤੇ ਕਿਸੇ ਮੁਰਦੇ ਦਾ ਪੋਸਟ-ਮਾਰਟਮ ਕਰਦਿਆਂ ਜ਼ਖਮ ਹੋ ਜਾਂਦਾ ਹੈ। ਜ਼ਖਮ ਰਾਹੀਂ ਉਸ ਦੇ ਸਰੀਰ ਵਿਚ ਲਾਸ਼ ਦੇ ਗਲੇ ਪਦਾਰਥ ਦਾਖਲ ਹੋ ਜਾਂਦੇ ਹਨ। ਦੋ ਕੁ ਦਿਨਾਂ ਬਾਦ ਉਸ ਨੂੰ ਤੇਜ਼ ਕਾਂਬੇ ਦਾ ਬੁਖਾਰ ਚੜ੍ਹ ਜਾਂਦਾ ਹੈ ਤੇ ਉਹ ਛੁੱਟੀ ਲੈ ਕੇ ਆਪਣੇ ਪਿਤਾ ਕੋਲ ਘਰ ਚਲਾ ਜਾਂਦਾ ਹੈ। ਬਾਕੀ ਸਾਰਾ ਨਾਵਲ ਉਸ ਲੜਕੇ ਦੀ ਆਪਣੇ ਪਿਤਾ ਸਾਹਮਣੇ ਹੋਈ ਦਰਦਨਾਕ ਮੌਤ ਨੂੰ ਬਿਆਨ ਕਰਦਾ ਹੈ। ਦੋ ਹਫ਼ਤੇ ਅਕਹਿ ਪੀੜਾ ਝੱਲਦਾ ਉਹ ਮੌਤ ਦੇ ਗਲੇ ਲਗ ਜਾਂਦਾ ਹੈ। ਸੁਣਨ ਵਿਚ ਆਇਆ ਹੈ ਕਿ ਇਸ ਨਾਵਲ ਦੇ ਕਈ ਪਾਠਕ ਸਦਮੇ ਕਾਰਨ ਕਈ ਕਈ ਹਫਤੇ ਮੰਜੇ ਨਾਲ ਲੱਗੇ ਰਹੇ। ਇਸ ਦਾ ਮੇਰੇ 'ਤੇ ਵੀ ਡੂੰਘਾ ਅਸਰ ਹੋਇਆ। ਜਦੋਂ ਮੇਰਾ ਲੜਕਾ ਡਾਕਟਰ ਬਣਿਆ, ਮੈਂ ਉਸ ਨੂੰ ਵਾਰ ਵਾਰ ਪੋਸਟ-ਮਾਰਟਮ ਇੰਜਰੀ ਤੋਂ ਬਚਣ ਦੀ ਤਾਕੀਦ ਕਰਦਾ ਰਹਿੰਦਾ। ਮੈਂ ਉਸ ਨੂੰ ਇਸ ਦੇ ਤੋੜ ਵਜੋਂ ਦਵਾਈ ਦੀ ਇਕ ਸ਼ੀਸ਼ੀ ਵੀ ਹਮੇਸ਼ਾ ਕੋਲ ਰੱਖਣ ਲਈ ਦਿਤੀ ਤਾਂ ਜੋ ਉਹ ਲੋੜ ਪੈਣ 'ਤੇ ਤੁਰੰਤ ਵਰਤ ਸਕੇ।

ਇਹ ਸਭ ਕੁਝ ਸੋਚ ਕੇ ਮੈਨੂੰ ਇਕ ਦਮ ਫੁਰਿਆ ਕਿ ਸਪਨਦੀਪ ਦੇ ਸਰੀਰ ਵਿਚ ਵੀ ਤਾਂ ਅਪੈਂਡਿਕਸ ਫੁੱਟ ਕੇ ਗਲੇ ਸੜੇ ਪਦਾਰਥ ਹੀ ਸ਼ਾਮਲ ਹੋਏ ਹਨ। ਫਰਕ ਇਹੀ ਹੈ ਕਿ ਇਹ ਬਾਹਰੋਂ ਨਹੀਂ ਸਨ ਗਏ, ਉਸ ਦੇ ਆਪਣੇ ਸਨ। ਮੇਰੀ ਕੰਪਿਊਟਰ ਦੀ ਫਾਈਲ ਦੱਸਦੀ ਹੈ ਕਿ ਮੈਂ ਉਸੇ ਵੇਲੇ ਉਸ ਨੂੰ 'ਪ' ਅੱਖਰ ਨਾਲ ਅਰੰਭ ਹੋਣ ਵਾਲੀ ਇਕ ਦਵਾਈ ਦੀ ਇਕ ਹਜ਼ਾਰ ਪੋਟੈਂਸੀ ਦੀ ਇਕ ਖੁਰਾਕ ਦਿਤੀ। ਨਾਲ ਹੀ ਤਾਕੀਦ ਕੀਤੀ ਕਿ ਤਿੰਨ ਮਹੀਨਿਆਂ ਬਾਅਦ ਹੀ ਮੇਰੇ ਕੋਲ ਆਉਣ। ਮੈਂ ਉਨ੍ਹਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਜੇ ਕੋਈ ਛੋਟੀ ਮੋਟੀ ਤਕਲੀਫ਼ ਆਵੇ ਤਾਂ ਕੋਈ ਦਵਾਈ ਨਹੀਂ ਲੈਣੀ।

ਸਹੀ ਤਿੰਨ ਮਹੀਨਿਆਂ ਬਾਦ ਮਾਂ, ਬੇਟੀ ਤੇ ਪਿਤਾ ਤਿੰਨੇ ਮੇਰੇ ਕੋਲ ਆਏ। ਸਪਨਦੀਪ ਦੀ ਮਾਂ ਪ੍ਰਸੰਨਤਾ ਨਾਲ ਕਹਿਣ ਲੱਗੀ, "ਅਸੀਂ ਬੜੀ ਬੇਤਾਬੀ ਨਾਲ ਉਡੀਕ ਰਹੇ ਸਾਂ ਕਿ ਕਦੋਂ ਨੱਬੇ ਦਿਨ ਪੂਰੇ ਹੋਣ 'ਤੇ ਅਸੀਂ ਤੁਹਾਨੂੰ ਦਸੀਏ ਕਿ ਸਾਡੀ ਬੱਚੀ ਹੁਣ ਅਸਲੋਂ ਠੀਕ ਹੈ। ਦਵਾਈ ਲੈਣ ਤੋਂ ਹਫ਼ਤਾ ਬਾਦ ਇਸ ਦਾ ਸਿਰ ਦਰਦ ਗਾਇਬ ਹੋ ਗਿਆ, ਡੇਢ ਮਹੀਨੇ ਬਾਦ ਇਸ ਨੂੰ ਖੁਲ੍ਹ ਕੇ ਕਾਲੇ ਰੰਗ ਦੀ ਮਹਾਵਾਰੀ ਆਈ ਤੇ ਫਿਰ ਇਸ ਦਾ ਚਿਹਰਾ ਵੀ ਲਾਲੀ ਪਕੜ ਗਿਆ। ਹੁਣ ਇਹ ਫਿਰ ਪੜ੍ਹਾਈ ਕਰਨਾ ਚਾਹੁੰਦੀ ਹੈ।" ਸਪਨਦੀਪ ਦੇ ਲਾਲਿਮਾ ਭਰੇ ਚਿਹਰੇ ਦੀ ਮਿਲਾਪੜੀ ਮੁਸਕਾਨ ਉਸ ਦੀ ਮਾਂ ਦੇ ਕਥਨ ਦੀ ਤਾਈਦ ਕਰ ਰਹੀ ਸੀ। ਮੈਂ ਉਸ ਨੂੰ ਮੇਰੇ ਇਕ ਮਿੱਤਰ ਦੀ ਪਲੱਸ ਟੂ (ਨਾਨ-ਮੈਡੀਕਲ) ਵਿਚ ਪੜ੍ਹਦੀ ਕੁੜੀ ਮੀਤਾ ਦਾ ਫੋਨ ਦਿਤਾ ਤਾਂ ਜੋ ਉਹ ਪੜ੍ਹਾਈ ਵਿਚ ਉਸ ਤੋਂ ਸਹਾਇਤਾ ਲੈ ਸਕੇ। ਮੈਂ ਉਨ੍ਹਾਂ ਨੂੰ ਨੌਂ ਮਹੀਨੇ ਬਾਦ ਆ ਕੇ ਉਸੇ ਦਵਾਈ ਦੀ ਉਚ ਪੋਟੈਂਸੀ ਦੀ ਇਕ ਹੋਰ ਖੁਰਾਕ ਲੈਣ ਦੀ ਤਾਕੀਦ ਕਰ ਕੇ ਤੋਰ ਦਿਤਾ।

ਉਨ੍ਹਾਂ ਦੇ ਜਾਣ ਤੋਂ ਬਾਦ ਮੈਂ ਇਸ 'ਪੀ' ਨਾਮਕ ਦਵਾਈ ਦੀ ਸ਼ੀਸ਼ੀ ਨੂੰ ਡੱਬੇ 'ਚੋਂ ਕੱਢਿਆ ਤੇ ਰੇਸ ਜਿੱਤ ਕੇ ਆਈ ਘੋੜੀ ਵਾਂਗ ਨਿਹਾਰਿਆ। ਇਸ ਨੇ 'ਦੁਖੁ ਦਾਰੂ ਸੁਖੁ ਰੋਗੁ ਭਇਆ' ਦੇ ਮਹਾਂ ਵਾਕ ਦੀ ਸੱਚਾਈ ਨੂੰ ਉਜਾਗਰ ਕਰਨ ਦੇ ਨਾਲ ਹੋਮਿਓਪੈਥੀ ਦਾ ਵੀ ਨਾਂ ਉਚਾ ਕਰ ਦਿਤਾ ਸੀ। ਇਸ ਗੱਲ ਵਿਚ ਕੋਈ ਲੁਕਾ ਨਹੀਂ ਕਿ ਉਂਜ ਔਸ਼ਧੀ ਰੂਪ ਵਿਚ ਇਹ ਦਵਾਈ ਹੈ 'ਘੋੜੀ' ਹੀ ਸੀ ਕਿਉਂਕਿ ਇਸਨੋਸੋਡ ਦਵਾਈ ਦੀ ਪੋਟੈਂਸੀ ਮਰੀ ਹੋਈ ਘੋੜੀ ਦੇ ਗਲੇ ਸੜੇ ਮਾਸ ਤੋਂ ਤਿਆਰ ਹੁੰਦੀ ਹੈ। ਪੋਟੈਂਸੀ ਅਵਸਥਾ ਵਿਚ ਪਹੁੰਚ ਕੇ ਇਸ ਦੇ ਮਾਸ ਰੂਪੀ ਪਦਾਰਥ ਅਲੋਪ ਹੋ ਜਾਂਦੇ ਹਨ ਤੇ ਇਹ ਇਕ ਨਿਰੋਲ ਰੋਗਨਾਸ਼ਕ ਸ਼ਕਤੀ ਬਣ ਜਾਂਦੀ ਹੈ। ਤਦ ਇਹ ਮਨੁੱਖ ਨੂੰ ਬੀਮਾਰ ਨਹੀਂ ਕਰਦੀ ਸਗੋਂ ਗਲੇ ਸੜੇ ਮਾਸ ਦੇ ਸ਼ਰੀਰ ਵਿਚ ਦਾਖਲ ਹੋਣ ਨਾਲ ਪੈਦਾ ਹੋਈਆਂ ਅਨੇਕ ਘਾਤਕ ਬਿਮਾਰੀਆਂ, ਇਥੋਂ ਤੀਕਰ ਕਿ ਪਲੇਗ ਤੇ ਸੀਵਰ ਗੈਸ ਪੁਆਇਜ਼ਨਿੰਗ ਦਾ ਵੀ ਸਫਲਤਾਪੂਰਵਕ ਇਲਾਜ ਕਰਦੀ ਹੈ।

ਇਸ ਦੇ ਪਰਉਪਕਾਰ ਸਦਕਾ ਸਪਨਦੀਪ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰ ਚੁੱਕੀ ਹੈ!

## ਕਾਵਿ-ਜਗਤ

### ਚੁੰਮਣ

ਪਹਿਲਾ ਚੁੰਮਣ ਮਾਂ ਨੇ ਦਿੱਤਾ, ਮਮਤਾ ਨਾਲ ਨਸ਼ਿਆਇਆ।
ਲੈ ਬੁੱਕਲ ਵਿਚ ਲਾ ਜਿਗਰ 'ਤੇ, ਮਮਤਾ ਘੁੱਟ ਪਿਲਾਇਆ।
ਇਸ ਚੁੰਮਣ ਦੀ ਛੋਹ ਅੱਜ ਵੀ, ਮੈਂ ਮਹਿਸੂਸੀ ਜਾਵਾਂ,
ਜਦ ਵੀ ਯਾਦ ਆਏ ਉਸ ਮਾਂ ਦੀ, ਬੁੱਕ ਬੁੱਕ ਹੰਝੂ ਵਹਾਵਾਂ।

ਇਕ ਚੁੰਮਣ ਬਾਪ ਨੇ ਮੇਰੇ, ਮੱਥੇ 'ਤੇ ਟਿਕਾਇਆ,
ਜਿਹੜੇ ਵੀ ਰਾਹਵਾਂ ਤੋਂ ਲੰਘੀ, ਉਸ ਨੇ ਰਾਹ ਵਿਖਾਇਆ।
ਇਸ ਚੁੰਮਣ ਨੇ ਦਿੱਤੀ ਸ਼ਕਤੀ, ਹਰ ਪਲ ਹਰ ਦਮ ਹਰ ਥਾਂ,
ਨਾ ਡਰ ਨ੍ਹੇਰੀ ਝੱਖੜ ਕੋਲੋਂ, ਮੈਂ ਚੀਰ ਸੁੱਟੇ ਕਈ ਤੂਫ਼ਾਨ।

ਮੇਰੇ ਵੀਰ ਨੇ ਸਿਰ ਚੁੰਮ ਕੇ, ਦਾਨ ਚੁੰਮਣ ਦਾ ਕੀਤਾ,
ਸਿਰ 'ਤੇ ਰੱਖ ਹੱਥ ਰੱਖਿਆ ਵਾਲਾ, ਫਰਜ਼ ਇਹ ਪੂਰਾ ਕੀਤਾ।
ਹਰ ਔਕੜ ਵਿਚ ਬਣ ਕੇ ਰੱਖਿਅਕ, ਜੀਵਨ ਸੌਖਾ ਕੀਤਾ,
ਇਸ ਚੁੰਮਣ ਦਾ ਮੁੱਲ ਨਾ ਕੋਈ, ਧੁਰ ਦਰਗਾਹੋਂ ਮਿਲਦਾ।

ਕਈ ਚੁੰਮਣ ਮੇਰੀਆਂ ਭੈਣਾਂ ਦਿੱਤੇ, ਡੂੰਘੀਆਂ ਸਾਂਝਾਂ ਵਾਲੇ,
ਰੰਗ-ਬਰੰਗੇ ਸੁੰਦਰ ਜਜ਼ਬੇ, ਸਜ ਸੁਗੰਧੀਆਂ ਵਾਲੇ।
ਇਨ੍ਹਾਂ ਨਾਲ ਜੱਗ ਭਰਿਆ ਭਰਿਆ, ਕਦੇ ਨਾ 'ਕੱਲ ਮਹਿਸੂਸਾਂ,
ਹੱਸਦੀਆਂ ਵੱਸਦੀਆਂ ਰਹਿਣ ਇਹ ਭੈਣਾਂ, ਇਹੋ ਅਰਜ਼ ਕਰਾਂ।

ਇਕ ਚੁੰਮਣ ਮੈਂ ਤੈਨੂੰ ਬਖਸ਼ਿਆ, ਬੜਾ ਹੌਸਲਾ ਕਰ ਕੇ,
ਸਵਰਗਾਂ ਦੀ ਦੂਰੀ ਦਾ ਚੁੰਮਣ, ਫਿਰ ਵੀ ਅੰਦਰ ਧੜਕੇ।
ਇਸ ਚੁੰਮਣ ਨੇ ਛੋਹ ਬਿਨਾਂ ਹੀ, ਰੂਹ ਨੂੰ ਕੰਬਣੀ ਲਾਈ,
ਬੇਹੀਆਂ ਬੇਹੀਆਂ ਬੁੱਲ੍ਹੀਆਂ ਉਤੇ, ਸਰਸਰਾਹਟ ਜਿਹੀ ਆਈ।

ਇਕ ਚੁੰਮਣ ਮੇਰੇ ਦਰ 'ਤੇ ਕਰਦਾ, ਕਦੀ ਕਦਾਈਂ ਸੱਜਦਾ,
ਨਾ ਤਾਂ ਮੈਂ ਕਬੂਲਣ ਜੋਗੀ, ਇਨਕਾਰ ਵੀ ਕਿਵੇਂ ਕਰਾਂ।
ਸੁੰਨੇ ਸੁੰਨੇ ਜੀਵਨ ਦੇ ਵਿਚ, ਜਦ ਕੋਈ ਹਰਕਤ ਹੁੰਦੀ,
ਡਰਦੇ ਮਾਰੇ ਧੜਕਨ ਰੁਕਦੀ, ਮੈਂ ਬੁੱਤ ਜਿਹੀ ਬਣ ਜਾਂਦੀ।

ਕਈ ਚੁੰਮਣ ਹਨ ਝੂਠੇ ਮੂਠੇ, ਬੇਰੀਆਂ ਕਲੀਆਂ ਵਰਗੇ,
ਨਾ ਹੀ ਫੁੱਲ ਤੇ ਨਾ ਹੀ ਕਤਰੇ, ਬੇਸ਼ਰਮ ਦੀ ਲਾਹਣਤ ਵਰਗੇ।
ਇਹ ਚੁੰਮਣ ਹਨ ਸਸਤੇ ਚੁੰਮਣ, ਬੇਵੱਸੀਆਂ ਦੇ ਜਾਏ,
ਇਹੋ ਜਿਹੇ ਹੀ ਲੱਖਾਂ ਚੁੰਮਣ, ਬੇਸਮਝਿਆਂ ਹੰਢਾਏ।

ਕੁਝ ਕੁ ਚੁੰਮਣ ਇੱਥੇ-ਉਥੇ, ਮਿੱਤਰ ਸਾਂਝ ਨਿਸ਼ਾਨੀ,
ਇੱਧਰ-ਉੱਧਰ ਹਵਾ 'ਚ ਉਡਦੇ, ਦੱਸਦੇ ਨਵੀਂ ਕਹਾਣੀ,
ਇਸ ਚੁੰਮਣ ਨੇ ਦੁਨੀਆਂ ਅੰਦਰ, ਰਿਸ਼ਤੇ ਕਈ ਬਣਾਏ,
ਤੇਰ-ਮੇਰ ਦੀਆਂ ਤੋੜ ਕੇ ਹੱਦਾਂ, ਸਾਂਝ ਨਾਲ ਨਸ਼ਿਆਏ।

ਲੱਖਾਂ ਈ ਸੱਚੇ ਸੁੱਚੇ ਚੁੰਮਣ, ਮੇਰੇ ਜੀਵਨ ਸਾਥੀ ਬਖਸ਼ੇ,
ਜਦੋਂ ਦਾ ਹੋਇਆ ਵਿਹੜਾ ਸੱਖਣਾ, ਉਥੇ ਸੁੱਚਮ ਥੀਂ ਜੀ ਤਰਸੇ।
ਬਚਪਨ ਪਿਆਰ ਦੀਆਂ ਸੁੱਚੀਆਂ ਸਾਂਝਾਂ, ਇਕ ਅਨਮੋਲ ਖਜ਼ਾਨਾ,
ਲੈ ਕੁਝ ਮੋਤੀ ਉਨ੍ਹਾਂ ਯਾਦਾਂ ਦੇ, ਸ਼ਿੰਗਾਰਦੀ ਫਿਰਾਂ ਵੀਰਾਨਾ।

ਕੁੱਖੋਂ ਜਾਈਆਂ ਬਚੜੀਆਂ 'ਤੇ, ਮੈਂ ਲੱਖ ਚੁੰਮਣ ਵਾਰਾਂ,
ਕੁਝ ਚੁੰਮਣ 'ਟੁਰ ਗਏ' ਦਾ ਹਿੱਸਾ, ਯਾਦਾਂ ਨਾਲ ਸ਼ਿੰਗਾਰਾਂ।
ਫਿਰ ਮੈਂ ਆਪਣੀ ਰੂਹ ਸਰਾਪੀ, ਆਪਣੇ ਗਲ ਨਾਲ ਲਾਵਾਂ।
ਹਿਚਕੀਆਂ ਹਉਕੇ ਲੈਂਦੇ ਚੁੰਮਣ, ਤੇਰੀ ਯਾਦ ਤੋਂ ਵਾਰਾਂ।

ਇਕ ਚੁੰਮਣ ਦੀ ਆਸ ਲਗਾਈ, ਦਿਨ ਤੇ ਰਾਤ ਹੰਢਾਏ,
ਬੂਹੇ ਬਾਰੀਆਂ ਖੋਲ੍ਹ ਕੇ ਬੈਠਾਂ, ਖੌਰੇ ਕੋਈ ਆ ਜਾਏ।
ਇਕ ਚੁੰਮਣ ਮੈਨੂੰ ਲੱਭਦਾ ਫਿਰਦਾ, ਉਸ ਨੂੰ ਕੀ ਨਾਉਂ ਦਿਆਂ,
ਉਮਰ ਮੇਰੀ ਦੇ ਪਿੱਛੇ ਪਿੱਛੇ, ਧੱਕੇ ਵੱਲ ਨੂੰ ਕਬਰਾਂ।

*-ਗੁਰਬੰਸ ਕੌਰ ਗਿੱਲ, ਫੋਨ:703-757-0446*

### ਜਦੋਂ ਤੂੰ ਆਵੇਂਗਾ

ਮੈਂ ਤਾਂ ਸੋਚਿਆ ਸੀ, ਕਦੇ ਤਾਂ ਆਵੇਂਗਾ।
ਕੀ ਪਤਾ ਸੀ ਮੁੜ ਕੇ ਈ ਨਾ ਆਵੇਂਗਾ।
ਪੈਰ ਪਾਏਂਗਾ ਜੰਮਣ ਭੋਇੰ 'ਤੇ ਜਦੋਂ,
ਮੇਰੇ ਆਪੇ ਨੂੰ ਹੀ ਵਿਛਿਆ ਪਾਵੇਂਗਾ।
ਛੱਡ ਕੇ ਪੰਜ ਤਾਰਾ ਹੋਟਲਾਂ ਨੂੰ ਤੂੰ,
ਮੇਰੀ ਝੁੱਗੀ ਨੂੰ ਭਾਗ ਲਾਵੇਂਗਾ।
ਅਜ਼ਲ ਤੱਕ ਰਹੇਗੀ ਉਡੀਕ ਤਿਰੀ,
ਕਦੇ ਤਾਂ ਮੈਨੂੰ ਦਰਸ ਦਿਖਾਵੇਂਗਾ।
ਮਾਰੂਥਲ ਬਣ ਗਿਆ ਦਿਲ ਮੇਰਾ,
ਬਖਸ਼ਿਸ਼ਾਂ ਦਾ ਮੀਂਹ ਕਦੋਂ ਵਰ੍ਹਾਵੇਂਗਾ।
ਪੈਰਾਂ ਤੇ ਗਲੇ 'ਚੋਂ ਬੇੜੀਆਂ ਲਾਹ ਕੇ,
ਆ ਕੇ ਕਦੋਂ ਗਲੇ ਲਗਾਵੇਂਗਾ।
ਉਹ ਦੀਵਾਲੀ ਕਦੋਂ ਆਵੇਗੀ,
ਮੇਰੀ ਦੁਨੀਆਂ ਨੂੰ ਜਗਮਗਾਵੇਂਗਾ।

*-ਜੁਗਰਾਜ ਗਿੱਲ ਸ਼ਾਰਲਟ*
*ਫੋਨ: 704-257-6693*

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

# 'ਸਰਸਾ' ਦੇ ਹਵਾਲੇ ਨਾਲ ਸਮਾਜ, ਫਿਲਮ ਅਤੇ ਫਿਲਮਸਾਜ਼ੀ

***ਪੰਜਾਬੀ ਫਿਲਮ 'ਸਰਸਾ' ਦੀ ਪਟਕਥਾ ਦਲਜੀਤ ਅਮੀ (91-97811-21873) ਅਤੇ ਜਤਿੰਦਰ ਮੌਹਰ (91-97799-34747) ਨੇ ਮਿਲ ਕੇ ਲਿਖੀ ਸੀ, ਪਰ ਦੋਹਾਂ ਨੇ ਹੁਣ 'ਸਿਕੰਦਰ' ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਅਸਲ ਵਿਚ 'ਸਰਸਾ'ਦਾ ਨਾਂ ਹੀ ਨਹੀਂ ਬਦਲਿਆ ਗਿਆ, ਮੂਲ ਸਰੋਕਾਰ ਹੀ ਬਦਲ ਦਿੱਤਾ ਗਿਆ ਹੈ। 'ਸਰਸਾ' ਤੋਂ 'ਸਿਕੰਦਰ' ਹੋਣ ਬਾਰੇ ਇਕ ਲੇਖ ਦਲਜੀਤ ਅਮੀ ਨੇ ਲਿਖਿਆ ਸੀ ਜਿਹੜਾ ਅਸੀਂ ਆਪਣੇ ਪਾਠਕਾਂ ਨਾਲ ਪਿਛਲੇ ਅੰਕ ਵਿਚ ਸਾਂਝਾ ਕੀਤਾ ਸੀ। ਐਤਕੀਂ ਦਲਜੀਤ ਅਮੀ ਅਤੇ ਫ਼ਿਲਮ ਦੇ ਨੌਜਵਾਨ ਡਾਇਰੈਕਟਰ ਜਤਿੰਦਰ ਮੌਹਰ ਨੇ ਇਕ ਹੋਰ ਲੇਖ ਭੇਜਿਆ ਹੈ। ਇਸ ਲੇਖ ਵਿਚ ਇਕੱਲੀ ਇਸ ਫਿਲਮ ਬਾਰੇ ਹੀ ਨਹੀਂ, ਸਮੁੱਚੇ ਪੰਜਾਬੀ ਫਿਲਮ ਜਗਤ ਅਤੇ ਸਮਾਜ ਦੇ ਪ੍ਰਸੰਗਾਂ ਬਾਰੇ ਬੜੀਆਂ ਵਾਜਬ ਗੱਲਾਂ ਕੀਤੀਆਂ ਗਈਆਂ ਹਨ। ਇਹ ਦੋਵੇਂ ਨੌਜਵਾਨ 'ਪੰਜਾਬ ਟਾਈਮਜ਼' ਲਈ ਲਗਾਤਾਰ ਲਿਖਦੇ ਰਹੇ ਹਨ। ਉਨ੍ਹਾਂ ਦੀਆਂ ਲਿਖਤਾਂ ਸਦਾ ਸਮਾਜ ਨੂੰ ਚੰਗੇਰਾ ਬਣਾਉਣ ਦੇ ਫਿਕਰਾਂ ਨਾਲ ਲਬਾਲਬ ਹੁੰਦੀਆਂ ਹਨ। ਇਸ ਲੇਖ ਵਿਚੋਂ ਵੀ ਉਨ੍ਹਾਂ ਦਾ ਇਹੀ ਫਿਕਰ ਝਲਕਾਂ ਮਾਰਦਾ ਹੈ।***

**ਦਲਜੀਤ ਅਮੀ, ਜਤਿੰਦਰ ਮੌਹਰ**

ਹਰ ਗੱਲ ਕਰਨ ਦਾ ਸਮਾਂ ਹੁੰਦਾ ਹੈ। ਸਮਾਂ ਲੰਘਣ ਤੋਂ ਬਾਅਦ ਵਿਚ ਕਾਮਯਾਬੀਆਂ ਦੀ ਦਾਅਵੇਦਾਰੀ ਅਤੇ ਨਾ-ਕਾਮਯਾਬੀਆਂ ਤੋਂ ਕੰਨੀ ਖਿਸਕਾਉਣ ਦੇ ਮੌਕਾਪ੍ਰਸਤ ਰੁਝਾਨ ਨੂੰ ਸਮਝਣ ਲਈ ਕਿਸੇ ਵਿਸ਼ੇ ਦਾ ਮਾਹਿਰ ਹੋਣ ਦੀ ਲੋੜ ਨਹੀਂ। ਅਸੀਂ ਕੁਝ ਨੁਕਤੇ ਅੱਜ ਹੀ ਸਾਫ਼ ਕਰ ਦੇਣਾ ਚਾਹੁੰਦੇ ਹਾਂ ਤਾਂ ਜੋ ਕੱਲ੍ਹ ਸਾਡੀ ਜਵਾਬਦੇਹੀ ਤੋਂ ਲੈ ਕੇ ਜਵਾਬਤਲਬੀ ਤੱਕ ਹੋ ਸਕੇ ਅਤੇ ਸਾਨੂੰ ਆਪਣੀਆਂ ਗ਼ਲਤੀਆਂ ਜਾਂ ਸਹੀ ਫ਼ੈਸਲਿਆਂ ਦਾ ਅਹਿਸਾਸ ਰਹੇ। ਸਾਡੀ ਲਿਖੀ ਫ਼ਿਲਮ 'ਸਰਸਾ' ਵਿਚ ਤਬਦੀਲੀਆਂ ਕਰ ਕੇ 'ਸਿਕੰਦਰ' ਦੇ ਨਾਮ ਹੇਠ ਪਰਦਾਪੇਸ਼ ਕੀਤੀ ਜਾ ਰਹੀ ਹੈ। ਜੇ ਇਹ ਫ਼ਿਲਮ ਵਿੱਤੀ ਕਾਮਯਾਬੀ ਹਾਸਲ ਕਰਦੀ ਹੈ ਤਾਂ ਕੀ ਸਾਨੂੰ ਸਿਰੇ ਦੇ ਲੇਖਕ ਅਤੇ ਫ਼ਿਲਮਸਾਜ਼ ਮੰਨਿਆ ਜਾਵੇਗਾ ਜਾਂ ਨਾ-ਕਾਮਯਾਬੀ ਕਾਰਨ ਸਾਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਜਾਵੇਗਾ? ਦੂਜਾ ਸਵਾਲ ਇਹ ਵੀ ਹੈ ਕਿ ਸਾਡੇ ਵੱਲੋਂ ਕੀਤੇ ਜਾ ਰਹੇ ਸੁਆਲਾਂ ਦੀ ਫ਼ਿਲਮ ਦੇ ਕਾਮਯਾਬ ਜਾਂ ਨਾ-ਕਾਮਯਾਬ ਹੋਣ ਤੋਂ ਬਾਅਦ ਕੀ ਅਹਿਮੀਅਤ ਹੋਵੇਗੀ?

ਇਨ੍ਹਾਂ ਸੁਆਲਾਂ ਉੱਤੇ ਆਉਣ ਤੋਂ ਪਹਿਲਾਂ ਕੁਝ ਹੋਰ ਗੱਲਾਂ ਜ਼ਰੂਰੀ ਹਨ। ਇਸ ਫ਼ਿਲਮ ਦਾ ਬੁਨਿਆਦੀ ਵਿਚਾਰ ਤੁਸੀਂ ਸਾਡੇ ਬਲੌਗ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਪੜ੍ਹ ਸਕਦੇ ਹੋ। ਫ਼ਿਲਮ ਕਿਸੇ ਝਟਕੇ ਨਾਲ ਮੁਕੰਮਲ ਨਹੀਂ ਹੁੰਦੀ। ਇਹ ਲੰਮੀ ਪ੍ਰਕਿਰਿਆ ਹੈ ਜੋ ਵਿਸ਼ੇ ਤੋਂ ਲੈ ਕੇ ਨਿਭਾਅ ਤੱਕ ਲਗਾਤਾਰ ਵਿਚਾਰ ਕੀਤੇ ਜਾਣ ਦੀ ਮੰਗ ਕਰਦੀ ਹੈ। ਇਸ ਦੌਰਾਨ ਲਗਾਤਾਰ ਸੁਆਲ ਆਉਂਦੇ ਰਹਿੰਦੇ ਹਨ। ਕੁਝ ਸੁਆਲਾਂ ਦੇ ਜੁਆਬ ਫ਼ਿਲਮ ਦਾ ਹਿੱਸਾ ਬਣਦੇ ਹਨ ਅਤੇ ਬਾਕੀ ਸੁਆਲ ਜਿਉਂ ਦੇ ਤਿਉਂ ਕਹੇ-ਅਣਕਹੇ ਰੂਪ ਵਿਚ ਪਰਦੇ ਉੱਤੇ ਪੇਸ਼ ਹੋ ਜਾਂਦੇ ਹਨ। ਇਸ ਫ਼ਿਲਮ ਨੂੰ ਲਿਖਣ ਦਾ ਕੰਮ ਦੋ ਸਾਲ ਚੱਲਦਾ ਰਿਹਾ। ਇਸ ਦੌਰਾਨ ਪੰਜਾਬ ਦਾ ਮਾਹੌਲ, ਸਾਡੀ ਬੇਚੈਨੀ ਅਤੇ ਸਮਝ ਦੇ ਰੂਪ ਵਿਚ ਚੀਜ਼ਾਂ ਇਸ ਕਹਾਣੀਆਂ ਦਾ ਹਿੱਸਾ ਬਣਦੀਆਂ ਰਹੀਆਂ। ਕੁਝ ਚੀਜ਼ਾਂ ਕਹਾਣੀ ਵਿਚੋਂ ਬਾਹਰ ਹੁੰਦੀਆਂ ਗਈਆਂ। ਸਾਡੀ ਕਹਾਣੀ ਵਿਚੋਂ ਪੰਜਾਬ ਵਿਚ ਦੀਆਂ ਘਟਨਾਵਾਂ ਦੇ ਇਸ਼ਾਰੇ ਸਾਫ਼ ਦਿਖਦੇ ਹਨ। ਇਨ੍ਹਾਂ ਘਟਨਾਵਾਂ ਵਿਚੋਂ ਹੀ ਸਾਨੂੰ ਆਪਣੇ ਕਿਰਦਾਰਾਂ ਦਾ ਖ਼ਾਸਾ ਸਪਸ਼ਟ ਹੋਇਆ। ਇਸੇ ਸਮੇਂ ਦੌਰਾਨ ਸਾਧੂ ਸਿੰਘ ਤਖ਼ਤੂਪੁਰਾ ਤੋਂ ਲੈ ਕੇ ਪ੍ਰਿਥੀਪਾਲ ਸਿੰਘ ਚੱਕ ਅਲੀ ਸ਼ੇਰ ਵਰਗੇ ਕਿਸਾਨ ਆਗੂਆਂ ਦੇ ਕਤਲ ਹੋਏ ਤਾਂ ਸਾਨੂੰ ਸਿਆਸਤਦਾਨਾਂ ਦਾ ਮੋਹਰਾ ਬਣੇ ਨੌਜਵਾਨਾਂ ਦਾ ਕਿਰਦਾਰ ਵਧੇਰੇ ਸਮਝ ਆਇਆ। ਅਸੀਂ ਇਨ੍ਹਾਂ ਨੌਜਵਾਨਾਂ ਨੂੰ ਸੰਵਾਦ ਰਾਹੀਂ ਜ਼ਿੰਦਗੀ ਵੱਲ ਮੋੜਨਾ ਚਾਹੁੰਦੇ ਹਾਂ ਕਿਉਂਕਿ ਇਹ ਸਾਡੇ ਆਲੇ-ਦੁਆਲੇ ਹਨ, ਸਾਡੇ ਸਮਕਾਲੀ ਹਨ। ਹੌਲੀ-ਹੌਲੀ ਸਮਝ ਆਈ ਕਿ ਆਪਣੇ ਵਰਗੇ ਦਿਸਦੇ ਇਨ੍ਹਾਂ ਨੌਜਵਾਨਾਂ ਨੂੰ ਇਸ ਗੱਲ ਦੀ ਜ਼ਿਆਦਾ ਰਿਆਇਤ ਨਹੀਂ ਦਿੱਤੀ ਜਾ ਸਕਦੀ ਕਿ ਇਹ ਸਿਆਸਤਦਾਨਾਂ ਦਾ ਮੋਹਰਾ ਬਣੇ ਹੋਏ ਹਨ। ਅਮਰੀਕਾ ਦੀ ਹਮਲਾਵਰ ਫ਼ੌਜ ਵਿਚ ਗ਼ਰੀਬੀ ਜਾਂ ਬੇਰੁਜ਼ਗਾਰੀ ਦੀ ਮਜਬੂਰੀ ਵਿਚ ਭਰਤੀ ਹੋਏ ਫ਼ੌਜੀਆਂ ਨੂੰ ਇਰਾਕ ਵਿਚ ਕੀ ਰਿਆਇਤ ਦਿੱਤੀ ਜਾ ਸਕਦੀ ਹੈ? ਅਸੀਂ ਹਿੰਸਾ ਦੀਆਂ ਇਨ੍ਹਾਂ ਮੁਕਾਮੀ ਤੋਂ ਆਲਮੀ ਤੰਦਾਂ ਦੇ ਤੰਦੂਆ ਜਾਲ ਦੀ ਸ਼ਨਾਖ਼ਤ ਕੀਤੀ ਜੋ ਫ਼ਿਲਮ ਵਿਚੋਂ ਝਲਕਦੀ ਹੈ।

ਇਸੇ ਦੌਰਾਨ ਸਾਨੂੰ ਸਮਝ ਆਈ ਕਿ ਸਿਆਸਤਦਾਨਾਂ ਦਾ ਮੋਹਰਾ ਬਣੀ ਇਸ ਨੌਜਵਾਨ ਪੀੜ੍ਹੀ ਨਾਲ ਸੰਵਾਦ ਇਨ੍ਹਾਂ ਉੱਤੇ ਸੁਆਲ ਕਰ ਕੇ ਹੀ ਕੀਤਾ ਜਾ ਸਕਦਾ ਹੈ। ਇਨ੍ਹਾਂ ਨੂੰ ਇਨਕਾਰ ਕਰਨਾ ਜ਼ਰੂਰੀ ਹੈ। ਇਨ੍ਹਾਂ ਨੂੰ ਇਹ ਅਹਿਸਾਸ ਕਰਵਾਉਣਾ ਜ਼ਰੂਰੀ ਹੈ ਕਿ ਜ਼ਿੰਦਗੀ ਦੀ ਕੀਮਤ ਨਿੱਘ ਅਤੇ ਦਰਦਮੰਦੀ ਦੇ ਅਹਿਸਾਸ ਵਿਚ ਹੈ। ਇਸ ਨਾਲ ਬੰਦਾ ਆਪਣਾ ਸਤਿਕਾਰ ਕਰਨਾ ਸਿੱਖਦਾ ਹੈ। ਆਪਣਾ ਸਤਿਕਾਰ ਕਰਨ ਵਾਲਾ ਹੀ ਦੂਜਿਆਂ ਦਾ ਸਤਿਕਾਰ ਕਰ ਸਕਦਾ ਹੈ। ਇਸ ਧਿਰ ਵਿਚੋਂ ਹੀ ਅਸੀਂ ਸ਼ਮੀਰ, ਹਸਨ ਅਤੇ ਬੇਅੰਤ ਵਰਗੇ ਕਿਰਦਾਰ ਲਿਖੇ ਜੋ ਜ਼ਿੰਦਗੀ ਨੂੰ ਮਨੁੱਖੀ ਕਦਰਾਂ-ਕੀਮਤਾਂ ਅਤੇ ਦਰਦਮੰਦੀ ਨਾਲ ਜੋੜ ਕੇ ਵੇਖਦੇ ਹਨ। ਇਹ ਇਤਿਹਾਸ ਖੰਘਾਲਦੇ ਹੋਏ ਸਮਕਾਲੀ ਅਦਾਰਿਆਂ ਦੀ ਪੜਚੋਲ ਕਰਦੇ ਹਨ। ਇਹ ਮੌਜੂਦਾ ਪੀੜ੍ਹੀ ਦੇ ਨਿਘਾਰ ਦੀਆਂ ਜੜ੍ਹਾਂ ਵਿਦਿਅਕ ਅਦਾਰਿਆਂ ਦੀ ਸਮਾਜਕ-ਬੇਲਾਗਤਾ ਅਤੇ ਗ਼ੈਰ-ਜ਼ਿੰਮੇਵਾਰਾਨਾ ਸਿਆਸਤ ਵਿਚੋਂ ਲੱਭਦੇ ਹਨ। ਉਹ ਇਤਿਹਾਸ ਵਿਚ ਪਏ ਸਮਕਾਲੀ ਮਸਲਿਆਂ ਦੇ ਬੀਜਾਂ ਦੀ ਨਿਸ਼ਾਨਦੇਹੀ ਕਰਦੇ ਹਨ ਅਤੇ ਨਿਗੂਣੀ ਘੱਟ-ਗਿਣਤੀ ਹੋਣ ਦਾ ਬਾਵਜੂਦ ਬਣਦੀ ਦਖ਼ਲਅੰਦਾਜ਼ੀ ਕਰਦੇ ਹਨ। ਇਨ੍ਹਾਂ ਦਾ ਸਿਰ ਚੁੱਕ ਕੇ ਤੁਰਨਾ ਦੂਜੀ ਧਿਰ ਦੇ ਗ਼ਲਬੇ ਨੂੰ ਲਲਕਾਰਦਾ ਹੈ ਜੋ ਬਲਾਤਕਾਰ, ਲੁੱਟ-ਖੋਹ ਤੋਂ ਲੈ ਕੇ ਕਤਲ ਰਾਹੀਂ ਆਪਣਾ ਗ਼ਲਬਾ ਕਾਇਮ ਰੱਖਣਾ ਚਾਹੁੰਦੇ ਹਨ। ਇਹ ਗ਼ਾਲਬ ਧਿਰ ਦੀ ਈਨ ਮੰਨਣ ਤੋਂ ਇਨਕਾਰ ਕਰਦੇ ਹਨ ਅਤੇ ਇਹ ਇਨਕਾਰ ਉਨ੍ਹਾਂ ਦੀ ਸਿਦਕਦਿਲੀ ਦਾ ਲਖਾਇਕ ਬਣਦਾ ਹੈ।

ਫ਼ਿਲਮ ਵਿਚ ਨਿਘਾਰ ਦਾ ਸ਼ਿਕਾਰ ਨੌਜਵਾਨ ਪੀੜ੍ਹੀ ਦੀ ਨੁਮਾਇੰਦਗੀ ਹਰਜੰਗ, ਕੀਰਤ ਅਤੇ ਸਿਕੰਦਰ ਦੀਆਂ ਢਾਣੀਆਂ ਕਰਦੀਆਂ ਹਨ। ਇਨ੍ਹਾਂ ਦੀ ਹਵਸ ਦੇ ਕਈ ਪੱਖ ਖ਼ੂਨੀ ਲੜਾਈਆਂ ਅਤੇ ਬਲਾਤਕਾਰ ਰਾਹੀਂ ਸਾਹਮਣੇ ਆਉਂਦੇ ਹਨ। ਇਨ੍ਹਾਂ ਦੀ ਮੌਤ ਇੱਕ-ਦੂਜੇ ਦੇ ਹੱਥ ਲਿਖੀ ਹੈ। ਕਿਸੇ ਨੇ ਦੂਜੇ ਦੀ ਪਸੰਦ ਕੁੜੀ ਨਾਲ ਬਲਾਤਕਾਰ ਕਰ ਕੇ ਮੌਤ ਸਹੇੜਨੀ ਹੈ ਅਤੇ ਕਿਸੇ ਨੇ ਚੋਣਾਂ ਰਾਹੀਂ ਮੌਤ ਨੂੰ ਬੇਮੁਹਾਰ ਕਰਨਾ ਹੈ। ਇਹ ਤਾਂ ਮਹਿਜ਼ ਤੱਥ ਦੇ ਰੂਪ ਵਿਚ ਦਰਜ ਹੋਣਾ ਹੈ ਕਿ ਬੇਮੁਹਾਰ ਮੌਤ ਉਨ੍ਹਾਂ ਨੂੰ ਕਾਤਲ ਬਣਾਵੇਗੀ ਜਾਂ ਮਕਤੂਲ ਜਾਂ ਸਮੇਂ ਦੇ ਫ਼ਰਕ ਨਾਲ ਦੋਵੇਂ ਰੂਪ ਦੇਵੇਗੀ? ਇਸ ਬੇਮੁਹਾਰ ਮੌਤ ਉੱਤੇ ਸੁਆਲ ਕਰਦੀ ਧਿਰ ਇਨ੍ਹਾਂ ਦੀ ਬੇਕਿਰਕੀ ਦਾ ਸ਼ਿਕਾਰ ਹੁੰਦੀ ਹੋਈ ਵੀ ਆਪਣੇ ਰਾਹ ਤੁਰਦੀ ਹੈ।

ਪੰਜਾਬੀ ਲੋਕਧਾਰਾ 'ਚ ਵਾਰ-ਵਾਰ ਗਾਏ ਜਾਂਦੇ ਔਰਤ ਵਿਰੋਧੀ ਕਿੱਸਿਆਂ, ਗੀਤਾਂ ਅਤੇ ਧਾਰਨਾਵਾਂ ਉੱਤੇ 'ਸਰਸਾ' ਫ਼ਿਲਮ ਦਾ ਅਹਿਮ ਕਿਰਦਾਰ ਸ਼ਮੀਰ ਲਗਾਤਾਰ ਸੁਆਲ ਕਰਦਾ ਹੈ। ਮਿਰਜ਼ਿਆਂ ਅਤੇ ਸੁੱਚੇ ਸੂਰਮਿਆਂ ਦੇ ਨਾਮ 'ਤੇ ਔਰਤਾਂ ਖ਼ਿਲਾਫ਼ ਕੀਤੀ ਜਾਂਦੀ ਬੁਰਛਾਗਰਦੀ ਅੱਜ ਤੱਕ ਜਾਰੀ ਹੈ। 'ਰੰਨਾਂ ਯਾਰ ਮਰਵਾ ਦਿੰਦੀਆਂ ਨੇ', 'ਰੰਨਾਂ ਚੰਚਲ ਹਾਰੀਆਂ' ਅਤੇ '365 ਚਲਿੱਤਰ ਨਾਰ ਦੇ' ਵਰਗੇ ਮਿਹਣੇ ਔਰਤਾਂ ਨੂੰ ਮਾਰੇ ਜਾਂਦੇ ਹਨ। ਸ਼ਮੀਰ ਇਨ੍ਹਾਂ ਧਾਰਨਾਵਾਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ। ਉਹ ਬੇਅੰਤ ਨੂੰ ਸਦਮੇ ਵਿਚੋਂ ਕੱਢਣ ਲਈ ਕਿੱਸਿਆਂ ਦੀ ਨਵੀਂ ਪੜਚੋਲ ਨੂੰ ਦਵਾਈ ਵਾਂਗ ਪੇਸ਼ ਕਰਦਾ ਹੈ। ਕੀ ਹੁਣ ਪਰਦਾਪੇਸ਼ ਕੀਤੀ ਜਾ ਰਹੀ 'ਸਿਕੰਦਰ' ਔਰਤਾਂ ਦੇ ਖ਼ਿਲਾਫ਼ ਭੁਗਤ ਰਹੀਆਂ ਧਾਰਨਾਵਾਂ ਨੂੰ ਪੁਖ਼ਤਾ ਕਰਦੀ ਹੈ ਜਾਂ ਤੋੜਦੀ ਹੈ? ਕੀ ਇਹ ਸਾਡੇ ਸਮੇਂ ਦਾ ਅਹਿਮ ਸੁਆਲ ਨਹੀਂ ਹੈ? ਸੰਗਤ ਇਸ ਸੁਆਲ ਨੂੰ ਛੱਡ ਕੇ ਫ਼ਿਲਮ ਕਿਵੇਂ ਦੇਖ ਸਕਦੀ ਹੈ?

ਹੁਣ ਸੁਆਲ ਫ਼ਿਲਮ ਵਿਚ ਕੀਤੀਆਂ ਤਬਦੀਲੀਆਂ ਦਾ ਆਉਂਦਾ ਹੈ। ਸਾਡੀ ਲਿਖੀ ਇਹ ਫ਼ਿਲਮ ਜਤਿੰਦਰ ਮੌਹਰ ਦੀ ਹਿਦਾਇਤਕਾਰੀ ਵਿਚ ਬਣੀ ਹੈ। ਫ਼ਿਲਮਕਾਰੀ ਦੇ ਪੜਾਵਾਂ ਵਿਚ ਲੇਖਨ, ਫ਼ਿਲਮਾਂਕਣ ਅਤੇ ਸੰਪਾਦਨ ਸਭ ਤੋਂ ਅਹਿਮ ਹਨ। ਇਨ੍ਹਾਂ ਵਿਚੋਂ ਆਖ਼ਰੀ ਪੜਾਅ ਪਰਦਾਪੇਸ਼ ਹੋਣ ਤੋਂ ਪਹਿਲਾਂ ਫ਼ੈਸਲਾਕੁਨ ਸਾਬਤ ਹੁੰਦਾ ਹੈ। ਫ਼ਿਲਮਾਂਕਣ ਕੀਤੀ ਸਮੱਗਰੀ ਇੱਕ ਤਰ੍ਹਾਂ ਕੱਚਾ ਮਾਲ ਹੁੰਦੀ ਹੈ ਜਿਸ ਵਿਚੋਂ ਹਰ ਬੰਦਾ ਕੁਝ ਨਾ ਕੁਝ ਫ਼ਰਕ ਅਤੇ ਆਪਣੀ ਸੋਚ ਮੁਤਾਬਕ ਵੱਖਰੀ ਫ਼ਿਲਮ ਬਣਾ ਸਕਦਾ ਹੈ। ਇਸੇ ਪੜਾਅ ਉੱਤੇ 'ਸਰਸਾ' ਵਿਚ ਤਬਦੀਲੀਆਂ ਕੀਤੀਆਂ ਗਈਆਂ ਹਨ। ਫ਼ਿਲਮ ਦਾ ਨਾਮ 'ਸਰਸਾ' ਤੋਂ 'ਸਿਕੰਦਰ' ਕੀਤਾ ਗਿਆ ਜਿਸ ਬਾਰੇ ਲੰਮਾ ਲੇਖ ਦਲਜੀਤ ਅਮੀ ਨੇ ਪਹਿਲਾਂ ਹੀ ਲਿਖ ਦਿੱਤਾ ਹੈ। ਫ਼ਿਲਮ ਦੇ ਇੱਕ ਤੋਂ ਬਿਨਾਂ ਸਾਰੇ ਗੀਤ ਬਦਲ ਦਿੱਤੇ ਗਏ ਹਨ। ਪਹਿਲੇ ਗੀਤ ਹਾਲਾਤ ਦੀ ਤਫ਼ਸੀਲ ਅਤੇ ਮਾਹੌਲ ਨੂੰ ਉਘਾੜਨ ਵਿਚ ਹਿੱਸਾ ਪਾ ਰਹੇ ਸਨ। ਹੁਣ ਵਾਲੇ ਗੀਤ ਸਿਰਫ਼ ਇੱਕ ਕਿਰਦਾਰ 'ਸਿਕੰਦਰ' ਦਾ ਗੁਣਗਾਣ ਕਰ ਰਹੇ ਹਨ। ਇਸੇ 'ਸਿਕੰਦਰ' ਨੂੰ ਹਮਦਰਦੀ ਦਾ ਪਾਤਰ ਬਣਾਉਣ ਅਤੇ ਨਾਇਕ ਵਜੋਂ ਪੇਸ਼ ਕਰਨ ਲਈ ਤਬਦੀਲੀਆਂ ਕੀਤੀਆਂ ਗਈਆਂ ਹਨ। ਸ਼ਮੀਰ ਦੀ ਮੌਤ ਦੇ ਮਾਤਮ ਵਿਚ ਡੁੱਬੀ ਬੇਅੰਤ ਦਾ ਦ੍ਰਿਸ਼ 'ਸਿਕੰਦਰ' ਦੀ ਮੌਤ ਤੋਂ ਬਾਅਦ ਲਗਾ ਦਿੱਤਾ ਗਿਆ ਹੈ। ਇਸ ਦੇ ਪਿੱਛੇ ਸਿਕੰਦਰ ਦਾ ਗੁਣਗਾਣ ਕਰਦਾ ਗੀਤ ਚੱਲ ਰਿਹਾ ਹੈ। ਬੇਅੰਤ ਦੇ ਨਿਆਣਮਤੇ ਵਿਚ ਕੀਤੇ ਪਿਆਰ ਨੂੰ ਸਿਕੰਦਰ ਦੀ ਮੌਤ ਦਾ ਕਾਰਨ ਕਰਾਰ ਦੇਣ ਵਾਲਾ ਮਾਹੌਲ ਸਿਰਜਿਆ ਗਿਆ ਹੈ। ਉਸ ਦੇ ਇਨਕਾਰ ਨੂੰ ਸੋਗ ਵਿਚ ਬਦਲ ਕੇ ਸਿਕੰਦਰਾਂ ਉੱਤੇ ਕੀਤੇ ਜਾਣ ਵਾਲੇ ਸਾਰੇ ਸੁਆਲਾਂ ਨੂੰ ਖ਼ਾਰਜ ਕਰ ਦਿੱਤਾ ਗਿਆ ਹੈ। 'ਸਿਕੰਦਰ' ਕਬਜ਼ੇ ਦੀ ਨੀਤੀ 'ਤੇ ਚਲਦਿਆਂ ਪਿਆਰ ਦੀ ਫੋਕੀ ਰੱਟ ਲਾਈ ਰੱਖਦਾ ਹੈ। ਕੁਕਰਮਾਂ ਨੇ ਉਸ ਨੂੰ ਬਰਬਾਦੀ ਅਤੇ ਮੌਤ ਵੱਲ ਲੈ ਕੇ ਹੀ ਜਾਣਾ ਹੈ, ਪਰ ਫ਼ਿਲਮ ਦੇ ਅੰਤ 'ਚ ਪਾਇਆ ਗੀਤ ਸਾਰੀ ਫ਼ਿਲਮ ਨੂੰ ਉਲਟਾ ਦਿੰਦਾ ਹੈ, ਜਦੋਂ ਫ਼ਿਲਮ ਸਿੱਧ ਕਰ ਦਿੰਦੀ ਹੈ ਕਿ 'ਰੰਨਾਂ ਯਾਰ ਮਰਵਾ ਦਿੰਦੀਆਂ' ਹਨ। ਸਿਕੰਦਰ ਦੀ ਬਰਬਾਦੀ ਜੋ ਉਸ ਦੇ ਕਰਮਾਂ ਦੀ ਦੇਣ ਹੈ, ਉਹ ਬੇਅੰਤ ਦੇ ਮੋਢੇ ਪਾ ਦਿੱਤੀ ਜਾਂਦੀ ਹੈ। ਬੇਅੰਤ, ਸ਼ਮੀਰ ਅਤੇ ਹਸਨ ਦੇ ਕਿਰਦਾਰਾਂ ਉੱਤੇ ਕੈਂਚੀ ਚਲਾਈ ਗਈ ਹੈ। 'ਸਿਕੰਦਰ' ਦੇ ਖ਼ਿਲਾਫ਼ ਉਸਰਦੀ ਦਲੀਲ ਖੁੰਡੀ ਕਰਨ ਦਾ ਉਪਰਾਲਾ ਕੀਤਾ ਹੈ। 'ਸਿਕੰਦਰ' ਇਸ ਤਰ੍ਹਾਂ 'ਸਰਸਾ' ਦਾ ਵਿਚਾਰਕ ਪੱਖੋਂ ਉਲਟਾ ਪਾਸਾ ਹੈ।

ਇਸ ਫ਼ਿਲਮ ਵਿਚ ਤਬਦੀਲੀਆਂ ਕਰਨ ਵਿਚ ਫ਼ੈਸਲਾਕੁਨ ਹਿੱਸਾ ਗੌਰਵ ਤ੍ਰੇਹਣ ਨੇ ਪਾਇਆ ਹੈ। ਉਸ ਦੇ ਲਿਖੇ ਗੀਤ ਪਾਏ ਗਏ ਹਨ। 'ਸਿਕੰਦਰ' ਉਸ ਦੇ ਮੁੰਡੇ ਦੀ ਗਾਇਕ ਵਜੋਂ ਪਲੇਠੀ ਫ਼ਿਲਮ ਹੈ। ਗੌਰਵ ਤ੍ਰੇਹਣ ਨੇ ਆਪਣੀ ਪੰਜਾਬ, ਪੰਜਾਬੀਆਂ, ਕਲਾ ਅਤੇ ਦਰਸ਼ਕਾਂ ਬਾਰੇ ਸਮਝ ਕਈ ਵਾਰ ਬਿਆਨ ਕੀਤੀ ਹੈ। ਉਹ ਫ਼ਿਲਮ ਨੂੰ ਮਨੋਰੰਜਨ ਦੀ ਸ਼ੈਅ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਦਿਲ-ਦਿਮਾਗ਼ ਘਰ ਰੱਖ ਕੇ ਲੋਕ ਸਿਨਮੇ ਵਿਚ ਆਉਂਦੇ ਹਨ। ਉਸ ਦਾ ਕਹਿਣਾ ਹੈ ਕਿ ਅੱਧੇ ਪੰਜਾਬੀ ਤਾਂ ਫ਼ਿਲਮ ਦੇਖਣ ਹੀ ਸ਼ਰਾਬ ਪੀ ਕੇ ਹਾਤ-ਹੂਤ ਕਰਨ ਲਈ ਆਉਂਦੇ ਹਨ। ਇਸ ਤੋਂ ਬਿਨਾਂ ਉਹ ਮੰਨਦਾ ਹੈ ਕਿ ਫ਼ਿਲਮ ਮਲਟੀਪਲੈਕਸ ਸਿਨਮਿਆਂ ਲਈ ਹੀ ਬਣਨੀ ਚਾਹੀਦੀ ਹੈ। ਉਹ ਕਹਿੰਦਾ ਹੈ ਕਿ ਗ਼ਰੀਬ ਬੰਦੇ ਨਕਲੀ ਸੀ.ਡੀ. ਖਰੀਦ ਕੇ ਫ਼ਿਲਮ ਦੇਖਣ, ਪਰ ਸਿਨਮੇ ਵਿਚ ਟਿਕਟ ਮਹਿੰਗੀ ਹੀ ਹੋਣੀ ਚਾਹੀਦੀ ਹੈ। ਉਸ ਨੇ 'ਸਰਸਾ' ਨੂੰ 'ਸਿਕੰਦਰ' ਬਣਾ ਕੇ ਆਪਣੀ ਸੋਚ ਦੇ ਹਾਣ ਦੀ ਕਰਨ ਦਾ ਉਪਰਾਲਾ ਕੀਤਾ ਹੈ। ਉਸ ਨੇ ਆਪਣੇ ਦੋਵਾਂ ਹੱਥਾਂ ਵਿਚ ਲੱਡੂ ਕਰ ਲਏ ਹਨ। ਫ਼ਿਲਮ ਕਾਮਯਾਬ ਹੋਵੇ ਜਾਂ ਨਾ-ਕਾਮਯਾਬ, ਪਰ ਗੌਰਵ ਇਸ ਨੂੰ ਆਪਣੀ ਸੋਚ ਦੀ ਪੁਸ਼ਟੀ ਵਜੋਂ ਪੇਸ਼ ਕਰ ਸਕੇਗਾ। ਉਹ ਫ਼ਿਲਮ ਦੀ ਕਾਮਯਾਬੀ ਨੂੰ ਆਪਣੀਆਂ ਤਬਦੀਲੀਆਂ ਦੀ ਪ੍ਰਵਾਨਗੀ ਅਤੇ ਨਾ-ਕਾਮਯਾਬੀ ਨੂੰ 'ਦਰਸ਼ਕਾਂ ਦੀ ਵੱਖਰੀ ਫ਼ਿਲਮ ਨੂੰ ਪਸੰਦ ਨਾ ਕਰਨ' ਦੀ ਧਾਰਨਾ ਦੀ ਪੁਸ਼ਟੀ ਕਰਾਰ ਦੇ ਸਕਦਾ ਹੈ। ਫ਼ਰਕ ਸੋਚ ਦਾ ਹੈ। ਪੰਜਾਬੀ ਸੰਗਤ ਨੂੰ ਸ਼ਰਾਬੀ-ਕਬਾਬੀ ਅਤੇ ਖਰੂਦੀ ਤੱਤ ਵਜੋਂ ਟਿੱਕਣ ਵਾਲਾ ਫ਼ਿਲਮ ਦਾ ਵਰਤਾਵਾ (ਡਿਸਟੀਬਿਊਟਰ) 'ਸਰਸਾ' ਨੂੰ 'ਸਿਕੰਦਰ' ਹੀ ਬਣਾਏਗਾ। ਦੂਜੇ ਪਾਸੇ ਦਰਸ਼ਕਾਂ ਨੂੰ ਸੰਗਤ ਦੇ ਰੂਪ 'ਚ ਮੰਨਣ ਵਾਲੇ ਫ਼ਿਲਮ ਨੂੰ 'ਸਰਸਾ' ਵਜੋਂ ਹੀ ਬਣਾ ਸਕਦੇ ਸਨ। ਇਹ ਬੁਨਿਆਦੀ ਫ਼ਰਕ ਹੈ।

ਸੁਆਲ ਪੁੱਛਣਾ ਬਣਦਾ ਹੈ ਕਿ ਹਰ ਗ਼ੈਰ-ਕਾਮੇਡੀ ਫ਼ਿਲਮ ਨੂੰ ਚੰਗੀ ਫ਼ਿਲਮ ਕਿਵੇਂ ਮੰਨ ਲਿਆ ਜਾਵੇ? ਚੰਗੀ ਫ਼ਿਲਮ ਦਾ ਪੈਮਾਨਾ ਕਿਵੇਂ ਮਿੱਥਿਆ ਜਾਵੇ? ਫ਼ਿਲਮ ਦੇਖ ਕੇ ਰਾਏ ਪੇਸ਼ ਕਰਨਾ ਹਰ ਕਿਸੇ ਦਾ ਹੱਕ ਹੈ ਪਰ ਫ਼ਿਲਮ ਤਾਂ ਫ਼ਿਲਮਸਾਜ਼ ਨੇ ਹੀ ਬਣਾਉਣੀ ਹੁੰਦੀ ਹੈ। ਅਸੀਂ ਕਿਤੇ ਵੀ ਇਹ ਨਹੀਂ ਕਿਹਾ ਕਿ ਇਹ ਫ਼ਿਲਮ ਹੋਰ ਫ਼ਿਲਮਾਂ ਤੋਂ ਵੱਖਰੀ ਨਹੀਂ ਹੈ। ਅਸੀਂ ਮੰਨਦੇ ਹਾਂ ਕਿ ਉਹ ਕਲਾ ਰੱਦਣਯੋਗ ਹੈ ਜੋ ਮਨੁੱਖ ਨਾਲ ਬਿਹਤਰ ਜ਼ਿੰਦਗੀ ਦੀ ਗੱਲ ਨਹੀਂ ਕਰਦੀ। ਉਹ ਕਲਾ ਬੇਮਾਅਨਾ ਹੈ ਜੋ ਮਨੁੱਖ ਨੂੰ ਮਨੁੱਖ ਨਾਲ ਮਨੁੱਖੀ ਵਰਤਾਅ ਕਰਨਾ ਨਹੀਂ ਸਿਖਾਉਂਦੀ। ਉਸ ਵਿਚ ਅਦਾਕਾਰੀ ਜਾਂ ਪਟਕਥਾ ਭਾਵੇਂ ਜਿੰਨੀ ਮਰਜ਼ੀ ਚੰਗੀ ਹੋਵੇ।

ਸਮਾਂ ਫ਼ਿਲਮ ਲਈ ਅਹਿਮ ਤੱਤ ਹੈ। ਫ਼ਿਲਮ ਕਿਸ ਸਮੇਂ 'ਚ ਬਣਦੀ ਹੈ, ਕਿਹੜੇ ਸਮੇਂ ਨੂੰ ਦਰਸਾਉਂਦੀ ਹੈ ਅਤੇ ਕਿਸ ਸਮੇਂ ਵਿਚ ਦੇਖੀ ਜਾਣੀ ਹੈ। ਅੱਜ ਸਾਰੀ ਦੁਨੀਆਂ ਵਿਚ ਮੁਸਲਮਾਨਾਂ ਨੂੰ ਅਤਿਵਾਦੀਆਂ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਸਭ ਤੋਂ ਵੱਡੇ ਕਤਲੇਆਮ ਮੁਸਲਿਮ ਮੁਲਕਾਂ ਵਿਚ ਕੀਤੇ ਜਾ ਰਹੇ ਹਨ। ਹਿੰਦੋਸਤਾਨ ਦੇ ਹਿੰਦੂ ਫ਼ਿਰਕਾਪ੍ਰਸਤ ਇੱਕ ਪੂਰੀ ਨਸਲ ਨੂੰ ਖ਼ਤਮ ਕਰਨ ਦੇ ਦਮਗਜੇ ਮਾਰ ਰਹੇ ਹਨ। ਇਨ੍ਹਾਂ ਸਮਿਆਂ 'ਚ ਬਣਦੀਆਂ ਅਤੇ ਦੇਖੀਆਂ ਜਾ ਰਹੀਆਂ ਫ਼ਿਲਮਾਂ 'ਤੇ ਗੌਰ ਕਰਨਾ ਬਣਦਾ ਹੈ। ਅਨੁਰਾਗ ਕਸ਼ਿਅਪ ਹਿੰਦੀ ਸਿਨੇਮਾ 'ਚ ਤਕਨੀਕੀ ਅਤੇ ਰੂਪਕ ਪੱਖ ਤੋਂ ਵੱਡਾ ਫ਼ਿਲਮਸਾਜ਼ ਹੈ। ਉਸ ਦੀਆਂ ਫ਼ਿਲਮਾਂ 'ਬਲੈਕ ਫਰਾਈਡੇ' ਅਤੇ 'ਗੈਂਗਜ਼ ਆਫ਼ ਵਾਸੇਪੁਰ' ਗਿਣਨਯੋਗ ਹਨ, ਪਰ ਦੋਵੇਂ ਮੁਸਲਮਾਨਾਂ ਦੇ ਖ਼ਿਲਾਫ਼ ਪ੍ਰਚਾਰ ਦਾ ਹਿੱਸਾ ਬਣਦੀਆਂ ਹਨ। ਅਸੀਂ ਇਸ ਫ਼ਿਲਮਸਾਜ਼ ਨੂੰ ਕਿਹੜੇ ਖਾਤੇ ਪਾਈਏ? 'ਏ ਵੈਡਨਸਡੇ' ਨਿਭਾ ਅਤੇ ਵਿੱਤੀ ਪੱਖੋਂ ਕਾਮਯਾਬ ਫ਼ਿਲਮ ਹੈ। ਇਹ ਮੁਸਲਮਾਨਾਂ ਨੂੰ ਕਾਕਰੋਚ ਦੱਸਦੀ ਹੈ ਜਿਨ੍ਹਾਂ ਨੂੰ ਮਾਰਨਾ ਜ਼ਰੂਰੀ ਹੈ।

'ਸਿਕੰਦਰ' ਦੇ ਪ੍ਰਚਾਰ ਵਿਚ ਵੀ ਇਹੋ ਪੱਖ ਭਾਰੂ ਹੈ। ਦੁਨੀਆਂ ਨੂੰ ਆਪਣੀ ਜਗੀਰ ਸਮਝਣ ਵਾਲੇ ਨੂੰ ਨਾਇਕ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਗੌਰਵ ਤ੍ਰੇਹਣ ਦੀ ਕਤਾਰ ਵਿਚ ਖੜ੍ਹੋ ਕੇ ਕਈ 'ਸਭਿਆਚਾਰ ਦੇ ਸਰਵਕਲਾਵੰਤ ਸੇਵਕ' ਅਤੇ 'ਪੱਤਰਕਾਰ' ਪ੍ਰਚਾਰ ਕਰ ਰਹੇ ਹਨ ਕਿ 'ਸਿਕੰਦਰ' ਉੱਤੇ ਕੋਈ ਸੁਆਲ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਇਹ ਮੌਜੂਦਾ ਰੁਝਾਨ ਤੋਂ ਵੱਖਰੀ ਫ਼ਿਲਮ ਹੈ। ਫ਼ਿਲਮ ਦਾ ਵੱਖਰੀ ਹੋਣਾ ਕੋਈ ਗੁਣ ਨਹੀਂ ਹੈ। 'ਸਿਕੰਦਰ' ਵੱਖਰੀ ਵੀ ਹੋ ਸਕਦੀ ਹੈ ਅਤੇ ਵਿੱਤੀ ਪੱਖੋਂ ਕਾਮਯਾਬ ਵੀ। ਅਸੀਂ ਇਸ ਨੂੰ ਇਸ ਪੱਖੋਂ ਵੇਖਣਾ ਚਾਹੁੰਦੇ ਹਾਂ ਕਿ ਇਹ ਕਿਸ ਤਰ੍ਹਾਂ ਦੀ ਹੋ ਸਕਦੀ ਸੀ। ਇਸ ਦੇ ਬੁਨਿਆਦੀ ਵਿਚਾਰ ਵਿਚ ਕਿਹੋ ਜਿਹੀ ਫ਼ਿਲਮ ਦੀ ਸਮਰੱਥਾ ਸੀ। ਇਸ ਦੀ ਸਮਰੱਥਾ ਅਤੇ 'ਸਿਕੰਦਰ' ਵਿਚਲਾ ਪਾੜਾ ਸਾਡੇ ਲਈ ਅਹਿਮ ਸੁਆਲ ਹੈ। ਦੂਜਿਆਂ ਤੋਂ ਵੱਖਰੀ ਫ਼ਿਲਮ ਬਣਾਉਣ ਦੀ ਥਾਂ ਅਸੀਂ ਆਪਣੀ ਸਮਰੱਥਾ ਦੇ ਹਾਣ ਦੀ ਫ਼ਿਲਮ ਬਣਾਉਣੀ ਚਾਹੁੰਦੇ ਹਾਂ। ਇਸ ਲਈ ਸਾਡਾ ਜਮਹੂਰੀ ਹੱਕ ਹੈ ਕਿ ਅਸੀਂ ਸੰਗਤ ਤੱਕ ਇਹ ਗੱਲ ਪਹੁੰਚਾਈਏ ਕਿ ਦਰਅਸਲ 'ਸਰਸਾ' ਕੀ ਸੀ ਅਤੇ 'ਸਿਕੰਦਰ' ਕੀ ਹੈ।

ਵੱਡਾ ਮਸਲਾ ਕਲਾ ਅਤੇ ਇਸ ਦੀ ਸਮਾਜਕ ਜ਼ਿੰਮੇਵਾਰੀ ਨਾਲ ਵੀ ਜੁੜਿਆ ਹੋਇਆ ਹੈ। ਫ਼ਿਲਮ ਦੀ ਵਿੱਤੀ ਮਾਲਕ ਪੂਨਮ ਪਵਾਰ ਸਮਾਜਕ ਜ਼ਿੰਮੇਵਾਰੀ ਦੀ ਗੱਲ ਕਰਦੀ ਹੈ। ਕੀ ਅਜਿਹੀ ਗੱਲ ਕਹਿ ਕੇ ਸਮਾਜਕ ਜ਼ਿੰਮੇਵਾਰੀ ਨਿਭ ਜਾਂਦੀ ਹੈ? ਕੀ ਸਮਾਜਕ ਜ਼ਿੰਮੇਵਾਰੀ ਇਕਤਰਫ਼ਾ ਪ੍ਰੇਮ ਕਹਾਣੀ ਜਾਂ ਆਦਮਖ਼ੋਰ ਸਿਆਸਤ ਦਾ ਹੱਥ ਠੋਕਾ ਬਣੇ ਮੁੰਡਿਆਂ ਬਾਬਤ ਹੀ ਹੋ ਸਕਦੀ ਹੈ? ਅਮਲ ਵਿਚ ਵਿੱਤੀ ਮਾਲਕ ਦੀ ਸਮਾਜਕ ਜ਼ਿੰਮੇਵਾਰੀ ਕਿੱਥੇ ਹੈ? ਉਹ ਦੁਨੀਆਂ ਦੀਆਂ ਅੱਧ-ਮਾਲਕ, ਪਰ ਹਿੰਸਾ ਦੀਆਂ ਸ਼ਿਕਾਰ ਔਰਤਾਂ ਨੂੰ ਨਜ਼ਰਅੰਦਾਜ਼ ਕਿਵੇਂ ਕਰਦੀ ਹੈ? ਸਮਾਜਕ ਜ਼ਿੰਮੇਵਾਰੀ ਸਿਰਫ਼ ਕਹਿਣ ਨਾਲ ਨਹੀਂ ਨਿਭਾਈ ਜਾਂਦੀ, ਸਗੋਂ ਲਗਾਤਾਰ ਨਿਭਾਉਣੀ ਪੈਂਦੀ ਹੈ। ਇਹ ਉਹ ਫਿਲਮ ਲਿਖਣ ਵੇਲੇ ਨਿਭਾਉਣੀ ਪੈਂਦੀ ਹੈ; ਫਿਲਮਾਉਣ ਵੇਲੇ ਨਿਭਾਉਣੀ ਪੈਂਦੀ ਹੈ; ਸੰਪਾਦਤ ਕਰਨ ਵੇਲੇ ਨਿਭਾਉਣੀ ਪੈਂਦੀ ਹੈ; ਪਰਦਾਪੇਸ਼ ਕਰਨ ਵੇਲੇ ਨਿਭਾਉਣੀ ਪੈਂਦੀ ਹੈ। ਅਸੀਂ ਫ਼ਿਲਮ ਵਿਚ ਸਿਆਸਤ ਦਾ ਮੋਹਰਾ ਬਣੇ ਨੌਜਵਾਨਾਂ ਦਾ ਪੱਖ ਸਮਝਣ ਦਾ ਉਪਰਾਲਾ ਕੀਤਾ ਹੈ ਤੇ ਉਨ੍ਹਾਂ ਉੱਤੇ ਬਣਦੇ ਸੁਆਲ ਕੀਤੇ ਹਨ। ਫ਼ਿਲਮ ਦੇ ਕਿਰਦਾਰ ਇਨ੍ਹਾਂ ਗੁੰਡਾ-ਢਾਣੀਆਂ ਉੱਤੇ ਸੁਆਲ ਕਰ ਰਹੇ ਹਨ। ਇਹੋ ਸੁਆਲ ਸੰਵਾਦ ਦਾ ਧੁਰਾ ਬਣਦੇ ਹਨ। ਫ਼ਿਲਮ ਵਿਚ ਕੀਤੀਆਂ ਗਈਆਂ ਤਬਦੀਲੀਆਂ ਦੂਜੇ ਪੱਖ ਨੂੰ ਝੁਕਾ ਕੇ 'ਸਿਕੰਦਰਾਂ' ਦੇ ਪੱਖ ਵਿਚ ਭੁਗਤਾਉਣ ਦਾ ਉਪਰਾਲਾ ਹਨ।

ਅਸੀਂ ਇਨ੍ਹਾਂ ਤਬਦੀਲੀਆਂ ਦੇ ਹਵਾਲੇ ਨਾਲ ਇਹ ਸੁਆਲ ਵੀ ਪੁੱਛਣਾ ਚਾਹੁੰਦੇ ਹਾਂ ਕਿ ਫ਼ਿਲਮ ਦੇ ਮਾਮਲੇ ਵਿਚ ਆਖ਼ਰੀ ਫ਼ੈਸਲਾ ਕਿਸ ਦੇ ਹੱਥ ਹੋਣਾ ਚਾਹੀਦਾ ਹੈ? ਇਸ ਵਿਚ ਲੇਖਕ ਤੋਂ ਲੈ ਕੇ ਹਿਦਾਇਤਕਾਰ ਅਤੇ ਮਾਲਕ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ? ਦੁਨੀਆਂ ਭਰ ਦੇ ਫ਼ਿਲਮਸਾਜ਼ਾਂ ਨੇ ਵਿੱਤੀ ਪਾਬੰਦੀਆਂ ਖ਼ਿਲਾਫ਼ ਲੜਾਈ ਲੜੀ ਹੈ ਜੋ ਹਾਲੇ ਵੀ ਜਾਰੀ ਹੈ। ਸਾਡੇ ਇਨ੍ਹਾਂ ਸੁਆਲਾਂ ਨੂੰ ਉਸ ਆਲਮੀ ਲੜਾਈ ਦੀ ਪੰਜਾਬੀ ਤੰਦ ਵਜੋਂ ਵੀ ਵੇਖਿਆ ਜਾਣਾ ਚਾਹੀਦਾ ਹੈ। ਪੰਜਾਬ ਦੇ ਫ਼ਿਲਮਸਾਜ਼ ਕਹਿੰਦੇ ਰਹੇ ਹਨ ਕਿ ਵਿੱਤੀ ਪਾਬੰਦੀਆਂ ਕਾਰਨ ਉਹ ਆਪਣੀ ਮਨਪਸੰਦ ਦੀਆਂ ਫ਼ਿਲਮਾਂ ਬਣਾਉਣ ਵਿਚ ਨਾ-ਕਾਮਯਾਬ ਰਹੇ ਹਨ। ਹੁਣ ਵੇਲਾ ਆ ਗਿਆ ਹੈ ਕਿ ਇਸ ਸੁਆਲ ਨੂੰ ਠੋਸ ਮਿਸਾਲਾਂ ਦੇ ਹਵਾਲੇ ਨਾਲ ਆਵਾਮ ਵਿਚ ਪੇਸ਼ ਕੀਤਾ ਜਾਵੇ।

ਇਸ ਫ਼ਿਲਮ ਦੀ ਕਾਮਯਾਬੀ ਜਾਂ ਨਾ-ਕਾਮਯਾਬੀ ਨਾਲ ਇਨ੍ਹਾਂ ਸੁਆਲਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੇ ਦਲੀਲਬੰਦ ਜੁਆਬ ਲੱਭਣਾ ਮੌਜੂਦਾ ਸਮਾਜ ਦੇ ਜੀਆਂ ਅਤੇ ਫ਼ਿਲਮਸਾਜ਼ਾਂ ਵਜੋਂ ਸਾਡਾ ਵੀ ਕੰਮ ਹੈ। ਇਹ ਸੁਆਲ ਹਮੇਸ਼ਾਂ ਅਹਿਮ ਰਹੇਗਾ ਕਿ ਜਦੋਂ ਨਰਿੰਦਰ ਮੋਦੀ ਦਾ ਉਭਾਰ ਹੋ ਰਿਹਾ ਸੀ ਤਾਂ ਪੰਜਾਬ ਵਿਚ 'ਸਿਕੰਦਰ' ਨੂੰ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਪੰਜਾਬ ਵਿਚ ਮਾਧੋਪੁਰ ਵਿਚ ਨਰਿੰਦਰ ਮੋਦੀ ਦਾ ਪਹਿਲਾ ਜਲਸਾ ਅਤੇ 'ਸਿਕੰਦਰ' ਦਾ ਪਰਦਾਪੇਸ਼ ਹੋਣਾ ਮਹਿਜ਼ ਸਬੱਬ ਨਹੀਂ ਹਨ, ਸਗੋਂ ਇਸ ਇਤਫ਼ਾਕ ਵਿਚ ਸਾਡੇ ਦੌਰ ਦੀ ਰਮਜ਼ ਲੁਕੀ ਹੋਈ ਹੈ। ਇਸੇ ਦਿਨ ਇਹ ਰਪਟ ਛਪੀ ਹੈ ਕਿ ਪੰਜਾਬ ਵਿਚ ਆੜ੍ਹਤੀਆਂ ਦੇ ਮੁਨਾਫ਼ੇ ਅਤੇ ਕਿਸਾਨਾਂ ਦੀ ਮੰਦਹਾਲੀ ਦੇ ਵਧਣ ਦਾ ਆਪਸ ਵਿਚ ਰਿਸ਼ਤਾ ਹੈ। ਇਸੇ ਰੁਝਾਨ ਦੇ ਖ਼ਿਲਾਫ਼ ਲੜਦੇ ਪ੍ਰਿਥੀਪਾਲ ਸਿੰਘ ਚੱਕ ਅਲੀ ਸ਼ੇਰ ਅਤੇ ਸਾਧੂ ਸਿੰਘ ਤਖ਼ਤੂਪੁਰਾ ਸ਼ਹੀਦ ਹੋਏ ਸਨ। ਇਨ੍ਹਾਂ ਦੀਆਂ ਕਾਤਲ ਗੁੰਡਾ-ਢਾਣੀਆਂ ਦੇ 'ਸਿਕੰਦਰਾਂ' ਨੂੰ ਆੜ੍ਹਤੀਆਂ ਅਤੇ ਸਿਆਸਤਦਾਨਾਂ ਦੀ ਛਤਰਛਾਇਆ ਮਿਲੀ ਹੋਈ ਹੈ ਜਿਨ੍ਹਾਂ ਦਾ ਜ਼ਿਕਰ ਇਸ ਫ਼ਿਲਮ ਵਿਚ ਦਰਜ ਹੈ। ਮੌਜੂਦਾ ਮਾਹੌਲ ਵਿਚ ਫ਼ਿਲਮ 'ਸਿਕੰਦਰ' ਦਾ ਦੂਜੀਆਂ ਫ਼ਿਲਮਾਂ ਨਾਲੋਂ ਵੱਖਰਾ ਹੋਣਾ ਜਾਂ ਤਕਨੀਕੀ ਪੱਖੋਂ ਬਿਹਤਰ ਹੋਣਾ ਜਾਂ ਇਸ ਦੀ ਬਿਹਤਰੀਨ ਅਦਾਕਾਰੀ ਮਾਅਨੇ ਨਹੀਂ ਰੱਖਦੀ, ਸਗੋਂ ਇਹ ਮਾਅਨੇ ਰੱਖਦਾ ਹੈ ਕਿ 'ਸਰਸਾ' ਕੀ ਸੀ ਅਤੇ ਇਸ ਨੂੰ 'ਸਿਕੰਦਰ' ਕਿਉਂ ਬਣਾਇਆ ਗਿਆ? ਮਾਅਨੇ ਇਹ ਤੱਥ ਵੀ ਰੱਖੇਗਾ ਕਿ ਇਹ ਕਿਨ੍ਹਾਂ ਸਮਿਆਂ ਵਿਚ ਲਿਖੀ ਗਈ, ਕਿਨ੍ਹਾਂ ਸਮਿਆਂ ਵਿਚ ਤਬਦੀਲੀਆਂ ਦਾ ਸ਼ਿਕਾਰ ਹੋਈ ਅਤੇ ਕਿਨ੍ਹਾਂ ਸਮਿਆਂ ਵਿਚ ਦੇਖੀ ਗਈ?



***ਮਕਸਦ: ਵਰ੍ਹਦੇ ਮੀਂਹ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੀ ਬੇਅੰਤ (ਗੁਲ ਪਨਾਗ)***

# PUNJABI CULTURAL SOCIETY OF CHICAGO

*Proudly Presents*

# 19th Annual Punjabi Sports Festival

## SATURDAY July 27th, 2013, 9am-7pm at

FALCON PARK, 2195 N. HICKS RD, PALATINE, IL. 60074

VOLLEYBALL, BASKETBALL, ATHLETICS, MUSICAL CHAIR, YOGA, BHANGRA AEROBICS, SENIOR RACES, KOKLA SHAPAKI, KIDS EVENTS & MUCH MORE.

Free entry, Free food, Free parking, Come one come all, Its Indoor & Outdoor event, Enjoy Family Style Fun, All day Sports Festival.
All Teams Register by July 21st, 2013 at PCSChicago.org. Team Registration fee is $50.







**For More Information Please Contact: 847-359-5PCS, Surinder S Sangha 847-532-0610, Pardeep Deol 630-346-7245, Vick Singh 847-508-5184, Gurmit Dhillon 847-814-6566, Balwinder Girn 847-452-9897, Ronny Kular 312-318-4426, Baljit Sidhu 630-862-0941, Pamma Bhinder 847-361-3579, Sunny Kular 312-226-4425, Raj Mago 630-440-7730 or any PCS Officials.**

# ਪੰਜਾਬੀ ਸਭਿਆਚਾਰਕ ਸਭਾ

PUNJABI CULTURAL SOCIETY OF CHICAGO
P .O. BOX 1244, PALATINE, IL. 60078
E- mail: info@PCSChicago.org or Visit www.PCSChicago.org
Facebook: PUNJABI CULTURAL SOCIETY OF CHICAGO





# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ

## ਗਦਰ ਸ਼ਤਾਬਦੀ ਸਮਾਗਮ


ਬਾਬਾ ਸੋਹਨ ਸਿੰਘ ਭਕਨਾ


ਕਰਤਾਰ ਸਿੰਘ ਸਰਾਭਾ


ਲਾਲਾ ਹਰਦਿਆਲ


ਮੁਹੰਮਦ ਬਰਕਤ-ਉੱਲਾ

## ਕਾਨਫਰੰਸ ਅਤੇ ਸੈਮੀਨਾਰ

**13 ਜੁਲਾਈ 2013**

ਸਨਿਚਰਵਾਰ, ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ

**ਸਥਾਨ: ਗਦਰ ਮੈਮੋਰੀਅਲ ਹਾਲ**

5 ਵੁੱਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116

ਉਦਘਾਟਨ: ਡਾ. ਗੁਰੁਮੇਲ ਸਿੰਘ ਸਿੱਧੂ
ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਫਰਿਜ਼ਨੋ

ਡਾ. ਹਰੀਸ਼ ਪੁਰੀ *(ਰਿਟਾਇਰਡ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)*
*ਗਦਰ ਲਹਿਰ: ਨਵੇਂ ਸਿਆਸੀ ਸਮਾਜ ਦੀ ਸਿਰਜਣਾ ਉਤੇ ਪੇਪਰ ਪੜ੍ਹਨਗੇ*

ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਸਕੂਲੀ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ

### ਬਹਿਸ ਵਿਚ ਭਾਗ ਲੈਣਗੇ

ਸ੍ਰੀ ਸੀਤਾ ਰਾਮ ਯੈਚੁਰੀ, ਐਮ.ਪੀ., ਨਿਰੂਪਮਾ ਰਾਓ, ਰਾਜਦੂਤ, ਡਾ. ਜਸਪਾਲ ਸਿੰਘ, ਵੀ.ਸੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ ਡਾ. ਜਸਵਿੰਦਰ ਸਿੰਘ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਡਾ. ਧਨਵੰਤ ਕੌਰ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਦੀਪਕ ਮਨਮੋਹਨ ਸਿੰਘ, ਡਾਇਰੈਕਟਰ ਵਰਲਡ ਪੰਜਾਬੀ ਸੈਂਟਰ, ਡਾ. ਮਹਿੰਦਰ ਸਿੰਘ (ਮੈਂਬਰ ਘੱਟਗਿਣਤੀ ਕਮਿਸ਼ਨ ਨਵੀਂ ਦਿੱਲੀ), ਕੌਂਸਲ ਜਨਰਲ, ਸਤਨਾਮ ਸਿੰਘ ਚਾਹਲ, ਡਾ. ਗੁਰਦੇਵ ਸਿੰਘ ਖੁਸ਼, ਪ੍ਰੋਫੈਸਰ ਪਲਾਂਟ ਸਾਇੰਸਿਜ਼ ਗੁਰਦਿਆਲ ਸਿੰਘ ਬੱਲ, ਜਸਵੀਰ ਸਮਰ (ਪੰਜਾਬੀ ਟ੍ਰਿਬਿਊਨ) ਪ੍ਰੋ. ਸੰਪੂਰਨ ਸਿੰਘ, ਹੀਰਾ ਲਾਲ ਸਿੰਘ (ਹਿਊਸਟਨ) ਸੁਖਵਿੰਦਰ ਕੰਬੋਜ, ਜਸਪ੍ਰੀਤ ਸਿੰਘ ਅਟਾਰਨੀ, ਗੁਰਬਿੰਦਰ ਸਿੰਘ ਧਾਲੀਵਾਲ, ਕੁਲਵੰਤ ਸਿੰਘ ਮੰਡਿਆਲਾ-ਯੂ ਕੇ, ਪ੍ਰਿੰ. ਵੀਰ ਸਿੰਘ ਰੰਧਾਵਾ, ਪਾਖਰ ਸਿੰਘ ਚਾਹਲ, ਐਡਵੋਕੇਟ, ਦਲਵਿੰਦਰ ਸਿੰਘ ਧੂਤ, ਡਾ. ਸਤਨਾਮ ਸਿੰਘ ਉਪਲ।

## ਸਭਿਆਚਾਰਕ ਮੇਲਾ : 14 ਜੁਲਾਈ 2013 ਐਤਵਾਰ 12 ਵਜੇ ਤੋਂ 6 ਵਜੇ ਤੱਕ

**ਸਥਾਨ : ਪਰਫਾਰਮਿੰਗ ਆਰਟ ਸੈਂਟਰ ਸੈਲਡਨ ਹਾਈ ਸਕੂਲ**
8333 ਕਿੰਗਜ਼ ਬ੍ਰਿਜ ਡਰਾਈਵ, ਸੈਕਰਾਮੈਂਟੋ, ਕੈਲੀਫੋਰਨੀਆ 95829

**ਉਦਘਾਟਨ: ਡਾ. ਗੁਰਦੇਵ ਸਿੰਘ ਖੁਸ਼**
ਐਫ.ਆਰ.ਐਸ., ਐਨ.ਏ.ਐਸ. ਪ੍ਰੋ. ਪਲਾਂਟ ਸਾਇੰਸਜ਼

ਦੇਸ਼ ਭਗਤੀ ਦੇ ਗੀਤ: ਅਨੂਪ ਸਿੰਘ ਚੀਮਾ, ਤਰਲੋਕ ਸਿੰਘ, ਮੱਖਣ ਲੁਹਾਰ, ਪੰਮੀ ਮਾਨ
ਸੰਗੀਤ: ਨਰਿੰਦਰ ਬੱਗਾ

ਲੰਗਰ: ਸੰਤੋਖ ਸਿੰਘ ਜੱਜ ਸੰਸਾਰ ਰੈਸਟੋਰੈਂਟ ਟਰੇਸੀ ਅਤੇ ਲਿਵਰਮੋਰ।
ਫਰੂਟ ਦੀ ਸੇਵਾ: ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਸਰਬਜੀਤ ਸਿੰਘ ਅਟਵਾਲ।

ਲੋਕ ਗਾਇਕ ਬਲਜੀਤ ਮਾਲਵਾ, ਸੁਖਵੰਤ ਸੁੱਖੀ ਅਤੇ ਮੰਨਾ ਢਿੱਲੋਂ ਗੀਤ ਪੇਸ਼ ਕਰਨਗੇ

### ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ

*Free Entry, Free Parking* **ਨਿੱਘਾ ਸੱਦਾ** *Free Food and Tea*

ਦਾਨਿਸ਼ਵਰ ਸਹਿਯੋਗੀ: ਬਹਾਦਰ ਸਿੰਘ, ਦਿਲਜੀਤ ਸਿੰਘ, ਬਲਰਾਜ ਸਿੰਘ ਪੰਨੂੰ, ਨਿਰਮਲ ਸਿੰਘ ਵਿਰਕ, ਹਰਜਿੰਦਰ ਸਿੰਘ ਓਰੇਗਾਨ, ਡਾ. ਹਰਦਮ ਸਿੰਘ ਆਜ਼ਾਦ, ਹੀਰਾ ਲਾਲ ਸਿੰਘ, ਮਨੋਹਰ ਸਿੰਘ ਮਾਨ, ਰਾਣਾ, ਅਮਨ ਸਿੰਘ ਸਿੱਧੂ, ਤੀਰਥ ਸਿੰਘ ਖਹਿਰਾ-ਹਿਊਸਟਨ, ਕਸ਼ਮੀਰ ਸਿੰਘ, ਸੁਰਿੰਦਰ ਸਿੰਘ ਸਿੱਧੂ, ਬੰਤ ਸਿੰਘ ਕਾਂਗਣਾ-ਪ੍ਰਧਾਨ, ਬਲਬੀਰ ਸਿੰਘ-ਸਕੱਤਰ (ਜੈਕਸਨ), ਗੁਲਜ਼ਾਰ ਸਿੰਘ, ਸਰਪੰਚ ਰਤਨ ਸਿੰਘ, ਦਿਲਬਾਗ ਸਿੰਘ, ਨਰੰਜਣ ਸਿੰਘ ਸਿਆਟਲ, ਮੁਖਤਾਰ ਸਿੰਘ ਐਲ.ਏ., ਲਖਵਿੰਦਰ ਸਿੰਘ ਯੱਕਾਵੈਲੀ, ਬਲਵਿੰਦਰ ਸਿੰਘ ਸ਼ੈਫਟਰ, ਕੁਲਦੀਪ ਸਿੰਘ ਖਿੰਡਾ, ਗੁਰਮੀਤ ਸਿੰਘ ਖਿੰਡਾ, ਸੋਨੂੰ ਖਿੰਡਾ ਰੈਡ ਬਲੱਫ, ਨਿਰਮਲ ਸਿੰਘ ਚੰਦੀ, ਕਰਨੈਲ ਸਿੰਘ, ਅਮਰੀਕ ਸਿੰਘ, ਕੁਲਦੀਪ ਸਿੰਘ ਜੱਜ ਟਰਲਕ, ਜਗਮੋਹਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ ਟੁਲੈਰੀ, ਸੁੱਚਾ ਸਿੰਘ ਮਹਿਰੋਕ, ਪ੍ਰਿਥੀਪਾਲ ਸਿੰਘ ਵਾਇਸੇਲੀਆ, ਤਰਲੋਚਨ ਸਿੰਘ, ਨਿਰਮਲ ਸਿੰਘ, ਜਸਬੀਰ ਸਿੰਘ, ਗੁਰਦੀਪ ਸਿੰਘ ਨਿੱਝਰ ਫਰਿਜ਼ਨੋ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ ਮਨਟੀਕਾ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ ਜੱਜ, ਹਰਜਿੰਦਰ ਸਿੰਘ ਜੱਜ, ਦਵਿੰਦਰ ਸਿੰਘ, ਮੋਹਣ ਸਿੰਘ, ਗੁਰਮੀਤ ਸਿੰਘ, ਬਲਬੀਰ ਸਿੰਘ, ਮੱਖਣ ਸਿੰਘ ਜੱਜ, ਕਸ਼ਮੀਰ ਸਿੰਘ, ਮੁਖਤਿਆਰ ਸਿੰਘ ਟਰੇਸੀ, ਅਵਤਾਰ ਸਿੰਘ ਡੋਡ, ਤਰਲੋਚਨ ਸਿੰਘ ਨਾਗਰਾ, ਬੋਲੀਨਾ ਬ੍ਰਦਰਜ਼-ਕੰਕਰੀਟ ਏਜੰਸੀ, ਪਰਮਜੀਤ ਭੁੱਟਾ ਕੇ.ਟੀ.ਐਕਸ., ਪਾਲ ਘੁਮਣ ਆਰ.ਜੀ. ਕੰਸਲਟਿੰਗ ਗਰੁਪ, ਭਜਨ ਸਿੰਘ, ਮੁਲਖ ਰਾਜ, ਹਰਪ੍ਰੀਤ ਸਿੰਘ ਦਾਹੀਆ, ਹਰਵੰਤ ਸਿੰਘ, ਰਤਨਪਾਲ, ਰੋਮੀ ਸਿੰਘ, ਬਲਕਾਰ ਸਿੰਘ, ਜਥੇਦਾਰ ਬਲਬੀਰ ਸਿੰਘ, ਰਵਿੰਦਰ ਰਵੀ, ਮਸਤਾਨ ਸਿੰਘ, ਵਿਰਸਾ ਸਿੰਘ ਗਿੱਲ, ਸਾਬਕਾ ਡੀ ਈ ਓ ਉਜਾਗਰ ਸਿੰਘ, ਪ੍ਰੋ. ਹਰਪਾਲ ਸਿੰਘ (ਵਿਦਵਾਨ), ਅਵਤਾਰ ਸਿੰਘ ਤਾਰੀ, ਸਰਪੰਚ ਮਹਿੰਗਾ ਸਿੰਘ, ਇੰਡੋ ਅਮੈਰਿਕਨ ਸਪੋਰਟਸ ਆਰਗੇਨਾਈਜੇਸ਼ਨ, ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਹਾਰ-ਪੰਜਾਬੀ ਕਲਚਰਲ ਸੁਸਾਇਟੀ-ਸੈਕਰਾਮੈਂਟੋ, ਅਮਰੀਕ ਸਿੰਘ ਵੁੱਡਬ੍ਰਿਜ, ਬਲਕਾਰ ਸਿੰਘ ਨਿਊਟੀਕ, ਇੰਦਰਜੀਤ ਸਿੰਘ ਬੜਿੰਗ (ਪ੍ਰਧਾਨ, ਨਾਪਾ), ਤਰਲੋਕ ਸਿੰਘ ਰਾਹੀ।

ਕਮੇਟੀ ਮੈਂਬਰ: ਚਰਨ ਸਿੰਘ ਜੱਜ, ਜਰਨੈਲ ਮੰਡੇਰ, ਜਗਜੀਤ ਸਿੰਘ ਕੰਦੋਲਾ
ਮੀਤ ਪ੍ਰਧਾਨ-ਸੁਰਜੀਤ ਸਿੰਘ ਅਟਵਾਲ, ਜਥੇਦਾਰ ਬਲਬੀਰ ਸਿੰਘ,
ਸੰਤੋਖ ਸਿੰਘ ਜੱਜ, ਜਰਨੈਲ ਸਿੰਘ ਲੈਥਰੋਪ, ਨਿਰਮਲ ਸਿੰਘ ਚੰਦੀ।
ਚੇਅਰਮੈਨ-ਕੁਲਦੀਪ ਸਿੰਘ ਅਟਵਾਲ
ਵਾਈਸ ਚੇਅਰਮੈਨ-ਤੇਜਪਾਲ ਸਿੰਘ, ਸੁੱਚਾ ਸਿੰਘ ਕੰਬੋਜ, ਸੁਲਵਿੰਦਰ ਸਿੰਘ ਗਿੱਲ।
ਸਕੱਤਰ-ਕੰਵਰ ਕਸ਼ਮੀਰ ਸਿੰਘ, ਯਾਦਵਿੰਦਰ ਸਿੰਘ ਹੈਪੀ।
ਡਾਇਰੈਕਟਰ-ਸਤਬੀਰ ਸਿੰਘ ਬਾਜਵਾ, ਹਰਪਾਲ ਸਿੰਘ, ਜਨਕ ਰਾਜ ਸਿਧਰਾ, ਸਰਪੰਚ ਕੁਲਦੀਪ ਸਿੰਘ, ਮੁਲਖ ਰਾਜ ਸ਼ਰਮਾ, ਸਤਿੰਦਰਪਾਲ ਸਿੰਘ ਸਰਹੱਦੀ, ਮਸਤਾਨ ਸਿੰਘ, ਰਵਿੰਦਰ ਰਵੀ ਮਾਨ, ਜਸਵਿੰਦਰ ਸਿੰਘ ਜੱਸੋਵਾਲ।

*ਫੋਟੋ ਤੇ ਵੀਡੀਓ: ਮੂਨ ਲਾਈਟ ਸਟੂਡੀਓ ਫੋਨ: 916-267-8784*

**ਹੋਰ ਜਾਣਕਾਰੀ ਲਈ: 925-435-7329, 916-616-7200, 916-690-2654**